ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES
West/East Coast Edition | Volume 11 | Issue 9 | 10 March 2021 to 16 March 2021 | Ph.: (510) 240-5949 | Fax: (888) 323-6950 | Email: info@amritsartimes.com, asrtimes@gmail.com

# ਜੋ ਬਾਇਡਨ ਦੀ ਜਿੱਤ ਨਾਲ ਅਮਰੀਕਾ-ਭਾਰਤ ਦੇ ਸਬੰਧਾਂ ਵਿਚ ਆਏ ਬਦਲਾਅ




**ਇੰਦਰਪ੍ਰੀਤ ਸਿੰਘ**

ਅਮਰੀਕਾ ਵਿੱਚ ਡੈਮੋਕ੍ਰੈਟਿਕਸ (ਜੋ ਬਾਇਡਨ) ਦੇ ਜਿੱਤਣ ਤੋਂ ਬਾਅਦ ਭਾਰਤ ਅਤੇ ਅਮਰੀਕਾ ਦੇ ਸਬੰਧਾਂ ਵਿਚ ਬਦਲਾਅ ਆਏ ਹਨ। ਪਿਛਲੇ ਤਿੰਨ ਮਹੀਨਿਆਂ ਤੋਂ ਦਿੱਲੀ ਵਿੱਚ ਕਿਸਾਨੀ ਸੰਘਰਸ਼ ਚੱਲ ਰਿਹਾ ਹੈ ਜਿਸ ਦੇ ਮੱਦੇਨਜ਼ਰ ਭਾਰਤ ਦੇ ਘਰੇਲੂ ਹਾਲਾਤ ਲਗਾਤਾਰ ਅਣਸੁਖਾਵੇਂ ਹੀ ਹਨ। ਕਸ਼ਮੀਰ ਧਾਰਾ 370 ਦਾ ਵਿਰੋਧ, ਸੀਏਏ ਵਰਗੇ ਅੰਦੋਲਨਾਂ ਦੀ ਲੜੀ ਲਗਾਤਾਰ ਅੱਗੇ ਵਧ ਰਹੀ ਹੈ ।

ਪੰਜਾਬ, ਤਾਮਿਲਨਾਡੂ, ਅਸਾਮ, ਨਾਗਾਲੈਂਡ ਸਮੇਤ ਦੱਖਣ ਦੇ ਕਈ ਸੂਬੇ ਕੇਂਦਰੀਕਰਨ ਖ਼ਿਲਾਫ਼ ਪਿਛਲੇ ਕਈ ਦਹਾਕਿਆਂ ਤੋਂ ਸੰਘਰਸ਼ਸ਼ੀਲ ਹਨ। ਪੰਜਾਬ ਅਤੇ ਕਸ਼ਮੀਰ ਤਾਂ ਵੱਖਰੇ ਦੇਸ਼ਾਂ ਦੀ ਸਥਾਪਨਾ ਲਈ ਤਿੱਖੇ ਹਥਿਆਰਬੰਦ ਸੰਘਰਸ਼ ਲੜ ਚੁੱਕੇ/ਰਹੇ ਹਨ। ਭਾਰਤ ਲਗਾਤਾਰ ਵਿਕੇਂਦਰੀਕਰਨ ਦੇ ਸਾਰੇ ਸੰਘਰਸ਼ਾਂ ਦਾ ਤਿੱਖੇ ਰੂਪ 'ਚ ਪ੍ਰਤੀਕਰਮ ਦੇ ਕੇ ਵਿਰੋਧ ਕਰਦਾ ਆਇਆ ਹੈ। ਪਿਛਲੇ ਸਾਲਾਂ ਦੌਰਾਨ ਭਾਰਤ ਵਿੱਚ ਘਰੇਲੂ ਅਤੇ ਕੌਮਾਂਤਰੀ ਸਿਆਸਤ ਨੂੰ ਲੈ ਕੇ ਕਈ ਹਾਲਾਤਾਂ ਵਿੱਚ ਬਦਲਾਅ ਆਏ ਹਨ।

ਮੁਲਕਾਂ ਦੀ ਰਾਜਨੀਤਕ ਤਾਕਤ ਸਮੇਂ ਦੇ ਹਾਲਾਤਾਂ ਨਾਲ ਵਧਦੀ ਘਟਦੀ ਰਹਿੰਦੀ ਹੈ। ਉਦਾਹਰਣ ਵਜੋਂ, ਇੰਗਲੈਂਡ ਦੀ ਜੋ ਤਾਕਤ 1950 ਤੋਂ ਪਹਿਲਾਂ ਸੀ ਹੁਣ ਉਸ ਤਰ੍ਹਾਂ ਦੀ ਨਹੀਂ ਹੈ। ਭਾਰਤ ਦੇ ਆਲੇ ਦੁਆਲੇ ਦੇ ਦੇਸ਼ਾਂ ਦੀ ਸਿਆਸਤ ਵਿੱਚ ਕੀ ਹੋ ਰਿਹਾ ਹੈ, ਭਾਰਤ ਦਾ ਉਸ ਪ੍ਰਤੀ ਕੀ ਪ੍ਰਤੀਕਰਮ ਹੈ ਅਤੇ ਕੌਮਾਂਤਰੀ ਰਾਜਨੀਤਿਕ ਹਾਲਾਤ ਕਿਹੋ ਜਿਹੇ ਹਨ ਇਹ ਸਾਰੇ ਕਾਰਨ ਕਿਸੇ ਵੀ ਦੇਸ਼ ਦੇ ਆਲਮੀ ਵਜੂਦ ਦੀ ਰੂਪ ਰੇਖਾ ਤੈਅ ਕਰਦੇ ਹਨ।



ਦੱਖਣੀ ਏਸ਼ੀਆ ਦਾ ਖਿੱਤਾ ਸੰਸਾਰ ਪੱਧਰ ਤੇ ਵਸੋਂ ਅਤੇ ਭੂਗੋਲਿਕ ਸਥਿਤੀ ਕਾਰਨ ਵਿਸ਼ੇਸ਼ ਮਹੱਤਤਾ ਰੱਖਦਾ ਹੈ। ਅਮਰੀਕਾ ਇਸ ਖਿੱਤੇ 'ਤੇ ਆਪਣੀ ਮਜ਼ਬੂਤ ਪਕੜ ਰੱਖਣਾ ਹਮੇਸ਼ਾਂ ਹੀ ਲੋਚਦਾ ਰਿਹਾ ਹੈ ਇਸੇ ਹੀ ਕਾਰਨ ਓਬਾਮਾ ਸਰਕਾਰ ਵੇਲੇ 2010 ਵਿਚ ਭਾਰਤ ਨੂੰ ਯੂਨਾਈਟਿਡ ਨੇਸ਼ਨਜ਼ ਦੀ ਸੁਰੱਖਿਆ ਕੌਂਸਲ ਵਿੱਚ ਸਥਾਈ ਸੀਟ ਦੀ ਪੇਸ਼ਕਸ਼ ਦਾ ਭਰੋਸਾ ਦਿੱਤਾ ਗਿਆ ਸੀ ਇਸੇ ਹੀ ਕਾਰਨ ਜੀ 20 ਸੰਮੇਲਨ ਵਿਚ ਜਦੋਂ ਬ੍ਰਾਜੀਲ ਅਤੇ ਚੀਨ ਵੱਲੋਂ ਅਮਰੀਕਾ ਦੀ "ਆਰਟੀਫੀਸ਼ੀਅਲ ਲੋਅਰਿੰਗ ਆਫ ਡੋਲਰ ਵੈਲਿਊ" ਕਰਕੇ ਵਿਰੋਧਤਾ ਕੀਤੀ ਗਈ ਸੀ ਤਾਂ ਡਾ: ਮਨਮੋਹਨ ਸਿੰਘ ਉਸ ਦੇ ਸਮਰਥਨ ਵਿੱਚ ਚੁੱਪ ਰਿਹਾ ਸੀ। ਵੀਟੋ ਵਿਚ ਚੀਨ ਏਸ਼ੀਆ ਦਾ ਇਕੱਲਾ ਦੇਸ਼ ਹੈ ਅਤੇ ਉਹ ਭਾਰਤ ਦਾ ਇਸ ਵਿੱਚ ਮੈਂਬਰ ਹੋਣਾ ਕਦੇ ਚਿੱਤ ਪ੍ਰਵਾਨ ਨਹੀਂ ਕਰੇਗਾ। ਟਰੰਪ ਸਰਕਾਰ ਵੇਲੇ ਭਾਰਤ ਅਤੇ ਅਮਰੀਕਾ ਨੇੜੇ ਆਏ ਸਨ ਭਾਰਤ ਨਾਲ ਨੇੜਤਾ ਕਾਰਨ ਅਮਰੀਕਾ ਦੀ ਦੱਖਣੀ ਭਾਰਤ ਵਿੱਚ ਹੋਲਦ ਹੋਰ ਮਜਬੂਤ ਹੁੰਦੀ ਹੈ ਅਜਿਹਾ ਹੋਣਾ ਆਲਮੀ ਸਿਆਸਤ ਵਿੱਚ ਡੂੰਘੇ ਅਰਥ ਰੱਖਦਾ ਹੈ ਪਰ ਹੁਣ ਸਥਿਤੀ ਹੋਰ ਹੈ।

ਪਿਛਲੇ ਦਿਨੀਂ ਮਿਆਂਮਾਰ ਵਿੱਚ ਜਦੋਂ ਫੌਜ ਵੱਲੋਂ ਸਾਰਾ ਪ੍ਰਬੰਧ ਇੱਕ ਵਾਰ ਫੇਰ ਫੌਜ ਅਧੀਨ ਲੈ ਲਿਆ ਗਿਆ ਅਤੇ ਰਾਜਨੀਤਿਕ ਲੀਡਰਾਂ ਨੂੰ ਦਣਟਓਨਿਦ ਕੀਤਾ ਹੋਇਆ ਹੈ ਤਾਂ ਚੀਨ ਨੇ ਮਿਆਂਮਾਰ ਵਿੱਚ ਸਰਗਰਮੀ ਦਿਖਾਈ ਹੈ ਚੀਨ ਫ਼ੌਜੀ ਹਕੂਮਤ ਦਾ ਸਾਥ ਦੇ ਰਹੀ ਹੈ ਜਦਕਿ ਅਮਰੀਕਾ ਸਮੇਤ ਦੂਜੇ ਦੇਸ਼ ਮਿਆਂਮਾਰ ਵਿੱਚ ਡੈਮੋਕ੍ਰੇਸੀ ਪ੍ਰਬੰਧ ਚਾਹੁੰਦੇ ਹਨ। ਕਹਿਣ ਤੋਂ ਭਾਵ ਚੀਨ, ਜਿਸ ਤਰ੍ਹਾਂ ਏਸ਼ੀਆ ਵਿੱਚ ਸਰਗਰਮ ਹੈ ਅਜਿਹਾ ਪਹਿਲਾਂ ਕਦੇ ਨਹੀਂ ਹੋਇਆ। ਇਸ ਦਾ ਇਕ ਕਾਰਨ "ਬੈਲਟ ਅਤੇ ਰੋਡ ਪ੍ਰੋਗਰਾਮ" ਜੋ ਕਿ ਚੀਨ ਵੱਲੋਂ ਪਾਕਿਸਤਾਨ ਰਾਹੀਂ ਕੌਰੀਡੋਰ ਦਾ ਨਿਰਮਾਣ ਵੀ ਹੈ।

ਜਵਾਹਰ ਲਾਲ ਵੇਲੇ ਜਦੋਂ ਨੇਪਾਲ (1950) ਅਤੇ ਭੂਟਾਨ (1949) ਨਾਲ ਮਿੱਤਰਤਾ ਸੰਧੀਆਂ ਕੀਤੀਆਂ ਗਈਆਂ ਤਾਂ ਉਸ ਸਮੇਂ ਤੋਂ ਹੀ ਭਾਰਤ ਦੀ ਵਿਦੇਸ਼ ਨੀਤੀ ਵਿਚ ਗੁਆਂਢੀ ਮੁਲਕਾਂ ਨਾਲ ਚੰਗੇ ਸਬੰਧ ਰੱਖਣਾ ਸ਼ਾਮਿਲ ਹੈ।

**ਬਾਕੀ ਸਫ਼ਾ 30 'ਤੇ**

# ਦਿੱਲੀ ਤੋਂ "ਈਡੀ" ਖਹਿਰੇ ਨੂੰ ਚੁੱਪ ਕਰਾਉਣ ਆਈ ਸੀ !

**ਅੰਮ੍ਰਿਤਸਰ ਟਾਈਮਜ਼ ਬਿਊਰੋ:** ਪੰਜਾਬ ਦੇ ਭੁਲੱਥ (ਕਪੂਰਥਲਾ) ਹਲਕੇ ਤੋਂ ਵਿਧਾਨ ਸਭਾ ਮੈਂਬਰ ਸੁਖਪਾਲ ਸਿੰਘ ਖਹਿਰਾ ਦੇ ਘਰ ਮੰਗਲਵਾਰ ਤੜਕਸਾਰ ਹੀ ਈ.ਡੀ. ਦਾ ਛਾਪਾਮਾਰ ਦਸਤਾ ਪਹੁੰਚ ਗਿਆ। ਸੁਖਪਾਲ ਸਿੰਘ ਖਹਿਰਾ ਦੇ ਚੰਡੀਗੜ੍ਹ ਸਥਿਤ ਘਰ ਤੋਂ ਇਲਾਵਾ ਉਹਨਾਂ ਦੇ ਕਪੂਰਥਲਾ ਜ਼ਿਲ੍ਹੇ ਵਿਚ ਪੈਂਦੇ ਪਿੰਡ ਰਾਮਗੜ੍ਹ ਸਥਿਤ ਘਰ ਅਤੇ ਹੋਰ ਟਿਕਾਣਿਆਂ 'ਤੇ ਵੀ ਛਾਪੇਮਾਰੀ ਕੀਤੀ ਗਈ। ਈਡੀ ਇਸ ਛਾਪੇਮਾਰੀ ਦਾ ਅਧਾਰ ਮਨੀ ਲਾਂਡਰਿੰਗ ਨੂੰ ਦੱਸ ਰਹੀ ਹੈ। ਮਨੀ ਲਾਂਡਰਿੰਗ ਦਾ ਭਾਵ ਦੋ ਨੰਬਰ ਵਿਚ ਬਣਾਏ ਪੈਸੇ ਨੂੰ ਵੱਖ-ਵੱਖ ਤਰੀਕਿਆਂ ਰਾਹੀਂ ਇਕ ਨੰਬਰ ਦਾ ਬਣਾਉਣਾ ਹੈ। ਈਡੀ ਦੀਆਂ ਟੀਮਾਂ ਨੇ ਸੁਖਪਾਲ ਸਿੰਘ ਖਹਿਰਾ ਦੇ ਸਾਰੇ ਪਰਿਵਾਰਕ ਮੈਂਬਰਾਂ ਦੇ ਬੈਂਕ ਖਾਤਿਆਂ ਦੀਆਂ ਕਾਪੀਆਂ, ਪਾਸਪੋਰਟ ਅਤੇ ਮੋਬਾਈਲ ਫੋਨ ਕਬਜ਼ੇ ਵਿੱਚ ਲੈ ਕੇ ਪੁੱਛਗਿੱਛ ਕੀਤੀ।

**ਕੀ ਹੈ ਈਡੀ ?**

ਈ.ਡੀ. ਵਿਭਾਗ (ਐੱਨਫੋਰਸਮੈਂਟ ਡਾਇਰੈਕਟੋਰੇਟ), ਜੋ ਕਿ ਵਿਦੇਸੀ ਮੁਦਰਾ ਆਯਾਤ-ਨਿਰਯਾਤ ਅਤੇ ਕਾਲੇ ਧਨ ਨਾਲ ਸੰਬੰਧਿਤ ਕਾਨੂੰਨਾਂ ਨੂੰ ਲਾਗੂ ਕਰਨ ਲਈ ਭਾਰਤ ਦੇ ਵਿੱਤ ਮੰਤਰਾਲੇ ਅਧੀਨ ਕੰਮ ਕਰਦਾ ਹੈ। ਪਿਛਲੇ ਸਾਲਾਂ ਦੌਰਾਨ ਈਡੀ ਦੀਆਂ ਤਾਕਤਾਂ ਵਿਚ ਚੋਖਾ ਵਾਧਾ ਕੀਤਾ ਗਿਆ ਹੈ ਅਤੇ ਇਹ ਵਾਧਾ ਭਾਰਤ ਵਿਚ ਸੱਤਾ ਦੇ ਕੇਂਦਰੀਕਰਨ ਦੀਆਂ ਨੀਤੀਆਂ ਦਾ ਹਿੱਸਾ ਹੈ। ਸੁਖਪਾਲ ਸਿੰਘ ਖਹਿਰਾ ਸਿਆਸਤ ਵਿਚ ਕੇਂਦਰੀਕਰਨ ਦਾ ਡਟਵਾਂ ਵਿਰੋਧ ਕਰਦੇ ਰਹੇ ਹਨ ਅਤੇ ਪੰਜਾਬ ਦੇ ਸੂਬਾਈ ਹੱਕਾਂ ਦੀ ਸਿਆਸਤ ਕਰਦੇ ਹਨ।

ਭਾਰਤ ਸਰਕਾਰ 'ਤੇ ਇਹ ਦੋਸ਼ ਲਗਦਾ ਹੈ ਕਿ ਉਹ ਆਪਣੇ ਸਿਆਸੀ ਵਿਰੋਧੀਆਂ ਦੀ ਅਵਾਜ਼ ਬੰਦ ਕਰਨ ਲਈ ਈਡੀ ਦੀ ਵਰਤੋਂ ਕਰਦੀ ਹੈ। ਕਸ਼ਮੀਰ ਵਿਚ ਭਾਰਤ ਸਰਕਾਰ ਦੀਆਂ ਨੀਤੀਆਂ ਖਿਲਾਫ ਬੋਲਣ ਵਾਲੇ ਲੋਕਾਂ ਖਿਲਾਫ ਵੀ ਈਡੀ ਦੀ ਵੱਡੇ ਪੱਧਰ 'ਤੇ ਵਰਤੋਂ ਕੀਤੀ ਗਈ ਹੈ। ਕਸ਼ਮੀਰ ਵਿਚ ਕਈ ਅਜ਼ਾਦੀ ਪਸੰਦ ਆਗੂਆਂ ਨੂੰ ਈਡੀ ਵੱਲੋਂ ਦਰਜ ਮਨੀ ਲਾਂਡਰਿੰਗ ਦੇ ਮਾਮਲਿਆਂ ਵਿਚ ਨਾਮਜ਼ਦ ਕਰਕੇ ਜੇਲ੍ਹਾਂ 'ਚ ਬੰਦ ਕੀਤਾ ਗਿਆ ਹੈ।

**ਸੀਬੀਆਈ ਵਾਂਗ ਈਡੀ 'ਤੇ ਲਗਾਮ ਲਾਉਣ ਕੈਪਟਨ**

ਵਿਧਾਨ ਸਭਾ ਦੇ ਬਜਟ ਇਜਲਾਸ ਦੌਰਾਨ ਇਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਵੱਲੋਂ ਪੰਜਾਬ ਏਕਤਾ ਪਾਰਟੀ ਦੇ ਪ੍ਰਧਾਨ ਅਤੇ ਵਿਧਾਇਕ ਸੁਖਪਾਲ ਸਿੰਘ ਖਹਿਰਾ ਦੇ ਘਰ ਮਾਰੇ ਗਏ ਛਾਪਿਆਂ ਦੀ ਗੂੰਜ ਪਈ। ਸ੍ਰੋਮਣੀ ਅਕਾਲੀ ਦਲ (ਡੈਮੋਕ੍ਰੈਟਿਕ) ਦੇ ਆਗੂ ਅਤੇ ਵਿਧਾਇਕ ਪਰਮਿੰਦਰ ਸਿੰਘ ਢੀਂਡਸਾ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਸਿਆਸੀ ਬਦਲਾਖੋਰੀ ਤਹਿਤ ਈਡੀ ਤੋਂ ਇਹ ਛਾਪਾ ਮਰਵਾਇਆ ਹੈ। ਤਕਨੀਕੀ ਸਿੱਖਿਆ ਬਾਰੇ ਮੰਤਰੀ ਚਰਨਜੀਤ ਚੰਨੀ ਨੇ ਢੀਂਡਸਾ ਦੀ ਗੱਲ ਦੀ ਪ੍ਰੋੜਤਾ ਕਰਦਿਆਂ ਕਿਹਾ ਕਿ ਪੰਜਾਬ ਵਿੱਚ ਈਡੀ ਦੀਆਂ ਕਾਰਵਾਈਆਂ 'ਤੇ ਰੋਕ ਲਾਉਣੀ ਚਾਹੀਦੀ ਹੈ ਅਤੇ ਸੀਬੀਆਈ ਦੀ ਤਰ੍ਹਾਂ ਪੰਜਾਬ ਸਰਕਾਰ ਨੂੰ ਅਗਾਊਂ ਪ੍ਰਵਾਨਗੀ ਤੋਂ ਬਿਨਾਂ ਈਡੀ ਨੂੰ ਪੰਜਾਬ ਵਿੱਚ ਦਾਖਲ ਹੋਣ ਤੋਂ ਰੋਕਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਖਹਿਰਾ ਨੂੰ ਭਾਜਪਾ ਵਿੱਚ ਮਿਲਾਉਣ ਲਈ ਇਹ ਛਾਪੇ ਮਾਰੇ ਗਏ ਹਨ। ਕੇਂਦਰ ਸਰਕਾਰ ਦਾ ਇਹ ਪੰਜਾਬੀਆਂ ਦੀ ਅਣਖ 'ਤੇ ਹਮਲਾ ਹੈ। ਕਿਸਾਨੀ ਘੋਲ ਨੂੰ ਦਬਾਉਣ ਲਈ ਵੀ ਅਜਿਹਾ ਹੋਇਆ ਹੈ।



ਵਿਧਾਇਕ ਕੰਵਰ ਸੰਧੂ ਨੇ ਕਿਹਾ ਕਿ ਈਡੀ ਨੇ ਖਹਿਰਾ ਦੇ ਪਿੰਡ ਰਾਮਗੜ੍ਹ ਅਤੇ ਚੰਡੀਗੜ੍ਹ ਰਿਹਾਇਸ 'ਤੇ ਛਾਪੇ ਮਾਰੇ ਹਨ। ਖਹਿਰਾ ਨੇ ਕੇਂਦਰ ਦੀਆਂ ਵਧੀਕੀਆਂ ਖਿਲਾਫ ਆਵਾਜ ਉਠਾਈ ਸੀ, ਜਿਸ ਬਦਲੇ ਅਜਿਹੀ ਕਾਰਵਾਈ ਕੀਤੀ ਗਈ ਹੈ। ਵਿਧਾਇਕ ਸੰਧੂ ਨੇ ਮੰਗ ਕੀਤੀ ਕਿ ਅਜਿਹਾ ਮਤਾ ਲਿਆਉਣਾ ਚਾਹੀਦਾ ਹੈ ਕਿ ਈਡੀ ਭਵਿੱਖ ਵਿੱਚ ਬਿਨਾਂ ਪ੍ਰਵਾਨਗੀ ਤੋਂ ਕਿਸੇ ਵਿਧਾਇਕ ਦੇ ਘਰ 'ਤੇ ਛਾਪੇ ਨਾ ਮਾਰ ਸਕੇ।

ਆਮ ਆਦਮੀ ਪਾਰਟੀ ਅਤੇ ਭਾਜਪਾ ਨੂੰ ਛੱਡ ਕੇ ਬਾਕੀ ਸਾਰੀਆਂ ਪਾਰਟੀਆਂ ਦੇ ਆਗੂ ਖਹਿਰਾ 'ਤੇ ਛਾਪੇ ਖਿਲਾਫ ਬੋਲੇ। ਅਕਾਲੀ ਵਿਧਾਇਕ ਸਰਨਜੀਤ ਸਿੰਘ ਢਿੱਲੋਂ ਨੇ ਖਹਿਰਾ ਖਿਲਾਫ ਹੋਈ ਕਾਰਵਾਈ ਦਾ ਵਿਰੋਧ ਕੀਤਾ। ਢਿੱਲੋਂ ਨੇ ਕਿਹਾ ਕਿ ਵਿਧਾਇਕ ਕਿਸੇ ਵੀ ਪਾਰਟੀ ਦਾ ਹੋਵੇ ਪਰ ਉਸ ਉਪਰ ਇਸ ਤਰ੍ਹਾਂ ਦੀ ਗੈਰ-ਕਨੂੰਨੀ ਛਾਪੇ ਨਹੀਂ ਮਾਰੇ ਜਾਣੇ ਚਾਹੀਦੇ।

ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਸਾਬਕਾ ਸੰਸਦ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ ਨੇ ਖਹਿਰਾ ਦੇ ਘਰ ਈਡੀ ਦੀ ਛਾਪੇਮਾਰੀ ਦੀ ਨਿੰਦਾ ਕੀਤੀ ਹੈ। ਉਨ੍ਹਾਂ ਕਿਹਾ ਕਿ ਕੇਂਦਰ ਦੀ ਪੰਜਾਬੀਆਂ ਨੂੰ ਡਰਾਉਣ ਅਤੇ ਜਮਹੂਰੀਅਤ ਦੀਆਂ ਸਾਰੀਆਂ ਰਵਾਇਤਾਂ ਨੂੰ ਤੋੜ ਕੇ ਸਿਆਸੀ ਬਦਲਾਖੋਰੀ ਦੀ ਭਾਵਨਾ ਨਾਲ ਛਾਪੇਮਾਰੀ ਕੀਤੀ ਗਈ ਹੈ, ਜੋ ਬੰਦ ਹੋਣੀ ਚਾਹੀਦੀ ਹੈ। ਸ੍ਰੀ ਚੰਦੂਮਾਜਰਾ ਨੇ ਕਿਹਾ ਕਿ ਸਮੁੱਚੇ ਪੰਜਾਬੀਆਂ ਅਤੇ ਹੋਰ ਸਿਆਸੀ ਧਿਰਾਂ ਨੂੰ ਕੇਂਦਰ ਸਰਕਾਰ ਦੇ ਖ਼ਿਲਾਫ਼ ਸਟੈਂਡ ਲੈਣਾ ਚਾਹੀਦਾ ਹੈ।

**ਖਹਿਰਾ ਉੱਥੇ ਬੋਲਦਾ ਜਿੱਥੇ ਬਾਕੀ ਚੁੱਪ ਰਹਿੰਦੇ**

ਸੁਖਪਾਲ ਸਿੰਘ ਖਹਿਰਾ ਪਿਛਲ਼ੇ ਸਮੇਂ ਦੌਰਾਨ ਇਨਸਾਫ ਲਈ ਲੜਨ ਵਾਲੇ ਆਗੂ ਵਜੋਂ ਆਪਣੀ ਸਾਖ ਬਣਾਉਣ 'ਚ ਕਾਮਯਾਬ ਹੋਏ ਹਨ। ਉਹਨਾਂ ਯੂਏਪੀਏ ਲਾ ਕੇ ਚੁੱਕੇ ਕਈ ਸਿੱਖ ਨੌਜਵਾਨਾਂ ਦਾ ਮਾਮਲਾ ਬੜੀ ਦ੍ਰਿੜਤਾ ਨਾਲ ਚੁੱਕਿਆ ਅਤੇ ਨੌਜਵਾਨਾਂ ਨੂੰ ਰਿਹਾਅ ਕਰਵਾਇਆ। 26 ਜਨਵਰੀ ਨੂੰ ਦਿੱਲੀ ਵਿਖੇ ਕਿਸਾਨ ਪਰੇਡ ਮੌਕੇ ਪੁਲਿਸ ਗੋਲੀ ਨਾਲ ਸ਼ਹੀਦ ਹੋਏ ਨਵਰੀਤ ਸਿੰਘ ਦੇ ਮਾਮਲੇ ਨੂੰ ਚੁੱਕਣ ਵਿਚ ਵੀ ਸੁਖਪਾਲ ਸਿੰਘ ਖਹਿਰਾ ਨੇ ਬੜਾ ਅਹਿਮ ਰੋਲ ਨਿਭਾਇਆ। ਉਹ ਅਜਿਹੇ ਮਾਮਲਿਆਂ ਵਿਚ ਲਗਾਤਾਰ ਸਰਗਰਮ ਰਹਿੰਦੇ ਹਨ ਜਿੱਥੇ ਦਿੱਲੀ ਸਰਕਾਰ ਜਾਂ ਪੁਲਿਸ ਪ੍ਰਸ਼ਾਸਨ ਬੇਇਨਸਾਫੀ ਕਰਦਾ ਹੈ।

**ਮਨੀ ਲਾਂਡਰਿੰਗ ਦੇ ਦੋਸ਼ ਬੇਬੁਨਿਆਦ: ਖਹਿਰਾ**

ਸੁਖਪਾਲ ਸਿੰਘ ਖਹਿਰਾ ਨੇ ਈਡੀ ਵੱਲੋਂ ਲਾਏ ਮਨੀ ਲਾਂਡਰਿੰਗ ਦੇ ਦੋਸ਼ਾਂ ਨੂੰ ਬੇਬੁਨਿਆਦ ਦੱਸਿਆ ਹੈ। ਉਨ੍ਹਾਂ ਕਿਹਾ ਕਿ ਈਡੀ ਦੀ ਟੀਮ ਨੂੰ ਉਨ੍ਹਾਂ ਦੇ ਘਰ ਵਿੱਚੋਂ ਕੋਈ ਫਰਜ਼ੀ ਪਾਸਪੋਰਟ ਨਹੀਂ ਮਿਲਿਆ ਅਤੇ ਨਾ ਹੀ ਕੋਈ ਹੋਰ ਦਸਤਾਵੇਜ਼ ਮਿਲੇ ਹਨ। ਖਹਿਰਾ ਨੇ ਕਿਹਾ ਕਿ ਉਹ ਕਿਸਾਨਾਂ ਦੀ ਹਮਾਇਤ ਵਿੱਚ ਕਿਸਾਨੀ ਘੋਲ ਵਿੱਚ ਹਿੱਸਾ ਲੈਂਦੇ ਆ ਰਹੇ ਹਨ ਤੇ ਉਨ੍ਹਾਂ 26 ਜਨਵਰੀ ਨੂੰ ਨਵੀਂ ਦਿੱਲੀ 'ਚ ਉੱਤਰਾਖੰਡ ਨਾਲ ਸਬੰਧਤ ਨੌਜਵਾਨ ਕਿਸਾਨ ਨਵਰੀਤ ਦੀ ਹੱਤਿਆ ਮਾਮਲੇ ਦੀ ਨਿਆਇਕ ਜਾਂਚ ਵੀ ਮੰਗੀ ਸੀ। ਇਸ ਤੋਂ ਇਲਾਵਾ ਵੀ ਉਹ ਸਰਕਾਰ ਖ਼ਿਲਾਫ਼ ਆਵਾਜ਼ ਚੁੱਕਦੇ ਆ ਰਹੇ ਹਨ। ਉਨ੍ਹਾਂ ਕਿਹਾ ਕਿ ਸਰਕਾਰ ਖ਼ਿਲਾਫ਼ ਆਵਾਜ਼ ਚੁੱਕਣ ਵਾਲੇ ਨੂੰ ਦਬਾਉਣ ਲਈ ਅਕਸਰ ਅਜਿਹੀਆਂ ਕਾਰਵਾਈਆਂ ਕੀਤੀਆਂ ਜਾਂਦੀਆਂ ਹਨ। ਇਸ ਤੋਂ ਪਹਿਲਾਂ ਵੀ ਕਈ ਗਾਇਕਾਂ ਅਤੇ ਕਿਸਾਨ ਹਮਾਇਤਾਂ ਦੇ ਘਰ ਕੇਂਦਰੀ ਜਾਂਚ ਏਜੰਸੀਆਂ ਨੇ ਛਾਪੇਮਾਰੀ ਕੀਤੀ ਹੈ।

**ਪਿੰਡ ਵਾਲੇ ਘਰ 'ਤੇ ਛਾਪਾ ਸਵਾਲਾਂ ਦੇ ਘੇਰੇ 'ਚ**

ਸੁਖਪਾਲ ਸਿੰਘ ਖਹਿਰਾ ਦੇ ਪਿੰਡ ਰਾਮਗੜ੍ਹ ਸਥਿਤ ਜੱਦੀ ਘਰ ਵਿੱਚ ਈਡੀ ਦੇ ਆਈਆਰਐੱਸ ਵਿਕਰਾਂਤ ਅਤੇ ਅਸਿਸਟੈਂਟ ਡਾਇਰੈਕਟਰ ਗੁਰਮੀਤ ਸਿੰਘ ਦੀ ਅਗਵਾਈ ਵਿਚ 60 ਦੇ ਕਰੀਬ ਮੁਲਾਜ਼ਮਾਂ ਨੇ ਛਾਪਾ ਮਾਰਿਆ। ਇਸ ਦੌਰਾਨ ਉਨ੍ਹਾਂ ਪਿੰਡ ਦੇ ਕਿਸੇ ਵੀ ਮੋਹਤਬਰ ਜਾਂ ਖਹਿਰਾ ਦੇ ਨੇੜਲਿਆਂ ਨੂੰ ਅੰਦਰ ਨਹੀਂ ਜਾਣ ਦਿੱਤਾ। ਇਸ ਮੌਕੇ ਖਹਿਰਾ ਪਰਿਵਾਰ ਦਾ ਕੋਈ ਮੈਂਬਰ ਉਥੇ ਹਾਜ਼ਰ ਨਹੀਂ ਸੀ। ਈਡੀ ਅਧਿਕਾਰੀ ਵੱਡੀ ਗਿਣਤੀ ਵਿਚ ਸੁਰੱਖਿਆ ਬਲਾਂ ਦੇ ਜਵਾਨ ਆਪਣੇ ਨਾਲ ਲੈ ਕੇ ਆਏ ਸਨ ਜੋ ਆਲੇ ਦੁਆਲੇ ਨਿਗਰਾਨੀ ਰੱਖ ਰਹੇ ਸਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਧਾਇਕ ਸੁਖਪਾਲ ਸਿੰਘ ਖਹਿਰਾ ਦੇ ਚਚੇਰੇ ਭਰਾ ਕੁਲਵੀਰ ਸਿੰਘ ਖਹਿਰਾ ਨੇ ਦੱਸਿਆ ਕਿ ਸਵੇਰੇ 7.30 ਵਜੇ ਦੇ ਉਨ੍ਹਾਂ ਦੇ ਘਰ ਨੂੰ ਈਡੀ ਦੀ ਟੀਮ ਨੇ ਘੇਰ ਲਿਆ।

**ਬਾਕੀ ਸਫ਼ਾ 30 'ਤੇ**

# ਅਮਰੀਕਨ ਸਿੱਖ ਕਾਕਸ ਕਮੇਟੀ ਵੱਲੋਂ ਔਰਤਾਂ ਵਾਸਤੇ ਅੰਤਰਰਾਸ਼ਟਰੀ ਪੱਧਰ ਦਾ ਵੈਬੀਨਾਰ ਕਰਵਾਇਆ ਗਿਆ

**ਵਾਸ਼ਿੰਗਟਨ ਡੀ.ਸੀ./(ਬਲਵਿੰਦਰਪਾਲ ਸਿੰਘ ਖਾਲਸਾ) :** ਅਮਰੀਕਨ ਸਿੱਖ ਕਾਕਸ ਕਮੇਟੀ ਨੇ ਬਹੁਤ ਸਾਰੇ ਅੰਤਰਾਸ਼ਟਰੀ ਪੱਧਰ ਦੇ ਵਿਦਵਾਨਾਂ, ਬੁੱਧੀਜੀਵੀਆਂ, ਕਾਨੂੰਨ ਘਾੜਿਆਂ, ਨੀਤੀ ਘਾੜਿਆਂ ਤੇ ਸੰਯੁਕਤ ਰਾਸ਼ਟਰ ਸੰਘ ਦੇ ਗਲੋਬਲ ਪੱਧਰ ਦੇ ਬੁਲਾਰਿਆਂ ਦੇ ਸਹਿਯੋਗ ਨਾਲ ਔਰਤਾਂ ਦਾ ਅੰਤਰਰਾਸ਼ਟਰੀ ਦਿਵਸ ਮਨਾਉਣ ਦਾ ਉਪਰਾਲਾ ਕੀਤਾ। ਸੰਯੁਕਤ ਰਾਸ਼ਟਰ ਸੰਘ ਵੱਲੋਂ ਸਭ ਤੋਂ ਪਹਿਲਾਂ 1975 ਵਿਚ ਬੀਬੀਆਂ ਦਾ ਆਲਮੀ ਦਿਵਸ ਮਨਾਇਆ ਗਿਆ ਸੀ ਤੇ 1996 ਤੋਂ ਇੰਟਰਨੈਸ਼ਨਲ ਵੋਮੈਨਜ਼ ਡੇਅ ਲਗਾਤਾਰ ਮਨਾਇਆ ਜਾ ਰਿਹਾ ਹੈ ਜੋ ਹਰ ਸਾਲ 8 ਮਾਰਚ ਨੂੰ ਹੁੰਦਾ ਹੈ।

ਇਸੇ ਦਿਨ ਦੀ ਮਹਤੱਤਾ ਕਰਕੇ ਅਮਰੀਕਨ ਸਿੱਖ ਕਾਕਸ ਕਮੇਟੀ ਨੇ ਸ਼ਾਨਦਾਰ ਉਪਰਾਲੇ ਕਰਕੇ ਵੱਖ ਵੱਖ ਬੁਲਾਰਿਆਂ ਨੂੰ ਜ਼ੂਮ ਉਤੇ ਆਪਣੇ ਵਿਚਾਰ ਪ੍ਰਗਟ ਕਰਨ ਦਾ ਮੌਕਾ ਪ੍ਰਦਾਨ ਕੀਤਾ। ਇਸ ਵੈਬੀਨਾਰ ਵਿਚ ਆਪਣੇ ਕੀਮਤੀ ਵੀਚਾਰ ਪੇਸ਼ ਕਰਨ ਵਾਲਿਆਂ ਵਿਚ ਇਨਾਂ ਬੁਲਾਰਿਆਂ ਨੇ ਤੱਤਸਾਰ ਰੂਪ ਵਿਚ ਆਪਣੇ ਵੀਚਾਰ ਰੱਖੇ : ਜਨਾਬ ਕਾਰਲੋਸ ਵਿਲਾਪੁਡੂਆ ਅਤੇ ਐਡਮ ਸੀ. ਗਰੇਅ ਜੋ ਕੈਲੀਫੋਰਨੀਆ ਵਿਧਾਨ ਸਭਾ ਦੇ ਮੈਂਬਰ ਹਨ, ਮਾਰਟਿਨ ਮਿਲੱਰ ਜੋ ਇੰਟਰਨੈਸ਼ਨਲ ਸੈਂਟਰ ਫਾਰ ਰੈਲੀਜੀਅਨ ਤੇ ਡਿਪਲੋਮੇਸੀ ਦੇ ਉਪ ਪ੍ਰਧਾਨ ਹਨ, ਜੀਲੀਅਨ ਅਬਾਲ ਜੋ ਹੈਡ ਆਫ ਐਂਜਲੀਕਨ ਕਮਿਊਨਿਯਨ ਨਿਊਯਾਰਕ ਆਫਿਸ ਆਫ ਯੂਨਾਇਟਡ ਨੇਸ਼ਨ ਹਨ, ਪਲਵਾਸ਼ਾ ਕੱਕੜ ਜੋ ਇੰਟੈਰਿਮ ਡਾਇਰੈਕਟਰ ਫਾਰ ਰੈਲੀਜੀਅਨ ਐਂਡ ਇਨਕਲੂਸਿਵ ਸੋਸਾਇਟੀਜ਼ ਯੂਐਸਆਇਸੀ ਹਨ, ਇਸ ਸਾਰੇ ਸਮਾਗਮ ਨੂੰ ਸੰਯੁਕਤ ਰਾਸ਼ਟਰ ਸੰਘ ਦੀ ਗਲੋਬਲ ਸਟੀਅਰਿੰਗ ਕਮੇਟੀ ਦੇ ਮੈਂਬਰ ਡਾਕਟਰ ਇਕਤਦਾਰ ਚੀਮਾ ਨੇ ਸੁਚਾਰੂ ਰੂਪ ਵਿਚ ਚਲਾਇਆ ਤੇ ਨਾਲ ਨਾਲ ਔਰਤਾਂ ਦੀ ਅਜ਼ਾਦੀ, ਬਰਾਬਰਤਾ ਤੇ ਹਰ ਖੇਤਰ ਵਿਚ ਤਰੱਕੀ ਬਾਰੇ ਵਿਚਾਰਾਂ ਤੋਂ ਵੀ ਜਾਣੂੰ ਕਰਵਾਇਆ।

ਦੂਜੇ ਬੁਲਾਰਿਆਂ ਨੇ ਬੀਬੀਆਂ ਬਾਰੇ ਕੋਵਿਡ-19 ਤੋਂ ਪਹਿਲਾਂ ਤੇ ਬਾਦ ਦੀ ਹਾਲਤ ਬਾਰੇ ਵੀਚਾਰ ਪ੍ਰਗਟ ਕਰਦਿਆਂ ਸੰਸਾਰ ਭਰ ਵਿਚ ਔਰਤਾਂ ਦੇ ਅਧਿਕਾਰਾਂ ਤੇ ਉਨਾਂ ਦੀ ਆਦਮੀਆਂ ਦੇ ਸਾਹਮਣੇ ਬਰਾਬਰਤਾ ਬਾਰੇ ਦੱਸਿਆ ਤੇ ਕਿਹਾ ਕਿ ਅੱਜ ਔਰਤ ਬਹੁਤ




ਅੱਗੇ ਨਿਕਲ ਰਹੀ ਹੈ ਤੇ ਉਹ ਹੁਣ ਬੰਦਿਆਂ ਉਤੇ ਨਿਰਭਰ ਨਹੀਂ ਰਹੀ। ਧਰਤੀ ਤੋਂ ਲੈ ਕੇ ਪੁਲਾੜ ਤੱਕ ਉਸਦੇ ਸਹਿਯੋਗ ਦੀ ਚਰਚਾ ਹੈ ਤੇ ਉਹ ਆਪਣਾ ਰਾਹ ਆਪ ਤਲਾਸ਼ਣ ਵਿਚ ਆਜ਼ਾਦ ਹੈ ਤੇ ਇਸੇ ਕਰਕੇ ਇਹ ਅਮਰੀਕਾ ਵਰਗੇ ਤਾਕਤਵਰ ਮੁਲਕ ਦੀ ਉਪ ਰਾਸ਼ਟਰਪਤੀ ਵੀ ਬਣ ਚੁੱਕੀ ਹੈ। ਸੰਸਾਰ ਦੀ ਆਉਣ ਵਾਲੀ ਕਿਸੇ ਵੀ ਪੀੜੀ ਤੇ ਪ੍ਰਵਾਰ ਬਾਰੇ ਔਰਤਾਂ ਤੋਂ ਬਿਨਾਂ ਸੋਚਿਆ ਵੀ ਨਹੀਂ ਜਾ ਸਕਦਾ।

ਸੰਸਾਰ ਦੇ ਸਾਰੇ ਧਰਮ ਔਰਤਾਂ ਦੀ ਇੱਜ਼ਤ ਕਰਦੇ ਹਨ ਪਰ ਆਪਣੇ ਆਪ ਨੂੰ ਸੰਸਾਰ ਦਾ ਵੱਡਾ ਲੋਕਤੰਤਰ ਦਸਦਾ ਹੈ ਤੇ ਜਿਸਦਾ ਨਾਮ ਭਾਰਤ ਹੈ, ਉਹ ਔਰਤਾਂ ਨੂੰ ਰੋਲਣ ਵਿਚ ਯਕੀਨ ਰਖਦਾ ਹੈ। ਭਾਰਤ ਸਰਕਾਰ ਦੁਆਰਾ ਬਣਾਏ ਕਾਲੇ ਕਾਨੂੰਨਾਂ ਵਿਰੁੱਧ ਕਿਸਾਨਾਂ ਦੇ ਚੱਲ ਰਹੇ ਵੱਡੇ ਮੋਰਚੇ ਵਿਚ ਭਾਰਤੀ ਪੁਲਿਸ ਨੇ ਦੋ ਨੌਜਵਾਨ ਮੁਟਿਆਰਾਂ ਜੋ ਰਾਜਸੀ ਤੇ ਵਾਤਾਵਰਣ ਕਾਰਜਾਂ ਵਾਸਤੇ ਪ੍ਰਸਿੱਧ ਹਨ, ਜਿਨਾਂ ਦਾ ਨਾਮ ਦਿਸ਼ਾ ਰਵੀ ਤੇ ਨੌਦੀਪ ਕੌਰ ਹੈ, ਨੂੰ ਝੂਠੇ ਕੇਸਾਂ ਵਿਚ ਫਸਾ ਕੇ ਬੇਹੱਦ ਤਸ਼ੱਦਦ ਕੀਤਾ ਤੇ ਹਵਾਲਾਤ ਵਿਚ ਵੀ ਕੀਤਾ।

# ਕਿਸਾਨ ਅੰਦੋਲਨ ਦੇ ਹੱਕ ਵਿਚ ਫਰਿਜਨੋ ਵਿਖੇ ਵੱਡਾ ਇਕੱਠ

**ਫਰਿਜਨੋ/ਏ.ਟੀ.ਨਿਊਜ਼ :** ਭਾਰਤ ਵਿਚ ਚਲ ਰਹੇ ਕਿਸਾਨੀ ਅੰਦੋਲਨ ਨਾਲ ਇਕਜੁਟਤਾ ਪ੍ਰਗਟ ਕਰਨ ਲਈ ਫਰਿਜਨੋ ਇਲਾਕੇ ਦੀਆਂ ਕੁਝ ਜੰਥੇਬੰਦੀਆਂ ਵਲੋਂ ਸਾਝੇ ਤੌਰ 'ਤੇ ਇਕ ਪ੍ਰੋਗਰਾਮ ਕੀਤਾ ਗਿਆ। ਸਿਖ ਇੰਸਟੀਚਿਉਟ ਆਫ ਫਰਿਜਨੋ (ਸਿੰਘ ਸਭਾ ਗੁਰੂਘਰ) ਦੇ ਖੁਲੇ ਮੈਦਾਨ ਵਿਚ ਹੋਏ ਇਸ ਪ੍ਰੋਗਰਾਮ ਵਿਚ ਫਰਿਜਨੋ ਅਤੇ ਆਸ ਪਾਸ ਦੇ ਇਲਾਕੇ ਵਿਚੋਂ ਸੈਂਕੜੇ ਮਰਦ ਔਰਤਾਂ ਸ਼ਾਮਲ ਹੋਏ। ਪ੍ਰੋਗਰਾਮ ਦੀ ਸ਼ੁਰੂਆਤ ਵਿਚ ਇਸ ਅੰਦੋਲਨ ਦੌਰਾਨ ਸ਼ਹੀਦ ਹੋਏ ਲੋਕਾਂ ਅਤੇ ਅਜ ਤੋਂ ਸੌ ਸਾਲ ਪਹਿਲਾਂ ਗੁਰਦੁਆਰਾ ਸੁਧਾਰ ਲਹਿਰ ਦੇ ਦੌਰਾਨ ਸਾਕਾ ਨਨਕਾਣਾ ਦੇ ਸ਼ਹੀਦਾਂ ਨੂੰ ਇਕ ਮਿੰਟ ਦਾ ਮੌਨ ਧਾਰ ਕੇ ਯਾਦ ਕੀਤਾ ਗਿਆ। ਇਸ ਪ੍ਰੋਗਰਾਮ ਵਿਚ ਵੱਖ-ਵੱਖ ਵਰਗਾਂ 'ਚੋਂ ਸ਼ਾਮਲ ਹੋਏ ਕੋਈ 2 ਦਰਜਨ ਬੁਲਾਰਿਆਂ ਨੇ ਆਪਣੇ ਵਿਚਾਰ ਪੇਸ਼ ਕੀਤੇ। ਪ੍ਰੋਗਰਾਮ ਦਾ ਮੁਖ ਮਕਸਦ ਭਾਰਤ ਸਰਕਾਰ ਵਲੋਂ ਖੇਤੀ ਬਾੜੀ ਸਬੰਧੀ ਬਣਾਏ ਤਿੰਨ ਨਵੇਂ ਕਾਨੂੰਨ ਰੱਦ ਕਰਵਾਉਣ ਲਈ ਅਤੇ ਹੋਰ ਮੰਗਾਂ ਨੂੰ ਲੈ ਕੇ ਚਲ ਰਹੇ ਕਿਸਾਨ ਅੰਦੋਲਨ ਲਈ ਹਮਾਇਤ ਜਤਾਉਣਾ ਸੀ। ਇਹ ਅੰਦੋਲਨ ਜਿਹੜਾ ਪਿਛਲੇ ਅੱਠ ਮਹੀਨਿਆਂ ਤੋਂ ਲਗਾਤਾਰ ਚੱਲ ਰਿਹਾ ਹੈ ਅਤੇ ਪੰਜਾਬ ਤੋਂ ਸ਼ੁਰੂ ਹੋ ਕੇ ਹਰਿਆਣਾ, ਯੂ.ਪੀ., ਉਤਰਾਖੰਡ, ਰਾਜਸਥਾਨ ਤੋਂ ਹੁੰਦਾ ਹੋਇਆ ਹੁਣ ਪੂਰੇ ਭਾਰਤ ਵਿਚ ਫੈਲ ਚੁੱਕਾ ਹੈ। ਇਨਾਂ ਮੰਗਾਂ ਦੇ ਲਈ ਅੱਜ ਸਿਰਫ ਭਾਰਤ ਹੀ ਨਹੀਂ ਬਲਕਿ ਪੂਰੀ ਦੁਨੀਆਂ ਵਿਚੋਂ ਬੇਮਿਸਾਲ ਮਦਦ ਮਿਲ ਰਹੀ ਹੈ। ਦੁਨੀਆਂ ਭਰ ਦੇ ਮੁਲਕਾਂ ਵਿਚ ਰੈਲੀਆਂ ਮੁਜ਼ਾਹਰੇ ਅਤੇ ਵਿਰੋਧ ਹੋ ਰਹੇ ਹਨ ਅਤੇ ਬਾਹਰਲੇ ਮੁਲਕਾਂ ਦੀਆਂ ਸਰਕਾਰਾਂ ਵਿਚ ਵੀ ਇਸ ਮਸਲੇ ਪ੍ਰਤੀ ਜਾਗ੍ਰਿਤੀ ਵੱਧ ਰਹੀ ਹੈ। ਕਈ ਜਥੇਬੰਦੀਆਂ ਇਸ ਹੱਕੀ ਮਸਲੇ ਨੂੰ ਯੂ.ਐਨ.ਓ ਦੇ ਧਿਆਨ ਵਿਚ ਲਿਆਉਣ ਲਈ ਵੀ ਯਤਨਸ਼ੀਲ ਹਨ। ਇਨਾਂ ਧਰਨਿਆਂ 'ਤੇ ਬੈਠੈ ਸੈਂਕੜੇ ਅੰਦੋਲਨਕਾਰੀ ਕਿਸਾਨ ਬੇਹੱਦ ਅਣਸੁਖਾਵੀਆਂ ਹਾਲਤਾਂ ਦਾ ਸਾਹਮਣਾ ਕਰਦੇ ਹੋਏ ਆਪਣੀਆਂ ਜਾਨਾਂ ਕੁਰਬਾਨ ਕਰ ਚੁੱਕੇ ਹਨ ਪਰ ਭਾਰਤ ਦੀ ਸਰਕਾਰ ਇਨਾਂ ਮੰਗਾਂ ਅਤੇ ਇਸ ਅੰਦੋਲਨ ਦੀ ਸਚਾਈ ਅਤੇ ਗਹਿਰਾਈ ਨੂੰ ਅੱਖੋਂ ਪਰੋਖੇ ਕਰ ਰਹੀ ਹੈ। ਪ੍ਰੋਗਰਾਮ ਵਿਚ ਸ਼ਾਮਲ ਕਈ ਬੁਲਾਰਿਆਂ ਨੇ ਸਰਕਾਰ ਦੇ ਅੜੀਅਲ ਵਤੀਰੇ ਦੇ ਕਾਰਨਾਂ ਦਾ ਗਹਿਰਾਈ ਵਿਚ ਜਾ ਕੇ ਮੁੱਲਾਂਕਣ ਕੀਤਾ। ਭਾਰਤ ਅਤੇ ਦੁਨੀਆਂ ਦੇ ਅਜ਼ਾਰੇਦਾਰਾਂ ਦੇ ਇਸ਼ਾਰਿਆਂ 'ਤੇ ਚੱਲ ਰਹੀ ਭਾਜਪਾ ਦੀ ਮੋਦ ਸਰਕਾਰ ਗੈਰ ਲੋਕਤੰਤਰੀ ਤਰੀਕੇ ਨਾਲ ਕਰੋਨਾ ਦੀ



ਆੜ ਵਿਚ ਪਾਸ ਕੀਤੇ ਨਵੇਂ ਕਾਨੂੰਨਾਂ ਨੂੰ ਰੱਦ ਕਰਨ ਦੀ ਬਜਾਏ ਅਜ਼ਾਰੇਦਾਰਾਂ ਦੇ ਸੋਹਲੇ ਗਾ ਰਹੀ ਹੈ। ਸਾਰੇ ਬੁਲਾਰਿਆਂ ਨੇ ਇਸ ਗੱਲ ਵਿਚ ਤਸੱਲੀ ਪ੍ਰਗਟ ਕੀਤੀ ਕਿ ਹੁਣ ਲੋਕ ਸਰਕਾਰੀ ਤੰਤਰ ਦੀਆਂ ਚਾਲਾਂ ਤੋਂ ਵਾਕਫ ਹੋ ਚੁੱਕੇ ਹਨ। ਕਿਸਾਨਾਂ ਦੇ ਨਾਲ ਨਾਲ ਦੂਸਰੇ ਲੋਕ ਵੀ ਇਸ ਚਾਲ ਨੂੰ ਸਮਝ ਚੁੱਕੇ ਹਨ ਕਿ ਖੇਤੀ ਕਿੱਤੇ ਵਿਚ ਅਜ਼ਾਰੇਦਾਰੀ ਦਾ ਦਖਲ ਨਾ ਸਿਰਫ ਛੋਟੀ ਕਿਰਸਾਨੀ ਨੂੰ ਬਰਬਾਦ ਕਰੇਗਾ ਬਲਕਿ ਖੇਤੀ ਪੈਦਾਵਾਰ ਤੋਂ ਤਿਆਰ ਵਸਤਾਂ ਨੂੰ ਅਸਮਾਨੀ ਕੀਮਤਾਂ 'ਤੇ ਵੇਚ ਕੇ ਖਪਤਕਾਰਾ ਦੀ ਲੁਟ ਵੀ ਕਰੇਗਾ। ਕਈ ਬੁਲਾਰਿਆਂ ਨੇ ਇਸ ਗੱਲ ਦਾ ਨੋਟਿਸ ਲਿਆ ਕਿ ਭਾਵੇਂ ਅੰਦੋਲਨ ਦੇ ਅਸਲੀ ਮੁੱਦਿਆਂ ਲਈ ਲੜਾਈ ਅਜੇ ਜਾਰੀ ਹੈ ਪਰ ਇਹ ਅੰਦੋਲਨ ਕਈ ਤਰਾਂ ਦੀਆਂ ਪ੍ਰਾਪਤੀਆ ਪਹਿਲਾਂ ਹੀ ਕਰ ਚੁੱਕਾ ਹੈ। ਭਾਈਚਾਰਕ ਏਕਤਾ, ਆਰਥਿਕ ਮੁੱਦਿਆਂ 'ਤੇ ਲੋਕਾਂ ਦੀ ਵਧੀ ਹੋਈ ਸਮਝ ਅਤੇ ਬੋਲੀਆਂ ਅਤੇ ਇਲਾਕਿਆਂ ਦੇ ਨਾਂ ਪਾਈਆਂ ਹੋਰ ਕਿੰਨੀਆਂ ਹੀ ਦੀਵਾਰਾਂ ਨੂੰ ਢਾਹਉਣਾ ਇਸ ਅੰਦੋਲਨ ਦੀਆਂ ਹਾਂ ਪੱਖੀ ਪ੍ਰਾਪਤੀਆਂ ਹਨ। ਸਟੇਜ ਦੀ ਕਾਰਵਾਈ ਚਲਾਉਂਦਿਆਂ ਸੁਰਿੰਦਰ ਸਿੰਘ ਮੰਢਾਲੀ ਨੇ ਕਿਸਾਨਾਂ ਦੀ ਇਸ ਲੰਮੇਰੀ ਲੜਾਈ ਵਿਚ ਲੋਕਾਂ ਨੂੰ ਕੱਠੇ ਹੋ ਕੇ ਉਨਾਂ ਦਾ ਸਾਥ ਦਿੰਦੇ ਰਹਿਣ ਦਾ ਸੱਦਾ ਦਿਤਾ। ਉਨਾਂ ਇਹ ਵੀ ਕਿਹਾ ਕਿ ਸਾਨੂੰ ਸਾਰਿਆਂ ਨੂੰ ਭਾਰਤ ਸਰਕਾਰ ਦੀਆਂ ਏਜੰਸੀਆਂ ਅਤੇ ਮੀਡੀਆ ਵਲੋਂ ਲੋਕਾਂ ਦੇ ਇਤਿਹਾਸਕ ਏਕੇ ਨੂੰ ਤੋੜਨ ਲਈ ਫੈਲਾਏ ਜਾ ਰਹੇ ਭਰਮ ਜਾਲ ਤੋਂ ਪੂਰੇ ਸੁਚੇਤ ਰਹਿਣ ਦੀ ਲੋੜ ਹੈ। ਹੋਰ ਬੁਲਾਰਿਆਂ ਵਿਚ ਰਾਜ ਬਰਾੜ, ਗੁਰਪ੍ਰੀਤ ਸਿੰਘ ਮਾਨ, ਸਾਧੂ ਸਿੰਘ ਸੰਘਾ, ਰਣਜੀਤ ਗਿੱਲ, ਗੁਰਦੀਪ ਸਿੰਘ ਅਣਖੀ, ਗੁਰਰੀਤ ਬਰਾੜ, ਬੇਅੰਤ ਸਿੰਘ ਧਾਲੀਵਾਲ, ਰਾਜ ਸੋਢੀ, ਸ਼ਰਨਜੀਤ ਧਾਲੀਵਾਲ, ਪਿਸ਼ੌਰਾ ਸਿੰਘ ਢਿਲੋਂ, ਪਰਗਟ ਸਿੰਘ ਧਾਲੀਵਾਲ, ਹਰਭਜਨ ਸਿੰਘ ਢਿਲੋਂ, ਪ੍ਰੋ. ਪਰਮਪਾਲ ਸਿੰਘ, ਦਰਸ਼ਨ ਸਿੰਘ ਸੰਧੂ, ਜਗਰੂਪ ਸਿੰਘ, ਡਾ. ਮਲਕੀਤ ਸਿੰਘ ਕਿੰਗਰਾ, ਹਰਨੇਕ ਸਿੰਘ ਲੋਹਗੜ ਅਤੇ ਦਲਜੀਤ ਸਿੰਘ ਸਰਾਏ ਸ਼ਾਮਲ ਸਨ। ਇਸ ਪ੍ਰੋਗਰਾਮ ਵਿਚ ਸਾਧੂ ਸਿੰਘ ਸੰਘਾ ਵਲੋਂ ਪੇਸ਼ ਕੀਤਾ ਅਤੇ ਸਾਰੇ ਹਾਜ਼ਰ ਲੋਕਾਂ ਵਲੋਂ ਪਾਸ ਕੀਤਾ ਮਤਾ ਭਾਰਤ ਸਰਕਾਰ ਤੋਂ ਹੇਠ ਲਿਖੀਆਂ ਮੰਗਾਂ ਕਰਦਾ ਹੈ: ਖੇਤੀ ਬਾੜੀ ਸਬੰਧੀ ਬਣਾਏ ਤਿੰਨ ਨਵੇਂ ਕਾਨੂੰਨ ਵਾਪਸ ਲਵੇ।

ਖੇਤੀ ਪੈਦਾਵਾਰ ਦੀਆਂ ਕੀਮਤਾਂ ਸਵਾਮੀਨਾਥਨ ਕਮੇਟੀ ਦੀਆਂ ਸਿਫਾਰਸ਼ਾਂ ਅਨੁਸਾਰ ਨਿਯਤ ਕਰੇ ਜੋ ਕਿ ਸਰਕਾਰ 2019 ਦੀਆਂ ਚੋਣਾਂ ਵੇਲੇ ਲਾਗੂ ਕਰਨ ਦਾ ਵਾਅਦਾ ਕਰ ਚੁੱਕੀ ਹੈ। ਇਸ ਨੂੰ ਦੇਸ਼ ਭਰ ਵਿਚ ਯਕੀਨੀ ਬਣਾਉਣ ਲਈ ਬਕਾਇਦਾ ਕਾਨੂੰਨ ਬਣਾਇਆ ਜਾਵੇ।

**ਦੇਸ਼ ਭਰ ਵਿਚ A.P.M.C ਮੰਡੀ ਸਿਸਟਮ ਲਾਗੂ ਕੀਤਾ ਜਾਵੇ।**

ਕਿਸਾਨ ਅੰਦੋਲਨਕਾਰੀਆਂ ਅਤੇ ਹਮਾਇਤੀਆਂ ਉੱਤੇ ਹੋ ਰਹੇ ਪੁਲਿਸ ਅੱਤਿਆਚਾਰ ਬੰਦ ਕਰੇ ਅਤੇ ਗ੍ਰਿਫਤਾਰ ਕੀਤੇ ਲੋਕਾਂ ਨੂੰ ਬਾ-ਇੱਜ਼ਤ ਬਰੀ ਕਰੇ।

26 ਜਨਵਰੀ 2021 ਨੂੰ ਟਰੈਕਟਰ ਮਾਰਚ ਦੌਰਾਨ ਸ਼ਹੀਦ ਹੋਏ ਅੰਦੋਲਨਕਾਰੀ ਨਵਰੀਤ ਸਿੰਘ ਦੀ ਮੌਤ ਦੀ ਬਕਾਇਦਾ ਨਿਰਪੱਖ ਜਾਂਚ ਰਿਟਾਇਰਡ ਜੱਜ ਤੋਂ ਕਰਵਾਈ ਜਾਵੇ ਅਤੇ ਦੋਸ਼ੀਆਂ ਨੂੰ ਸਖਤ ਸਜ਼ਾਵਾਂ ਦਿੱਤੀਆਂ ਜਾਣ। ਅੰਦੋਲਨ ਦੇ ਦੌਰਾਨ ਸ਼ਹੀਦ ਹੋਏ ਲੋਕਾਂ ਦੇ ਪਰਿਵਾਰਾਂ ਨੂੰ ਆਰਥਿਕ ਮੁਆਵਜ਼ਾ ਦਿਤਾ ਜਾਵੇ।

ਇਸਤਰੀਆ ਅਤੇ ਬੱਚਿਆਂ ਵਿਰੁਧ ਨਿਰੰਤਰ ਵੱਧ ਰਹੇ ਜੁਰਮਾਂ ਨੂੰ ਨੱਥ ਪਾਈ ਜਾਵੇ ਅਤੇ ਇਹੋ ਜਿਹੇ ਘੋਰ ਅਪਰਾਧੀਆਂ ਖਿਲਾਫ ਕੋਈ ਰਿਆਇਤ ਨਾ ਵਰਤੀ ਜਾਵੇ। ਇਸ ਵਾਸਤੇ ਬਦਲੇ ਗਏ ਕਾਨੂੰਨ ਸਖਤੀ ਨਾਲ ਅਤੇ ਬਿਨਾਂ ਖੋਟ ਦੇ ਲਾਗੂ ਕੀਤੇ ਜਾਣ।

ਦੇਸ਼ ਦੀਆਂ ਧਾਰਮਿਕ, ਜਮਾਤੀ ਘੱਟਗਿਣਤੀਆਂ ਅਤੇ ਦਲਿਤਾਂ 'ਤੇ ਦਿਨੋ ਦਿਨ ਵੱਧ ਰਹੇ ਅਤਿਆਚਾਰ ਰੋਕੇ ਜਾਣ, ਉਨਾਂ ਦੇ ਮੁਢਲੇ ਸੰਵਿਧਾਨਕ ਹੱਕ ਸੁਰੱਖਿਅਤ ਅਤੇ ਯਕੀਨੀ ਬਣਾਏ ਜਾਣ।

## ਜ਼ਰੂਰੀ ਸੂਚਨਾ

ਪਾਠਕਾਂ ਦੀ ਮੰਗ ਨੂੰ ਮੱਦੇਨਜ਼ਰ ਰੱਖਦੇ ਹੋਏ ਅੰਮ੍ਰਿਤਸਰ ਟਾਈਮਜ਼ ਅਖ਼ਬਾਰ ਬੁੱਧਵਾਰ ਦੀ ਥਾਂ ਸ਼ੁੱਕਰਵਾਰ ਨੂੰ ਪ੍ਰਕਾਸ਼ਿਤ ਹੋਵੇਗਾ। ਪ੍ਰਕਾਸ਼ਿਤ ਸਮਾਂ ਅਮਰੀਕਾ ਵਿਚ ਸਵੇਰੇ ੫:੩੦ ਵਜੇ ਰਹੇਗਾ। ਅੰਮ੍ਰਿਤਸਰ ਟਾਈਮਜ਼ ਦਾ ਆਉਣ ਵਾਲਾ ਅਗਲਾ ਅੰਕ 19.03.2021 ਨੂੰ ਪ੍ਰਕਾਸ਼ਿਤ ਹੋਵੇਗਾ ਅਤੇ ਭਵਿੱਖ ਵਿਚ ਵੀ ਹਰ ਸ਼ੁੱਕਰਵਾਰ ਪ੍ਰਕਾਸ਼ਤ ਹੋਇਆ ਕਰੇਗਾ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

## ਜਾਨਸਨ ਐਂਡ ਜਾਨਸਨ ਟੀਕਿਆਂ ਦੀ ਵਰਤੋਂ ਕਰੋਨਾ ਵਿਰੁੱਧ

**ਫਰਿਜ਼ਨੋ/ਏ.ਟੀ.ਨਿਊਜ਼:** ਅਮਰੀਕਾ ਵਿਚ ਰਾਸ਼ਟਰਪਤੀ ਜੋਅ ਬਾਈਡੇਨ ਦੁਆਰਾ ਉਨਾਂ ਦੇ ਪ੍ਰਸ਼ਾਸਨ ਦੇ ਪਹਿਲੇ 100 ਦਿਨਾਂ ਦੌਰਾਨ 100 ਮਿਲੀਅਨ ਅਮਰੀਕੀ ਲੋਕਾਂ ਨੂੰ ਕੋਰੋਨਾ ਵਾਇਰਸ ਟੀਕਾ ਲਗਾਉਣ ਦੇ ਮਿੱਥੇ ਗਏ ਟੀਚੇ ਨੂੰ ਪੂਰਾ ਕਰਨ ਲਈ, ਟੀਕਾਕਰਨ ਮੁਹਿੰਮ ਵਿੱਚ ਜਾਨਸਨ ਐਂਡ ਜਾਨਸਨ ਕੰਪਨੀ ਦੇ ਇੱਕ ਖੁਰਾਕ ਵਾਲੇ ਟੀਕੇ ਨੂੰ ਸ਼ਾਮਿਲ ਕੀਤਾ ਗਿਆ ਹੈ।ਇਸ ਕੰਪਨੀ ਦੇ ਟੀਕੇ ਦੀ ਵੰਡ ਕਰਨ ਵਾਲੇ ਲੋਕਾਂ ਲਈ ਇਹ ਬਹੁਤ ਹੀ ਮਹੱਤਵਪੂਰਨ ਪਲ ਸਨ।

ਇਸ ਸਬੰਧੀ ਮੈਕਕੇਸਨ ਵਿਖੇ, ਜਿੱਥੋਂ ਕਿ ਜਾਨਸਨ ਐਂਡ ਜਾਨਸਨ ਕੰਪਨੀ ਦੇ ਟੀਕੇ ਦੀ ਪਹਿਲੀ ਖੇਪ ਭੇਜੀ ਗਈ ਹੈ, ਦੇ ਬਕਸਿਆਂ 'ਤੇ ਕਰਮਚਾਰੀਆਂ ਵੱਲੋਂ 'ਸਿਹਤਮੰਦ ਬਣੋ' ਆਦਿ ਸੰਦੇਸ਼ ਲਿਖੇ ਗਏ ਹਨ। ਇਨਾਂ ਟੀਕਿਆਂ ਦੀ ਕੈਂਟਕੀ ਸਹੂਲਤ ਦੇ ਸੁਪਰਵਾਈਜ਼ਰ ਕੈਮਰੇਨ ਬ੍ਰਾਊਨ ਅਨੁਸਾਰ ਇਸ ਅਭਿਆਨ ਦੇ ਸ਼ੁਰੂ ਹੋਣ ਨਾਲ ਕਈ ਕਰਮਚਾਰੀਆਂ ਨੇ ਬਕਸਿਆਂ 'ਤੇ ਆਪਣੇ ਸੁਨੇਹਿਆਂ ਦੇ ਨਾਲ ਦਸਤਖ਼ਤ ਕੀਤੇ ਹਨ। ਇੱਕ ਖੁਰਾਕ ਵਾਲਾ ਇਸ ਕੰਪਨੀ ਦਾ ਟੀਕਾ ਨਿਯਮਤ ਰੈਫ੍ਰਿਜਰੇਸ਼ਨ ਦੇ ਨਾਲ ਕਮਿਊਨਿਟੀ ਸਿਹਤ ਕੇਂਦਰਾਂ ਅਤੇ ਪੇਂਡੂ ਅਮਰੀਕਾ ਵਿੱਚ ਆਸਾਨੀ ਨਾਲ ਪਹੁੰਚ ਸਕਦਾ ਹੈ। ਇਸ ਲਈ ਬ੍ਰਾਊਨ ਅਨੁਸਾਰ ਇਨਾਂ ਦੀ ਵੰਡ ਕੋਈ ਕੰਮ ਨਹੀਂ ਸਗੋਂ ਇੱਕ ਮਿਸ਼ਨ ਹੈ।

# ਭਾਰਤੀ ਮੂਲ ਦੇ ਦੋ ਅਮਰੀਕੀ ਬੈਂਸ ਤੇ ਗੁਪਤਾ ਰਾਸ਼ਟਰਪਤੀ ਦੇ ਵਿਸ਼ੇਸ਼ ਸਲਾਹਕਾਰ ਨਿਯੁਕਤ

## ਹੁਣ ਤੱਕ 20 ਤੋਂ ਵੱਧ ਭਾਰਤੀ ਉੱਚ ਅਹੁਦਿਆਂ ’ਤੇ ਨਿਯੁਕਤ

**ਸੈਕਰਾਮੈਂਟੋ (ਹੁਸਨ ਲੜੋਆ ਬੰਗਾ):** ਰਾਸ਼ਟਰਪਤੀ ਜੋਅ ਬਾਇਡੇਨ ਨੇ ਭਾਰਤੀ ਮੂਲ ਦੇ ਦੋ ਅਮਰੀਕੀ ਨਾਗਰਿਕਾਂ ਨੂੰ ਆਪਣੇ ਵਿਸ਼ੇਸ਼ ਸਲਾਹਕਾਰ ਨਿਯੁਕਤ ਕੀਤਾ ਹੈ। ਰਾਸ਼ਟਰਪਤੀ ਬਾਇਡੇਨ ਤੇ ਉਪ ਰਾਸ਼ਟਰਪਤੀ ਕਮਲਾ ਹੈਰਿਸ ਵੱਲੋਂ ਕੀਤੇ ਐਲਾਨ ਵਿਚ ਕਿਹਾ ਗਿਆ ਹੈ ਕਿ ਚਿਰਾਗ ਬੈਂਸ ਤੇ ਪਰੌਨੀਤਾ ਗੁਪਤਾ ‘ਡੋਮੈਸਟਿਕ ਪਾਲਸੀ ਕੌਂਸਲ’ ਵਿਚ ਵਿਸ਼ੇਸ਼ ਸਲਾਹਕਾਰ ਵਜੋਂ ਆਪਣੀਆਂ ਭੂਮਿਕਾਵਾਂ ਨਿਭਾਉਣਗੇ। ਇਹ ਦੋਨੋਂ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਪ੍ਰਸ਼ਾਸਨ ਵਿਚ ਵੀ ਨਿਯੁਕਤ ਰਹੇ ਹਨ। ਉਸ ਸਮੇਂ ਬਾਇਡੇਨ ਉੱਪ ਰਾਸ਼ਟਰਪਤੀ ਸਨ। ਵਾਈਟ ਹਾਊਸ ਵੱਲੋਂ ਕੀਤੇ ਐਲਾਨ ਅਨੁਸਾਰ ਬੈਂਸ ਫੌਜਦਾਰੀ ਨਿਆਂ ਅਤੇ ਗੁਪਤਾ ਕਿਰਤ ਤੇ ਕਿਰਤੀਆਂ ਸਬੰਧੀ ਮਾਮਲਿਆਂ ਨਾਲ ਨਜਿੱਠਣਗੇ। ਇਨਾਂ ਦੋ ਨਿਯੁਕਤੀਆਂ ਨਾਲ 20 ਤੋਂ ਵਧ ਭਾਰਤੀ ਮੂਲ ਦੇ ਅਮਰੀਕੀ ਬਾਇਡੇਨ ਪ੍ਰਸ਼ਾਸਨ ਵਿਚ ਉੱਚ ਅਹੁਦਿਆਂ ਉਪਰ ਨਿਯੁਕਤ ਕੀਤੇ ਜਾ ਚੁੱਕੇ ਹਨ। ਇਨਾਂ ਨਿਯੁਕਤੀਆਂ ਵਾਸਤੇ ਸੈਨੇਟ ਦੀ ਪ੍ਰਵਾਨਗੀ ਦੀ ਲੋੜ ਨਹੀਂ ਹੈ ਕਿਉਂਕਿ ਇਹ ਨਿਯੁਕਤੀਆਂ ਰਾਸ਼ਟਰਪਤੀ ਦੇ ਸਟਾਫ ਵਿਚ ਕੀਤੀਆਂ ਗਈਆਂ ਹਨ।



*ਚਿਰਾਗ ਬੈਂਸ ਤੇ ਪਰੌਨੀਤ ਗੁਪਤਾ ਦੀਆਂ ਫਾਇਲ ਤਸਵੀਰਾਂ*

ਚਿਰਾਗ ਬੈਂਸ ਨਿਆਂ ਵਿਭਾਗ ਦੀ ‘ਸਿਵਲ ਰਾਈਟਸ ਡਵੀਜਨ’ ਵਿਚ ਕੰਮ ਕਰ ਚੁੱਕੇ ਹਨ। ਉਹ ਪਹਿਲਾਂ ਮਨੁੱਖੀ ਅਧਿਕਾਰਾਂ ਸਬੰਧੀ ਅਪਰਾਧ ਦੇ ਵਕੀਲ ਤੇ ਫਿਰ ਅਸਿਸਟੈਂਟ ਅਟਾਰਨੀ ਜਨਰਲ ਦੇ ਸੀਨੀਅਰ ਸਲਾਹਕਾਰ ਰਹੇ ਹਨ। ਪਰੌਨੀਤ ਗੁਪਤਾ ਓਬਾਮਾ ਪ੍ਰਸ਼ਾਸਨ ਵਿਚ ਕਿਰਤ ਵਿਭਾਗ ਦੀ ‘ਵੋਮੈਨ ਬਿਊਰੋ’ ਵਿਚ ਡਿਪਟੀ ਡਾਇਰੈਕਟਰ ਵਜੋਂ ਸੇਵਾਵਾਂ ਨਿਭਾਉਂਦੇ ਰਹੇ ਹਨ। ਉਹ ਸੈਂਟਰ ਫਾਰ ਲਾਅ ਐਂਡ ਸੋਸ਼ਲ ਪਾਲਸੀ ਵਿਚ ‘ਜੌਬ ਕੁਆਲਿਟੀ’ ਦੇ ਡਾਇਰੈਕਟਰ ਵਜੋਂ ਵੀ ਤਾਇਨਾਤ ਰਹੇ ਹਨ। ਇਥੇ ਵਰਣਨਯੋਗ ਹੈ ਕਿ ਰਾਸ਼ਟਰਪਤੀ ਨੇ ਇਕ ਦਿਨ ਪਹਿਲਾਂ ਮਜ਼ਾਕ ਵਿਚ ਕਿਹਾ ਸੀ ਕਿ ਨਿਯੁਕਤੀਆਂ ਦੇ ਮਾਮਲੇ ਵਿਚ ਭਾਰਤੀ ਮੂਲ ਦੇ ਅਮਰੀਕੀ ਨਾਗਰਿਕ ਅਮਰੀਕੀਆਂ ਉਪਰ ਭਾਰੀ ਪੈ ਰਹੇ ਹਨ। ਇਸ ਤੋਂ ਇਕ ਦਿਨ ਪਹਿਲਾਂ ਬਾਇਡੇਨ ਨੇ ਪਾਕਿਸਤਾਨੀ ਮੂਲ ਦੇ ਅਮਰੀਕੀ ਦਿਲਵਰ ਸਈਦ ਨੂੰ ਛੋਟੇ ਕਾਰੋਬਾਰਾਂ ਸਬੰਧੀ ਪ੍ਰਸ਼ਾਸਨ ਵਿਚ ਡਿਪਟੀ ਡਾਇਰੈਕਟਰ ਵਜੋਂ ਨਿਯੁਕਤ ਕੀਤਾ ਸੀ।

# ਜੋਅ ਬਾਈਡਨ ਨੇ ਮਿਲਟਰੀ ਦੀ ਕਮਾਂਡ ਦੋ ਬੀਬੀਆਂ ਨੂੰ ਦਿਤੀ

**ਵਾਸ਼ਿੰਗਟਨ/ਏ.ਟੀ.ਨਿਊਜ਼:** ਅੰਤਰਰਾਸ਼ਟਰੀ ਮਹਿਲਾ ਦਿਵਸ ਮੌਕੇ ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਈਡੇਨ ਨੇ ਦੇਸ਼ ਦੀ ਸੈਨਾ ਦੀ ਕਮਾਂਡ ਬੀਬੀਆਂ ਦੇ ਹੱਥ ਵਿਚ ਸੌਂਪਣ ਦਾ ਫ਼ੈਸਲਾ ਲਿਆ। ਇਸ ਲਈ ਉਨਾਂ ਨੇ ਦੋ ਬੀਬੀਆਂ ਦੀ ਨਾਮਜ਼ਦਗੀ ਕੀਤੀ ਹੈ, ਜੋ ਸੰਯੁਕਤ ਰਾਜ ਅਮਰੀਕਾ ਦੇ ਹਥਿਆਰਬੰਦ ਬਲਾਂ ਦੇ ਇਤਿਹਾਸ ਵਿਚ ਦੂਜੀ ਅਤੇ ਤੀਜੀ ਬੀਬੀਆਂ ਬਣਨਗੀਆਂ। ਅਮਰੀਕੀ ਹਵਾਈ ਸੈਨਾ ਦੇ ਏਅਰ ਫੋਰਸ ਦੇ ਜਨਰਲ ਜੈਕਲੀਨ ਵੈਨ ਓਵੋਸਟ, ਜੋ ਕਿ ਮੌਜੂਦਾ ਸਮੇਂ ਵਿਚ ਇਕੋ-ਇਕ ਬੀਬੀ ਹੈ ਜੋ ਕਿ ਚਾਰ-ਸਿਤਾਰਾ ਅਧਿਕਾਰੀ ਦੇ ਅਹੁਦੇ ’ਤੇ ਪਹੁੰਚੀ ਹੈ, ਉਸ ਨੂੰ ਸੰਯੁਕਤ ਰਾਜ ਦੇ ਟ੍ਰਾਂਸਪੋਰਟੇਸ਼ਨ ਕਮਾਂਡ ਦੀ ਕਮਾਂਡਰ ਨਾਮਜ਼ਦ ਕੀਤਾ ਗਿਆ ਹੈ।
ਇਸ ਦੌਰਾਨ ਲੈਫਟੀਨੈਂਟ ਜਨਰਲ ਲੌਰਾ



ਰਿਚਰਡਸਨ ਨੂੰ ਦੱਖਣੀ ਕਮਾਂਡ ਦੀ ਅਗਵਾਈ ਕਰਨ ਲਈ ਨਾਮਜ਼ਦ ਕੀਤਾ ਗਿਆ ਹੈ ਜਿਸ ਵਿੱਚ ਕੇਂਦਰੀ ਅਤੇ ਲਾਤੀਨੀ ਅਮਰੀਕਾ ਨੂੰ ਸ਼ਾਮਲ ਕੀਤਾ ਗਿਆ ਹੈ। ਅਮਰੀਕੀ ਰਾਸ਼ਟਰਪਤੀ ਨੇ ਵਾਈਟ ਹਾਊਸ ਵਿਖੇ ਇੱਕ ਸੰਖੇਪ ਭਾਸ਼ਣ ਦੌਰਾਨ ਦੋਹਾਂ ਜਨਰਲਾਂ ਨੂੰ ਨਾਮਜ਼ਦ ਕਰਦਿਆਂ ਕਿਹਾ,‘ਇਨਾਂ ਵਿਚੋਂ ਹਰੇਕ ਨੇ ਆਪਣੇ ਦੇਸ਼ ਪ੍ਰਤੀ ਬੇਮਿਸਾਲ ਹੁਨਰ, ਅਖੰਡਤਾ ਅਤੇ ਫਰਜ਼ ਦਾ ਪ੍ਰਦਰਸ਼ਨ ਕਰਦੇ ਹੋਏ ਕੈਰੀਅਰ ਦੀ ਅਗਵਾਈ ਕੀਤੀ ਹੈ। ਹਰ ਕਦਮ ’ਤੇ ਉਨਾਂ ਨੇ ਸਾਡੀ ਫੌਜ ਵਿਚ ਬੀਬੀਆਂ ਲਈ ਮੌਕੇ ਦੇ ਦਰਵਾਜ਼ੇ ਖੋਲਣ ਵਿੱਚ ਵੀ ਸਹਾਇਤਾ ਕੀਤੀ ਹੈ।’ ਇਸ ਮੌਕੇ ਬੋਲਦਿਆਂ ਬਾਈਡੇਨ ਨੇ ਕਿਹਾ,‘ਅੱਜ ਅੰਤਰਰਾਸ਼ਟਰੀ ਮਹਿਲਾ ਦਿਵਸ ਹੈ ਅਤੇ ਸਾਨੂੰ ਸਾਰਿਆਂ ਨੂੰ ਇਨਾਂ ਬੀਬੀਆਂ ਦੀਆਂ ਪ੍ਰਾਪਤੀਆਂ ਨੂੰ ਵੇਖਣ ਅਤੇ ਉਨਾਂ ਨੂੰ ਪਛਾਣਨ ਦੀ ਜ਼ਰੂਰਤ ਹੈ। ਸਾਨੂੰ ਲੋੜ ਹੈ ਕਿ ਨੌਜਵਾਨ ਬੀਬੀਆਂ ਮਿਲਟਰੀ ਸੇਵਾ ਵਿਚ ਆਪਣਾ ਕੈਰੀਅਰ ਸ਼ੁਰੂ ਕਰਨ ਅਤੇ ਉਹ ਜਾਣ ਲੈਣ ਕਿ ਉਨਾਂ ਲਈ ਕੋਈ ਦਰਵਾਜ਼ਾ ਬੰਦ ਨਹੀਂ ਕੀਤਾ ਜਾਵੇਗਾ। ਸਾਨੂੰ ਛੋਟੀਆਂ ਕੁੜੀਆਂ ਅਤੇ ਮੁੰਡਿਆਂ ਦੋਵਾਂ ਦੀ ਜ਼ਰੂਰਤ ਹੈ, ਜੋ ਆਪਣੇ ਦੇਸ਼ ਦੀ ਸੇਵਾ ਕਰਨ ਦੇ ਸੁਪਨੇ ਦੇਖ ਕੇ ਵੱਡੇ ਹੋਏ ਹਨ।’

# ਅਮਰੀਕਾ ਪ੍ਰਸ਼ਾਸਨ ਵਿਚ ਵੱਧ ਰਿਹੈ ਭਾਰਤੀਆਂ ਦਾ ਬੋਲਬਾਲਾ

**ਵਾਸ਼ਿੰਗਟਨ /ਏ.ਟੀ.ਨਿਊਜ਼:** ਅਮਰੀਕਾ ’ਚ ਭਾਰਤੀ ਮੂਲ ਦੇ ਲੋਕਾਂ ਦੀ ਗਿਣਤੀ ਵੱਧਦੀ ਜਾ ਰਹੀ ਹੈ। ਇਸ ਦੀ ਪੁਸ਼ਟੀ ਖ਼ੁਦ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ ਕੀਤੀ ਹੈ। ਉਨਾਂ ਕਿਹਾ ਕਿ ਅਮਰੀਕਾ ਵਿਚ ਭਾਰਤੀ ਮੂਲ ਦੇ ਲੋਕਾਂ ਦਾ ਦਬਦਬਾ ਵੱਧ ਰਿਹਾ ਹੈ। ਵੱਡੀ ਗਿਣਤੀ ਵਿਚ ਇਸ ਭਾਈਚਾਰੇ ਦੇ ਲੋਕ ਉਨਾਂ ਦੇ ਪ੍ਰਸ਼ਾਸਨ ਵਿਚ ਅਹਿਮ ਅਹੁਦਿਆਂ ’ਤੇ ਨਿਯੁਕਤ ਕੀਤੇ ਗਏ ਹਨ।
ਬਾਇਡਨ ਨੇ 50 ਤੋਂ ਵੀ ਘੱਟ ਦਿਨਾਂ ਦੇ ਕਾਰਜਕਾਲ ਵਿਚ ਆਪਣੇ ਪ੍ਰਸ਼ਾਸਨ ਵਿਚ 55 ਭਾਰਤਵੰਸ਼ੀਆਂ ਨੂੰ ਮਹੱਤਵਪੂਰਣ ਅਹੁਦਿਆਂ ’ਤੇ ਨਿਯੁਕਤ ਕੀਤਾ ਹੈ। ਸਰਕਾਰ ਦੇ ਲਗਭਗ ਸਾਰੇ ਵਿਭਾਗਾਂ ਵਿਚ ਭਾਰਤੀ ਮੂਲ ਦੇ ਲੋਕਾਂ ਦੀ ਮੌਜੂਦਗੀ ਹੋ ਗਈ ਹੈ। ਸਵਾਤੀ ਮੋਹਨ ਤੋਂ ਲੈ ਕੇ ਮੇਰੀ ਉਪ ਰਾਸ਼ਟਰਪਤੀ ਕਮਲਾ ਹੈਰਿਸ ਅਤੇ ਮੇਰੇ ਲਈ ਭਾਸ਼ਣ ਲਿਖਣ ਵਾਲੇ ਵਿਨੈ ਰੈੱਡੀ ਤਕ ਸਾਰੇ ਛਾਏ ਹੋਏ ਹਨ। ਤੁਸੀਂ ਸਾਰੇ ਅਸਾਧਾਰਨ ਹੋ। ਬਾਇਡਨ ਨੇ ਅਮਰੀਕੀ ਪੁਲਾੜ ਏਜੰਸੀ ਨਾਸਾ ਦੇ ਉਨਾਂ ਵਿਗਿਆਨੀਆਂ ਨਾਲ ਵਰਚੁਅਲ ਸੰਵਾਦ ਦੌਰਾਨ ਇਹ ਗੱਲ ਕਹੀ ਜੋ ਮੰਗਲ ਗ੍ਰਹਿ ਦੇ ਹਾਲੀਆ ਮਿਸ਼ਨ ਵਿਚ ਸ਼ਾਮਲ ਰਹੇ। ਨਾਸਾ ਨੇ 18 ਫਰਵਰੀ ਨੂੰ ਆਪਣੇ ਰੋਵਰ ਪਰਸੀਵੈਰੇਂਸ ਨੂੰ ਮੰਗਲ ਗ੍ਰਹਿ ਦੀ ਸਤਾ ’ਤੇ ਉਤਾਰਿਆ ਸੀ। ਇਸ ਲਾਲ ਗ੍ਰਹਿ ’ਤੇ ਨਾਸਾ ਰੋਵਰ ਦੀ ਇਤਿਹਾਸਕ ਲੈਂਡਿੰਗ ਵਿਚ ਭਾਰਤੀ ਮੂਲ ਦੀ ਵਿਗਿਆਨੀ ਡਾ. ਸਵਾਤੀ ਮੋਹਨ ਦੀ ਵੀ ਅਹਿਮ ਭੂਮਿਕਾ ਰਹੀ। ਉਹ ਇਸ ਮਿਸ਼ਨ ਲਈ ਗਾਈਡੈਂਸ, ਨੈਵੀਗੇਸ਼ਨ ਅਤੇ ਕੰਟਰੋਲ ਆਪਰੇਸ਼ਨ ਦੀ ਅਗਵਾਈ ਕਰ ਰਹੀ ਸੀ। ਜਦਕਿ ਕਮਲਾ ਹੈਰਿਸ ਅਮਰੀਕਾ ਦੀ ਪਹਿਲੀ ਮਹਿਲਾ ਸਿਆਹਫਾਮ ਉਪ ਰਾਸ਼ਟਰਪਤੀ ਹੈ। ਉਨਾਂ ਨੇ 20 ਜਨਵਰੀ ਨੂੰ ਉਪ ਰਾਸ਼ਟਰਪਤੀ ਅਹੁਦੇ ਦੀ ਸਹੁੰ ਚੁੱਕੀ ਸੀ।
20 ਜਨਵਰੀ ਨੂੰ ਅਮਰੀਕਾ ਦੇ 46ਵੇਂ ਰਾਸ਼ਟਰਪਤੀ ਵਜੋਂ ਸਹੁੰ ਚੁੱਕਣ ਪਿੱਛੋਂ ਬਾਇਡਨ 55 ਭਾਰਤੀਆਂ ਨੂੰ ਆਪਣੇ ਪ੍ਰਸ਼ਾਸਨ ਦੇ ਅਹਿਮ ਅਹੁਦਿਆਂ ’ਤੇ ਨਿਯੁਕਤ ਜਾਂ ਨਾਮਜ਼ਦ ਕਰ ਚੁੱਕੇ ਹਨ। ਅਮਰੀਕਾ ਦਾ ਇਹ ਪਹਿਲਾ ਪ੍ਰਸ਼ਾਸਨ ਹੈ ਜਿਸ ਵਿਚ ਏਨੀ ਵੱਡੀ ਗਿਣਤੀ ਵਿਚ ਭਾਰਤਵੰਸ਼ੀ ਹਨ। ਉਨਾਂ ਨੇ ਡਾ. ਵਿਵੇਕ ਮੂਰਤੀ ਨੂੰ ਅਮਰੀਕਾ ਦਾ ਸਰਜਨ ਜਨਰਲ ਅਤੇ ਵਨਿਤਾ ਗੁਪਤਾ ਨੂੰ ਨਿਆਂ ਵਿਭਾਗ ਲਈ ਐਸੋਸੀਏਟ ਅਟਾਰਨੀ ਜਨਰਲ ਨਾਮਜ਼ਦ ਕੀਤਾ ਹੈ। ਇਨਾਂ ਦੀਆਂ ਨਿਯੁਕਤੀਆਂ ’ਤੇ ਮੋਹਰ ਲਗਾਉਣ ਦੀ ਪ੍ਰਕਿਰਿਆ ਚੱਲ ਰਹੀ ਹੈ। ਬੈਂਗਲੁਰੂ ਵਿਚ ਪੈਦਾ ਹੋਈ ਸਵਾਤੀ ਮੋਹਨ ਨੇ ਰਾਸ਼ਟਰਪਤੀ ਬਾਇਡਨ ਨੂੰ ਦੱਸਿਆ ਕਿ ਨਾਸਾ ਵਿਚ ਆਉਣ ਦਾ ਰਸਤਾ ਉਸ ਸਮੇਂ ਖੁੱਲ ਗਿਆ ਸੀ ਜਦੋਂ ਉਨਾਂ ਨੇ ਬਚਪਨ ਵਿਚ ‘ਸਟਾਰ ਟਰੈਕ’ ਦੀ ਪਹਿਲੀ ਕੜੀ ਦੇਖੀ ਸੀ। ਇਸ ਟੀ ਵੀ ਸ਼ੋਅ ਨੂੰ ਦੇਖਣ ਨਾਲ ਨਾਸਾ ਨਾਲ ਜੁੜਨ ਦੀ ਪ੍ਰੇਰਣਾ ਮਿਲੀ ਸੀ। ਸਵਾਤੀ ਨੇ ਅਮਰੀਕੀ ਰਾਸ਼ਟਰਪਤੀ ਨਾਲ ਵਰਚੁਅਲ ਸੰਵਾਦ ਦੌਰਾਨ ਇਹ ਗੱਲ ਕਹੀ। ਸਵਾਤੀ ਜਦੋਂ ਸਿਰਫ਼ ਇਕ ਸਾਲ ਦੀ ਸੀ ਤਦ ਉਹ ਭਾਰਤ ਤੋਂ ਅਮਰੀਕਾ ਆ ਗਈ ਸੀ। ਉਨਾਂ ਆਪਣਾ ਜ਼ਿਆਦਾਤਰ ਬਚਪਨ ਉੱਤਰੀ ਵਰਜੀਨੀਆ-ਵਾਸ਼ਿੰਗਟਨ ਡੀ ਸੀ ਖੇਤਰ ਵਿਚ ਗੁਜ਼ਾਰਿਆ ਸੀ। 9 ਸਾਲ ਦੀ ਉਮਰ ਵਿਚ ਉਨਾਂ ਨੇ ਪਹਿਲੀ ਵਾਰ ਪ੍ਰਸਿੱਧ ਟੀ ਵੀ ਸ਼ੋਅ ‘ਸਟਾਰ ਟਰੈਕ’ ਦੇਖਿਆ ਸੀ। ਇਸ ਪਿੱਛੋਂ ਉਨਾਂ ਦੀ ਬ੍ਰਹਿਮੰਡ ਦੇ ਨਵੇਂ ਖੇਤਰਾਂ ਨੂੰ ਲੱਭਣ ਵਿਚ ਦਿਲਚਸਪੀ ਵੱਧ ਗਈ ਸੀ।

# ਨਿਊਜ਼ੀਲੈਂਡ ’ਚ ਸਿੰਘਣੀ ਨੇ ਸਿਰਜਿਆ ਇਤਿਹਾਸ, ਪੁਲਿਸ ਵਿਚ ਭਰਤੀ ਹੋ ਵਧਾਇਆ ਪੰਥ ਦਾ ਮਾਣ



**ਬਾਜਾਖਾਨਾ/ਏ.ਟੀ.ਨਿਊਜ਼:** ਪਿੰਡ ਡੋਡ ਦੀ ਰਮਨਦੀਪ ਕੌਰ ਪੁੱਤਰੀ ਗੁਰਦੇਵ ਸਿੰਘ ਨੰਬਰਦਾਰ ਨੇ ਨਿਊਜ਼ੀਲੈਂਡ ਦੀ ਧਰਤੀ ’ਤੇ ਹੋਸਟਿੰਗ ਏਰੀਏ ’ਚ ਪੁਲਿਸ ਵਿਭਾਗ ਵਿਚ ਪਹਿਲੀ ਇੰਡੀਅਨ ਸਿੱਖ ਬੀਬੀ ਭਰਤੀ ਹੋਣ ਵਜੋਂ ਮਾਣ ਪ੍ਰਾਪਤ ਕੀਤਾ ਹੈ। ਇਸ ਸਬੰਧੀ ਉਨਾਂ ਪਿਤਾ ਨੇ ਦੱਸਿਆ ਕਿ ਉਨਾਂ ਦੀ ਬੇਟੀ 2012 ਵਿਚ 12ਵੀਂ ਪਾਸ ਕਰਨ ਉਪਰੰਤ ਨਿਊਜੀਲੈਂਡ ਪੜਾਈ ਵਾਸਤੇ ਚਲੀ ਗਈ ਸੀ, ਜਿੱਥੇ ਉਸ ਵੱਲੋਂ ਸਖਤ ਮਿਹਨਤ ਕਰਨ ਉਪਰੰਤ ਡਿਪਲੋਮਾ ਇਨ ਬਿਜਨੈਸ ਮੈਨੇਜਮੈਂਟ ਵਿਚ ਪਾਸ ਕੀਤਾ ਗਿਆ ਅਤੇ ਉਸ ਉਪਰੰਤ ਪੁਲਿਸ ਕੋਰਸ ਵਿਚ ਦਾਖਲਾ ਲੈ ਕੇ ਵਧੀਆ ਅੰਕਾਂ ਨਾਲ ਪਾਸ ਕੀਤਾ ਅਤੇ ਅੰਤ 19 ਫਰਵਰੀ 2021 ਨੂੰ ਹੋਸਟਿੰਗ ਏਰੀਏ ਵਿਚ ਪੁਲਿਸ ਵੋਮੈਨ ਵਜੋਂ ਭਰਤੀ ਹੋਣ ਦਾ ਮਾਣ ਪ੍ਰਾਪਤ ਕੀਤਾ। ਉਕਤ ਲੜਕੀ ਦਾ ਵਿਆਹ ਅੰਮ੍ਰਿਤਸਰ ਨਾਲ ਸਬੰਧਤ ਪਰਿਵਾਰ ਨਾਲ ਨਿਊਜ਼ੀਲੈਂਡ ਵਿਚ ਹੀ ਕੀਤਾ ਗਿਆ ਹੈ।

# ਐਡੀਸਨ ਦੇ ਮੇਅਰ ਦੇ ਅਹੁਦੇ ਲਈ 3 ਭਾਰਤੀ ਮੂਲ ਦੇ ਅਮਰੀਕਨਾਂ ਸਮੇਤ 5 ਉਮੀਦਵਾਰ ਮੈਦਾਨ ਵਿੱਚ

**ਸੈਕਰਾਮੈਂਟੋ (ਹੁਸਨ ਲੜੋਆ ਬੰਗਾ):** ਐਡੀਸਨ, ਨਿਊਜਰਸੀ ਦੇ ਮੇਅਰ ਦੇ ਅਹੁਦੇ ਲਈ ਪ੍ਰਮੁੱਖ ਰੂਪ ਵਿਚ ਭਾਰਤੀ ਮੂਲ ਦੇ 3 ਅਮਰੀਕੀਆਂ ਸਮੇਤ 5 ਉਮੀਦਵਾਰ ਮੈਦਾਨ ਵਿਚ ਹਨ। ਇਕ ਰਿਪੋਰਟ ਅਨੁਸਾਰ 5 ਉਮੀਦਵਾਰਾਂ ਨੇ ਐਡੀਸਨ ਡੈਮੋਕ੍ਰੈਟਿਕ ਸੰਗਠਨ (ਈ ਡੀ ਓ) ਸਾਹਮਣੇ ਮੇਅਰ ਦੇ ਅਹੁਦੇ ਉਪਰ ਦਾਅਵਾ ਕਰਨ ਵਿੱਚ ਦਿਲਚਸਪੀ ਵਿਖਾਈ ਹੈ। ਈ ਡੀ ਓ ਦੇ ਨੇੜਲੇ ਸੂਤਰਾਂ ਅਨੁਸਾਰ ਇਨਾਂ 5 ਉਮੀਦਵਾਰਾਂ ਵਿਚ ਤਿੰਨ ਭਾਰਤੀ ਮੂਲ ਦੇ ਅਮਰੀਕਨਾਂ ਵਿਚ ਕੌਂਸਲਮੈਨ ਸੈਮ ਜੋਸ਼ੀ, ਸਾਬਕਾ ਕੌਂਸਲਵੋਮੈਨ ਤੇ ਬੋਰਡ ਆਫ ਐਜੂਕੇਸ਼ਨ ਮੈਂਬਰ ਸਪਨਾ ਸ਼ਾਹ ਅਤੇ ਮੌਜੂਦਾ ਈ ਡੀ ਓ ਪ੍ਰਧਾਨ ਮਹੇਸ਼ ਭਾਗੀਆ ਸ਼ਾਮਲ ਹਨ। ਇਨਾਂ ਤੋਂ ਇਲਾਵਾ ਕੌਂਸਲਮੈਨ ਜੋਅ ਕੋਇਲ ਤੇ ਕੌਂਸਲਮੈਨ ਤੇ ਸਾਬਕਾ ਐਡੀਸਨ ਬੋਰਡ ਆਫ ਐਜੂਕੇਸ਼ਨ ਮੈਂਬਰ ਰਿਚਰਡ ਬਰੈਸ਼ਰ ਸ਼ਾਮਲ ਹਨ। ਈ ਡੀ ਓ ਵੱਲੋਂ ਇਨਾਂ ਉਮੀਦਵਾਰਾਂ ਦੀ ਪੁਣਛਾਣ ਕੀਤੀ ਜਾਵੇਗੀ ਤੇ ਜੇਤੂ ਉਮੀਦਵਾਰ ਦੀ ਪੁਸ਼ਟੀ ਕੀਤੀ ਜਾਵੇਗੀ। ਕੋਇਲ ਤੇ ਭਾਗੀਆ ਵੱਲੋਂ ਹਾਲ ਹੀ ਵਿਚ ਸਮਰਥਨ ਜੁਟਾਉਣ ਲਈ ਕਮੇਟੀ ਮੈਂਬਰਾਂ ਤੱਕ ਪਹੁੰਚ ਕੀਤੀ ਗਈ ਹੈ। ਕੋਇਲ ਨੇ ਐਡੀਸਨ ਕਮੇਟੀ ਮੈਂਬਰਾਂ ਕੋਲੋਂ ਨੈਨਸੀ ਪਿੰਕਿਨ ਵੱਲੋਂ ਖਾਲੀ ਕੀਤੀ ਅਸੰਬਲੀ ਸੀਟ ਲਈ ਵੀ ਸਮਰਥਨ ਮੰਗਿਆ ਸੀ ਪ੍ਰੰਤੂ ਉਹ ਇਸ ਦੌੜ ਵਿਚ ਸਟਰਲੇ ਸਟਾਨਲੇ ਕੋਲੋਂ ਹਾਰ ਗਿਆ ਸੀ।

# ਪ੍ਰਸਿੱਧ ਗਾਇਕ ਤੇ ਸੰਗੀਤਕਾਰ ਮਾਈਕਲ ਸਟਾਨਲੇਅ ਨੇ ਦੁਨੀਆ ਨੂੰ ਕਿਹਾ ਅਲਵਿਦਾ



**ਸੈਕਰਾਮੈਂਟੋ (ਹੁਸਨ ਲੜੋਆ ਬੰਗਾ):** ਕਲੀਵਲੈਂਡ ਦੇ ਪ੍ਰਸਿੱਧ ਸੰਗੀਤਕਾਰ ਤੇ ਗਾਇਕ ਮਾਈਕਲ ਸਟਾਨਲੇਅ ਜਿਸ ਨੇ ਸਥਾਨਕ ਰੇਡੀਓ ਉਪਰ 1970ਵਿਆਂ ਤੇ 1980 ਵਿਆਂ ਦੌਰਾਨ ਲੋਕਾਂ ਦੇ ਦਿਲਾਂ ਉਪਰ ਰਾਜ ਕੀਤਾ, ਫੇਫੜਿਆਂ ਦੇ ਕੈਂਸਰ ਕਾਰਨ ਆਪਣੇ ਪ੍ਰਸੰਸਕਾਂ ਨੂੰ ਸਦਾ ਲਈ ਅਲਵਿਦਾ ਕਹਿ ਗਏ। ਉਹ 72 ਸਾਲਾਂ ਦੇ ਸਨ। ਸਟਾਨਲੇਅ ਨੇ ਡਬਲਯੂ ਐਨ ਸੀ ਐਕਸ-ਐਫ ਐਮ ’ਤੇ ਪਿਛਲੇ 30 ਸਾਲਾਂ ਦੌਰਾਨ ਲੋਕਾਂ ਦਾ ਮਨੋਰੰਜਨ ਕੀਤਾ। ਇਸ ਸਾਲ 19 ਫਰਵਰੀ ਤੋਂ ਬਾਅਦ ਉਨਾਂ ਦਾ ਕੋਈ ਪ੍ਰੋਗਰਾਮ ਨਹੀਂ ਆਇਆ। ਇਸ ਤੋਂ ਬਾਅਦ ਉਨਾਂ ਦੀ ਸਿਹਤ ਬਾਰੇ ਕਈ ਤਰਾਂ ਦੇ ਅੰਦਾਜੇ ਲਾਏ ਜਾ ਰਹੇ ਸਨ। ਲੰਘੇ ਬੁੱਧਵਾਰ ਕਲੀਵਲੈਂਡ ਰੇਡੀਓ ਸਟੇਸ਼ਨ ਵੱਲੋਂ ਜਾਰੀ ਬਿਆਨ ਵਿਚ ਕਿਹਾ ਗਿਆ ਸੀ ਕਿ ਸਟਾਨਲੇਅ ਗੰਭੀਰ ਸਿਹਤ ਸਮੱਸਿਆ ਨਾਲ ਜੂਝ ਰਹੇ ਹਨ। ਬਿਆਨ ਵਿਚ ਲੋਕਾਂ ਨੂੰ ਉਨਾਂ ਲਈ ਪ੍ਰਾਰਥਨਾ ਕਰਨ ਵਾਸਤੇ ਕਿਹਾ ਗਿਆ ਸੀ। ਲੰਘੇ ਦਿਨ ਰੇਡੀਓ ਸਟੇਸ਼ਨ ਨੇ ਐਲਾਨ ਕੀਤਾ ਕਿ ਸਟਾਨਲੇਅ ਅਲਵਿਦਾ ਕਹਿ ਗਏ ਹਨ।

# 2019 ਵਿਚ ਵਿਸ਼ਵ ਭਰ ’ਚ 93.1 ਕਰੋੜ ਟਨ ਖਾਣਾ ਹੋਇਆ ਬਰਬਾਦ

## ਹਰ ਸਾਲ 90 ਲੱਖ ਲੋਕਾਂ ਦੀ ਭੁੱਖਮਰੀ ਨਾਲ ਹੁੰਦੀ ਮੌਤ



**ਅੰਮ੍ਰਿਤਸਰ ਟਾਈਮਜ਼ ਬਿਊਰੋ:** ਸੰਯੁਕਤ ਰਾਸ਼ਟਰ ਦੀ ਇਕ ਰਿਪੋਰਟ ਮੁਤਾਬਿਕ ਸਾਲ 20 19 ਵਿਚ ਦੁਨੀਆ ਭਰ ’ਚ 93.1 ਕਰੋੜ ਟਨ ਖਾਣਾ ਬਰਬਾਦ ਹੋਇਆ । ਇਸ ’ਚ ਭਾਰਤ ਦੇ ਘਰਾਂ ਵਿਚ ਬਰਬਾਦ ਹੋਏ ਭੋਜਨ ਦੀ ਮਾਤਰਾ 6 ਕਰੋੜ 87 ਲੱਖ ਟਨ ਹੈ । ਸੰਯੁਕਤ ਰਾਸ਼ਟਰ ਵਾਤਾਵਰਨ ਪ੍ਰੋਗਰਾਮ ਤੇ ਉਸ ਦੇ ਭਾਈਵਾਲ ਸੰਗਠਨ ਡਬਲਿਊ.ਆਰ.ਏ.ਪੀ. ਵਲੋਂ ਜਾਰੀ ‘ਫੂਡ ਵੇਸਟ ਇੰਡੈਕਸ ਰਿਪੋਰਟ 2021’ ਵਿਚ ਕਿਹਾ ਗਿਆ ਹੈ ਕਿ 2019 ਵਿਚ 93 ਕਰੋੜ 10 ਲੱਖ ਟਨ ਖਾਣਾ ਬਰਬਾਦ ਹੋਇਆ, ਜਿਸ ਵਿਚ 61 ਫੀਸਦੀ ਖਾਣਾ ਘਰਾਂ ਤੋਂ, 26 ਫੀਸਦੀ ਫੂਡ ਸੇਵਾਵਾਂ ਤੇ 13 ਫੀਸਦੀ ਖੁਦਰਾ ਖੇਤਰ ’ਚ ਬਰਬਾਦ ਹੋਇਆ ।
ਰਿਪੋਰਟ ਮੁਤਾਬਕ ਇਹ ਇਸ਼ਾਰਾ ਕਰਦਾ ਹੈ ਕਿ ਦੁਨੀਆ ਭਰ ਦੇ ਕੁੱਲ ਭੋਜਨ ਉਤਪਾਦਨ ਦਾ 17 ਫੀਸਦੀ ਹਿੱਸਾ ਬਰਬਾਦ ਹੋਇਆ। ਜ਼ਿਕਰਯੋਗ ਹੈ ਕਿ ਹਰ ਸਾਲ 90 ਲੱਖ ਲੋਕਾਂ ਦੀ ਭੁੱਖਮਰੀ ਨਾਲ ਮੌਤ ਹੋ ਜਾਂਦੀ ਹੈ ।

# ਨਿਊਯਾਰਕ ਵਿਧਾਨ ਸਭਾ ਵੱਲੋਂ 5 ਫਰਵਰੀ ਨੂੰ 'ਕਸ਼ਮੀਰ ਅਮਰੀਕਨ ਦਿਵਸ' ਐਲਾਨਣ ਸਬੰਧੀ ਮਤਾ ਪਾਸ, ਭਾਰਤ ਵੱਲੋਂ ਤਿੱਖਾ ਪ੍ਰਤੀਕਰਮ

**ਸੈਕਰਾਮੈਂਟੋ (ਹੁਸਨ ਲੜੋਆ ਬੰਗਾ):** ਨਿਊਯਾਰਕ ਵਿਧਾਨ ਸਭਾ ਵੱਲੋਂ 5 ਫਰਵਰੀ ਨੂੰ 'ਕਸ਼ਮੀਰ ਅਮਰੀਕਨ ਦਿਵਸ' ਐਲਾਣਨ ਸਬੰਧੀ ਮਤਾ ਪਾਸ ਕੀਤਾ ਗਿਆ ਹੈ ਜਿਸ ਉਪਰ ਭਾਰਤ ਨੇ ਤਿੱਖਾ ਪ੍ਰਤੀਕਰਮ ਪ੍ਰਗਟ ਕੀਤਾ ਹੈ। ਇਹ ਮਤਾ ਵਿਧਾਨ ਸਭਾ ਮੈਂਬਰ ਨਾਦਰ ਸੇਘ ਤੇ 12 ਹੋਰ ਮੈਂਬਰਾਂ ਵੱਲੋਂ ਪੇਸ਼ ਕੀਤਾ ਗਿਆ ਸੀ ਜਿਸ ਵਿਚ ਕਿਹਾ ਗਿਆ ਹੈ ਕਿ ਧਾਰਮਿੱਕ ਲਹਿਰ ਦੀ ਆਜ਼ਾਦੀ ਤੇ ਕਸ਼ਮੀਰੀ ਲੋਕਾਂ ਦੇ ਅਹਿਸਾਸ ਦੇ ਪ੍ਰਗਟਾਵੇ ਸਮੇਤ ਮਨੁੱਖੀ ਅਧਿਕਾਰਾਂ ਦਾ ਚੈਂਪੀਅਨ ਹੋਣ ਦੇ ਨਾਤੇ ਨਿਊਯਾਰਕ ਵਿਧਾਨ ਸਭਾ 5 ਫਰਵਰੀ ਨੂੰ 'ਕਸ਼ਮੀਰ ਅਮਰੀਕਨ ਦਿਵਸ' ਐਲਾਣਨ ਲਈ ਗਵਰਨਰ ਐਂਡਰੀਊ ਕੂਮੋ ਨੂੰ ਬੇਨਤੀ ਕਰਦੀ ਹੈ। ਮਤਾ ਪਾਸ ਕਰਨ 'ਤੇ ਵਾਸ਼ਿੰਗਟਨ ਸਥਿੱਤ ਭਾਰਤੀ ਅੰਬੈਸੀ ਦੇ ਇਕ ਬੁਲਾਰੇ ਨੇ ਕਿਹਾ ਹੈ ਕਿ 'ਅਮਰੀਕਾ ਵਾਂਗ ਭਾਰਤੀ ਲੋਕਤੰਤਰ 1.35 ਅਰਬ ਲੋਕਾਂ ਦੇ ਬਹੁਵਾਦੀ ਵਿਚਾਰਾਂ ਉਪਰ ਮਾਣ ਕਰਦਾ ਹੈ। ਭਾਰਤ ਜੰਮੂ ਤੇ ਕਸ਼ਮੀਰ ਜੋ ਭਾਰਤ ਦਾ ਅਟੁੱਟ ਅੰਗ ਹੈ, ਸਮੇਤ ਆਪਣੀ ਵਿਭਿੰਨਤਾ ਦਾ ਆਨੰਦ ਲੈ ਰਿਹਾ ਹੈ। ਕੁਝ ਲੋਕ ਆਪਣੇ ਸਵਾਰਥੀ ਹਿੱਤਾਂ ਕਾਰਨ ਲੋਕਾਂ ਨੂੰ ਵੰਡਣ ਦੇ ਆਪਣੇ ਮਨਸੂਬੇ ਨੂੰ ਪੂਰਾ ਕਰਨ ਲਈ ਜੰਮੂ-ਕਸ਼ਮੀਰ ਦੇ ਅਮੀਰ ਸਭਿਆਚਾਰ ਤੇ ਸਮਾਜਕ ਸਥਿਤੀ ਨੂੰ ਗਲਤ ਢੰਗ ਨਾਲ ਪੇਸ਼ ਕਰਦੇ ਹਨ।' ਬੁਲਾਰੇ ਨੇ ਹੋਰ ਕਿਹਾ ਹੈ ਕਿ ਉਹ ਨਿਊਯਾਰਕ ਰਾਜ ਦੇ ਚੁਣੇ ਹੋਏ ਪ੍ਰਤੀਨਿੱਧੀਆਂ ਨਾਲ ਭਾਰਤ-ਅਮਰੀਕਾ ਭਾਈਵਾਲੀ ਸਬੰਧੀ ਸਾਰੇ ਚਿੰਤਾ ਵਾਲੇ ਮੁੱਦਿਆਂ ਉਪਰ ਗੱਲਬਾਤ ਕਰਨਗੇ। ਉਧਰ ਨਿਊਯਾਰਕ ਸਥਿੱਤ ਪਾਕਿਸਤਾਨ ਦੇ ਕੌਂਸਲੇਟ ਜਨਰਲ ਨੇ ਮਤਾ ਪਾਸ ਕਰਨ ਲਈ ਨਾਦਰ ਸੇਘ ਅਤੇ ਅਮਰੀਕਨ ਪਾਕਿਸਤਾਨੀ ਐਡਵੋਕੇਸੀ ਗਰੁੱਪ ਦੀ ਭੂਮਿਕਾ ਦੀ ਪੁਸ਼ਟੀ ਕਰਦਿਆਂ ਕਿਹਾ ਹੈ ਕਿ ਭਾਰਤ ਵੱਲੋਂ 5 ਅਗਸਤ 2019 ਨੂੰ ਜੰਮੂ-ਕਸ਼ਮੀਰ ਦਾ ਵਿਸ਼ੇਸ਼ ਦਰਜਾ ਖਤਮ ਕਰਨ ਵਿਰੁੱਧ ਪਾਕਿਸਤਾਨ ਸਫਲਤਾ ਪੂਰਵਕ ਕੌਮਾਂਤਰੀ ਸਮਰਥਨ ਜੁਟਾ ਰਿਹਾ ਹੈ।

## ਮਾਸਕ ਨਾ ਪਹਿਨਣਾ ਵੱਡੀ ਗਲਤੀ ਹੋਵੇਗੀ : ਜੋਅ ਬਾਇਡਨ

**ਸੈਕਰਾਮੈਂਟੋ (ਹੁਸਨ ਲੜੋਆ ਬੰਗਾ):** ਰਾਸ਼ਟਰਪਤੀ ਜੋਅ ਬਾਇਡੇਨ ਨੇ ਉਨਾਂ ਰਾਜਾਂ ਦੀ ਆਲੋਚਨਾ ਕੀਤੀ ਹੈ ਜੋ ਮਾਸਕ ਨਾ ਪਹਿਨਣ ਦੇ ਐਲਾਨ ਕਰ ਰਹੇ ਹਨ। ਉਨਾਂ ਕਿਹਾ ਹੈ ਕਿ ਇਸ ਵੇਲੇ ਮਾਸਕ ਨਾ ਪਹਿਨਣਾ ਇਕ ਵੱਡੀ ਗਲਤੀ ਹੋਵੇਗੀ ਜਿਸ ਦਾ ਖਮਿਆਜ਼ਾ ਭੁਗਤਣਾ ਪੈ ਸਕਦਾ ਹੈ। ਟੈਕਸਾਸ ਤੇ ਮਿਸੀਸਿਪੀ ਦੇ ਗਵਰਨਰਾਂ ਨੇ ਕਿਹਾ ਹੈ ਕਿ ਉਹ ਮਾਸਕ ਲਾਜ਼ਮੀ ਪਹਿਨਣ ਦੀ ਪਾਬੰਦੀ ਹਟਾ ਰਹੇ ਹਨ। ਰਾਸ਼ਟਰਪਤੀ ਨੇ ਕਿਹਾ ਕਿ ਇਹ ਗਲਤੀ ਸਾਡੇ ਉਪਰ ਭਾਰੀ ਪੈ ਸਕਦੀ ਹੈ। ਉਨਾਂ ਕਿਹਾ ਕਿ ਅਜੇ ਦੇਸ਼ ਦੀ ਕੇਵਲ 8% ਆਬਾਦੀ ਨੂੰ ਹੀ ਕੋਵਿਡ-19 ਦੇ ਟੀਕੇ ਲਗਾਏ ਗਏ ਹਨ। ਰਾਸ਼ਟਰਪਤੀ ਨੇ ਕਿਹਾ ਕਿ 'ਇਹ ਕਹਿਣਾ ਕਿ ਸਭ ਕੁਝ ਠੀਕ ਠਾਕ ਹੈ, ਮਾਸਕ ਉਤਾਰ ਦਿਓ



ਪੁਰਾਤਨ ਸਮਾਜ ਦੀ ਸੋਚ ਹੈ। ਮਾਸਕ ਦੀ ਅਜੇ ਵੀ ਸਾਨੂੰ ਲੋੜ ਹੈ।' ਬੀਤੇ ਦਿਨ ਬਾਇਡੇਨ ਨੇ ਇਹ ਵੀ ਐਲਾਨ ਕੀਤਾ ਸੀ ਕਿ ਮਈ ਦੇ ਅੰਤ ਤੱਕ ਸਾਰੇ ਅਮਰੀਕੀ ਬਾਲਗਾਂ ਲਈ ਵੈਕਸੀਨ ਉਪਲਬੱਧ ਹੋ ਜਾਵੇਗੀ।

'ਨੋ ਮਾਸਕ ਨੋ ਸਰਵਿਸ'- ਹਾਲਾਂਕਿ ਟੈਕਸਾਸ ਦੇ ਗਵਰਨਰ ਗਰੇਗ ਅਬੋਟ ਨੇ 10 ਮਾਰਚ ਤੋਂ ਮਾਸਕ ਪਹਿਨਣ ਦੀ ਪਾਬੰਦੀ ਹਟਾਉਣ ਤੇ ਟੈਕਸਾਸ ਦੇ ਬਜ਼ਾਰਾਂ ਨੂੰ 100% ਪੂਰੀ ਸਮਰੱਥਾ ਨਾਲ ਖੋਲਣ ਦਾ ਐਲਾਨ ਕੀਤਾ ਹੈ, ਪ੍ਰੰਤੂ ਰੋਜਰ, ਸਟਾਰਬਕਸ ਤੇ ਟਾਰਗੈਟ ਵਰਗੇ ਅਦਾਰਿਆਂ ਨੇ ਐਲਾਨ ਕੀਤਾ ਹੈ ਕਿ ਉਹ ਮਾਸਕ ਦੀ ਪਾਬੰਦੀ ਨਹੀਂ ਹਟਾਉਣਗੇ। ਰੋਜਰ ਜਿਸ ਦੀ ਸੁਪਰ ਮਾਰਕੀਟ ਲੜੀ ਹੈ, ਨੇ ਕਿਹਾ ਹੈ ਕਿ ਜਦੋਂ ਤੱਕ ਫਰੰਟ ਲਾਈਨ ਗਰੋਸਰੀ ਵਰਕਰਾਂ ਨੂੰ ਕੋਵਿਡ ਵੈਕਸੀਨ ਨਹੀਂ ਲੱਗ ਜਾਂਦੀ, ਉਹ ਮਾਸਕ ਦੀ ਪਾਬੰਦੀ ਨਹੀਂ ਹਟਾਉਣਗੇ ਤੇ ਹਰ ਗਾਹਕ ਲਈ ਮਾਸਕ ਪਹਿਨਣਾ ਜ਼ਰੂਰੀ ਹੋਵੇਗਾ। ਬੈਸਟ ਬਾਇ ਨੇ ਵੀ ਮਾਸਕ ਪਹਿਨਣ ਦੀ ਨੀਤੀ ਵਿਚ ਕਿਸੇ ਕਿਸਮ ਦੀ ਤਬਦੀਲੀ ਕਰਨ ਤੋਂ ਇਨਕਾਰ ਕੀਤਾ ਹੈ।

## ਵਿਵਾਦਾਂ ਵਿਚ ਘਿਰੇ ਨਿਊਯਾਰਕ ਦੇ ਗਵਰਨਰ ਵੱਲੋਂ ਅਸਤੀਫ਼ਾ ਦੇਣ ਤੋਂ ਇਨਕਾਰ




*ਨਿਊਯਾਰਕ ਵਿਚ ਅਲਬਾਨੀ ਵਿਖੇ ਗਵਰਨਰ ਐਂਡਰੀਊ ਕੂਮੋ ਤੋਂ ਅਸਤੀਫੇ ਦੀ ਮੰਗ ਨੂੰ ਲੈ ਕੇ ਲੱਗਾ ਇਕ ਬੋਰਡ*

**ਸੈਕਰਾਮੈਂਟੋ (ਹੁਸਨ ਲੜੋਆ ਬੰਗਾ):** ਨਿਊਯਾਰਕ ਵਿਧਾਨ ਸਭਾ ਦੇ ਕੁਝ ਮੈਂਬਰਾਂ ਨੇ ਕਿਹਾ ਹੈ ਕਿ ਵਿਵਾਦਾਂ ਵਿਚ ਘਿਰੇ ਗਵਰਨਰ ਐਂਡਰੀਊ ਕੂਮੋ ਨੂੰ ਅਸਤੀਫਾ ਦੇ ਦੇਣਾ ਚਾਹੀਦਾ ਹੈ। ਇਨਾਂ ਮੈਂਬਰਾਂ ਨੇ ਕਿਹਾ ਹੈ ਕਿ ਆਪਣੇ ਉਪਰ ਲੱਗੇ ਦੋਸ਼ਾਂ ਦੇ ਮੱਦੇਨਜ਼ਰ ਗਵਰਨਰ ਨੂੰ ਘੱਟੋ ਘੱਟ ਅਸਤੀਫਾ ਦੇਣ ਬਾਰੇ ਵਿਚਾਰ ਜ਼ਰੂਰ ਕਰਨੀ ਚਾਹੀਦੀ ਹੈ। ਸੈਨੇਟ ਦੇ ਬਹੁਗਿਣਤੀ ਆਗੂ ਐਂਡਰੀਆ ਸਟੀਵਰਟ ਕੋਸਿਨਸ ਵੱਲੋਂ ਡੈਮੋਕ੍ਰੈਟਿਕ ਗਵਰਨਰ ਤੋਂ ਅਸਤੀਫੇ ਦੀ ਮੰਗ ਕਰਨ ਉਪਰੰਤ ਉਨਾਂ ਮੈਂਬਰਾਂ ਦੀ ਕੋਸ਼ਿਸ਼ ਨੂੰ ਬਲ ਮਿਲਿਆ ਹੈ ਜੋ 5 ਔਰਤਾਂ ਵੱਲੋਂ ਜਨਤਕ ਤੌਰ 'ਤੇ ਗਵਰਨਰ ਉਪਰ ਅਣਉਚਿੱਤ ਵਿਵਹਾਰ ਦਾ ਦੋਸ਼ ਲਾਉਣ ਤੇ ਉਸ ਦੇ ਪ੍ਰਸ਼ਾਸਨ ਵੱਲੋਂ ਨਰਸਿੰਗ ਹੋਮਜ ਵਿਚ ਕੋਵਿਡ-19 ਕਾਰਨ ਹੋਈਆਂ ਮੌਤਾਂ ਨੂੰ ਲੰਬਾ ਸਮਾਂ ਲੁਕਾ ਕੇ ਰੱਖਣ ਕਾਰਨ ਗਵਰਨਰ ਨੂੰ ਹਟਾਉਣਾ ਚਾਹੁੰਦੇ ਹਨ। ਵਿਧਾਨ ਸਭਾ ਸਪੀਕਰ ਕਾਰਲ ਹੀਸਟੀ ਨੇ ਕਿਹਾ ਹੈ ਕਿ ਗਵਰਨਰ ਨੂੰ ਗੰਭੀਰਤਾ ਨਾਲ ਸੋਚਣਾ ਚਾਹੀਦਾ ਹੈ ਕਿ ਕੀ ਉਹ ਨਿਊਯਾਰਕ ਦੇ ਲੋਕਾਂ ਦੀਆਂ ਲੋੜਾਂ ਵਧੀਆ ਤਰੀਕੇ ਨਾਲ ਪੂਰੀਆਂ ਕਰ ਸਕਦੇ ਹਨ। ਦੂਸਰੇ ਪਾਸੇ ਕੂਮੋ ਨੇ ਸਾਫ ਕਰ ਦਿੱਤਾ ਹੈ ਕਿ ਉਸ ਦਾ ਅਸਤੀਫਾ ਦੇਣ ਦਾ ਕੋਈ ਇਰਾਦਾ ਨਹੀਂ ਹੈ।

## ਸੈਨੇਟ ਮੈਂਬਰ 300 ਡਾਲਰ ਪ੍ਰਤੀ ਹਫਤਾ ਬੇਰੁਜ਼ਗਾਰੀ ਭੱਤਾ ਦੇਣ ਲਈ ਸਹਿਮਤ

**ਸੈਕਰਾਮੈਂਟੋ (ਹੁਸਨ ਲੜੋਆ ਬੰਗਾ):** ਕਈ ਘੰਟਿਆਂ ਦੇ ਵਿਚਾਰ ਵਟਾਂਦਰੇ ਉਪਰੰਤ ਸੈਨੇਟ ਮੈਂਬਰ 300 ਡਾਲਰ ਪ੍ਰਤੀ ਹਫਤਾ ਬੇਰੁਜ਼ਗਾਰੀ ਭੱਤਾ ਦੇਣ ਲਈ ਸਹਿਮਤ ਹੋਏ ਹਨ। ਸੈਨੇਟ ਵਿਚ ਬੇਰੁਜ਼ਗਾਰੀ ਲਾਭ ਦੇਣ ਦੇ ਪੈਕੇਜ਼ ਵਿਚ ਪ੍ਰਸਤਾਵਿਤ ਤਬਦੀਲੀਆਂ ਦੇ ਮੁੱਦੇ 'ਤੇ ਤਕਰੀਬਨ 9 ਘੰਟੇ ਬਹਿਸ ਹੋਈ। ਇਕ ਡੈਮੋਕ੍ਰੈਟਿਕ ਆਗੂ ਅਨੁਸਾਰ ਇਹ ਬੇਰੁਜ਼ਗਾਰੀ ਲਾਭ ਅਗਸਤ ਦੇ ਅੰਤ ਤੱਕ ਦਿੱਤਾ ਜਾਵੇਗਾ। ਜਿਨਾਂ ਦੀ ਆਮਦਨੀ 1,50,000 ਡਾਲਰ ਸਲਾਨਾ ਤੋਂ ਘੱਟ ਹੈ, ਨੂੰ ਬੇਰੁਜ਼ਗਾਰੀ ਲਾਭ ਦੇ ਰੂਪ ਵਿਚ ਮਿਲਣ ਵਾਲੇ ਪਹਿਲੇ 10,200 ਡਾਲਰ ਉਪਰ ਟੈਕਸ ਨਹੀਂ ਦੇਣਾ ਪਵੇਗਾ। ਇਥੇ ਜ਼ਿਕਰਯੋਗ ਹੈ ਕਿ ਪਿਛਲੇ ਹਫਤੇ ਸਦਨ ਵੱਲੋਂ ਪਾਸ ਕੀਤੇ ਅਸਲ ਬਿੱਲ ਵਿਚ ਪ੍ਰਤੀ ਹਫਤਾ 400 ਡਾਲਰ ਬੇਰੁਜ਼ਗਾਰੀ ਲਾਭ ਦੇਣ ਦੀ ਵਿਵਸਥਾ ਹੈ। ਸੈਨੇਟਰ ਜੋਅ ਮਨਚਿਨ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਇਸ ਸਮਝੌਤੇ ਨਾਲ ਲੋਕਾਂ ਨੂੰ ਰਾਹਤ ਮਿਲਣ ਦੇ ਨਾਲ ਨਾਲ ਅਰਥਵਿਵਸਥਾ ਵਿਚ ਵੀ ਸੁਧਾਰ ਆਵੇਗਾ ਤੇ ਅਰਥਵਿਵਸਥਾ ਨੂੰ ਪਟੜੀ ਉਪਰ ਲਿਆਉਣ ਵਿੱਚ ਮਦਦ ਮਿਲੇਗੀ। ਵਿਸ਼ਲੇਸ਼ਣਕਾਰਾਂ ਦਾ ਮੰਨਣਾ ਹੈ ਕਿ ਸਮਝੌਤੇ ਕਾਰਨ ਡੈਮੋਕ੍ਰੈਟਸ ਨੂੰ ਦੁਬਾਰਾ ਬਿੱਲ ਪਾਸ ਕਰਵਾਉਣ ਲਈ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਸਦਨ ਪਹਿਲਾਂ ਇਕ ਵਾਰ ਬਿੱਲ ਪਾਸ ਕਰ ਚੁੱਕਾ ਹੈ ਪ੍ਰੰਤੂ ਸੈਨੇਟ ਦੀਆਂ ਪ੍ਰਸਤਾਵਿਤ ਤਬਦੀਲੀਆਂ ਕਾਰਨ ਬਿੱਲ ਨੂੰ ਰਾਸ਼ਟਰਪਤੀ ਕੋਲ ਦਸਤਖਤਾਂ ਲਈ ਭੇਜਣ ਤੋਂ ਪਹਿਲਾਂ ਇਸ ਨੂੰ ਦੁਬਾਰਾ ਪਾਸ ਕਰਨਾ ਪਵੇਗਾ। ਕੁਝ ਸੈਨੇਟ ਮੈਂਬਰ ਪ੍ਰਸਤਾਵਿਤ ਤਬਦੀਲੀਆਂ ਦਾ ਵਿਰੋਧ ਵੀ ਕਰ ਰਹੇ ਹਨ। ਰਿਪਬਲੀਕਨ ਮੈਂਬਰ ਬੋਨੀ ਵਾਟਸਨ ਕੋਲਮੈਨ ਦਾ ਕਹਿਣਾ ਹੈ ਕਿ ਉਹ ਸੋਚ ਰਹੀ ਹੈ ਕਿ ਕੀ ਉਹ ਅਜੇ ਵੀ ਬਿੱਲ ਦਾ ਸਮਰਥਨ ਕਰ ਸਕਦੀ ਹੈ ? ਉਂਝ ਇਸ ਸਹਿਮਤੀ ਦੇ ਨਾਲ ਹੀ ਸੈਨੇਟ 1.9 ਖਰਬ ਡਾਲਰ ਦੇ ਪ੍ਰੋਤਸਾਹਨ ਬਿੱਲ ਨੂੰ ਰਾਸ਼ਟਰਪਤੀ ਜੋਅ ਬਾਇਡੇਨ ਕੋਲ ਭੇਜਣ ਦੀ ਤਿਆਰੀ ਵਿਚ ਹੈ।

## ਟੈਨੇਸੀ ਟਾਸਕ ਫੋਰਸ ਨੇ 150 ਲਾਪਤਾ ਬੱਚੇ ਕੀਤੇ ਬਰਾਮਦ

**ਸੈਕਰਾਮੈਂਟੋ (ਹੁਸਨ ਲੜੋਆ ਬੰਗਾ):** ਟੈਨੇਸੀ ਵਿਚ ਜਨਵਰੀ ਤੇ ਫਰਵਰੀ ਦੌਰਾਨ ਲਾਪਤਾ ਹੋਏ 150 ਬੱਚਿਆਂ ਨੂੰ ਬਰਾਮਦ ਕੀਤਾ ਹੈ ਜਿਨਾਂ ਦੀ ਉਮਰ 3 ਸਾਲ ਤੋਂ ਲੈ ਕੇ 17 ਸਾਲਾਂ ਤੱਕ ਹੈ। ਇਹ ਬੱਚੇ ਜੁਆਇੰਟ ਲਾਅ ਇਨਫੋਰਸਮੈਂਟ ਆਪਰੇਸ਼ਨ ਦੌਰਾਨ ਬਰਾਮਦ ਹੋਏ ਹਨ। ਟੈਨੇਸੀ ਬਿਊਰੋ ਆਫ



*ਟੈਨੇਸੀ ਬਿਊਰੋ ਆਫ ਇਨਵੈਸਟੀਗੇਸ਼ਨ ਦੀ ਅਸਿਸਟੈਂਟ ਸਪੈਸ਼ਲ ਏਜੰਟ ਇੰਚਾਰਜ ਸ਼ੈਲੀ ਸਮਿਥਰਮੈਨ ਬਰਾਮਦ ਬੱਚਿਆਂ ਬਾਰੇ ਜਾਣਕਾਰੀ ਦਿੰਦੀ ਹੋਈ।*

ਇਨਵੈਸਟੀਗੇਸ਼ਨ ਅਸਿਸਟੈਂਟ ਸਪੈਸ਼ਲ ਏਜੰਟ ਇੰਚਾਰਜ ਸ਼ੈਲੀ ਸਮਿਥਰਮੈਨ ਨੇ ਦੱਸਿਆ ਕਿ ਕੁਝ ਬੱਚੇ ਮੁਸ਼ਕਲਾਂ ਭਰੇ ਹਾਲਾਤ ਵਿਚ ਘਰ ਛੱਡਣ ਲਈ ਮਜ਼ਬੂਰ ਹੋਏ ਸਨ ਤੇ ਕਈ ਆਪਣੀ ਮਰਜ਼ੀ ਨਾਲ ਘਰੋਂ ਭੱਜ ਗਏ ਸਨ। ਕਈ ਬੱਚੇ ਮਨੁੱਖੀ ਤਸਕਰੀ ਦਾ ਸ਼ਿਕਾਰ ਹੋਏ ਹਨ। ਇਨਾਂ ਵਿਚੋਂ 33 ਬੱਚੇ ਦੱਖਣੀ ਕੈਲੀਫੋਰਨੀਆ ਵਿਚ ਮਨੁੱਖੀ ਤਸਕਰੀ ਵਿਰੁੱਧ ਕੀਤੀ ਕਾਰਵਾਈ ਦੌਰਾਨ ਬਰਾਮਦ ਕੀਤੇ ਗਏ ਹਨ। ਟੈਨੇਸੀ ਪੱਛਮੀ ਜ਼ਿਲੇ ਦੇ ਯੂ.ਐਸ ਮਾਰਸ਼ਲ ਟਾਇਰੀਸ ਮਿਲਰ ਨੇ ਕਿਹਾ ਹੈ ਕਿ ਕਾਰਵਾਈ ਦੌਰਾਨ ਕੁਝ ਲੋਕਾਂ ਨੂੰ ਹਿਰਾਸਤ ਵਿਚ ਵੀ ਲਿਆ ਗਿਆ ਹੈ ਪ੍ਰੰਤੂ ਉਨਾਂ ਨੇ ਗ੍ਰਿਫਤਾਰ ਲੋਕਾਂ ਬਾਰੇ ਹੋਰ ਵੇਰਵਾ ਨਹੀਂ ਦਿੱਤਾ। ਟੈਨੇਸੀ ਬਿਊਰੋ ਆਫ ਇਨਵੈਸਟੀਗੇਸ਼ਨ ਵੱਲੋਂ ਜਾਰੀ ਪ੍ਰੈਸ ਬਿਆਨ ਅਨੁਸਾਰ ਗ੍ਰਿਫਤਾਰ ਲੋਕਾਂ ਵਿਚ ਦੋ ਲੋਕਾਂ ਦੀ ਪਹਿਲਾਂ ਹੀ ਭਾਲ ਕੀਤੀ ਜਾ ਰਹੀ ਸੀ ਤੇ ਉਨਾਂ ਦੇ ਗ੍ਰਿਫਤਾਰੀ ਵਾਰੰਟ ਜਾਰੀ ਹੋਏ ਸਨ ਜਦਕਿ ਇਕ ਵਿਅਕਤੀ ਨੂੰ ਅਗਵਾਕਾਰ ਹੋਣ ਦੇ ਸ਼ੱਕ ਵਿਚ ਗ੍ਰਿਫਤਾਰ ਕੀਤਾ ਗਿਆ ਹੈ।

## ਟਰੰਪ ਆਖਰੀ ਕਾਨੂੰਨੀ ਲੜਾਈ ਵੀ ਹਾਰਿਆ

### ਸੁਪਰੀਮ ਕੋਰਟ ਨੇ ਟਰੰਪ ਦੀ ਪਟੀਸ਼ਨ 'ਤੇ ਸੁਣਵਾਈ ਤੋਂ ਕੀਤਾ ਇਨਕਾਰ

**ਸੈਕਰਾਮੈਂਟੋ (ਹੁਸਨ ਲੜੋਆ ਬੰਗਾ):** ਸੁਪਰੀਮ ਕੋਰਟ ਨੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਪਿਛਲੇ ਸਾਲ ਦੀਆਂ ਚੋਣਾਂ ਦੇ ਨਤੀਜੇ ਉਲਟਾਉਣ ਦੀ ਆਖਰੀ ਕੋਸ਼ਿਸ਼ ਵਜੋਂ ਦਾਇਰ ਪਟੀਸ਼ਨ 'ਤੇ ਸੁਣਵਾਈ ਕਰਨ ਤੋਂ ਨਾਂਹ ਕਰ ਦਿੱਤੀ ਹੈ। ਸਮਝਿਆ ਜਾਂਦਾ ਹੈ ਕਿ ਸੁਪਰੀਮ ਕੋਰਟ ਦੇ ਨਿਰਨੇ ਨਾਲ ਨਵੰਬਰ ਵਿਚ ਹੋਈਆਂ ਰਾਸ਼ਟਰਪਤੀ ਚੋਣਾਂ ਤੋਂ ਬਾਅਦ ਚਲਦਾ ਆ ਰਿਹਾ 'ਕਾਨੂੰਨੀ ਨਾਟਕ' ਖਤਮ ਹੋ ਗਿਆ ਹੈ। ਟਰੰਪ ਦੇ ਵਕੀਲਾਂ ਨੇ ਵਿਸਕਾਨਸਿਨ ਦੀਆਂ 2,21,000 ਵੋਟਾਂ ਨੂੰ ਚੁਣੌਤੀ ਦਿੱਤੀ ਸੀ ਜੋ ਕੋਰੋਨਾ ਵਾਇਰਸ ਦੇ ਚਲਦਿਆਂ ਵੋਟਰਾਂ ਵੱਲੋਂ ਬਕਸਿਆਂ ਵਿਚ ਪਾਈਆਂ ਗਈਆਂ ਸਨ। ਟਰੰਪ ਦੇ ਵਕੀਲਾਂ ਦੀ ਦਲੀਲ ਸੀ ਕਿ ਚੋਣ ਅਧਿਕਾਰੀਆਂ ਨੇ ਬਕਸਿਆਂ ਵਿਚ ਵੋਟਾਂ ਪਾਉਣ ਦੀ ਇਜਾਜ਼ਤ ਦੇ ਕੇ ਗਲਤੀ ਕੀਤੀ ਹੈ। ਸੁਪਰੀਮ ਕੋਰਟ ਵਿਚ ਕੰਜ਼ਰਵੇਟਿਵ ਜੱਜਾਂ ਦਾ 6-3 ਨਾਲ ਬਹੁਮਤ ਹੈ। ਇਨਾਂ ਵਿਚੋਂ 3 ਜੱਜ ਸਾਬਕਾ ਰਾਸ਼ਟਰਪਤੀ ਟਰੰਪ ਵੱਲੋਂ ਨਿਯੁਕਤ ਕੀਤੇ ਗਏ ਸਨ। ਟਰੰਪ ਨੂੰ ਆਸ ਸੀ ਕਿ ਜੱਜ ਉਸ ਦੇ ਹੱਕ ਵਿਚ ਨਿਰਨਾ ਦੇ ਸਕਦੇ ਹਨ ਪ੍ਰੰਤੂ ਉਸ ਨੂੰ ਨਿਰਾਸ਼ਾ ਦਾ ਮੂੰਹ ਵੇਖਣਾ ਪਿਆ ਹੈ। ਇਥੇ ਜ਼ਿਕਰਯੋਗ ਹੈ ਕਿ ਹਾਈਕੋਰਟ ਪਹਿਲਾਂ ਹੀ ਚੋਣ ਨਤੀਜੇ ਉਲਟਾਉਣ ਸਬੰਧੀ ਟਰੰਪ ਸਮਰਥਕਾਂ ਵੱਲੋਂ ਦਾਇਰ ਪਟੀਸ਼ਨਾਂ ਰੱਦ ਕਰ ਚੁੱਕੀ ਹੈ। ਟਰੰਪ ਦੇ ਬੁਲਾਰੇ ਨੇ ਸੁਪਰੀਮ ਕੋਰਟ ਦੇ ਨਿਰਨੇ ਉਪਰ ਕੋਈ ਟਿਪਣੀ ਨਹੀਂ ਕੀਤੀ ਹੈ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

Editor: Malkeet Singh Manager: Pardeep Singh Online Editor: Sukhwinder Singh Asst. Editor: Balwinderpal Singh, Sarbjeet Kaur Sarb Online Interview Host: Balraj Pannu
Designer: Balbir Singh Content Composer: Amritpal Singh US Distributor: Amritsar Times Inc Owner: Amritsar Times Pvt Ltd.
Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.
All legal disputes must be handled in the courts of State of Punjab in India.

# ਰਾਸ਼ਟਰਪਤੀ ਬਾਈਡਨ ਵੱਲੋਂ ਐਚ-1 ਬੀ ਵੀਜ਼ਾ ਪਾਬੰਦੀ ਹਟਾਉਣ ਦੀ ਸੰਭਾਵਨਾ ਨਹੀ

## ਸੰਗਠਿਤ ਮਜ਼ਦੂਰਾਂ ਦੇ ਦਬਾਅ ਕਾਰਨ ਅਜੇ ਤੱਕ ਨਹੀਂ ਚੁੱਕਿਆ ਕੋਈ ਕਦਮ

**ਸੈਕਰਾਮੈਂਟੋ (ਹੁਸਨ ਲੜੋਆ ਬੰਗਾ):** ਰਾਸ਼ਟਰਪਤੀ ਜੋਅ ਬਾਈਡਨ ਵੱਲੋਂ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਦੁਆਰਾ ਕੁਸ਼ਲ ਆਰਜੀ ਵਰਕਰਾਂ (ਐਚ-1 ਬੀ ਵੀਜ਼ਾ) ਉਪਰ ਲਾਈ ਪਾਬੰਦੀ ਹਟਾਉਣ ਦੀ ਸੰਭਾਵਨਾ ਨਹੀਂ ਹੈ। ਭਾਰਤੀ ਅਮਰੀਕੀ ਇਮੀਗ੍ਰੇਸ਼ਨ ਅਟਾਰਨੀ ਸਾਇਰਸ ਮਹਿਤਾ ਨੇ 'ਵੈਸਟ ਇੰਡੀਆ' ਨਾਲ ਗੱਲਬਾਤ ਕਰਦਿਆਂ ਕਿਹਾ ਕਿ ਐਚ-1 ਬੀ ਵੀਜ਼ਾ ਉਪਰੋਂ ਪਾਬੰਦੀ ਖਤਮ ਕਰਨ ਦੀ ਸੰਭਾਵਨਾ ਘੱਟ ਨਜ਼ਰ ਆ ਰਹੀ ਹੈ ਕਿਉਂਕਿ ਬਾਇਡੇਨ ਨੇ ਇਸ ਸਬੰਧੀ ਅਜੇ ਤੱਕ ਕੋਈ ਕਦਮ ਨਹੀਂ ਚੁੱਕਿਆ ਹੈ। ਸੰਭਾਵੀ ਤੌਰ 'ਤੇ ਰਾਸ਼ਟਰਪਤੀ ਸੰਗਠਿਤ ਕਿਰਤੀਆਂ ਤੇ ਰਿਪਬਲੀਕਨਾਂ ਦੇ ਦਬਾਅ ਹੇਠ ਆ ਗਏ ਹਨ। ਰਾਸ਼ਟਰਪਤੀ ਵੱਲੋਂ ਹਾਲ ਹੀ ਵਿਚ ਸਾਬਕਾ ਰਾਸ਼ਟਰਪਤੀ ਦੁਆਰਾ ਕੋਵਿਡ-19 ਦਰਮਿਆਨ ਪਰਿਵਾਰਕ ਇਮੀਗ੍ਰੇਸ਼ਨ ਉਪਰ ਲਾਈ ਰੋਕ ਹਟਾਈ ਗਈ ਸੀ ਤੇ ਸਮਝਿਆ ਜਾਂਦਾ ਸੀ ਕਿ ਉਹ ਉੱਚ ਕੁਸ਼ਲ ਵਰਕਰਾਂ ਦੇ ਅਮਰੀਕਾ ਵਿਚ ਦਾਖਲੇ ਉਪਰ ਲਾਈ ਰੋਕ ਵੀ ਛੇਤੀ ਹਟਾ ਦੇਣਗੇ ਪਰ ਇਸ ਸਬੰਧੀ ਕੋਈ ਕਾਰਵਾਈ ਨਾ ਹੋਣ ਕਾਰਨ ਮਾਮਲਾ ਸ਼ੱਕ ਦੇ ਘੇਰੇ ਵਿਚ ਆ ਗਿਆ ਹੈ। ਸਾਬਕਾ ਰਾਸ਼ਟਰਪਤੀ ਟਰੰਪ ਨੇ ਸਥਾਨਕ ਲੋਕਾਂ ਨੂੰ ਰੁਜ਼ਗਾਰ ਦੇਣ ਦੇ ਮੰਤਵ ਨਾਲ ਇਹ ਪਾਬੰਦੀ ਲਾਈ ਸੀ ਜੋ ਅਜੇ ਵੀ ਜਾਰੀ ਹੈ। ਪਾਬੰਦੀ ਦੇ ਬਾਵਜੂਦ ਅਮਰੀਕਾ ਵਿਚ ਬੇਰੁਜ਼ਗਾਰੀ ਵਿੱਚ 10% ਤੋਂ ਵਧ ਦਾ ਵਾਧਾ ਹੋਇਆ ਹੈ ਤੇ 3 ਕਰੋੜ 20 ਲੱਖ ਤੋਂ ਵਧ ਅਮਰੀਕੀਆਂ ਨੇ ਬੇਰੁਜ਼ਗਾਰੀ ਲਾਭ ਲਈ ਦਾਅਵਾ ਕੀਤਾ ਹੈ। ਮਹਿਤਾ ਨੇ ਕਿਹਾ ਕਿ ਬਾਈਡਨ ਨੂੰ ਪ੍ਰੋਤਸਾਹਨ ਬਿੱਲ ਪਾਸ ਕਰਵਾਉਣ ਲਈ ਸਮਰਥਨ ਦੀ ਲੋੜ ਹੈ। ਇਥੇ ਜ਼ਿਕਰਯੋਗ ਹੈ ਕਿ ਟਰੰਪ ਵੱਲੋਂ ਲਾਈ ਪਾਬੰਦੀ 31 ਮਾਰਚ ਨੂੰ ਖਤਮ ਹੋਣ ਵਾਲੀ ਹੈ। ਹੁਣ ਵੇਖਣ ਵਾਲੀ ਗੱਲ ਇਹ ਹੈ ਕਿ ਬਾਈਡਨ ਮਾਰਚ ਤੋਂ ਬਾਅਦ ਵੀ ਇਹ ਪਾਬੰਦੀ ਜਾਰੀ ਰਖਦੇ ਹਨ ਜਾਂ ਨਹੀਂ। ਬਾਇਡੇਨ ਲਈ ਇਹ ਪਰਖ ਦੀ ਘੜੀ ਵੀ ਹੈ ਕਿਉਂਕਿ ਭਾਰਤੀਆਂ ਸਮੇਤ ਲੱਖਾਂ ਏਸ਼ੀਅਨਾਂ ਨੇ ਟਰੰਪ ਵੱਲੋਂ ਲਾਈਆਂ ਪਾਬੰਦੀਆਂ ਦੇ ਵਿਰੋਧ ਵਿਚ ਬਾਈਡਨ ਦਾ ਖੁਲ ਕੇ ਸਮਰਥਨ ਕੀਤਾ ਸੀ ਤੇ ਬਾਈਡਨ ਨੇ ਚੋਣ ਪ੍ਰਚਾਰ ਦੌਰਾਨ ਇਹ ਪਾਬੰਦੀਆਂ ਖਤਮ ਕਰਨ ਦੇ ਐਲਾਨ ਵੀ ਕੀਤੇ ਸਨ।

# ਯੂ.ਕੇ. ਸਰਕਾਰ ਜੱਗੀ ਜੌਹਲ ਦੇ ਕੇਸ ਨੂੰ ਪਹਿਲ ਦੇ ਆਧਾਰ 'ਤੇ ਭਾਰਤ ਸਰਕਾਰ ਨਾਲ ਗੱਲ ਕਰਕੇ ਹੱਲ ਕਰਾਵੇ : ਪ੍ਰੀਤ ਕੌਰ ਗਿੱਲ ਬ੍ਰਿਟਿਸ਼ ਐਮਪੀ

**ਨਵੀਂ ਦਿੱਲੀ (ਮਨਪ੍ਰੀਤ ਸਿੰਘ ਖਾਲਸਾ):** ਬ੍ਰਿਟਿਸ਼ ਪਾਰਲੀਮੈਂਟ ਅੰਦਰ ਸਿੱਖ ਐਮਪੀ ਪ੍ਰੀਤ ਕੌਰ ਗਿੱਲ ਨੇ ਬ੍ਰਿਟਿਸ਼ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਉਹ ਦਿੱਲੀ ਦੀ ਤੇਹਾੜ ਜੇਲ 'ਚ ਬੰਦ ਜਗਤਾਰ ਸਿੰਘ ਜੱਗੀ ਜੌਹਲ ਦੇ ਕੇਸ ਬਾਰੇ ਭਾਰਤ ਮੰਤਰਾਲੇ ਨਾਲ ਪਹਿਲ ਦੇ ਆਧਾਰ 'ਤੇ ਗੱਲਬਾਤ ਕਰਕੇ ਮਾਮਲੇ ਨੂੰ ਸੁਲਝਾਏ । ਉਨਾਂ ਕਿਹਾ ਕਿ ਬ੍ਰਿਟਿਸ਼ ਵਿਚ ਕੰਮ ਕਰਦੀ ਮਨੁੱਖੀ ਅਧਿਕਾਰਾਂ ਲਈ ਸੰਸਥਾ ਨੇ ਯੂਐਨਓ ਨਾਲ ਮਿਲਕੇ ਜੱਗੀ ਜੌਹਲ ਦੇ ਮਾਮਲੇ ਵਿਚ ਕੀਤੀ ਖੋਜ ਮੁਤਾਬਿਕ ਜੱਗੀ ਨੂੰ ਭਾਰਤ ਸਰਕਾਰ ਦੀ ਪੁਲਿਸ ਵਲੋਂ ਖਤਰਨਾਕ ਕੈਦੀ ਗਰਦਾਨ ਕੇ ਸੰਗੀਨ ਧਾਰਾਵਾਂ ਦਰਜ ਕੀਤੀਆਂ ਹੋਈਆਂ ਹਨ ਜਿਸ ਵਿਚ ਉਸ ਨੂੰ ਮੌਤ ਦੀ ਸਜ਼ਾ ਵੀ ਦਿੱਤੀ ਜਾ ਸਕਦੀ ਹੈ । ਉਨਾਂ ਕਿਹਾ ਕਿ ਇਸ ਗੱਲ ਦੀ ਵੀ ਪੁਸ਼ਟੀ ਹੋਈ ਹੈ ਕਿ ਜੇਲ ਅੰਦਰ ਜੱਗੀ ਉਪਰ ਅਣਮਨੁੱਖੀ ਤਸ਼ਦੱਦ ਢਾਹਿਆ ਗਿਆ ਸੀ, ਜ਼ੁਲਮ ਇਤਨਾ ਕੀ ਤਿੰਨ ਸਾਲ ਦਾ ਸਮਾਂ ਬੀਤਣ ਤੇ ਵੀ ਅਦਾਲਤ 'ਚ ਉਸਦੇ ਚਲਾਨ ਤੱਕ ਪੇਸ਼ ਨਹੀਂ ਕੀਤੇ ਗਏ, ਕਿਉਂਕਿ ਉਸ ਖਿਲਾਫ ਕੋਈ ਵੀ ਸਬੂਤ ਨਹੀਂ ਮਿਲਿਆ ਹੈ । ਉਨਾਂ ਕਿਹਾ ਕਿ ਦੇਸ਼ ਵਿਚ ਜੱਗੀ ਦੇ ਕੇਸ ਬਾਰੇ ਵਾਰ ਵਾਰ ਮੰਗ ਉਠ ਰਹੀ ਹੈ ਤੇ ਇਸ ਲਈ ਬਹੁਤ ਵਾਰੀ ਮੁਜ਼ਾਹਰੇ ਵੀ ਹੋਏ ਹਨ । ਧਿਆਨਦੇਣ ਯੋਗ ਹੈ ਕਿ ਬੀਤੇ ਤਿੰਨ ਦਿਨ ਪਹਿਲਾਂ ਬਰਤਾਨੀਆ ਦੇ 140 ਤੋਂ ਵੱਧ ਪਾਰਲੀਮੈਂਟ ਮੈਬਰਾਂ ਨੇ ਵਿਦੇਸ਼ ਸਕੱਤਰ ਡੋਮੀਨਿਕ ਰਾਅਬ ਨੂੰ ਭੇਜੀ ਚਿੱਠੀ ਵਿਚ ਲਿਖਿਆ ਕਿ 'ਸਾਨੂੰ ਪਤਾ ਲੱਗਿਆ ਹੈ ਕਿ ਜੋ ਇਲਜ਼ਾਮ ਜਗਤਾਰ ਸਿੰਘ ਜੌਹਲ 'ਤੇ ਲਗਾਏ ਗਏ ਹਨ, ਉਸ ਨਾਲ ਉਸ ਨੂੰ ਮੌਤ ਦੀ ਸਜ਼ਾ ਵੀ ਦਿੱਤੀ ਜਾ ਸਕਦੀ ਹੈ।' ਉਨਾਂ ਕਿਹਾ, 'ਜਦੋਂ ਇੱਕ ਬ੍ਰਿਟਿਸ਼ ਨਾਗਰਿਕ ਨੂੰ ਜ਼ਬਰਦਸਤੀ ਨਜ਼ਰਬੰਦ ਕੀਤਾ ਜਾਂਦਾ ਹੈ, ਉਸ 'ਤੇ ਤਸ਼ੱਦਦ ਢਾਹੇ ਜਾਂਦੇ ਹਨ ਅਤੇ ਮੌਤ ਦੀ ਸਜ਼ਾ ਵੀ ਸੁਣਾਈ ਜਾ ਸਕਦੀ ਹੈ, ਅਜਿਹੀ ਸਥਿਤੀ ਵਿਚ ਬ੍ਰਿਟਿਸ਼ ਸਰਕਾਰ ਨੂੰ ਇਸ ਖਿਲਾਫ ਸਖ਼ਤ ਕਦਮ ਚੁੱਕਣੇ ਚਾਹੀਦੇ ਹਨ।' ਉਨਾਂ ਕਿਹਾ ਕਿ ਬ੍ਰਿਟਿਸ਼ ਸਰਕਾਰ ਦਾ ਫਰਜ਼ ਬਣਦਾ ਹੈ ਕਿ ਉਹ ਆਪਣੇ ਨਾਗਰਿਕ ਨੂੰ ਬਚਾਉਣ ਅਤੇ ਉਸ ਨੂੰ ਆਪਣੇ ਘਰ ਵਾਪਸ ਲੈ ਕੇ ਆਉਣ। ਚਿੱਠੀ ਵਿਚ ਲਿਖਿਆ ਗਿਆ ਹੈ ਕਿ ਭਾਰਤੀ ਅਧਿਕਾਰੀਆਂ ਨਾਲ ਗੱਲਬਾਤ ਮਗਰੋਂ ਵੀ ਯੂ.ਕੇ. ਦੀ ਸਰਕਾਰ ਵੱਲੋਂ ਜਗਤਾਰ ਜੱਗੀ ਦੀ ਰਿਹਾਈ ਤੇ ਉਸ ਦੀ ਵਤਨ ਵਾਪਸੀ ਦੀ ਮੰਗ ਨਹੀਂ ਕੀਤੀ ਗਈ।



ਪ੍ਰੀਤ ਕੌਰ ਗਿਲ

# ਫਲਾਇੰਗ ਸਿੱਖ ਹਰਦਿੱਤ ਸਿੰਘ ਮਲਿਕ ਦਾ ਬੁੱਤ ਲੱਗੇਗਾ ਸਾਊਥਹੈਂਪਟਨ 'ਚ

**ਲੰਡਨ/ਏ.ਟੀ.ਨਿਊਜ਼:** ਪਹਿਲੀ ਸੰਸਾਰ ਜੰਗ ਦੇ ਪਾਇਲਟ ਹਰਦਿੱਤ ਸਿੰਘ ਮਲਿਕ ਦਾ ਇੰਗਲੈਂਡ ਦੇ ਸਾਊਥਹੈਂਪਟਨ ਦੇ ਸਮੁੰਦਰੀ ਸ਼ਹਿਰ ਦੇ ਅਜਾਇਬ ਘਰ ਵਿੱਚ ਬੁੱਤ ਸਥਾਪਤ ਕੀਤਾ ਜਾਵੇਗਾ। ਬੁੱਤ ਅਤੇ ਪਲੰਥ ਲਗਭਗ 17 ਫੁੱਟ ਉੱਚੇ ਹਨ। ਇੰਗਲੈਂਡ ਦੀ ਅਖਬਾਰ ਡੇਲੀ ਮੇਲ ਨੇ ਦੱਸਿਆ ਹੈ ਕਿ ਇਸ ਨੂੰ ਅਪ੍ਰੈਲ 2023 ਤੱਕ ਸਥਾਪਤ ਕਰਨ ਦੀ ਯੋਜਨਾ ਹੈ। ਰਾਇਲ ਫਲਾਇੰਗ ਕੋਰਪ ਦੇ ਪਹਿਲੇ ਭਾਰਤੀ ਲੜਾਕੂ ਪਾਇਲਟ ਨੂੰ ⇨⇨9 ਵਿਚ ਬ੍ਰਿਟੇਨ ਅਤੇ ਇਸਦੇ ਸਹਿਯੋਗੀ ਦੇਸ਼ਾਂ ਲਈ ਲੜਨ ਵਾਲੇ ਘੱਟਗਿਣਤੀ ਪਿਛੋਕੜ ਵਾਲੇ ਭਾਈਚਾਰਿਆਂ ਦੇ ਵਿਸਰ ਚੁੱਕੇ ਇਤਿਹਾਸ ਦੀ ਯਾਦ ਵਿੱਚ ਹੋਵੇਗਾ। ਸਿੱਖ ਸਿਪਾਹੀਆਂ ਦੀ ਇਸ ਇਤਿਹਾਸਕ ਯਾਦਗਰ ਨੂੰ ਅਪ੍ਰੈਲ 2023 'ਚ ਲੋਕ ਅਰਪਣ ਕਰਨ ਦੀ ਯੋਜਨਾ ਹੈ। ਉਨਾਂ ਦਾ ਬੁੱਤ ਸਥਾਪਤ ਕਰਨ ਲਈ ਕਮਿਊਨਿਟੀ ਹੈਂਮਪਸ਼ਾਇਰ ਐਂਡ ਡੋਰਸੇਟ ਅਤੇ ਸਾਊਥਹੈਂਪਟਨ ਕੌਂਸਲ ਆਫ ਗੁਰਦੁਆਰਾ ਨੇ ਇੱਕ ਮੁਹਿੰਮ ਚਲਾਈ ਸੀ। ਵੈਸਟ ਮਿਡਲੈਂਡ ਦੇ ਮਸ਼ਹੂਰ ਬੁੱਤ ਤਰਾਸ਼ ਲਿਊਕ ਪੈਰੀ ਵਲੋਂ ਇਸ ਨੂੰ ਤਿਆਰ ਕੀਤਾ ਜਾਵੇਗਾ। ਇਸ ਯਾਦਗਰ ਲਈ ਵੰਨ ਕਮਿਊਨਿਟੀ ਹੈਂਮਪਸ਼ਾਇਰ ਐਂਡ ਡੌਰੈਸਟ ਅਤੇ ਸਾਊਥਹੈਂਪਟਨ ਕੌਂਸਲ ਆਫ ਗੁਰਦੁਆਰਾ ਵਲੋਂ ਬੁੱਤ ਦੇ ਨਮੂਨੇ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਹਰਦਿੱਤ ਸਿੰਘ ਰੁਆਇਲ ਫਲਾਇੰਗ ਕੋਰ ਵਿੱਚ ਸ਼ਾਮਲ ਹੋਣ ਵਾਲੇ ਪਹਿਲੇ ਭਾਰਤੀ ਸਨ। ਉਹ ਪਹਿਲੀ ਵਿਸ਼ਵ ਜੰਗ ਵਿੱਚ ਜ਼ਿੰਦਾ ਬਚਣ ਵਾਲੇ ਪਾਇਲਟ ਸਨ। ਹਰਦਿੱਤ ਸਿੰਘ ਦੇ ਲਈ ਪੱਗੜੀ ਤੇ ਫਿੱਟ ਹੋਣ ਲਈ ਸਪੈਸ਼ਲ ਹੈਲਮੇਟ ਬਣਾਇਆ ਗਿਆ ਸੀ। ਉਹ ਆਰ. ਐਫ.ਸੀ. ਤੇ ਆਰ.ਏ.ਐਫ. ਨਾਲ ਉਡਾਣਾਂ ਭਰਨ ਵਾਲੇ 4 ਭਾਰਤੀ ਪਾਇਲਟਾਂ ਵਿਚੋਂ ਬਚ ਜਾਣ ਵਾਲੇ ਦੋ ਪਾਇਲਟਾਂ 'ਚੋਂ ਇੱਕ ਸਨ। ਉਨਾਂ 28 ਸਕਵਾਡਰਨ ਆਰ.ਐਫ.ਸੀ. ਦੀ ਉਡਾਣ ਭਰੀ ਅਤੇ ਅਕਤੂਬਰ 1917 ਵਿਚ ਪੱਛਮੀ ਮੋਰਚੇ 'ਤੇ ਫਰਾਂਸ, ਇਟਲੀ ਵਿਚ ਲੜਾਕੂ ਮਿਸ਼ਨਾਂ 'ਤੇ ਸੋਪਵਿਦ ਕੈਮਲ ਜਹਾਜ਼ ਉਡਾ ਕੇ ਸੇਵਾਵਾਂ ਦਿੱਤੀਆਂ। ਵਿਸ਼ਵ ਯੁੱਧ ਵਿਚ ਹਿੱਸਾ ਲੈਣ ਵਾਲੇ 1300000 ਸਿੱਖਾਂ 'ਚੋਂ ਕੈਪਟਨ ਮਲਿਕ ਇਕ ਸਨ। 90 ਸਾਲ ਦੀ ਉਮਰ ਵਿਚ 1985 ਵਿਚ ਉਨਾਂ ਦਾ ਦਿਹਾਂਤ ਹੋ ਗਿਆ ਸੀ।




# ਤਿੰਨ ਡੇਰਾ ਪ੍ਰੇਮੀ ਅਦਾਲਤ 'ਚ ਪੇਸ਼ ਨਾ ਹੋਣ 'ਤੇ ਭਗੌੜਾ ਐਲਾਨੇ

## ਮਾਮਲਾ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦਾ

**ਫ਼ਰੀਦਕੋਟ/ਏ.ਟੀ.ਨਿਊਜ਼:** ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮਾਮਲੇ ਵਿਚ ਵਾਰ-ਵਾਰ ਸੰਮਨ ਭੇਜਣ ਦੇ ਬਾਵਜੂਦ ਅਦਾਲਤ ਵਿੱਚ ਪੇਸ਼ ਨਾ ਹੋਣ 'ਤੇ ਤਿੰਨ ਡੇਰਾ ਪ੍ਰੇਮੀਆਂ ਹਰਸ਼, ਪ੍ਰਦੀਪ ਕਲੇਰ ਤੇ ਸੰਦੀਪ ਬਰੇਟਾ ਨੂੰ ਅਦਾਲਤ ਵਲੋਂ ਭਗੌੜਾ ਕਰਾਰ ਦੇ ਕੇ ਉਨਾਂ ਖਿਲਾਫ ਬਾਕਾਇਦਾ ਮਾਮਲਾ ਦਰਜ ਕਰਨ ਦੀ ਹਦਾਇਤ ਕੀਤੀ ਗਈ ਹੈ।

ਸਿਟੀ ਥਾਣਾ ਫਰੀਦਕੋਟ ਦੀ ਪੁਲਿਸ ਨੇ ਅਦਾਲਤੀ ਹੁਕਮਾਂ ਮੁਤਾਬਕ ਉਕਤ ਡੇਰਾ ਪ੍ਰੇਮੀਆਂ ਖਿਲਾਫ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਦਿੱਤੀ ਹੈ।

ਜਾਣਕਾਰੀ ਅਨੁਸਾਰ 2 ਜੂਨ 2015 ਨੂੰ ਨੇੜਲੇ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਤੋਂ ਦਿਨ ਦਿਹਾੜੇ ਚੋਰੀ ਹੋਏ ਪਾਵਨ ਸਰੂਪ ਦੇ ਸਬੰਧ ਵਿੱਚ ਬਾਜਾਖਾਨਾ ਵਿਖੇ ਅਣਪਛਾਤਿਆਂ ਖਿਲਾਫ ਦਰਜ ਹੋਈ ਐੱਫਆਈਆਰ ਦੇ ਮਾਮਲੇ ਦੀ ਤਫਤੀਸ਼ ਕਰ ਰਹੀ ਡੀਆਈਜੀ ਰਣਬੀਰ ਸਿੰਘ ਖੱਟੜਾ ਵਾਲੀ ਐਸਆਈਟੀ ਨੇ ਉਕਤ ਤਿੰਨਾਂ ਨੂੰ ਅਤੇ ਡੇਰਾ ਮੁਖੀ ਸਮੇਤ ਉਕਤ ਮਾਮਲੇ ਵਿੱਚ ਕੁੱਲ 11 ਡੇਰਾ ਪ੍ਰੇਮੀਆਂ ਨੂੰ ਨਾਮਜ਼ਦ ਕੀਤਾ ਸੀ।

ਐਸਆਈਟੀ ਵਲੋਂ ਚਲਾਨ ਪੇਸ਼ ਕਰਨ ਮੌਕੇ ਅਦਾਲਤ ਸਾਹਮਣੇ ਪੇਸ਼ ਕੀਤੇ ਗਏ 7 ਡੇਰਾ ਪ੍ਰੇਮੀ ਹੁਣ ਜਮਾਨਤ 'ਤੇ ਹਨ ਪਰ ਉਕਤ ਤਿੰਨ ਡੇਰਾ ਪ੍ਰੇਮੀਆਂ ਦੇ ਵਾਰ ਵਾਰ ਵਰੰਟ ਹਾਸਲ ਕਰਨ ਦੇ ਬਾਵਜੂਦ ਵੀ ਐਸਆਈਟੀ ਇਨਾਂ ਡੇਰਾ ਪ੍ਰੇਮੀਆਂ ਦਾ ਸੁਰਾਗ ਲਾਉਣ ਵਿੱਚ ਕਾਮਯਾਬ ਨਾ ਹੋ ਸਕੀ। ਜ਼ਿਕਰਯੋਗ ਹੈ ਕਿ ਪਿਛਲੇ ਸਾਲ 18 ਦਸੰਬਰ ਨੂੰ ਅਦਾਲਤ ਨੇ ਉਕਤਾਨ ਡੇਰਾ ਪ੍ਰੇਮੀਆਂ ਖਿਲਾਫ ਬਕਾਇਦਾ ਇਸ਼ਤਿਹਾਰ ਵੀ ਜਾਰੀ ਕੀਤੇ ਸਨ, ਜੋ ਕਾਨੂੰਨੀ ਪ੍ਰਕਿਰਿਆ ਮੁਤਾਬਕ ਸਬੰਧਤ ਡੇਰਾ ਪ੍ਰੇਮੀ ਦੇ ਘਰਾਂ ਦੇ ਬਾਹਰ, ਪਿੰਡਾਂ ਦੀਆਂ ਸੱਥਾਂ ਵਿੱਚ, ਡੇਰਾ ਸਿਰਸਾ ਦੇ ਬਾਹਰ ਤੇ ਥਾਣਿਆਂ 'ਚ ਲਾਏ ਗਏ।

ਉਕਤ ਇਸ਼ਤਿਹਾਰ ਵੱਖ-ਵੱਖ ਥਾਵਾਂ 'ਤੇ ਲਾਉਣ ਵਾਲੇ ਪੁਲਿਸ ਕਰਮਚਾਰੀ ਦੇ ਬਿਆਨਾਂ ਤੋਂ ਬਾਅਦ ਅਦਾਲਤ ਨੇ ਉਕਤਾਨ ਡੇਰਾ ਪ੍ਰੇਮੀਆਂ ਨੂੰ ਭਗੌੜਾ ਕਰਾਰ ਦੇ ਦਿੱਤਾ। ਫਰੀਦਕੋਟ ਪੁਲਿਸ ਮੁਤਾਬਕ ਸੁਰੇਸ਼ ਕੁਮਾਰ ਦੀ ਅਦਾਲਤ ਵਲੋਂ ਹਰਸ਼ ਧੂਰੀ, ਪ੍ਰਦੀਪ ਕਲੇਰ ਤੇ ਸੰਦੀਪ ਡੇਰਾ ਸੱਚਾ ਸੌਦਾ ਸਿਰਸਾ ਨੂੰ 18 ਜਨਵਰੀ 2021 ਨੂੰ ਭਗੌੜਾ ਕਰਾਰ ਦਿੱਤੇ ਜਾਣ ਦੇ ਹੁਕਮ ਜਾਰੀ ਕੀਤੇ ਸਨ। ਪੁਲਿਸ ਨੇ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਲਾਲ ਕਿਲਾ ਕਥਿਤ ਹਿੰਸਾ 'ਚ ਦਿੱਲੀ ਪੁਲਿਸ ਨੇ ਪੰਜਾਬ ਦੇ ਤਿੰਨ ਵਿਅਕਤੀਆਂ ਨੂੰ ਜਾਰੀ ਕੀਤਾ ਨੋਟਿਸ

**ਨਵੀਂ ਦਿੱਲੀ/ਏ.ਟੀ.ਨਿਊਜ਼:** ਦਿੱਲੀ ਪੁਲਿਸ ਵੱਲੋਂ ਗਣਤੰਤਰ ਦਿਵਸ ਮੌਕੇ ਦਿੱਲੀ 'ਚ ਹੋਈ ਕਥਿਤ ਹਿੰਸਾ ਵਿਚ ਸ਼ਾਮਲ ਪੰਜਾਬ ਦੇ ਤਿੰਨ ਵਿਅਕਤੀਆਂ ਨੂੰ ਨੋਟਿਸ ਜਾਰੀ ਕੀਤਾ ਗਿਆ ਹੈ। ਉਨਾਂ ਨੂੰ ਇਸ ਮਾਮਲੇ 'ਚ ਪੁੱਛਗਿੱਛ ਲਈ ਤਲਬ ਕੀਤਾ ਗਿਆ ਹੈ। ਉਨਾਂ ਦੀ ਪਛਾਣ ਕਥਿਤ ਹਿੰਸਕ ਮਾਮਲੇ ਵਿਚ ਸ਼ਾਮਲ ਟਰੈਕਟਰ ਦੀ ਇਕ ਫੋਟੋ ਤੋਂ ਹੋਈ ਸੀ।

ਦਿੱਲੀ ਪੁਲਿਸ ਨੇ ਪੰਜਾਬ ਦੇ ਸਬੰਧਤ ਅਧਿਕਾਰੀ ਤੋਂ ਟਰੈਕਟਰ ਦੇ ਰਜਿਸਟ੍ਰੇਸ਼ਨ ਨੰਬਰ ਦੇ ਆਧਾਰ 'ਤੇ ਮਾਲਕਾਂ ਦੇ ਨਾਂ ਦੀ ਜਾਣਕਾਰੀ ਮੰਗੀ ਸੀ। ਇਸ ਤੋਂ ਪਤਾ ਚੱਲਦਾ ਹੈ ਕਿ ਟਰੈਕਟਰ ਦੇ ਮਾਲਕ ਜਗੀਰ, ਸੁਰਜੀਤ ਕੌਰ ਤੇ ਗੁਰਚਰਨ ਹਨ, ਜਿਸ ਤੋਂ ਬਾਅਦ ਇਨਾਂ ਨੂੰ ਨੋਟਿਸ ਜਾਰੀ ਕੀਤਾ ਗਿਆ। ਦੱਸਣਯੋਗ ਹੈ ਕਿ 26 ਜਨਵਰੀ ਨੂੰ ਕਿਸਾਨ ਟਰੈਕਟਰ ਪ੍ਰੇਡ ਦੌਰਾਨ ਦਿੱਲੀ ਦੇ ਕਈ ਇਲਾਕਿਆਂ ਸਮੇਤ ਲਾਲ ਕਿਲੇ 'ਚ ਕਥਿਤ ਹਿੰਸਾ ਹੋਈ ਸੀ। ਕੁਝ ਸਿੱਖਾਂ ਨੇ ਲਾਲ ਕਿਲੇ 'ਤੇ ਤਿਰੰਗੇ ਨਾਲ ਇਕ ਹੋਰ ਝੰਡਾ ਲਹਿਰਾਇਆ ਸੀ। ਇਸ ਦੌਰਾਨ ਇੱਥੇ ਮੌਜੂਦ ਦਿੱਲੀ ਪੁਲਿਸ 'ਤੇ ਹਮਲਾ ਵੀ ਕੀਤਾ ਗਿਆ ਸੀ।

# ਸਿਆਟਲ ਵਿਚ ਬਲਜੀਤ ਸਿੰਘ ਸੋਹਲ ਪਰਿਵਾਰ ਨੂੰ ਸਦਮਾ, ਮਾਤਾ ਮਹਿੰਦਰ ਕੋਰ ਦਾ ਦਿਹਾਂਤ



**ਸਿਆਟਲ/ਗੁਰਚਰਨ ਸਿੰਘ ਢਿੱਲੋਂ:** ਪੰਜਾਬ ਸਪੋਰਟਸ ਕਲੱਬ ਸਿਆਟਲ ਦੇ ਪਹਿਲੇ ਤੇ ਸਾਬਕਾ ਪ੍ਰਧਾਨ ਬਲਜੀਤ ਸਿੰਘ ਸੋਹਲ ਦੇ ਪੂਜਨੀਕ ਮਾਤਾ ਜੀ ਮਹਿੰਦਰ ਕੌਰ (80) ਪਤਨੀ ਸਵ. ਭਾਗ ਸਿੰਘ ਸੋਹਲ ਦਾ ਦਿਹਾਂਤ ਹੋ ਗਿਆ ਜਿਸ ਦੀ ਖ਼ਬਰ ਸੁਣਦਿਆਂ ਹੀ ਸੋਗ ਦੀ ਲਹਿਰ ਦੌੜ ਗਈ। ਨਕੋਦਰ ਨੇੜੇ ਪਿੰਡ ਸੋਹਲ ਜਗੀਰ ਦੇ ਵਸਨੀਕ ਸਵ. ਮਹਿੰਦਰ ਕੌਰ ਧਾਰਮਿਕ ਵਿਰਤੀ ਵਾਲੇ ਮਿਲਣਸਾਰ ਅਤੇ ਸਮਾਜ ਸੇਵੀ ਸਨ ਜੋ ਆਪਣੇ ਛੋਟੇ ਲੜਕੇ ਕੁਲਦੀਪ ਸਿੰਘ ਸੋਹਲ ਪਾਸ ਵੈਨਕੂਵਰ (ਕੈਨੇਡਾ) ਵਿਚ ਰਹਿ ਰਹੇ ਸਨ। ਉਹ ਆਪਣੇ ਪਿੱਛੇ ਦੋ ਲੜਕੇ ਬਲਜੀਤ ਸਿੰਘ ਸੋਹਲ (ਸਿਆਟਲ) ਅਤੇ ਕੁਲਦੀਪ ਸਿੰਘ ਸੋਹਲ ਵੈਨਕੂਵਰ (ਕੈਨੇਡਾ) ਅਤੇ ਇਕ ਲੜਕੀ ਬੀਰੋ ਕੰਦੋਲਾ ਪਿੱਛੇ ਛੱਡ ਗਏ ਹਨ। ਪੰਜਾਬ ਸਪੋਰਟਸ ਕਲੱਬ ਸਿਆਟਲ ਦੇ ਪ੍ਰਧਾਨ ਰਹੇ ਅਵਤਾਰ ਸਿੰਘ ਪੂਰੇਵਾਲ, ਚਰਨਜੀਤ ਸਿੰਘ ਬਾਸੀ, ਜਗਬੀਰ ਸਿੰਘ ਰੰਧਾਵਾ, ਪਿੰਟੂ ਬਾਠ, ਬਲਹਾਰ ਸਿੰਘ ਕੁੰਨਰ, ਰਣਬੀਰ ਸਿੰਘ ਪੰਮੀ ਕੰਗ, ਖ਼ਜ਼ਾਨਚੀ ਹਰਦੀਪ ਸਿੰਘ ਗਿੱਲ ਸਮੇਤ ਸਮੂਹ ਮੈਂਬਰਾਂ, ਦਰਸ਼ਨ ਸਿੰਘ ਬੜਾਪਿੰਡ, ਮਹਾਰਾਜਾ ਪੇਲਸ ਵਾਲੇ ਸੈਮ ਵਿਰਕ, ਕੁਲਵੰਤ ਸਿੰਘ ਸ਼ਾਹ, ਉਂਕਾਰ ਸਿੰਘ ਭੰਡਾਲ, ਮਾਸਟਰ ਦਲਜੀਤ ਸਿੰਘ ਗਿੱਲ, ਰੀਅਲ ਅਸਟੇਟ ਦੇ ਪਰਮਜੀਤ ਸਿੰਘ ਖਹਿਰਾ, ਧਰਮ ਸਿੰਘ ਮੇਰੀਪੁਰ, ਮਨਮੋਹਨ ਸਿੰਘ ਧਾਲੀਵਾਲ, ਡਾ. ਹਰਚੰਦ ਸਿੰਘ, ਮਹਿੰਦਰ ਸਿੰਘ ਸੋਹਲ, ਜੇਗ ਬਸਰਾ, ਪਾਕਿਸਤਾਨੀ ਤਾਜ ਜਿਊਲਰ ਦੇ ਨਜੀਬ ਰਹਿਮਾਨ, ਬਿੰਦਰ ਚੱਡਾ, ਕੁਲਦੀਪ ਸਿੰਘ ਪਾਵਰ, ਬਾਬਾ ਬੁੱਢਾ ਸੰਸਥਾਵਲੋਂ ਸਤਵਿੰਦਰ ਸਿੰਘ ਸੰਧੂ, ਅਮਰਪਾਲ ਸਿੰਘ ਕਾਹਲੋਂ, ਤਰਮੰਗਲ ਸਿੰਘ ਧਾਲੀਵਾਲ, ਗੁਰਦੀਪ ਸਿੰਘ ਸਿੱਧੂ, ਅੰਮ੍ਰਿਤਪਾਲ ਸਿੰਘ, ਸਹੋਤਾ ਪਰਿਵਾਰ, ਸੰਘਾ ਪਰਿਵਾਰ, ਗੁਰਮੀਤ ਸਿੰਘ ਨਿੱਝਰ, ਸਿਆਟਲ ਗੁਰਦੁਆਰੇ ਦੇ ਪ੍ਰਧਾਨ ਬਲਵੀਰ ਸਿੰਘ ਉਸਮਾਨਪੁਰ, ਰਾਮ ਸਿੰਘ, ਰਾਜਬੀਰ ਸਿੰਘ ਸੰਧੂ, ਹਰਜਿੰਦਰ ਸਿੰਘ ਸੰਧੂ ਅਤੇ ਹਰਪਾਲ ਸਿੰਘ ਸਪਰਾ ਅਤੇ ਭਾਰਤ ਤੋਂ ਕਰਤਾਰ ਸਿੰਘ ਪਹਿਲਵਾਨ ਨੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਅਤੇ ਮਾਤਾ ਜੀ ਨੂੰ ਸਮਾਜਸੇਵੀ ਦੱਸਿਆ।

# ਨ.ਫਰਤ ਫੈਲਾਉਣ ਲਈ ਦਿੱਲੀ ਗੁਰਦੁਆਰਾ ਕਮੇਟੀ ਨੇ ਕੰਗਣਾ ਰਣੌਤ ਖਿਲਾਫ ਪਟਿਆਲਾ ਹਾਊਸ ਕੋਰਟ ਵਿਚ ਕੇਸ ਦਾਇਰ ਕੀਤਾ

**ਨਵੀਂ ਦਿੱਲੀ, (ਮਨਪ੍ਰੀਤ ਸਿੰਘ ਖਾਲਸਾ):** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪਟਿਆਲਾ ਹਾਊਸ ਕੋਰਟ ਵਿਚ ਫਿਲਮ ਅਦਾਕਾਰਾ ਕੰਗਣਾ ਰਣੌਤ ਦੇ ਖਿਲਾਫ ਕੇਸ ਦਾਇਰ ਕੀਤਾ ਹੈ। ਇਹ ਕੇਸ ਉਸ ਵੱਲੋਂ ਕਿਸਾਨਾਂ ਖਿਲਾਫ ਕੀਤੇ ਗਏ ਟਵੀਟ ਨੂੰ ਲੈ ਕੇ ਦਾਇਰ ਕੀਤਾ ਗਿਆ ਹੈ।

ਇਸ ਬਾਰੇ ਵਿਸਥਾਰ ਵਿਚ ਜਾਣਕਾਰ ਦਿੰਦਿਆਂ ਕਮੇਟੀ ਦੇ ਪ੍ਰਧਾਨ ਸ੍ਰੀ ਮਨਜਿੰਦਰ ਸਿੰਘ ਸਿਰਸਾ ਨੇ ਦੱਸਿਆ ਕਿ ਕੰਗਣਾ ਦੇ ਖਿਲਾਫ 153/13 ਆਈ ਪੀ ਸੀ ਤਹਿਤ ਕੇਸ ਦਰਜ ਕੀਤਾ ਗਿਆ ਹੈ। ਇਹ ਕੇਸ ਉਸ ਵੱਲੋਂ ਕਿਸਾਨਾਂ ਖਿਲਾਫ ਫਿਰਕੂ ਨਫਰਤ ਭੜਕਾਉਣ ਤੇ ਉਨਾਂ ਨੂੰ ਅਤਿਵਾਦੀ ਦੱਸਣ ਲਈ ਦਾਇਰ ਕੀਤਾ ਗਿਆ ਹੈ। ਉਨਾਂ ਦੱਸਿਆ ਕਿ ਕੰਗਣਾ ਨੇ ਟਵੀਟ ਵਿਚ ਦਾਅਵਾ ਕੀਤਾ ਸੀ ਕਿ ਜਿਹੜੇ ਲੋਕਾਂ ਨੇ ਸੀ ਏ ਏ ਬਾਰੇ ਗੁੰਮਰਾਹਕੁੰਨ ਜਾਣਕਾਰੀ ਤੇ ਅਫਵਾਹਾਂ ਫੈਲਾਈਆਂ ਸਨ ਤੇ ਦੰਗੇ ਭੜਕਾਏ ਸਨ, ਇਹੀ ਲੋਕ ਹੁਣ ਕਿਸਾਨ ਬਿੱਲਾਂ ਬਾਰੇ ਗੁੰਮਰਾਹਕੁੰਨ ਜਾਣਕਾਰੀ ਫੈਲਾ ਰਹੇ ਹਨ ਤੇ ਦੇਸ਼ ਵਿਚ ਅਤਿਵਾਦ ਫੈਲਾ ਰਹੇ ਹਨ, ਇਹ ਲੋਕ ਅਤਿਵਾਦੀ ਹਨ। ਇਹ ਗੱਲ ਤੁਸੀਂ ਸਾਰੇ ਜਾਣਦੇ ਹੋ, ਪਰ ਸਿਰਫ ਇਹ ਗੁੰਮਰਾਹਕੁੰਨ ਪ੍ਰਚਾਰ ਵਾਸਤੇ ਅਜਿਹਾ ਕਰ ਰਹੇ ਹਨ।

ਸ੍ਰੀ ਸਿਰਸਾ ਨੇ ਦੱਸਿਆ ਕਿ ਇਹ ਟਵੀਟ ਬੇਹੱਦ ਇਤਰਾਜ਼ਯੋਗ, ਬਦਨਾਮ ਕਰਨ ਵਾਲਾ ਤੇ ਕਿਸਾਨਾਂ ਨੂੰ ਦੇਸ਼ ਵਿਰੋਧੀ ਕਰਾਰ ਦੇਣ ਵੱਲ ਸੇਧਤ ਸੀ। ਉਨਾਂ ਕਿਹਾ ਕਿ ਉਨਾਂ ਪਹਿਲਾਂ ਡੀ ਸੀ ਪੀ ਨਵੀਂ ਦਿੱਲੀ ਕੋਲ ਕੰਗਣਾ ਦੇ ਖਿਲਾਫ ਸ਼ਿਕਾਇਤ ਦਿੱਤੀ ਸੀ ਤੇ ਮੰਗ ਕੀਤੀ ਸੀ ਕਿ ਸਾਡੀ ਸ਼ਿਕਾਇਤ ਦੇ ਆਧਾਰ ’ਤੇ ਉਸਦੇ ਖਿਲਾਫ ਕੇਸ ਦਰਜ ਕੀਤਾ ਜਾਵੇ ਪਰ ਕੋਈ ਕੇਸ ਦਰਜ ਨਹੀਂ ਕੀਤਾ ਗਿਆ। ਉਨਾਂ ਕਿਹਾ ਕਿ ਅਸੀਂ ਕਿਹਾ ਸੀ ਕਿ ਸਾਡੀ ਸ਼ਿਕਾਇਤ ਕਿ ਉਸਦੇ ਟਵੀਟ ਮੰਦੀਭਾਵਨਾ ਨਾਲ ਭਰੇ ਹਨ ਤੇ ਕਿ ਕਿਸਾਨਾਂ ਨੂੰ ਅਤਿਵਾਦੀ ਕਰਾਰ ਦੇਣ ਵੱਲ ਸੇਧਤ ਹਨ, ਦੇ ਆਧਾਰ ’ਤੇ ਕੇਸ ਦਰਜ ਹੋਣਾ ਚਾਹੀਦਾ ਹੈ।

ਸ੍ਰੀ ਸਿਰਸਾ ਨੇ ਕਿਹਾ ਕਿ ਜਦੋਂ ਕੋਈ ਕਾਰਵਾਈ ਨਹੀਂ ਕੀਤੀ ਗਈ ਤਾਂ ਅਸੀਂ ਉਸਦੇ ਖਿਲਾਫ ਅਦਾਲਤ ਜਾਣ ਲਈ ਮਜਬੂਰ ਹੋ ਗਏ ਹਾਂ। ਉਨਾਂ ਕਿਹਾ ਕਿ ਦੇਸ਼ ਕਿਸਾਨਾਂ ਨੂੰ ਅਤਿਵਾਦੀ ਕਰਾਰ ਦਿੱਤਾ ਜਾਣਾ ਬਰਦਾਸ਼ਤ ਨਹੀਂ ਕਰ ਸਕਦੇ ਕਿਉਂਕਿ ਦੇਸ਼ ਦੇ ਕਿਸਾਨ ਹੀ 130 ਕਰੋੜ ਲੋਕਾਂ ਦਾ ਢਿੱਡ ਭਰਦੇ ਹਨ।

ਦਿੱਲੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਨੇ ਕਿਹਾ ਕਿ ਅਸੀਂ ਯਕੀਨੀ ਬਣਾਵਾਂਗੇ ਕਿ ਉਸਦੇ ਖਿਲਾਫ ਕੇਸ ਦਰਜ ਹੋਵੇ ਤੇ ਉਸਨੂੰ ਆਪਣੇ ਗੈਰ ਜ਼ਿੰਮੇਵਾਰਾਨਾ ਵਿਵਹਾਰ ਤੇ ਦੇਸ਼ ਦੇ ਕਿਸਾਨਾਂ ਖਿਲਾਫ ਮਾੜੇ ਮਨਸੂਬੇ ਨਾਲ ਕੀਤੇ ਗਏ ਟਵੀਟ ਦੀ ਸਜ਼ਾ ਮਿਲੇ।

## ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਹੁਣ ਸਮੇਂ ਸਿਰ ਹੀ ਹੋਣਗੀਆਂ

**ਜਲੰਧਰ/ਏ.ਟੀ.ਨਿਊਜ਼:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਆਮ ਚੋਣਾਂ ਹੁਣ ਸਮੇਂ ਸਿਰ ਹੋਣਗੀਆਂ। ਚੋਣਾਂ ਨੂੰ ਰੋਕਣ ਅਤੇ ਰੁਕਾਵਟ ਪਾਉਣ ਦੀਆਂ ਹੋ ਰਹੀਆਂ ਕੋਸ਼ਿਸ਼ਾਂ ਨੂੰ ਵੱਡਾ ਝਟਕਾ ਲੱਗਾ ਹੈ। ਲਿਹਾਜ਼ਾ ਹੁਣ ਸੰਭਾਵਨਾ ਹੈ ਕਿ ਕਮੇਟੀ ਦੀਆਂ ਆਮ ਚੋਣਾਂ ਨਿਰਧਾਰਤ ਸ਼ਡਿਊਲ 25 ਅਪ੍ਰੈਲ, 2021 ਨੂੰ ਹੋ ਸਕਦੀਆਂ ਹਨ। ਦਿੱਲੀ ਹਾਈਕੋਰਟ ਦੇ ਮੁੱਖ ਜੱਜ ਡੀ. ਐੱਨ. ਪਟੇਲ ਦੀ ਬੈਂਚ ਨੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਅਤੇ ਦਿੱਲੀ ਕਮੇਟੀ ਦੀ ਦਰਖ਼ਾਸਤ ਖਾਰਜ ਕਰ ਦਿੱਤੀ ਹੈ। ਹੁਣ ਗੁਰਦੁਆਰਾ ਚੋਣ ਕਮਿਸ਼ਨ ਆਪਣੇ ਹਿਸਾਬ ਨਾਲ ਚੋਣਾਂ ਦੀਆਂ ਤਾਰੀਖ਼ਾਂ ਦਾ ਐਲਾਨ ਕਦੇ ਵੀ ਕਰ ਸਕਦਾ ਹੈ।

ਇਹ ਜਾਣਕਾਰੀ ਸ਼੍ਰੋਮਣੀ ਅਕਾਲੀ ਦਲ (ਦਿੱਲੀ) ਦੇ ਜਨਰਲ ਸਕੱਤਰ ਗੁਰਮੀਤ ਸਿੰਘ ਸ਼ੰਟੀ ਨੇ ਦਿੱਤੀ। ਉਨਾਂ ਦੇ ਮੁਤਾਬਕ ਕਮੇਟੀ ਦੀਆਂ ਆਮ ਚੋਣਾਂ ਨੂੰ ਰੋਕਣ ਲਈ ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ (ਬਾਦਲ) ਨੇ ਅਦਾਲਤ ਵਿਚ ਪਟੀਸ਼ਨ ਪਾਈ ਸੀ। ਪਟੀਸ਼ਨ ਰਾਹੀਂ ਅਕਾਲੀ ਦਲ ਨੇ ਚੋਣਾਂ ਲਈ ਨਵੀਂ ਵੋਟਰ ਲਿਸਟ ਫੋਟੋ ਦੇ ਨਾਲ ਬਣਾਉਣ ਦੀ ਮੰਗ ਕੀਤੀ ਸੀ, ਜੋ ਮੌਜੂਦਾ ਕੋਰੋਨਾ ਕਾਲ ਵਿਚ ਸੰਭਵ ਨਹੀਂ ਸੀ। ਜਦੋਂ ਕਿ ਦਿੱਲੀ ਸਰਕਾਰ ਨੇ ਅਦਾਲਤ ਨੂੰ ਦੱਸਿਆ ਕਿ ਉਹ ਜਨਵਰੀ-2020 ਵਿਚ ਹੋਈਆਂ ਦਿੱਲੀ ਵਿਧਾਨ ਸਭਾ ਦੀਆਂ ਚੋਣਾਂ ਵਾਲੀ ਵੋਟਰ ਲਿਸਟ ਨੂੰ ਰਵੀਜ਼ਨ ਕਰ ਕੇ ਚੋਣਾਂ ਕਰਾਉਣ ਲਈ ਤਿਆਰ ਹੈ।

ਇਸ ਦੇ ਲਈ ਦਿੱਲੀ ਸਰਕਾਰ ਨੇ ਨਵੇਂ ਵੋਟਰਾਂ ਨੂੰ ਜੋੜਨ ਅਤੇ ਬੋਗਸ ਵੋਟਾਂ ਨੂੰ ਹਟਾਉਣ ਲਈ ਵੱਡੀ ਮੁਹਿੰਮ ਚਲਾਈ ਸੀ, ਜਿਸ ਵਿਚ 18 ਸਾਲ ਦੀ ਉਮਰ ਪੂਰੀ ਕਰ ਚੁੱਕੇ ਸਿੱਖ ਨੌਜਵਾਨ ਨੂੰ ਵੀ ਜੋੜਿਆ ਗਿਆ ਸੀ। ਨਾਲ ਹੀ ਪੁਰਾਣੀ ਲਿਸਟ ਦੇ ਹਿਸਾਬ ਨਾਲ ਜੋ ਲੋਕ ਆਪਣੇ ਨਿਰਧਾਰਤ ਪਤਿਆਂ ’ਤੇ ਨਹੀਂ ਰਹਿੰਦੇ ਹਨ, ਉਨਾਂ ਦੇ ਨਾਂ ਵੀ ਕੱਟੇ ਗਏ ਹਨ। ਸ਼੍ਰੋਮਣੀ ਅਕਾਲੀ ਦਲ ਦਿੱਲੀ (ਸਰਨਾ) ਦੇ ਜਨਰਲ ਸਕੱਤਰ ਗੁਰਮੀਤ ਸਿੰਘ ਸ਼ੰਟੀ ਨੇ ਦਾਅਵਾ ਕੀਤਾ ਕਿ ਦਿੱਲੀ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਅਤੇ ਜਨਰਲ ਸਕੱਤਰ ਹਰਮੀਤ ਸਿੰਘ ਕਾਲਕਾ ਨਹੀਂ ਚਾਹੁੰਦੇ ਸਨ ਕਿ ਗੁਰਦੁਆਰਾ ਕਮੇਟੀ ਦੀਆਂ ਚੋਣਾਂ ਸਮੇਂ ਸਿਰ ਹੋਣ।

ਉਨਾਂ ਦੀ ਇੱਛਾ ਸੀ ਕਿ ਚੋਣਾਂ ਲਟਕ ਜਾਣ ਪਰ ਅਦਾਲਤ ਨੇ ਉਨਾਂ ਦੀਆਂ ਉਮੀਦਾਂ ’ਤੇ ਪਾਣੀ ਫੇਰ ਦਿੱਤਾ। ਉਨਾਂ ਮੁਤਾਬਕ ਹੁਣ ਉਹ ਦਿੱਲੀ ਸਰਕਾਰ ਅਤੇ ਗੁਰਦੁਆਰਾ ਚੋਣ ਕਮਿਸ਼ਨ ਦੇ ਡਾਇਰੈਕਟਰ ਤੋਂ ਮੰਗ ਕਰਨਗੇ ਕਿ ਜਲਦੀ ਤੋਂ ਜਲਦੀ ਚੋਣਾਂ ਕਰਵਾਉਣ ਦੀ ਪ੍ਰਕਿਰਿਆ ਸ਼ੁਰੂ ਕੀਤੀ ਜਾਵੇ। ਸ਼ੰਟੀ ਨੇ ਦਿੱਲੀ ਸਰਕਾਰ ਅੱਗੇ ਗੁਹਾਰ ਲਾਈ ਕਿ ਇਸ ਸਾਲ ਹੋਣ ਵਾਲੀਆਂ ਚੋਣਾਂ ਕਾਰਣ ਅੰਨੇਵਾਹ ਕੀਤੀਆਂ ਜਾ ਰਹੀਆਂ ਭਰਤੀਆਂ ਅਤੇ ਪ੍ਰਮੋਸ਼ਨਾਂ ’ਤੇ ਵੀ ਰੋਕਾਂ ਲਾਈਆਂ ਜਾਣ ਤਾਂ ਜੋ ਕਮੇਟੀ ਪ੍ਰਬੰਧਨ ਇਸ ਦੀ ਗਲਤ ਵਰਤੋਂ ਨਾ ਕਰੇ।

## ਹਰਿਆਣਾ ਗੁਰਦੁਆਰਾ ਕਮੇਟੀ ’ਚ ਫੁੱਟ ਪਈ

**ਗੁਹਲਾ ਚੀਕਾ /ਏ.ਟੀ.ਨਿਊਜ਼:** ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਫੁੱਟ ਉਸ ਸਮੇਂ ਖੁੱਲ ਕੇ ਸਾਹਮਣੇ ਆਈ ਜਦੋਂ ਬੈਠਕ ਦੌਰਾਨ ਕੁਝ ਮੈਂਬਰਾਂ ਵਿਚ ਧੱਕਾ-ਮੁੱਕੀ ਹੋ ਗਈ। ਇਥੇ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਕਾਰਜਕਾਰੀ ਮੀਟਿੰਗ ਹੋਈ, ਜਿਸ ਵਿਚ ਕਰੀਬ 8 ਮੈਂਬਰਾਂ ਨੇ ਹਿੱਸਾ ਲਿਆ, ਜਿਨਾਂ ਮੈਂਬਰਾਂ ਨੇ ਹਿੱਸਾ ਲਿਆ, ਉਨਾਂ ਵਿਚ ਜਥੇਦਾਰ ਪ੍ਰਧਾਨ ਬਲਜੀਤ ਸਿੰਘ ਦਾਦੂਵਾਲ, ਉਪ ਪ੍ਰਧਾਨ ਕਰਨੈਲ ਸਿੰਘ ਨਿੰਮਨਾਬਾਦ, ਜਸਬੀਰ ਸਿੰਘ, ਗੁਰਚਰਨ ਸਿੰਘ ਚੀਮੋ, ਸਵਰਨ ਸਿੰਘ ਰਤੀਆ, ਅਮਰਿੰਦਰ ਸਿੰਘ ਅਰੋੜਾ, ਸਤਪਾਲ ਸਿੰਘ ਪਿਹੋਵਾ ਤੇ ਅਪਾਰ ਸਿੰਘ ਕਿਸ਼ਨਗੜ ਆਦਿ ਸ਼ਾਮਿਲ ਸਨ। ਥੋੜੀ ਦੇਰ ਬਾਅਦ ਅਪਾਰ ਸਿੰਘ, ਕਰਨੈਲ ਸਿੰਘ ਆਦਿ ਕੁਝ ਮੈਂਬਰ ਮੀਟਿੰਗ ਤੋਂ ਬਾਹਰ ਆ ਗਏ ਤੇ ਗੁੱਸੇ ਚ ਉੱਚੀ-ਉੱਚੀ ਬੋਲਣਾ ਸ਼ੁਰੂ ਕਰ ਦਿੱਤਾ। ਉਨਾਂ ਕਿਹਾ ਕਿ ਇਥੇ ਕਮੇਟੀ ਦੇ ਮੈਂਬਰਾਂ ਦੀ ਕੋਈ ਸੁਣਵਾਈ ਨਹੀਂ ਹੋ ਰਹੀ ਹੈ । ਪ੍ਰਧਾਨ ਆਪਣੀ ਮਰਜ਼ੀ ਕਰ ਰਿਹਾ ਹੈ। ਏਨੇ ਵਿਚ ਪ੍ਰਧਾਨ ਦਾਦੂਵਾਲ ਦੇ ਨਿੱਜੀ ਗੰਨਮੈਨ ਅਪਾਰ ਸਿੰਘ ਕੋਲ ਪਹੁੰਚ ਗਏ ਤੇ ਕਹਿਣ ਲੱਗਾ ਕਿ ਤੁਸੀਂ ਗਾਲਾਂ ਕਿਉਂ ਕੱਢ ਰਹੇ ਹੋ, ਅਪਾਰ ਸਿੰਘ ਨੇ ਕਿਹਾ ਕਿ ਉਹ ਗਾਲਾਂ ਨਹੀਂ ਕੱਢ ਰਹੇ। ਉਹ ਆਪਣੀ ਆਵਾਜ਼ ਚੁੱਕ ਰਿਹਾ ਹੈ ਤੇ ਗੱਲ ਖਿੱਚੋਤਾਣ ’ਤੇ ਆ ਗਈ। ਇਸ ਦੌਰਾਨ ਕਰਨੈਲ ਸਿੰਘ ਨਿੰਮਨਾਬਾਦ ਤੇ ਕੁਝ ਲੋਕਾਂ ਨੇ ਵਿਚ ਪੈ ਕੇ ਮਾਮਲਾ ਸ਼ਾਂਤ ਕਰਵਾਇਆ। ਜਥੇਦਾਰ ਦਾਦੂਵਾਲ ਵਲੋਂ ਵੀ ਤੂੰ-ਤੂੰ, ਮੈਂ-ਮੈਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਗਈ । ਕਮੇਟੀ ਮੈਂਬਰ ਅਪਾਰ ਸਿੰਘ ਕਿਸ਼ਨਗੜ ਨਾਲ ਉਪਰੋਕਤ ਮਾਮਲੇ ਬਾਰੇ ਗੱਲਬਾਤ ਕੀਤੀ ਗਈ ਤਾਂ ਉਨਾਂ ਕਿਹਾ ਕਿ ਕਮੇਟੀ ਵਿਚ ਉਨਾਂ ਦੀ ਕੋਈ ਨਹੀਂ ਸੁਣਦਾ, ਜਿਸ ਸਬੰਧੀ ਉਹ ਨਾਰਾਜ਼ ਹਨ। ਬਲਜੀਤ ਸਿੰਘ ਦਾਦੂਵਾਲ ਨਾਲ ਉਪਰੋਕਤ ਮਾਮਲੇ ਬਾਰੇ ਗੱਲਬਾਤ ਕੀਤੀ ਗਈ ਤਾਂ ਉਨਾਂ ਕਿਹਾ ਕਿ ਦੋਸ਼ ਬੇਬੁਨਿਆਦ ਹਨ ਅਤੇ ਕਮੇਟੀ ਵਿਚ ਕਿਸੇ ਵੀ ਤਰਾਂ ਦਾ ਵਿਵਾਦ ਨਹੀਂ ਹੈ। ਉਨਾਂ ਕਿਹਾ ਕਿ ਗੁਰਦੁਆਰਾ ਕਮੇਟੀ ਤੋਂ ਕਿਸੇ ਨੂੰ ਪੈਸੇ ਖਾਣ ਦੀ ਆਗਿਆ ਨਹੀਂ ਹੈ । ਕਮੇਟੀ ਦੇ ਅੰਦਰ ਹਰ ਮੈਂਬਰ ਦੀ ਸੁਣਵਾਈ ਹੁੰਦੀ ਹੈ, ਕੰਮ ਕੀਤਾ ਜਾ ਰਿਹਾ ਹੈ ਅਤੇ ਸੰਗਤ ਦੇ ਹਿੱਤ ਵਿਚ ਕੀਤਾ ਜਾਵੇਗਾ ।




# 12 ਸਾਲਾਂ ਲੜਕਾ ਹਥਿਆਰ ਦੀ ਨੋਕ ’ਤੇ ਕਾਰਾਂ ਖੋਹਣ ਦੇ ਦੋਸ਼ ’ਚ ਗ੍ਰਿਫ਼ਤਾਰ

**ਕੈਲੀਫੋਰਨੀਆ/ਏ.ਟੀ.ਨਿਊਜ਼:** ਵਾਸ਼ਿੰਗਟਨ, ਡੀ.ਸੀ. ਵਿਚ ਪੁਲਸ ਦੁਆਰਾ ਇੱਕ 12 ਸਾਲਾ ਲੜਕੇ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ, ਜਿਸ ’ਤੇ ਸ਼ਹਿਰ ਵਿੱਚ ਤਕਰੀਬਨ ਇੱਕ ਘੰਟੇ ਦੌਰਾਨ ਹਥਿਆਰਬੰਦ ਹੋ ਕੇ ਚਾਰ ਕਾਰਾਂ ਲੁੱਟਣ ਦਾ ਇਲਜ਼ਾਮ ਲਗਾਇਆ ਗਿਆ ਹੈ।



ਇਸ ਦੌਰਾਨ ਬੀਤੇ ਵੀਰਵਾਰ ਦੋ ਸ਼ੱਕੀ ਵਿਅਕਤੀਆਂ ਨੇ ਇੱਕ ਵਾਹਨ ’ਚ ਬੈਠੇ ਇੱਕ ਵਿਅਕਤੀ ’ਤੇ ਬੰਦੂਕ ਤਾਣ ਕੇ ਉਸ ਨੂੰ ਵਾਹਨ ਤੋਂ ਬਾਹਰ ਨਿਕਲ ਜਾਣ ਲਈ ਕਿਹਾ, ਜਿਸ ਉਪਰੰਤ ਵਾਹਨ ਚਾਲਕ ਆਪਣੀ ਕਾਰ ਛੱਡ ਕੇ ਭੱਜ ਗਿਆ। ਦੋਵਾਂ ਦੋਸ਼ੀਆਂ ਨੇ 46 ਮਿੰਟ ਬਾਅਦ ਤਕਰੀਬਨ 7.15 ਵਜੇ ਪਹਿਲੀ ਘਟਨਾ ਦੇ ਸਥਾਨ ਤੋਂ ਕੁਝ ਬਲਾਕ ਦੂਰ ਦੁਬਾਰਾ ਇਸੇ ਤਰਾਂ ਦੀ ਕਾਰਵਾਈ ਨੂੰ ਅੰਜਾਮ ਦਿੱਤਾ। ਇਸ ਤੋਂ ਤਕਰੀਬਨ ਪੰਜ ਮਿੰਟ ਬਾਅਦ ਲਗਭਗ 7.20 ਵਜੇ, ਸ਼ੱਕੀ ਲੜਕਿਆਂ ਨੇ ਇੱਕ ਤੀਸਰੀ ਕਾਰ ਤੱਕ ਪਹੁੰਚ ਕੀਤੀ ਅਤੇ ਕਾਰ ਮਾਲਕ ਨੂੰ ਬੰਦੂਕ ਦਿਖਾਉਂਦਿਆਂ ਚਾਬੀਆਂ ਦੀ ਮੰਗ ਕੀਤੀ। ਇਸ ਕਰਕੇ ਇਹ ਕਾਰ ਮਾਲਕ ਵੀ ਪੈਦਲ ਹੀ ਘਟਨਾ ਸਥਾਨ ਤੋਂ ਚਲਾ ਗਿਆ।

ਇਸ ਤੋਂ ਬਾਅਦ ਕਰੀਬ 7.24 ਵਜੇ ਸ਼ੱਕੀਆਂ ਨੇ ਉੱਤਰ ਪੂਰਬ ਦੇ ਈਵਰਟਸ ਸਟ੍ਰੀਟ ਦੇ 1000 ਬਲਾਕ ਵਿੱਚ ਇੱਕ ਆਖਰੀ ਵਾਹਨ ਕੋਲ ਪਹੁੰਚ ਕੀਤੀ ਅਤੇ ਪੀੜਤ ਵਿਅਕਤੀ ਨੂੰ ਬੰਦੂਕ ਦੇ ਜ਼ੋਰ ’ਤੇ ਬਾਹਰ ਨਿਕਲਣ ਲਈ ਕਿਹਾ ਪਰ ਵਾਹਨ ਮਾਲਕ ਵੱਲੋਂ ਵਿਰੋਧ ਕਰਨ ਤੇ ਦੋਵੇਂ ਸ਼ੱਕੀ ਉਸ ਦੀ ਗੱਡੀ ਲੈ ਕੇ ਭੱਜ ਗਏ। ਪੁਲਿਸ ਦੁਆਰਾ ਸ਼ੱਕੀਆਂ ਵਿਚੋਂ ਇਕ ਨੂੰ ਥੋੜੇ ਸਮੇਂ ਬਾਅਦ ਫੜ ਲਿਆ ਗਿਆ ਅਤੇ ਪੀੜਤ ਵਿਅਕਤੀ ਦੀ ਗੱਡੀ ਵੀ ਬਰਾਮਦ ਕੀਤੀ ਗਈ। ਇੱਕ ਹੋਰ ਸ਼ੱਕੀ ਜੋ 12 ਸਾਲਾਂ ਲੜਕੇ ਦੇ ਨਾਲ ਸੀ, ਨੂੰ ਵੀ ਵੀਡੀਓ ਫੁਟੇਜ਼ ’ਤੇ ਵੇਖਿਆ ਗਿਆ ਹੈ ਪਰ ਅਜੇ ਤੱਕ ਉਸ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਗਿਆ ਹੈ। ਮੈਟਰੋਪੋਲੀਟਨ ਪੁਲਿਸ ਵਿਭਾਗ ਨੇ ਕਿਹਾ ਕਿ ਇਸ ਘਟਨਾ ਦੀ ਅਜੇ ਵੀ ਜਾਂਚ ਚੱਲ ਰਹੀ ਹੈ ਅਤੇ ਦੋਸ਼ੀ ਵਿਅਕਤੀ ਦੀ ਖ਼ਬਰ ਦੇਣ ਵਾਲੇ ਲਈ 10,000 ਡਾਲਰ ਤੱਕ ਦੇ ਇਨਾਮ ਦੀ ਵੀ ਪੇਸ਼ਕਸ਼ ਕੀਤੀ ਗਈ ਹੈ।

## ਪ੍ਰਵਾਸੀ ਭਾਰਤੀਆਂ ਨੂੰ ਤਬਲੀਗ ਜਾਂ ਮੀਡੀਆ ਸਰਗਰਮੀਆਂ ਵਿਚ ਹਿੱਸਾ ਲੈਣ ਲਈ ਲੈਣੀ ਪਵੇਗੀ ਮਨਜ਼ੂਰੀ

**ਨਵੀਂ ਦਿੱਲੀ /ਏ.ਟੀ.ਨਿਊਜ਼:** ਪ੍ਰਵਾਸੀ ਭਾਰਤੀ ਨਾਗਰਿਕ ਕਾਰਡਧਾਰਕਾਂ (ਓ.ਸੀ.ਆਈ.) ਨੂੰ ਦੇਸ਼ ਵਿਚ ਕਿਸੇ ਵੀ ਮਿਸ਼ਨਰੀ, ਤਬਲੀਗ ਜਾਂ ਮੀਡੀਆ ਨਾਲ ਜੁੜੀਆਂ ਸਰਗਰਮੀਆਂ ਵਿਚ ਸ਼ਮੂਲੀਅਤ ਲਈ ਕੇਂਦਰ ਸਰਕਾਰ ਤੋਂ ਵਿਸ਼ੇਸ਼ ਪ੍ਰਵਾਨਗੀ ਲੈਣੀ ਲਾਜ਼ਮੀ ਹੋਵੇਗੀ। ਹਾਲਾਂਕਿ ਕੇਂਦਰੀ ਗ੍ਰਹਿ ਮੰਤਰਾਲੇ ਨੇ ਕਿਹਾ ਕਿ ਓ.ਸੀ.ਆਈ. ਕਾਰਡਧਾਰਕਾਂ ਨੂੰ ਘਰੇਲੂ ਉਡਾਣਾਂ ਦੇ ਕਿਰਾਏ ’ਤੇ ਕੌਮੀ ਪਾਰਕਾਂ, ਪੁਰਾਤਨ ਇਮਾਰਤਾਂ ਤੇ ਅਜਾਇਬ ਘਰਾਂ ਦੀ ਫੇਰੀ ਮੌਕੇ ਦਾਖ਼ਲਾ ਫ਼ੀਸਾਂ ਤੇ ਹੋਰ ਸਹੂਲਤਾਂ ਭਾਰਤੀ ਨਾਗਰਿਕਾਂ ਵਾਂਗ ਮਿਲਦੀਆਂ ਰਹਿਣਗੀਆਂ । ਇਸ ਸਬੰਧੀ ਕੇਂਦਰੀ ਗ੍ਰਹਿ ਮੰਤਰਾਲੇ ਦੇ ਅਧਿਕਾਰੀ ਨੇ ਦੱਸਿਆ ਕਿ ਇਹ ਸਾਰੇ ਨੇਮ ਉਸ ਵਲੋਂ ਸਾਲ 20190 ਵਿਚ ਪ੍ਰਕਾਸ਼ਿਤ ਕਿਤਾਬਚੇ ’ਚ ਦਰਜ ਹਨ ਤੇ ਇਨਾਂ ਨੂੰ ਹਾਲ ਹੀ ’ਚ ਸੰਗਠਿਤ ਤੇ ਨੋਟੀਫਾਈ ਕੀਤਾ ਗਿਆ ਹੈ । ਮੰਤਰਾਲੇ ਨੇ ਇਕ ਨੋਟੀਫਿਕੇਸ਼ਨ ਵਿਚ ਕਿਹਾ ਕਿ ਓ.ਸੀ.ਆਈ. ਕਾਰਡਧਾਰਕਾਂ ਨੂੰ ਭਾਰਤ ’ਚ ਖੋਜ ਕਰਨ, ਕਿਸੇ ਮਿਸ਼ਨਰੀ, ਤਬਲੀਗ, ਪਹਾੜਾਂ ’ਤੇ ਚੜਨ ਜਾਂ ਮੀਡੀਆ ਨਾਲ ਜੁੜੀਆਂ ਸਰਗਰਮੀਆਂ ’ਚ ਸ਼ਾਮਲ ਹੋਣ ਲਈ ਵਿਦੇਸ਼ੀ ਨਾਗਰਿਕ ਖੇਤਰੀ ਰਜਿਸਟ੍ਰੇਸ਼ਨ ਅਧਿਕਾਰੀ ਜਾਂ ਭਾਰਤੀ ਸਫ਼ਾਰਤਖ਼ਾਨੇ ਤੋਂ ਵਿਸ਼ੇਸ਼ ਮਨਜ਼ੂਰੀ ਲੈਣੀ ਹੋਵੇਗੀ ।

## ਵਿਨੇਸ਼ ਦੇ ਬਾਅਦ ਬਜਰੰਗ ਪਹਿਲਵਾਨ ਨੇ ਜਿੱਤਿਆ ਸੋਨੇ ਦਾ ਤਮਗਾ

**ਰੋਮ/ਏ.ਟੀ.ਨਿਊਜ਼:** ਟੋਕੀਓ ਓਲੰਪਿਕ ਵਿਚ ਭਾਰਤ ਦੀ ਸਭ ਤੋਂ ਵੱਡੀ ਤਮਗੇ ਦੀ ਉਮੀਦ ਬਜਰੰਗ ਪੂਨੀਆ ਨੇ ਇਟਲੀ ਵਿਚ ਮਾਟਿਓ ਪੇਲੀਕੋਨ ਰੈਂਕਿੰਗ ਕੁਸ਼ਤੀ ਸੀਰੀਜ਼ ਵਿਚ 65 ਕਿਲੋਗ੍ਰਾਮ ਵਰਗ ਵਿਚ ਮੰਗੋਲੀਆ ਦੇ ਤੁਲਗਾ ਤੁਮੂਰ ਓਚਿਰ ਨੂੰ ਹਰਾ ਕੇ ਸੋਨੇ ਦਾ ਤਮਗਾ ਜਿੱਤਿਆ ਅਤੇ ਇਸ ਦੇ ਨਾਲ ਹੀ ਉਹ ਆਪਣੇ ਭਾਰ ਵਰਗ ਵਿਚ ਫਿਰ ਤੋਂ ਦੁਨੀਆ ਦੇ ਨੰਬਰ ਇਕ ਪਹਿਲਵਾਨ ਬਣ ਗਏ।



ਬਜਰੰਗ ਆਖ਼ਰੀ ਪਲਾਂ ਤੱਕ ਪਿਛੜ ਰਹੇ ਸਨ ਪਰ ਉਨਾਂ ਨੇ ਆਖ਼ਰੀ 30 ਸਕਿੰਟਾਂ ਵਿਚ 2 ਅੰਕ ਬਣਾ ਕੇ ਸੋਨੇ ਦਾ ਤਮਗਾ ਜਿੱਤ ਲਿਆ ਅਤੇ ਆਪਣੇ ਖ਼ਿਤਾਬ ਦਾ ਸਫ਼ਲਤਾਪੂਰਵਕ ਬਚਾਅ ਕੀਤਾ, ਜਿਸ ਨਾਲ ਉਨਾਂ ਨੇ ਆਪਣੇ ਭਾਰ ਵਰਗ ਵਿਚ ਫਿਰ ਤੋਂ ਨੰਬਰ ਇਕ ਰੈਂਕਿੰਗ ਹਾਸਲ ਕਰ ਲਈ। ਬਜਰੰਗ ਇਸ ਮੁਕਾਬਲੇ ਤੋਂ ਪਹਿਲਾਂ ਦੂਜੇ ਸਥਾਨ ’ਤੇ ਸਨ।

ਮੁਕਾਬਲੇ ਵਿਚ ਸਕੋਲ 2-2 ਨਾਲ ਬਰਾਬਰ ਰਿਹਾ ਪਰ ਆਖ਼ਰੀ 2 ਅੰਕ ਲੈਣ ਕਾਰਨ ਬਜਰੰਗ ਜੇਤੂ ਬਣ ਗਏ। ਬਜਰੰਗ ਇਸ ਮੁਕਾਬਲੇ ਵਿਚ 14 ਅੰਕ ਹਾਸਲ ਕਰਨ ਨਾਲ ਸਿਖ਼ਰ ’ਤੇ ਪਹੁੰਚ ਗਏ। ਤਾਜ਼ਾ ਰੈਂਕਿੰਗ ਸਿਰਫ਼ ਇਸ ਟੂਰਨਾਮੈਂਟ ਦੇ ਨਤੀਜੇ ’ਤੇ ਆਧਾਰਿਤ ਹੈ ਅਤੇ ਇਸ ਲਈ ਸੋਨੇ ਦਾ ਤਮਗਾ ਜਿੱਤਣ ਵਾਲਾ ਪਹਿਲਵਾਨ ਨੰਬਰ ਇਕ ਰੈਂਕਿੰਗ ਹਾਸਲ ਕਰ ਰਿਹਾ ਹੈ। ਇਸ ਤੋਂ ਪਹਿਲਾਂ ਮਹਿਲਾ ਪਹਿਲਵਾਨ ਵਿਨੇਸ਼ ਫੋਗਾਟ ਨੇ ਵੀ ਸੋਨੇ ਦਾ ਤਮਗਾ ਜਿੱਤਿਆ ਸੀ ਅਤੇ ਉਹ ਵੀ ਆਪਣੇ ਭਾਰ ਵਰਗ ਵਿਚ ਨੰਬਰ ਵਿਚ ਪਹਿਲਵਾਨ ਬਣੀ ਸੀ।

ਵਿਸ਼ਾਲ ਕਾਲੀਰਮਣ ਨੇ ਗੈਰ ਓਲੰਪਿਕ ਵਰਗ 70 ਕਿਲੋਗ੍ਰਾਮ ਵਿਚ ਕਜ਼ਾਖ਼ਿਸਤਾਨ ਦੇ ਸੀਰਬਾਜ ਤਾਲਗਤ ਨੂੰ 5-1 ਨਾਲ ਹਰਾ ਕੇ ਕਾਂਸੀ ਦਾ ਤਮਗਾ ਜਿੱਤਿਆ, ਜਦੋਂ ਕਿ ਨਰਸਿੰਘ ਪੰਚਮ ਯਾਦਵ 74 ਕਿਲੋਗ੍ਰਾਮ ਵਰਗ ਵਿਚ ਕਾਂਸੀ ਤਮਗੇ ਦੇ ਮੁਕਾਬਲੇ ਵਿਚ ਕਜ਼ਾਖ਼ਿਸਤਾਨ ਦੇ ਦਾਨਿਆਰ ਕੈਸਾਨੋਵ ਤੋਂ ਹਾਰ ਗਏ। ਨਰਸਿੰਘ ਡੋਪਿੰਗ ਕਾਰਨ ਲੱਗੀ 4 ਸਾਲ ਦੀ ਪਾਬੰਦੀ ਦੇ ਬਾਅਦ ਵਾਪਸੀ ਕਰ ਰਹੇ ਹਨ। ਭਾਰਤ ਨੇ ਸਾਲ ਦੀ ਇਸ ਪਹਿਲੀ ਰੈਂਕਿੰਗ ਸੀਰੀਜ਼ ਵਿਚ ਕੁੱਲ 7 ਤਮਗੇ ਜਿੱਤੇ। ਮਹਿਲਾ ਵਰਗ ਵਿਚ ਵਿਨੇਸ਼ ਫੋਗਾਟ ਨੇ ਸੋਨੇ ਦਾ ਤਮਗਾ ਅਤੇ ਸਰਿਤਾ ਮੋਰ ਨੇ ਚਾਂਦੀ ਦਾ ਤਮਗਾ ਜਿੱਤਿਆ ਸੀ। ਗ੍ਰੀਕੋ ਰੋਮਨ ਪਹਿਲਵਾਨ ਨੀਰਜ (63 ਕਿਲੋਗ੍ਰਾਮ), ਕੁਲਦੀਪ ਮਲਿਕ (72 ਕਿਲੋਗ੍ਰਾਮ) ਅਤੇ ਨਵੀਨ (130 ਕਿਲੋਗ੍ਰਾਮ) ਨੇ ਕਾਂਸੀ ਤਮਗਾ ਜਿੱਤੇ।


When tired of all treatments for any disease at any age TRY
HOMEOPATHIC
EXPERIENCED CONSULTANT PHYSICIAN SINCE 1973
ਹੋਰ ਇਲਾਜਾਂ ਤੋਂ ਥੱਕ ਗਏ ਹੋ ਤਾਂ ਹੋਮੀਉਪੈਥੀ ਅਜਮਾਉ
WE SELL HOMEOPATHY MEDICINES
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ, ਵਜਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜੋਰੀ ਦਾ ਪੱਕਾ ਇਲਾਜ

GURDIP SINGH SANDHU
DHMS-Gold Medalist, BAMS,MDEH, INDIA
Ex Principal Homeopathic medical colleges in India,
Prof., Chief Medical Officer,
Ex Member NCH and CA Homeomedical Society
Working under act SB 577 state of CA
American Red Cross
Cell Phone: 408 687 1899
Office: 925 999 8278
7021 village park way Dublin ca 94568
Email: homeomedicine@yahoo.com
ਡਾ ਸੰਧੂ ਦੇ ਲਾਈਵ ਸਿਹਤ ਵਿਗਿਆਨ ਦੇ ਪ੍ਰੋਗਰਾਮ ਸੁਨਣ ਲਈ ਜੱਸ ਪੰਜਾਬੀ ਟੀ ਵੀ ਤੇ ਰੇਡੀਓ SabRang ਰੋਜ਼ਾਨਾ ਸੁਣੋ
(Download Sub Rang Radio station application)

Homeopathicvibes
We treat Acute and chronic diseases like Asthma, Allergies, Mood swings, Migraine, Anxiety,Depression, Insomnia, Bed wetting, Acne, Diabetes, Arthritis, PMS, Acidity, Indigestion, Hot flashes, Blood Pressure, Kidney stones, Neuralgic pains, Skin disorders, especially non specific headaches and many more....

Now we have two locations :
940, E. El Camino Real, Sunnyvale, CA 94087
Office : (408) 737-7100 Fax: (408) 737-7102
39039 Paseo Padre Pkwy Suite #209 (upstairs) Fremont CA 94538
www.homeopathicvibes.com
We sell and ship homeopathic remedies through out North America.
ਸਮੂਹ ਸਰਪ੍ਰਸਤਾਂ ਅਤੇ ਸਹਿਯੋਗੀਆਂ ਦਾ ਬਹੁਤ ਬਹੁਤ ਧੰਨਵਾਦ
Harminder Singh Gill D.H.M.S;B.C.I.H
(Ex Homeopathic Medical officer Punjab Govt.)

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ

ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co, website: capitalservices.us

ALL STATE INSURANCE
Allstate You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS

Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD SUITE #221, HAYWARD, CA 94544

## ਮਾਮਲਾ ਕਿਸਾਨ ਅੰਦੋਲਨ ਬਾਰੇ ਬ੍ਰਿਟਿਸ਼ ਸੰਸਦ ਮੈਂਬਰਾਂ ਦੀ ਚਰਚਾ ਦਾ

# ਭਾਰਤ ਸਰਕਾਰ ਔਖੀ, ਕਿਹਾ- ਇਕਪਾਸੜ ਵਿਚਾਰ ਵਟਾਂਦਰੇ 'ਚ ਝੂਠੇ ਦਾਅਵੇ ਕੀਤੇ ਗਏ

**ਲੰਡਨ/ਏ.ਟੀ.ਨਿਊਜ਼:** ਬ੍ਰਿਟੇਨ ਦੀ ਰਾਜਧਾਨੀ ਲੰਡਨ ਵਿਚ ਭਾਰਤੀ ਹਾਈ ਕਮਿਸ਼ਨ ਨੇ ਸ਼ਾਂਤੀਪੂਰਵਕ ਵਿਰੋਧ ਕਰਨ ਦੇ ਅਧਿਕਾਰ ਅਤੇ ਪ੍ਰੈਸ ਦੀ ਆਜ਼ਾਦੀ ਦੇ ਮੁੱਦੇ 'ਤੇ ਭਾਰਤ ਵਿਚ ਤਿੰਨ ਖੇਤੀ ਕਾਨੂੰਨਾਂ ਵਿਰੁੱਧ ਚੱਲ ਰਹੇ ਕਿਸਾਨ ਵਿਰੋਧ ਪ੍ਰਦਰਸ਼ਨ ਦੇ ਵਿਚ 'ਈ-ਪਟੀਸ਼ਨ' 'ਤੇ ਕੁੱਝ ਕੁਝ ਸੰਸਦ ਮੈਂਬਰਾਂ ਵਿੱਚ ਹੋਈ ਚਰਚਾ ਦੀ ਨਿਖੇਧੀ ਕੀਤੀ ਗਈ ਹੈ।

ਹਾਈ ਕਮਿਸ਼ਨ ਨੇ ਬ੍ਰਿਟੇਨ ਦੇ ਸੰਸਦ ਕੰਪਲੈਕਸ ਵਿੱਚ ਹੋਈ ਵਿਚਾਰ ਵਟਾਂਦਰੇ ਦੀ ਨਿਖੇਧੀ ਕਰਦਿਆਂ ਕਿਹਾ ਕਿ 'ਇਸ ਇਕ ਪਾਸੜ ਵਿਚਾਰ ਵਟਾਂਦਰੇ ਵਿੱਚ ਝੂਠੇ ਦਾਅਵੇ ਕੀਤੇ ਗਏ ਹਨ। ਹਾਈ ਕਮਿਸ਼ਨ ਨੇ ਕਿਹਾ, 'ਇਹ ਬਹੁਤ ਦੁੱਖ ਦੀ ਗੱਲ ਹੈ ਕਿ ਸੰਤੁਲਿਤ ਬਹਿਸ ਦੀ ਬਜਾਏ ਬਿਨਾਂ ਕਿਸੇ ਠੋਸ ਅਧਾਰ ਦੇ ਝੂਠੇ ਦਾਅਵੇ ਕੀਤੇ ਗਏ ਹਨ । ਇਸਨੇ ਵਿਸ਼ਵ ਦੇ ਸਭ ਤੋਂ ਵੱਡੇ ਲੋਕਤੰਤਰੀ ਅਤੇ ਇਸਦੇ ਅਦਾਰਿਆਂ ਉੱਤੇ ਸਵਾਲ ਖੜੇ ਕੀਤੇ ਹਨ।'

ਇਹ ਵਿਚਾਰ-ਵਟਾਂਦਰੇ ਇਕ 'ਈ-ਪਟੀਸ਼ਨ' 'ਤੇ ਹੋਇਆ ਸੀ ਜਿਸ ਵਿਚ ਇਕ ਲੱਖ ਤੋਂ ਜ਼ਿਆਦਾ ਲੋਕਾਂ ਦੇ ਦਸਤਖਤ ਸਨ। ਭਾਰਤੀ ਹਾਈ ਕਮਿਸ਼ਨ ਨੇ ਇਸ ਵਿਚਾਰ ਵਟਾਂਦਰੇ 'ਤੇ ਆਪਣੀ ਨਾਰਾਜ਼ਗੀ ਜ਼ਾਹਰ ਕੀਤੀ ਹੈ। ਹਾਲਾਂਕਿ, ਯੂ.ਕੇ. ਸਰਕਾਰ ਪਹਿਲਾਂ ਹੀ ਭਾਰਤ ਦੇ ਤਿੰਨ ਨਵੇਂ ਖੇਤੀ ਕਾਨੂੰਨਾਂ ਦੇ ਮੁੱਦੇ ਨੂੰ ਉਸਦਾ 'ਘਰੇਲੂ ਮਾਮਲਾ' ਕਰਾਰ ਦੇ ਚੁੱਕੀ ਹੈ।

ਭਾਰਤ ਦੀ ਮਹੱਤਤਾ ਨੂੰ ਦਰਸਾਉਂਦੇ ਹੋਏ ਬ੍ਰਿਟਿਸ਼ ਸਰਕਾਰ ਨੇ ਕਿਹਾ, 'ਭਾਰਤ ਅਤੇ ਬ੍ਰਿਟੇਨ ਸੰਯੁਕਤ ਰਾਸ਼ਟਰ ਦੀ ਸੁਰੱਖਿਆ ਪਰਿਸ਼ਦ ਦੀ ਬਿਹਤਰੀ ਲਈ ਇਕ ਸ਼ਕਤੀ ਵਜੋਂ ਕੰਮ ਕਰਦੇ ਹਨ ਅਤੇ ਦੋਵਾਂ ਦੇਸ਼ਾਂ ਦਰਮਿਆਨ ਦੁਵੱਲੇ ਸਹਿਯੋਗ ਕਈ ਵਿਸ਼ਵਵਿਆਪੀ ਸਮੱਸਿਆਵਾਂ ਦੇ ਹੱਲ ਲਈ ਮਦਦ ਕਰਦਾ ਹੈ।'

**ਕੀ ਹੈ ਮਾਮਲਾ**

ਪੱਤਰਕਾਰ ਮਨਪ੍ਰੀਤ ਸਿੰਘ ਬੱਧਨੀ ਕਲਾਂ ਅਨੁਸਾਰ ਯੂ.ਕੇ. ਦੀ ਸੰਸਦ ਵਿਚ ਭਾਰਤ 'ਚ ਖੇਤੀ ਕਾਨੂੰਨਾਂ ਨੂੰ ਲੈ ਕੇ ਪ੍ਰਦਰਸ਼ਨ ਕਰ ਰਹੇ ਕਿਸਾਨਾਂ ਦੀ ਸੁਰੱਖਿਆ ਅਤੇ ਪੱਤਰਕਾਰਤਾ ਦੀ ਆਜ਼ਾਦੀ ਨੂੰ ਲੈ ਕੇ 90 ਮਿੰਟ ਦੀ ਬਹਿਸ ਹੋਈ। ਕੌਂਸਲਰ ਗੁਰਚਰਨ ਸਿੰਘ ਵਲੋਂ ਦਾਇਰ ਕੀਤੀ ਪਟੀਸ਼ਨ 'ਤੇ 1 ਲੱਖ ਤੋਂ ਵੱਧ ਦਸਤਖ਼ਤ ਹੋਣ ਤੋਂ ਬਾਅਦ ਹੋਈ ਇਸ ਬਹਿਸ ਦੀ ਅਗਵਾਈ ਸਕਾਟਿਸ਼ ਨੈਸ਼ਨਲ ਪਾਰਟੀ ਦੇ ਸੰਸਦ ਮੈਂਬਰ ਮਾਰਟਿਨ ਡੇਅ ਵਲੋਂ ਕੀਤੀ ਗਈ। ਉਨਾਂ ਇਸ ਘਟਨਾਕ੍ਰਮ ਬਾਰੇ ਵਿਸਥਾਰ ਵਿਚ ਜਾਣਕਾਰੀ ਦਿੱਤੀ। ਬਹਿਸ 'ਚ ਖ਼ਾਲਿਦ ਮਹਿਮੂਦ, ਥੈਰੀਸਾ ਵਿਲਰ, ਜੈਰਮੀ ਕੌਰਬਿਨ ਸਾਬਕਾ ਲੇਬਰ ਲੀਡਰ, ਤਾਹਿਰ ਅਲੀ, ਐਮ.ਪੀ. ਵਰਿੰਦਰ ਸ਼ਰਮਾ, ਫੋਲ ਬਰਿਸਟੋਅ, ਸੀਮਾ ਮਲਹੋਤਰਾ, ਪੈਟ ਮੈਕਫੈਡਨ, ਤਨਮਨਜੀਤ ਸਿੰਘ ਢੇਸੀ, ਨਾਜ਼ ਸ਼ਾਹ, ਲਾਇਲਾ ਮੌਰਨ, ਨਾਡੀਆ ਵਿਟੋਹਮ, ਜੌਹਨ ਮੈਕਡਾਨਲ, ਵਿਸ ਸਟੀਰਿੰਗ, ਐਡਮ ਹੈਲੋਵੇਅ, ਬਰੈਂਡਨ ਓ ਹਾਰਾ (ਸਕਾਟਿਸ਼ ਪਾਰਟੀ ਦੇ ਬੁਲਾਰੇ), ਸਟੀਫਨ ਕਿੰਨਨੌਕ (ਸ਼ੈਡੋ ਮੰਤਰੀ) ਨੇ ਹਿੱਸਾ ਲਿਆ ਅਤੇ ਸਰਕਾਰ ਵਲੋਂ ਮੰਤਰੀ ਨਾਈਜ਼ਲ ਐਡਮ ਨੇ ਅਖੀਰ 'ਚ ਜਵਾਬ ਦਿੱਤਾ। ਬੁਲਾਰਿਆਂ ਨੇ ਖੇਤੀ ਕਾਨੂੰਨਾਂ ਨੂੰ ਭਾਰਤ ਦਾ ਅੰਦਰੂਨੀ ਮਾਮਲਾ ਕਿਹਾ ਪਰ ਪ੍ਰਦਰਸ਼ਨਕਾਰੀਆਂ 'ਤੇ ਕੀਤੇ ਹਿੰਸਕ ਤਸ਼ੱਦਦ, ਪੱਤਰਕਾਰਾਂ ਦੀਆਂ ਗ੍ਰਿਫ਼ਤਾਰੀਆਂ, ਕਿਸਾਨਾਂ ਦੀਆਂ ਮੌਤਾਂ 'ਤੇ ਚਿੰਤਾ ਪ੍ਰਗਟ ਕੀਤੀ। ਬਹਿਸ ਦੌਰਾਨ 26 ਜਨਵਰੀ ਨੂੰ ਹੋਏ ਘਟਨਾਕ੍ਰਮ ਦਾ ਵੀ ਜ਼ਿਕਰ ਕੀਤਾ ਗਿਆ, ਬੁਲਾਰਿਆਂ ਨੇ ਕਿਹਾ ਇਸ ਅੰਦੋਲਨ ਤੋਂ ਸਿੱਖ ਭਾਈਚਾਰਾ ਖਾਸ ਤੌਰ 'ਤੇ ਚਿੰਤਤ ਹੈ। ਮੀਡੀਆ 'ਤੇ ਭਾਰਤ ਸਰਕਾਰ ਦੇ ਕੰਟਰੋਲ ਕਰਨ ਦੀ ਵੀ ਗੱਲ ਕਹੀ ਗਈ। ਐਮ.ਪੀ. ਵਰਿੰਦਰ ਸ਼ਰਮਾ ਨੇ ਇਸ ਮਾਮਲੇ ਦੇ ਹੱਲ ਲਈ ਯੂ.ਕੇ. ਸਰਕਾਰ ਨੂੰ ਮਦਦ ਕਰਨ ਲਈ ਕਿਹਾ। ਐਮ.ਪੀ. ਢੇਸੀ ਨੇ ਭਾਰਤ ਦੇ ਖਿਡਾਰੀਆਂ ਤੇ ਫਿਲਮੀ ਸਿਤਾਰਿਆਂ ਵਲੋਂ ਸ਼ੋਸ਼ਲ ਮੀਡੀਆ 'ਤੇ ਸਾਂਝੇ ਕੀਤੇ ਸੁਨੇਹਿਆਂ ਦਾ ਜ਼ਿਕਰ ਕਰਦਿਆਂ ਭਾਰਤ ਦੀ ਆਲੋਚਨਾ ਕੀਤੀ। ਬੁਲਾਰਿਆਂ ਨੇ ਨੌਦੀਪ ਕੌਰ ਦੀ ਗ੍ਰਿਫ਼ਤਾਰੀ, ਇੰਟਰਨੈੱਟ ਸੇਵਾਵਾਂ ਬੰਦ ਕਰਨ ਸਮੇਤ ਮਨੁੱਖੀ ਅਧਿਕਾਰਾਂ ਦੀ ਉਲੰਘਣਾ 'ਤੇ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਇਹ ਮਾਮਲਾ ਪ੍ਰਧਾਨ ਮੰਤਰੀ ਬੌਰਿਸ ਜਾਨਸਨ ਨੂੰ ਪ੍ਰਧਾਨ ਮੰਤਰੀ ਮੋਦੀ ਕੋਲ ਉਠਾਉਣ ਦੀ ਮੰਗ ਕੀਤੀ। ਐਮ.ਪੀ. ਥੈਰੀਸਾ ਵਿਲਰ ਨੇ ਚੱਲ ਰਹੇ ਲੰਬੇ ਕਿਸਾਨੀ ਅੰਦੋਲਨ ਨੂੰ ਭਾਰਤ ਦੀ ਸੁੰਦਰਤਾ ਆਖਦਿਆਂ ਕਿਹਾ ਕਿ ਇਹ ਲੋਕਤੰਤਰ ਦਾ ਨਤੀਜਾ ਹੈ। ਬਹਿਸ ਦੇ ਅਖੀਰ ਵਿਚ ਮੰਤਰੀ ਨਾਈਜ਼ਲ ਐਡਮਜ਼ ਨੇ ਜਵਾਬ ਦਿੰਦਿਆਂ ਕਿਹਾ ਕਿ ਉਨਾਂ ਦੀ ਇਸ ਮਾਮਲੇ ਸਬੰਧੀ ਭਾਰਤੀ ਹਾਈ ਕਮਿਸ਼ਨ ਲੰਡਨ ਨਾਲ ਗੱਲ ਹੋਈ ਹੈ। ਉਨਾਂ ਅਨੁਸਾਰ ਖੇਤੀ ਕਾਨੂੰਨਾਂ 'ਤੇ ਸੁਪਰੀਮ ਕੋਰਟ ਨੇ ਰੋਕ ਲਗਾ ਕੇ ਮਸਲੇ ਦੇ ਹੱਲ ਲਈ ਕਮੇਟੀ ਦਾ ਗਠਨ ਕੀਤਾ ਹੈ। ਉਨਾਂ ਕਿਹਾ ਕਿ ਖੇਤੀ ਕਾਨੂੰਨ ਭਾਰਤ ਦਾ ਅੰਦਰੂਨੀ ਮਾਮਲਾ ਹੈ, ਸ਼ਾਂਤਮਈ ਪ੍ਰਦਰਸ਼ਨ ਕਰਨਾ ਨਾਗਰਿਕਾਂ ਦਾ ਹੱਕ ਹੈ, ਪ੍ਰੈੱਸ ਦੀ ਆਜ਼ਾਦੀ ਲੋਕਤੰਤਰ ਲਈ ਬਹੁਤ ਜ਼ਰੂਰੀ ਹੈ। ਅਸੀਂ ਭਾਰਤ ਸਰਕਾਰ ਨਾਲ ਮਹੱਤਵਪੂਰਨ ਮੁੱਦਿਆਂ 'ਤੇ ਜ਼ਰੂਰ ਗੱਲ ਕਰਾਂਗੇ। ਵਿਦੇਸ਼ ਮੰਤਰੀ ਪਹਿਲਾਂ ਹੀ ਕਿਸਾਨ ਅੰਦੋਲਨ ਬਾਰੇ ਗੱਲ ਕਰ ਚੁੱਕੇ ਹਨ। ਇਸ ਮੌਕੇ ਇਹ ਗੱਲ ਵੀ ਸਾਹਮਣੇ ਆਈ ਕਿ ਖੇਤੀ ਸਬੰਧੀ ਵਿਸ਼ਵ ਵਿਆਪੀ ਹੋਈ ਸੰਧੀ ਦੇ ਆਰਟੀਕਲ 9 ਨੂੰ ਘੋਖਣ ਦੀ ਲੋੜ ਹੈ ਇਸ ਸੰਧੀ 'ਤੇ ਭਾਰਤ ਨੇ ਵੀ ਦਸਤਖ਼ਤ ਕੀਤੇ ਹਨ।





DIAMOND TRANSPORTATION
DIAMOND
Transportation Logistics, Inc.
Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ
Good Pay
Dedicated Routs
Weekly Payment
ਇਕ ਹਫ਼ਤੇ 'ਚ ਪੇਮੈਂਟ ਲਵੋ

ਅੱਜ ਹੀ ਕਾਲ ਕਰੋ :
ਗੁਲਵਿੰਦਰ ਸਿੰਘ ਗਾਖ਼ਲ
209.487.3699
ਹਰਨੇਕ ਸਿੰਘ ਅਟਵਾਲ
209.351.5965
2850 Loomis Rd, Stockton, CA 95205

# ਕੈਪਟਨ ਸਰਕਾਰ ਦਾ ਆਖਰੀ ਬਜਟ

**✪ ਵਿਧਾਨ ਸਭਾ ਚੋਣਾਂ ਨੂੰ ਦੇਖਦਿਆਂ ਸਾਰੇ ਵਰਗਾਂ ਨੂੰ ਖੁਸ਼ ਕਰਨ ਦੀ ਕੋਸ਼ਿਸ਼ ✪ ਸਰਕਾਰੀ ਬੱਸਾਂ ਵਿਚ ਔਰਤਾਂ ਤੇ ਵਿਦਿਆਰਥੀਆਂ ਨੂੰ ਮੁਫ਼ਤ ਸਫ਼ਰ ਦੀ ਸਹੂਲਤ ✪ ਕਿਸਾਨੀ ਕਰਜ਼ਿਆਂ 'ਤੇ ਲੀਕ ਲਈ 1186 ਕਰੋੜ ਰੁਪਏ ਦਾ ਪ੍ਰਬੰਧ ✪ ਬੁਢਾਪਾ ਪੈਨਸ਼ਨ 750 ਰੁਪਏ ਤੋਂ ਵਧਾ ਕੇ 1500 ਰੁਪਏ ਕੀਤੀ ✪ ਆਸ਼ੀਰਵਾਦ ਸਕੀਮ ਤਹਿਤ ਰਕਮ ਵਧਾ ਕੇ 51 ਹਜ਼ਾਰ ਰੁਪਏ ਕੀਤੀ ✪ ਬਜਟ ਕਿਸਾਨਾਂ ਨੂੰ ਮਾਯੂਸੀ 'ਚੋਂ ਕੱਢਣ ਦਾ ਯਤਨ : ਮਨਪ੍ਰੀਤ**

**ਚੰਡੀਗੜ/ਏ.ਟੀ.ਨਿਊਜ਼:** ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠਲੀ ਪੰਜਾਬ ਸਰਕਾਰ ਨੇ ਆਪਣੇ ਕਾਰਜਕਾਲ ਦਾ 1,68,015 ਕਰੋੜ ਰੁਪਏ ਦਾ ਆਖਰੀ ਬਜਟ ਪੇਸ਼ ਕੀਤਾ। ਬਹੁਤ ਗੰਭੀਰ ਸੰਕਟ ਨਾਲ ਜੂਝ ਰਹੇ ਸੂਬੇ ਲਈ ਰਣਨੀਤਕ ਦਿਸ਼ਾ ਦ੍ਰਿਸ਼ਟੀ ਦੀ ਬਜਾਏ ਬਜਟ ਵਿਚ ਕਾਂਗਰਸ ਦੇ ਚੋਣ ਮਨੋਰਥ ਪੱਤਰ ਵਿਚ ਕੀਤੇ ਕੁਝ ਵਾਅਦਿਆਂ ਮੁਤਾਬਿਕ ਵੋਟ ਬੈਂਕ ਮਜ਼ਬੂਤ ਕਰਨ ਦੀ ਦਾਅਵੇਦਾਰੀ ਦਾ ਝਲਕਾਰਾ ਸਪੱਸ਼ਟ ਦਿਖਾਈ ਦਿੰਦਾ ਹੈ। ਸਰਕਾਰੀ ਬੱਸਾਂ ਵਿਚ ਔਰਤਾਂ ਨੂੰ ਮੁਫ਼ਤ ਸਫ਼ਰ, ਬੁਢਾਪਾ, ਵਿਧਵਾ, ਅੰਗਹੀਣ ਤੇ ਬੇਸਹਾਰਾ ਪੈਨਸ਼ਨ ਦੁੱਗਣੀ ਕਰ ਕੇ 1500 ਰੁਪਏ ਮਹੀਨਾ ਕਰਨ, ਆਸ਼ੀਰਵਾਦ ਸਕੀਮ 51 ਹਜ਼ਾਰ ਰੁਪਏ ਕਰਨ ਅਤੇ ਸਰਕਾਰੀ ਮੁਲਾਜ਼ਮਾਂ ਲਈ ਛੇਵੇਂ ਤਨਖ਼ਾਹ ਕਮਿਸ਼ਨ ਦੀ ਰਿਪੋਰਟ ਲਾਗੂ ਕਰਨ ਲਈ 9 ਹਜ਼ਾਰ ਕਰੋੜ ਰੁਪਏ ਰੱਖਣਾ ਆਦਿ ਅਜਿਹੇ ਹੀ ਐਲਾਨ ਹਨ। ਸਰਕਾਰੀ ਖੇਤਰ ਵਿਚ 48000 ਨੌਕਰੀਆਂ ਦੇਣ ਦਾ ਵਾਅਦਾ ਕੀਤਾ ਗਿਆ ਹੈ। ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਤਿੰਨ ਖੇਤੀ ਕਾਨੂੰਨਾਂ ਖ਼ਿਲਾਫ਼ ਅੰਦੋਲਨ ਕਰ ਰਹੇ ਕਿਸਾਨਾਂ ਨੂੰ ਸੂਬੇ ਦਾ ਬਜਟ ਸਮਰਪਿਤ ਕਰਦਿਆਂ ਕਿਸਾਨਾਂ ਦੀ ਭਲਾਈ ਲਈ 17051 ਕਰੋੜ ਰੁਪਏ ਦਾ ਪ੍ਰਬੰਧ ਕੀਤਾ ਹੈ। 'ਫਸਲੀ ਕਰਜ਼ਾ ਮੁਆਫੀ ਸਕੀਮ' ਤਹਿਤ ਵਰੇ 2021-22 ਦੌਰਾਨ ਅਗਲੇ ਪੜਾਅ ਤਹਿਤ 1.13 ਲੱਖ ਕਿਸਾਨਾਂ ਦਾ 1186 ਕਰੋੜ ਰੁਪਏ ਦਾ ਕਰਜ਼ਾ ਅਤੇ ਬੇਜ਼ਮੀਨੇ ਖੇਤ ਮਜ਼ਦੂਰਾਂ ਦਾ 526 ਕਰੋੜ ਰੁਪਏ ਦਾ ਕਰਜ਼ਾ ਮੁਆਫ਼ ਕਰਨ ਲਈ ਕੁੱਲ 1712 ਕਰੋੜ ਰੁਪਏ ਬਜਟ ਵਿਚ ਰੱਖੇ ਗਏ ਹਨ। ਪਰ ਖ਼ੁਦਕੁਸ਼ੀ ਪੀੜਤ ਕਿਸਾਨ-ਮਜ਼ਦੂਰ ਪਰਿਵਾਰਾਂ ਲਈ ਰਾਹਤ ਰਾਸ਼ੀ ਬਾਰੇ ਵਿੱਤ ਮੰਤਰੀ ਖਾਮੋਸ਼ ਰਹੇ। ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ 2.73 ਲੱਖ ਕਰੋੜ ਦੇ ਕਰਜ਼ੇ ਦੇ ਵਿਆਜ ਵਾਪਸੀ ਲਈ ਹੋਰ 25 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਲੈਣ ਦੀ ਲੋੜ ਦੇ ਜਵਾਬ ਵਿਚ ਸੂਬੇ ਦੇ ਕੁੱਲ ਘਰੇਲੂ ਉਤਪਾਦਨ ਵਧਾਉਣ ਉੱਤੇ ਜ਼ੋਰ ਦਿੱਤਾ ਪਰ ਇਸ ਨੂੰ ਵਧਾਉਣ ਬਾਰੇ ਕੋਈ ਪੁਖ਼ਤਾ ਰੋਡਮੈਪ ਨਹੀਂ ਹੈ। ਮੌਜੂਦਾ ਕਿਸਾਨ ਅੰਦੋਲਨ ਖੇਤੀ ਤੇ ਕਿਸਾਨੀ ਦੇ ਗੰਭੀਰ ਸੰਕਟ ਦਾ ਪ੍ਰਗਟਾਵਾ ਕਰ ਰਿਹਾ ਹੈ। ਪੰਜਾਬ ਸਰਕਾਰ ਨੇ ਆਖ਼ਰੀ ਸਾਲ ਵਿਚ ਵੀ ਕਿਸਾਨ ਅਤੇ ਖੇਤੀ ਕਾਮਿਆਂ ਦੇ ਕਮਿਸ਼ਨ ਦੀ ਰਿਪੋਰਟ ਉੱਤੇ ਚਰਚਾ ਕਰਨ ਦੀ ਲੋੜ ਨਹੀਂ ਸਮਝੀ। ਸੂਬੇ ਦੀ ਹੁਣ ਤੱਕ ਆਪਣੀ ਕੋਈ ਖੇਤੀ ਨੀਤੀ ਨਹੀਂ ਹੈ। ਕਿਸਾਨਾਂ ਦੀ ਕਰਜ਼ਾ ਮੁਆਫ਼ੀ ਊਠ ਦੇ ਮੂੰਹ ਵਿਚ ਜ਼ੀਰੇ ਵਾਲੀ ਗੱਲ ਹੈ। ਫ਼ਸਲੀ ਵੰਨ-ਸਵੰਨਤਾ ਲਈ ਹੋਰਨਾਂ ਫ਼ਸਲਾਂ ਦੀ ਖ਼ਰੀਦ ਵਿਚ ਸਹਾਇਤਾ ਕਰਨ ਬਾਰੇ ਕੋਈ ਠੋਸ ਤਜਵੀਜ਼ ਨਹੀਂ ਹੈ।

ਘਰ-ਘਰ ਰੁਜ਼ਗਾਰ ਦਾ ਵਾਅਦਾ ਹੁਨਰ ਵਿਕਾਸ ਤੱਕ ਸੀਮਤ ਕਰ ਦਿੱਤਾ ਗਿਆ ਹੈ। ਬੇਰੁਜ਼ਗਾਰੀ ਭੱਤੇ ਦਾ ਸ਼ਬਦ ਸੁਣਨ ਵਿਚ ਨਹੀਂ ਆਇਆ। ਗ਼ੈਰ-ਰਸਮੀ ਖੇਤਰ ਦੇ ਕਰੋਨਾ ਅਤੇ ਹੋਰ ਕਾਰਨਾਂ ਕਰ ਕੇ ਬੇਕਾਰ ਹੋਏ ਲੱਖਾਂ ਕਿਰਤੀਆਂ ਲਈ ਕੋਈ ਤਜਵੀਜ਼ ਨਹੀਂ ਹੈ। ਕੇਂਦਰ ਸਰਕਾਰ ਨੇ ਮਗਨਰੇਗਾ ਦਾ ਬਜਟ ਘਟਾ ਦਿੱਤਾ ਹੈ ਪਰ ਪੰਜਾਬ ਸਰਕਾਰ ਨੇ ਵੀ ਆਪਣੇ ਪੱਧਰ 'ਤੇ ਇਸ ਦਿਸ਼ਾ ਵੱਲ ਕੋਈ ਕਦਮ ਪੁੱਟਣ ਦਾ ਸੰਕੇਤ ਨਹੀਂ ਦਿੱਤਾ। ਵਿੱਤ ਮੰਤਰੀ ਦੇ ਕਈ ਐਲਾਨ ਜੁਲਾਈ 2021 ਤੋਂ ਲਾਗੂ ਹੋਣੇ ਹਨ ਭਾਵ ਚੋਣਾਂ ਦੇ ਐਲਾਨ ਤੋਂ ਮਹਿਜ਼ ਕੁਝ ਮਹੀਨੇ ਪਹਿਲਾਂ। ਬਿਜਲੀ ਮਹਿੰਗਾਈ ਬਾਰੇ ਵਿੱਤ ਮੰਤਰੀ ਨੇ ਸਾਫ਼ ਕਿਹਾ ਕਿ ਕਿਸਾਨਾਂ, ਅਨੁਸੂਚਿਤ ਜਾਤੀਆਂ, ਗ਼ਰੀਬਾਂ ਅਤੇ ਉਦਯੋਗਾਂ ਲਈ ਕਰੀਬ ਚੌਦਾਂ ਹਜ਼ਾਰ ਕਰੋੜ ਰੁਪਏ ਦੀ ਸਬਸਿਡੀ ਤੋਂ ਵੱਧ ਹੋਰ ਕੋਈ ਗੁੰਜਾਇਸ਼ ਨਹੀਂ ਹੈ। ਵਿੱਤ ਮੰਤਰੀ ਨੇ ਸਦਨ 'ਚ 8622.31 ਕਰੋੜ ਰੁਪਏ ਦੇ ਮਾਲੀ ਘਾਟੇ ਵਾਲਾ ਬਜਟ ਪੇਸ਼ ਕੀਤਾ। ਵਿੱਤੀ ਵਰੇ 2021-22 ਲਈ 95,257.60 ਕਰੋੜ ਦੀਆਂ ਮਾਲੀ ਪ੍ਰਾਪਤੀਆਂ ਹੋਣ ਦਾ ਅਨੁਮਾਨ ਹੈ ਜਦੋਂ ਕਿ 1,03,879 ਕਰੋੜ ਮਾਲੀ ਖ਼ਰਚ ਦਾ ਅਨੁਮਾਨ ਹੈ। ਕੁੱਲ ਘਰੇਲੂ ਪੈਦਾਵਾਰ ਦਾ ਵਿੱਤੀ ਘਾਟਾ 3.99 ਫੀਸਦ ਰਹਿਣ ਦਾ ਅਨੁਮਾਨ ਹੈ।ਪੰਜਾਬ ਸਿਰ 2021-22 ਵਿਚ ਕਰਜ਼ਾ ਵੱਧ ਕੇ 2,73,703.88 ਕਰੋੜ ਰੁਪਏ ਹੋਣ ਦੀ ਸੰਭਾਵਨਾ ਹੈ ਜੋ ਕੁੱਲ ਘਰੇਲੂ ਪੈਦਾਵਾਰ ਦਾ 45 ਫੀਸਦੀ ਹੈ। ਮਤਲਬ ਕਿ ਮੌਜੂਦਾ ਕਾਂਗਰਸ ਸਰਕਾਰ ਦੇ ਰਾਜ ਭਾਗ ਦੇ ਪੰਜ ਵਰਿਆਂ ਦੌਰਾਨ ਸੂਬੇ ਸਿਰ ਨਵਾਂ ਕਰੀਬ 91,000 ਕਰੋੜ ਦਾ ਕਰਜ਼ਾ ਹੋਰ ਵਧਣਾ ਹੈ। ਆਉਂਦੇ ਵਿੱਤੀ ਵਰੇ ਦੌਰਾਨ ਰਾਜ ਦੇ ਵਿਕਾਸ ਲਈ 20,823 ਕਰੋੜ ਦਾ ਵਾਧੂ ਕਰਜ਼ ਲਿਆ ਜਾਣਾ ਹੈ। ਪੰਜਾਬ ਦੇ ਆਰਥਿਕ ਹਾਲਾਤ ਇੰਨੇ ਉਲਝੇ ਹੋਏ ਹਨ ਕਿ ਉਨਾਂ ਨੂੰ ਨਵੀਂ ਦਿਸ਼ਾ ਦੇਣ ਲਈ ਮਜ਼ਬੂਤ ਕਦਮ ਚੁੱਕਣ ਅਤੇ ਨੀਤੀਗਤ ਫ਼ੈਸਲੇ ਕਰਨ ਦੀ ਜ਼ਰੂਰਤ ਹੈ।

ਮਨਪ੍ਰੀਤ ਨੇ ਕਿਹਾ ਕਿ ਪੰਜਾਬ ਅਜ਼ਮਾਇਸ਼ੀ ਦਲਦਲ 'ਚੋਂ ਉੱਭਰ ਚੁੱਕਾ ਹੈ ਅਤੇ ਕਾਫੀ ਹੱਦ ਤੱਕ ਮੰਦਹਾਲੀ 'ਤੇ ਕਾਬੂ ਪਾ ਲਿਆ ਹੈ। ਵਿੱਤ ਮੰਤਰੀ ਨੇ ਕਿਹਾ ਕਿ ਕੋਵਿਡ ਮਹਾਂਮਾਰੀ ਨੇ ਸੂਬੇ ਦੀ ਆਮਦਨੀ ਨੂੰ ਢਾਹ ਲਾਈ ਹੈ। ਬਜਟ ਨੂੰ ਖੇਤੀਬਾੜੀ ਅਤੇ ਸਮਾਜਿਕ ਸੇਵਾਵਾਂ 'ਤੇ ਕੇਂਦਰਿਤ ਕੀਤਾ ਗਿਆ ਹੈ। ਖੇਤੀਬਾੜੀ ਤੇ ਸਬੰਧਤ ਸੇਵਾਵਾਂ ਲਈ 4777.79 ਕਰੋੜ ਅਤੇ ਸਮਾਜਿਕ ਸੇਵਾਵਾਂ ਲਈ 19640.82 ਕਰੋੜ ਰੁਪਏ ਰੱਖੇ ਗਏ ਹਨ। ਖ਼ਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਵਿੱਤੀ ਵਸੀਲੇ ਹੱਥ ਵਿੱਚ ਲਏ ਜਾਣ ਕਰਕੇ ਹੁਣ ਪੰਜਾਬ ਸਰਕਾਰ ਕੋਲ ਆਮਦਨ ਦੇ ਨਵੇਂ ਵਸੀਲੇ ਪੈਦਾ ਕਰਨ ਦੀ ਗੁੰਜਾਇਸ਼ ਨਹੀਂ ਰਹੀ। ਉਨਾਂ ਕਿਹਾ ਕਿ ਸਨਅਤੀ ਵਿਕਾਸ ਅਤੇ ਨਵੇਂ ਨਿਵੇਸ਼ ਨਾਲ ਹੀ ਪੰਜਾਬ ਸਿਰ ਵਧ ਰਹੇ ਕਰਜ਼ੇ ਦਾ ਹੱਲ ਹੋਣਾ ਹੈ ਤੇ ਕੋਵਿਡ ਮਹਾਂਮਾਰੀ ਦੇ ਬਾਵਜੂਦ ਉਨਾਂ ਨੇ ਪੰਜਾਬ ਦੀ ਵਿੱਤੀ ਹਾਲਤ ਨੂੰ ਸਥਿਰ ਰੱਖਿਆ ਹੈ। ਉਨਾਂ ਕਿਹਾ ਕਿ ਬਜਟ ਦਾ ਇੱਕੋ ਏਜੰਡਾ ਕਿਸਾਨਾਂ ਨੂੰ ਮਾਯੂਸੀ ਵਿੱਚੋਂ ਕੱਢਣਾ ਹੈ। ਮਹਿੰਗੀ ਬਿਜਲੀ ਸਬੰਧੀ ਮਨਪ੍ਰੀਤ ਬਾਦਲ ਨੇ ਕਿਹਾ ਕਿ ਪੰਜਾਬ ਸਰਕਾਰ ਬਿਜਲੀ 'ਤੇ 14 ਹਜ਼ਾਰ ਕਰੋੜ ਦੀ ਸਬਸਿਡੀ ਦੇ ਰਹੀ ਹੈ ਅਤੇ ਪੰਜਾਬ ਨੂੰ ਕੋਲਾ ਮਹਿੰਗਾ ਪੈਂਦਾ ਹੈ, ਜਿਸ ਕਰਕੇ ਹੋਰ ਸਬਸਿਡੀ ਦੇਣ ਦੀ ਪਹੁੰਚ ਸਰਕਾਰ ਕੋਲ ਨਹੀਂ ਹੈ। ਤੇਲ ਕੀਮਤਾਂ ਬਾਰੇ ਉਨਾਂ ਕਿਹਾ ਕਿ ਕੇਂਦਰ ਸਰਕਾਰ ਇਸ ਬਾਰੇ ਕਦਮ ਚੁੱਕ ਸਕਦੀ ਹੈ ਪਰ ਸੂਬੇ ਵੈਟ ਘਟਾਉਣ ਦੀ ਪਹੁੰਚ ਵਿੱਚ ਨਹੀਂ ਹਨ।

**'ਆਪ' ਤੇ ਅਕਾਲੀ ਦਲ ਨੇ ਕੀਤਾ ਵਾਕਆਊਟ**

ਬਜਟ ਪੇਸ਼ ਕੀਤੇ ਜਾਣ ਮੌਕੇ 'ਆਪ' ਨੇ ਪੰਜਾਬ ਸਿਰ ਵਧ ਰਹੇ ਕਰਜ਼ੇ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਦੋ ਵਿਧਾਇਕਾਂ ਨੇ ਕਿਸਾਨ ਖ਼ੁਦਕੁਸ਼ੀ ਪੀੜਤ ਪਰਿਵਾਰਾਂ ਲਈ ਕੋਈ ਰਾਸ਼ੀ ਨਾ ਰੱਖੇ ਜਾਣ ਦੇ ਰੋਸ ਵਜੋਂ ਵਾਕਆਊਟ ਕੀਤਾ। ਵਿੱਤ ਮੰਤਰੀ ਮਨਪ੍ਰੀਤ ਬਾਦਲ ਨੇ 11.15 ਵਜੇ ਬਜਟ ਪੜਨਾ ਸ਼ੁਰੂ ਕੀਤਾ ਤੇ ਅੱਧੇ ਘੰਟੇ ਮਗਰੋਂ ਹੀ 'ਆਪ' ਦੇ ਵਿਧਾਇਕਾਂ ਨੇ ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ ਦੀ ਅਗਵਾਈ ਵਿਚ ਪਹਿਲਾਂ ਸਪੀਕਰ ਦੇ ਆਸਣ ਅੱਗੇ ਨਾਅਰੇਬਾਜ਼ੀ ਕੀਤੀ ਅਤੇ ਫਿਰ ਸਦਨ 'ਚੋਂ ਵਾਕਆਊਟ ਕੀਤਾ। ਭਾਸ਼ਣ ਦੌਰਾਨ ਹੀ ਸ਼੍ਰੋਮਣੀ ਅਕਾਲੀ ਦਲ ਦੇ ਸਦਨ ਵਿਚ ਮੌਜੂਦ ਵਿਧਾਇਕ ਲਖਵੀਰ ਸਿੰਘ ਲੋਧੀਨੰਗਲ ਅਤੇ ਵਿਧਾਇਕ ਦਿਲਰਾਜ ਸਿੰਘ ਭੂੰਦੜ ਨੇ ਰੋਸ ਵਜੋਂ ਵਾਕਆਊਟ ਕੀਤਾ। ਬਾਕੀ ਅਕਾਲੀ ਵਿਧਾਇਕ ਪਹਿਲਾਂ ਹੀ ਸਪੀਕਰ ਵੱਲੋਂ ਸਦਨ 'ਚੋਂ ਮੁਅੱਤਲ ਕੀਤੇ ਜਾ ਚੁੱਕੇ ਹਨ। ਚੀਮਾ ਨੇ ਮੁਅੱਤਲ ਵਿਧਾਇਕਾਂ ਦੀ ਬਹਾਲੀ ਦੀ ਮੰਗ ਉਠਾਈ ਅਤੇ ਇਸੇ ਤਰਾਂ ਦੋ ਅਕਾਲੀ ਵਿਧਾਇਕਾਂ ਨੇ ਵੀ ਇਹੀ ਮੰਗ ਰੱਖੀ। ਸਪੀਕਰ ਨੇ ਮਾਮਲਾ ਵਿਚਾਰਨ ਦਾ ਭਰੋਸਾ ਦਿੱਤਾ।



## ਬਜਟ ਕਿਸਾਨ ਤੇ ਗਰੀਬ ਪੱਖੀ: ਅਮਰਿੰਦਰ

**ਚੰਡੀਗੜ/ਏ.ਟੀ.ਨਿਊਜ਼:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਪੰਜਾਬ ਦਾ ਬਜਟ ਕਿਸਾਨ ਤੇ ਗਰੀਬ ਪੱਖੀ ਹੈ ਅਤੇ ਇਹ ਬਜਟ ਸਮਾਜ ਦੇ ਸਾਰੇ ਵਰਗਾਂ ਦੀ ਭਲਾਈ ਯਕੀਨੀ ਬਣਾਏਗਾ। ਮੁੱਖ ਮੰਤਰੀ ਨੇ ਕਿਹਾ ਕਿ ਐਫਸੀਆਈ ਵੱਲੋਂ ਕਿਸਾਨਾਂ ਨੂੰ ਈ-ਭੁਗਤਾਨ ਰਾਹੀਂ ਸਿੱਧੀ ਅਦਾਇਗੀ ਕਰਨ ਵਾਸਤੇ ਜ਼ਮੀਨੀ ਰਿਕਾਰਡ ਮੰਗਣਾ ਸਥਿਤੀ ਬਦਤਰ ਕਰੇਗਾ। ਮੁੱਖ ਮੰਤਰੀ ਨੇ ਇਕ ਸਵਾਲ ਦੇ ਜਵਾਬ ਵਿੱਚ ਕਿਹਾ ਕਿ ਰਾਜਪਾਲ ਨੂੰ ਖੇਤੀ ਕਾਨੂੰਨਾਂ ਖ਼ਿਲਾਫ਼ ਸੂਬੇ ਦੇ ਸੋਧ ਬਿੱਲਾਂ ਬਾਰੇ ਤੁਰੰਤ ਫੈਸਲਾ ਲੈ ਕੇ ਇਸ ਨੂੰ ਅੱਗੇ ਰਾਸ਼ਟਰਪਤੀ ਕੋਲ ਭੇਜਣਾ ਚਾਹੀਦਾ ਹੈ।

**ਕੀ ਕਹਿੰਦੇ ਹਨ ਸੁਖਬੀਰ**

'ਕਾਂਗਰਸ ਨੇ ਪੁਰਾਣੀਆਂ ਸਕੀਮਾਂ ਅਤੇ ਵਾਅਦਿਆਂ ਨੂੰ ਹੀ ਨਵੀਂ ਦਿਖ ਦੇਣ ਦਾ ਯਤਨ ਕੀਤਾ ਹੈ। ਵਿੱਤ ਮੰਤਰੀ ਮਨਪ੍ਰੀਤ ਬਾਦਲ ਦੀ ਅਗਵਾਈ ਹੇਠ ਪੰਜਾਬ ਦਾ ਕਰਜ਼ਾ ਦੁੱਗਣਾ ਹੋ ਗਿਆ ਹੈ।'

**ਆਪ ਦਾ ਪ੍ਰਤੀਕਰਮ**

'ਇਹ ਬਜਟ ਕੈਪਟਨ ਦੇ ਵਿੱਤ ਮੰਤਰੀ ਨੇ ਨਹੀਂ ਸਗੋਂ ਪ੍ਰਸ਼ਾਂਤ ਕਿਸ਼ੋਰ ਨੇ ਬਣਾਇਆ ਹੈ। ਪੰਜਾਬ ਨੂੰ ਪ੍ਰਸ਼ਾਂਤ ਕਿਸ਼ੋਰ ਦੇ ਬਜਟ ਦੀ ਲੋੜ ਨਹੀਂ ਹੈ ਸਗੋਂ ਸੂਬੇ ਨੂੰ ਲੋਕਪੱਖੀ ਯੋਜਨਾਵਾਂ ਦੀ ਜ਼ਰੂਰਤ ਹੈ।' ਹਰਪਾਲ ਚੀਮਾ

# ਪੰਜਾਬ ਆਰਥਿਕ ਸੰਕਟ ਕਾਰਨ ਬੁਰੀ ਤਰਾਂ ਲੜਖੜਾਇਆ

**✪ ਕੈਗ ਰਿਪੋਰਟ ਅਨੁਸਾਰ 2019-2020 ਵਿਚ ਸੂਬੇ ਦਾ ਕਰਜ਼ਾ 1.93 ਲੱਖ ਕਰੋੜ ਰੁਪਏ ਸੀ ਜਿਹੜਾ 2024-25 ਵਿਚ 3.73 ਲੱਖ ਕਰੋੜ ਤੱਕ ਪਹੁੰਚ ਜਾਵੇਗਾ ✪ ਜੀਐੱਸਟੀ ਲਾਗੂ ਹੋਣ ਤੋਂ ਬਾਅਦ, ਜ਼ਿਆਦਾਤਰ ਵਿੱਤੀ ਵਸੀਲੇ ਕੇਂਦਰ ਸਰਕਾਰ ਦੇ ਹੱਥ ਵਿਚ ਚਲੇ ਗਏ**

**ਜਲੰਧਰ/ਏ.ਟੀ.ਨਿਊਜ਼:** ਪੰਜਾਬ ਦਾ ਵਿੱਤੀ ਸੰਕਟ ਲਗਾਤਾਰ ਵਧ ਰਿਹਾ ਹੈ। ਕੰਟਰੋਲਰ ਤੇ ਆਡੀਟਰ ਜਨਰਲ ਆਫ਼ ਇੰਡੀਆ ਦੀ ਰਿਪੋਰਟ ਅਨੁਸਾਰ 2019-2020 ਵਿਚ ਸੂਬੇ ਦਾ ਕਰਜ਼ਾ 1.93 ਲੱਖ ਕਰੋੜ ਰੁਪਏ ਸੀ ਜਿਹੜਾ 2024-25 ਵਿਚ 3.73 ਲੱਖ ਕਰੋੜ ਤੱਕ ਪਹੁੰਚ ਜਾਵੇਗਾ। 2007 ਵਿਚ ਅਕਾਲੀ-ਭਾਜਪਾ ਦੇ ਸੱਤਾ ਵਿਚ ਆਉਣ ਸਮੇਂ ਇਹ ਕਰਜ਼ਾ ਕਰੀਬ 40,000 ਕਰੋੜ ਰੁਪਏ ਸੀ ਜਿਹੜਾ ਇਸ ਸਰਕਾਰ ਦੇ ਦਸ ਸਾਲ ਸੱਤਾ ਵਿਚ ਰਹਿਣ ਦੌਰਾਨ ਵੱਧ ਕੇ 1.53 ਲੱਖ ਕਰੋੜ ਰੁਪਏ ਤਕ ਪਹੁੰਚ ਗਿਆ। ਵਿੱਤੀ ਸਾਲ 2016-17 ਵਿਚ 54,579 ਕਰੋੜ ਰੁਪਏ ਕਰਜ਼ਾ ਲਿਆ ਗਿਆ। ਕੈਗ ਦੀ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਸੂਬਾ ਲਗਾਤਾਰ ਨਵਾਂ ਕਰਜ਼ ਲੈ ਰਿਹਾ ਹੈ ਅਤੇ ਨਵੇਂ ਕਰਜ਼ਿਆਂ ਦੀ ਵਰਤੋਂ ਸੂਬੇ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਜਾਂ ਕਿਸੇ ਹੋਰ ਸਾਕਾਰਾਤਮਕ ਢੰਗ ਨਾਲ ਨਹੀਂ ਹੁੰਦੀ , ਸਗੋਂ ਇਨਾਂ ਵਿਚੋਂ ਲਗਭਗ 73 ਫ਼ੀਸਦੀ ਪੈਸੇ ਨਾਲ ਪੁਰਾਣਾ ਕਰਜ਼ਾ ਮੋੜਿਆ ਜਾਂਦਾ ਹੈ। ਕੁਝ ਕਰਜ਼ੇ ਅਜਿਹੇ ਵੀ ਹਨ ਜਿਹੜੇ ਅਗਲੇ ਤਿੰਨ ਸਾਲਾਂ ਵਿਚ ਖ਼ਤਮ ਕਰਨੇ ਪੈਣਗੇ ਜਿਨਾਂ ਕਾਰਨ ਵਿੱਤੀ ਹਾਲਤ ਹੋਰ ਖਰਾਬ ਹੋਣ ਦੀ ਸੰਭਾਵਨਾ ਹੈ।

ਪੰਜਾਬ ਦੇ ਮਾੜੇ ਵਿੱਤੀ ਹਾਲਾਤ ਲਈ ਕਈ ਦਹਾਕਿਆਂ ਤੋਂ ਸਿਆਸੀ ਜਮਾਤ ਅਤੇ ਪ੍ਰਸ਼ਾਸਨ ਵੱਲੋਂ ਅਪਣਾਈ ਗਈ ਗ਼ੈਰ-ਪੇਸ਼ੇਵਾਰਾਨਾ ਪਹੁੰਚ ਤੇ ਪ੍ਰਤੀਬੱਧਤਾ ਦੀ ਘਾਟ ਜ਼ਿੰਮੇਵਾਰ ਹੈ। ਹੁਣ ਸਿਆਸੀ ਪਾਰਟੀਆਂ ਇਕ ਦੂਜੇ 'ਤੇ ਇਲਜ਼ਾਮ ਲਗਾਉਣ ਵਿਚ ਰੁੱਝੀਆਂ ਹੋਈਆਂ ਹਨ ਪਰ ਕਿਸੇ ਪਾਰਟੀ ਨੇ ਵੀ ਆਪਣੇ ਰਾਜ ਵਿਚ ਵਿੱਤੀ ਅਨੁਸ਼ਾਸਨ ਕਾਇਮ ਕਰਨ ਵੱਲ ਕੋਈ ਪਹਿਲਕਦਮੀ ਨਹੀਂ ਕੀਤੀ। ਕਈ ਖੇਤਰਾਂ ਵਿਚ ਲਗਾਤਾਰ ਭਰਤੀ ਕੀਤੀ ਗਈ ਅਤੇ ਕਈ ਖੇਤਰਾਂ ਨੂੰ ਬਿਲਕੁਲ ਵਿਸਾਰ ਦਿੱਤਾ ਗਿਆ। ਪ੍ਰਾਈਵੇਟ ਖੇਤਰ ਦੀਆਂ ਥਰਮਲ ਕੰਪਨੀਆਂ ਨਾਲ ਘਾਟਾ ਪਾਉਣ ਵਾਲੇ ਸਮਝੌਤੇ ਕੀਤੇ ਗਏ। ਵਿਧਾਨ ਸਭਾ ਦੀਆਂ ਚੋਣਾਂ ਵਾਲੇ ਸਾਲ ਵਿਚ ਲੋਕ-ਲੁਭਾਊ ਪ੍ਰੋਗਰਾਮਾਂ 'ਤੇ ਬਹੁਤ ਖਰਚ ਕੀਤਾ ਜਾਂਦਾ ਹੈ ਅਤੇ ਕਈ ਮਹਿਕਮਿਆਂ ਵਿਚ ਤੇਜ਼ੀ ਨਾਲ ਭਰਤੀ ਕੀਤੀ ਜਾਂਦੀ ਹੈ। ਵੱਖ-ਵੱਖ ਵਰਗਾਂ ਨੂੰ ਦਿੱਤੀ ਜਾਣ ਵਾਲੀ ਰਾਹਤ ਲਈ ਅਜਿਹੀ ਵਿਉਂਤਬੰਦੀ ਨਹੀਂ ਕੀਤੀ ਗਈ ਕਿ ਰਾਹਤ ਲੋੜਵੰਦਾਂ ਨੂੰ ਪਹੁੰਚੇ।

ਸਵਾਲ ਇਹ ਹੈ ਕਿ ਕੀ ਇੰਨੇ ਵੱਡੇ ਕਰਜ਼ੇ ਲੈ ਕੇ ਸਰਕਾਰਾਂ ਚਲਾਈਆਂ ਜਾ ਸਕਦੀਆਂ ਹਨ ? ਕੈਗ ਨੇ ਹੈਮਿਲਟਨ ਅਤੇ ਫਲੈਵਿਨ ਦੇ ਮਾਡਲ 'ਤੇ ਆਧਾਰਤ ਮਾਪਦੰਡ ਦਿੱਤੇ ਹਨ ਜਿਨਾਂ ਅਨੁਸਾਰ ਸਰਕਾਰਾਂ ਕਰਜ਼ਿਆਂ ਦੇ ਬੋਝ ਸਹਿੰਦੀਆਂ ਅੱਗੇ ਵੱਧ ਸਕਦੀਆਂ ਹਨ। ਮੁੱਖ ਮਾਪਦੰਡ ਇਹ ਹੈ ਕਿ ਹੁਣ ਅਤੇ ਭਵਿੱਖ ਵਿਚ ਹੋਣ ਵਾਲੇ ਬੁਨਿਆਦੀ ਖਰਚੇ, ਹੁਣ ਅਤੇ ਭਵਿੱਖ ਵਿਚ ਹੋਣ ਵਾਲੀ ਆਮਦਨ ਅਤੇ ਮੁੱਢਲੇ ਕਰਜ਼ਿਆਂ ਦੇ ਜੋੜ ਤੋਂ ਜ਼ਿਆਦਾ ਨਾ ਹੋਣ। ਕੈਗ ਦੇ ਅੰਕੜਿਆਂ ਅਨੁਸਾਰ ਪੰਜਾਬ ਸਰਕਾਰ ਦੇ ਖਰਚ ਕਰਨ ਦੇ ਤਰੀਕੇ ਇਨਾਂ ਮਾਪਦੰਡਾਂ 'ਤੇ ਪੂਰੇ ਨਹੀਂ ਉਤਰਦੇ ਅਤੇ ਇਸ ਕਾਰਨ ਆਉਣ ਵਾਲੇ ਸਮਿਆਂ ਵਿਚ ਸੰਕਟ ਵਧੇਗਾ। ਇਸ ਤੋਂ ਪਹਿਲਾਂ ਨੀਤੀ ਆਯੋਗ ਦੁਆਰਾ ਜਾਰੀ ਕੀਤੇ ਗਏ ਅੰਕੜਿਆਂ ਅਨੁਸਾਰ ਪੰਜਾਬ ਦੀ ਪ੍ਰਤੀ ਵਿਅਕਤੀ ਆਮਦਨ ਔਸਤ ਕੌਮੀ ਆਮਦਨ ਤੋਂ ਘਟ ਗਈ ਹੈ ਅਤੇ ਪੰਜਾਬ ਦਾ ਸ਼ੁਮਾਰ ਹੁਣ ਉਨਾਂ ਰਾਜਾਂ ਵਿਚ ਹੁੰਦਾ ਹੈ ਜਿਹੜੇ ਆਪਣੇ ਬੁਨਿਆਦੀ ਢਾਂਚੇ 'ਤੇ ਸਭ ਤੋਂ ਘੱਟ ਖਰਚ ਕਰਦੇ ਹਨ। ਕੈਗ ਦੀ ਰਿਪੋਰਟ ਵਿਚ ਖੇਤੀ ਲਈ ਦਿੱਤੀ ਮੁਫ਼ਤ ਬਿਜਲੀ ਬਾਰੇ ਵੀ ਗੱਲ ਕੀਤੀ ਗਈ। ਇਹ ਇਕ ਨਾਜ਼ੁਕ ਮੁੱਦਾ ਹੈ ਕਿਉਂਕਿ ਖੇਤੀ 'ਤੇ ਪੰਜਾਬ ਦੀ ਨਿਰਭਰਤਾ ਇਸ ਤਰਾਂ ਦੀ ਹੈ ਕਿ ਦੂਸਰੇ ਖੇਤਰਾਂ ਦੀ ਕਾਰਗੁਜ਼ਾਰੀ ਇਸੇ ਖੇਤਰ ਦੀ ਕਾਰਗੁਜ਼ਾਰੀ ਨਾਲ ਡੂੰਘੇ ਤੌਰ 'ਤੇ ਜੁੜੀ ਹੋਈ ਹੈ। ਪੰਜਾਬ ਦੀਆਂ ਬਹੁਤ ਸਾਰੀਆਂ ਸਨਅਤਾਂ ਦੂਸਰੇ ਸੂਬਿਆਂ ਵਿਚ ਚਲੀਆਂ ਗਈਆਂ ਹਨ ਅਤੇ ਨਵੀਆਂ ਸਨਅਤਾਂ ਲਗਾਉਣ ਵੱਲ ਕੋਈ ਵੱਡੇ ਕਦਮ ਨਹੀਂ ਚੁੱਕੇ ਗਏ। ਪੰਜਾਬ ਦੇ ਭਵਿੱਖ ਪ੍ਰਤੀ ਇਸੇ ਬੇਪ੍ਰਤੀਤੀ ਕਾਰਨ ਹਜ਼ਾਰਾਂ ਨੌਜਵਾਨ ਹਰ ਸਾਲ ਪਰਵਾਸ ਕਰਦੇ ਹਨ। ਕੇਂਦਰ ਸਰਕਾਰ ਨੇ ਬਹੁਤ ਦੇਰ ਤੋਂ ਪੰਜਾਬ ਦੀਆਂ ਆਰਥਿਕ ਸਮੱਸਿਆਵਾਂ ਹੱਲ ਕਰਨ ਵੱਲ ਧਿਆਨ ਨਹੀਂ ਦਿੱਤਾ। ਦੇਸ਼ ਦੇ ਮੌਜੂਦਾ ਆਰਥਿਕ ਪ੍ਰਬੰਧ ਵਿਚ, ਖ਼ਾਸ ਕਰ ਕੇ ਜੀਐੱਸਟੀ ਲਾਗੂ ਹੋਣ ਤੋਂ ਬਾਅਦ, ਜ਼ਿਆਦਾਤਰ ਵਿੱਤੀ ਵਸੀਲੇ ਕੇਂਦਰ ਸਰਕਾਰ ਦੇ ਹੱਥ ਵਿਚ ਚਲੇ ਗਏ ਹਨ ਅਤੇ ਕੇਂਦਰ ਸਰਕਾਰ ਦੇ ਸਹਿਯੋਗ ਤੋਂ ਬਿਨਾਂ ਪੰਜਾਬ ਦੇ ਆਰਥਿਕ ਸੰਕਟ ਨੂੰ ਹੱਲ ਕਰਨਾ ਸੰਭਵ ਨਹੀਂ ਹੈ। ਕੇਂਦਰ ਅਤੇ ਪੰਜਾਬ ਸਰਕਾਰ ਨੂੰ ਇਸ ਬਾਰੇ ਸਹਿਮਤੀ ਬਣਾ ਕੇ ਕੰਮ ਕਰਨਾ ਚਾਹੀਦਾ ਹੈ।

# ਪੰਜ ਰਾਜਾਂ ਦੀਆਂ ਚੋਣਾਂ ਤੇ ਚੋਣ ਕਮਿਸ਼ਨ ਦੀ ਗੁਆਚ ਰਹੀ ਨਿਰਪੱਖਤਾ

### ਅਨਿਲ ਜੈਨ

ਚੋਣ ਕਮਿਸ਼ਨ ਨੇ ਚਾਰ ਰਾਜਾਂ ਅਤੇ ਇਕ ਕੇਂਦਰ ਸ਼ਾਸਤ ਪ੍ਰਦੇਸ਼ ਦੀਆਂ ਵਿਧਾਨ ਸਭਾ ਚੋਣਾਂ ਦਾ ਜੋ ਪ੍ਰੋਗਰਾਮ ਐਲਾਨਿਆ ਹੈ, ਉਸ ਨਾਲ ਇਕ ਵਾਰ ਫਿਰ ਜ਼ਾਹਰ ਹੋਇਆ ਹੈ ਕਿ ਕੇਂਦਰ ਸਰਕਾਰ ਨੇ ਹੋਰ ਸੰਵਿਧਾਨਕ ਸੰਸਥਾਵਾਂ ਦੀ ਤਰਾਂ ਚੋਣ ਕਮਿਸ਼ਨ ਦੀ ਨਿਰਪੱਖਤਾ ਨੂੰ ਵੀ ਖੋਰਾ ਲਗਾਇਆ ਹੈ। ਚੋਣ ਕਮਿਸ਼ਨ ਪਿਛਲੇ ਲੰਬੇ ਸਮੇਂ ਤੋਂ ਸਰਕਾਰ ਦਾ ਖੈਰ-ਖਵਾਹ ਬਣਿਆ ਹੋਇਆ ਹੈ ਅਤੇ ਉਸ ਵਿਚ ਮੁੱਖ ਚੋਣ ਕਮਿਸ਼ਨਰ ਉਹੀ ਕਰਦੇ ਹਨ ਜੋ ਕੇਂਦਰ ਸਰਕਾਰ ਅਤੇ ਸੱਤਾਧਾਰੀ ਪਾਰਟੀ ਚਾਹੁੰਦੀ ਹੈ। ਇਸ ਲਈ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਅਤੇ ਵਿਰੋਧੀ ਧਿਰ ਦੇ ਹੋਰਾਂ ਆਗੂਆਂ ਦਾ ਐਲਾਨੇ ਹੋਏ ਚੋਣ ਪ੍ਰੋਗਰਾਮ ’ਤੇ ਸਵਾਲ ਚੁੱਕਣਾ ਸੁਭਾਵਿਕ ਹੈ। ਮੁੱਖ ਚੋਣ ਕਮਿਸ਼ਨਰ ਸੁਨੀਲ ਅਰੋੜਾ ਵਲੋਂ ਬੀਤੇ ਦਿਨੀਂ ਇਕ ਪੱਤਰਕਾਰ ਸੰਮੇਲਨ ਵਿਚ ਜਾਰੀ ਕੀਤੇ ਗਏ 62 ਦਿਨ ਲੰਬੇ ਚੋਣ ਪ੍ਰੋਗਰਾਮ ਅਨੁਸਾਰ ਤਾਮਿਲਨਾਡੂ, ਕੇਰਲ, ਪੁਡੂਚੇਰੀ ਵਿਚ ਇਕ ਹੀ ਪੜਾਅ ਵਿਚ ਸਾਰੀਆਂ ਸੀਟਾਂ ਲਈ ਵੋਟਿੰਗ ਹੋਵੇਗੀ ਜਦੋਂਕਿ ਪੱਛਮੀ ਬੰਗਾਲ ਵਿਚ ਅੱਠ ਅਤੇ ਆਸਾਮ ਵਿਚ ਤਿੰਨ ਪੜਾਵਾਂ ਵਿਚ ਵੋਟਿੰਗ ਹੋਵੇਗੀ। ਸਾਰੇ ਰਾਜਾਂ ਦੇ ਚੋਣ ਨਤੀਜੇ 2 ਮਈ ਨੂੰ ਆਉਣਗੇ। ਤਾਮਿਲਨਾਡੂ, ਕੇਰਲ ਅਤੇ ਪੁਡੂਚੇਰੀ ਵਿਚ 6 ਅਪ੍ਰੈਲ ਨੂੰ ਵੋਟਾਂ ਪੈਣਗੀਆਂ, ਜਦੋਂਕਿ ਪੱਛਮੀ ਬੰਗਾਲ ਵਿਚ ਵੋਟਿੰਗ ਦਾ ਪਹਿਲਾ ਪੜਾਅ 27 ਮਾਰਚ ਨੂੰ, ਦੂਜਾ 1 ਅਪ੍ਰੈਲ ਨੂੰ, ਤੀਜਾ 6 ਅਪ੍ਰੈਲ ਨੂੰ, ਚੌਥਾ 10 ਅਪ੍ਰੈਲ ਨੂੰ, ਪੰਜਵਾਂ 17 ਅਪ੍ਰੈਲ ਨੂੰ, ਛੇਵਾਂ 22 ਅਪ੍ਰੈਲ ਨੂੰ, ਸੱਤਵਾਂ 26 ਅਪ੍ਰੈਲ ਨੂੰ ਅਤੇ ਅੱਠਵਾਂ 29 ਅਪ੍ਰੈਲ ਨੂੰ ਸੰਪੂਰਨ ਹੋਵੇਗਾ।

ਪੁਡੂਚੇਰੀ ਵਿਚ 30 ਮੈਂਬਰਾਂ ਵਾਲੀ ਵਿਧਾਨ ਸਭਾ ਲਈ ਤਾਂ ਇਕ ਹੀ ਪੜਾਅ ਵਿਚ ਵੋਟਾਂ ਕਰਵਾਉਣ ਦਾ ਤਰਕ ਸਮਝਿਆ ਜਾ ਸਕਦਾ ਹੈ ਪਰ ਤਾਮਿਲਨਾਡੂ ਵਿਚ 234 ਸੀਟਾਂ ਵਾਲੀ ਵਿਧਾਨ ਸਭਾ ਅਤੇ ਕੇਰਲ ਦੀਆਂ 140 ਸੀਟਾਂ ਵਾਲੀ ਵਿਧਾਨ ਸਭਾ ਲਈ ਵੀ ਇਕ ਹੀ ਪੜਾਅ ਵਿਚ ਵੋਟਿੰਗ ਕਰਵਾਉਣਾ ਕਿਸੇ ਵੀ ਤਰਾਂ ਨਾਲ ਤਰਕਸੰਗਤ ਨਹੀਂ ਹੈ। ਖਾਸ ਤੌਰ ’ਤੇ ਅਜਿਹੀ ਸਥਿਤੀ ਵਿਚ ਜਦੋਂ 126 ਸੀਟਾਂ ਵਾਲੀ ਆਸਾਮ ਵਿਧਾਨ ਸਭਾ ਲਈ ਤਿੰਨ ਪੜਾਵਾਂ ਵਿਚ ਅਤੇ 294 ਸੀਟਾਂ ਵਾਲੀ ਪੱਛਮੀ ਬੰਗਾਲ ਵਿਧਾਨ ਸਭਾ ਲਈ 8 ਪੜਾਵਾਂ ਵਿਚ ਵੋਟਿੰਗ ਕਰਵਾਈ ਜਾ ਰਹੀ ਹੈ। ਤਾਮਿਲਨਾਡੂ, ਕੇਰਲ ਅਤੇ ਪੁਡੂਚੇਰੀ ਵਿਚ ਭਾਰਤੀ ਜਨਤਾ ਪਾਰਟੀ ਦੀ ਰਣਨੀਤਕ ਮੌਜੂਦਗੀ ਨਾਮਾਤਰ ਹੀ ਹੈ ਅਤੇ ਉੱਥੇ ਉਸ ਦਾ ਕੁਝ ਵੀ ਦਾਅ ’ਤੇ ਨਹੀਂ ਹੈ। ਤਾਮਿਲਨਾਡੂ ਵਿਚ ਚੋਣ ਮੁਕਾਬਲਾ ਸਿੱਧਾ ਦੋਵਾਂ ਦ੍ਰਵਿੜ ਪਾਰਟੀਆਂ ਆਲ ਇੰਡੀਆ ਅੰਨਾ ਦ੍ਰਵਿੜ ਮੁਨੈਤਰ ਕੜਗਮ ਦ੍ਰਮੁਕ ਅਤੇ ਦ੍ਰਵਿੜ ਮੁਨੈਤਰ ਕੜਗਾਮ ਦ੍ਰਮੁਕ (ਡੀ.ਐਮ.ਕੇ) ਵਿਚਕਾਰ ਹੋਣਾ ਹੈ। ਇੱਥੇ ਕਾਂਗਰਸ ਡੀ.ਐਮ.ਕੇ. ਦੀ ਸਹਿਯੋਗੀ ਪਾਰਟੀ ਰਹੇਗੀ ਜਦੋਂਕਿ ਭਾਜਪਾ ਆਪਣੀ ਨਾਮਾਤਰ ਮੌਜੂਦਗੀ ਦੀ ਸਥਿਤੀ ਵਿਚ ਏ.ਆਈ.ਡੀ.ਐਮ.ਕੇ. ਦੇ ਗਠਜੋੜ ਦਾ ਹਿੱਸਾ ਹੋਵੇਗੀ। ਪੁਡੂਚੇਰੀ ਵਿਚ ਵੀ ਕਾਂਗਰਸ ਅਤੇ ਡੀ.ਐਮ.ਕੇ. ਗਠਜੋੜ ਦਾ ਸਿੱਧਾ ਮੁਕਾਬਲਾ ਏ.ਆਈ.ਡੀ.ਐਮ.ਕੇ. ਨਾਲ ਹੋਵੇਗਾ, ਜਿਸ ਵਿਚ ਭਾਜਪਾ ਕਿਤੇ ਨਹੀਂ ਹੋਵੇਗੀ। ਇਸੇ ਤਰਾਂ ਕੇਰਲ ਵਿਚ ਵੀ ਮੁੱਖ ਮੁਕਾਬਲਾ ਖੱਬੇ-ਪੱਖੀ ਮੋਰਚੇ ਅਤੇ ਕਾਂਗਰਸ ਦੀ ਅਗਵਾਈ ਵਾਲੇ ਗਠਜੋੜ ਦਰਮਿਆਨ ਹੋਵੇਗਾ। ਇਸ ਲਈ ਉੱਥੇ ਵੀ ਸਾਰੀਆਂ ਸੀਟਾਂ ਲਈ ਇਕ ਹੀ ਦਿਨ ਵੋਟਿੰਗ ਹੋਵੇਗੀ।

ਦੂਜੇ ਪਾਸੇ ਆਸਾਮ ਵਿਚ ਜਿੱਥੇ ਭਾਜਪਾ ਦੀ ਸਰਕਾਰ ਹੈ ਅਤੇ ਉੱਥੇ ਉਸ ਨੂੰ ਇਸ ਵਾਰ ਕਾਂਗਰਸ ਅਤੇ ਬਦਰੂਦੀਨ ਅਜਮਲ ਦੀ ਅਗਵਾਈ ਵਾਲੇ ਯੂਨਾਈਟਿਡ ਡੈਮੋਕ੍ਰੇਟਿਕ ਫਰੰਟ ਦੇ ਗਠਜੋੜ ਤੋਂ ਸਖਤ ਚੁਣੌਤੀ ਮਿਲਣ ਦੀ ਉਮੀਦ ਹੈ, ਇਸ ਲਈ ਉੱਥੇ ਤਿੰਨ ਪੜਾਵਾਂ ਵਿਚ ਵੋਟਿੰਗ ਰੱਖੀ ਗਈ ਹੈ। ਇਸੇ ਤਰਾਂ ਪੱਛਮੀ ਬੰਗਾਲ ਵਿਚ ਜਿੱਥੇ ਭਾਜਪਾ ਨੇ ਇਸ ਵਾਰ ਸਰਕਾਰ ਬਣਾਉਣ ਦਾ ਦਾਅਵਾ ਕਰਦਿਆਂ ਪਿਛਲੇ ਕਈ ਮਹੀਨਿਆਂ ਤੋਂ ਆਪਣੀ ਪੂਰੀ ਤਾਕਤ ਝੋਕ ਦਿੱਤੀ ਹੈ, ਉੱਥੇ ਅੱਠ ਪੜਾਵਾਂ ਵਿਚ ਵੋਟਿੰਗ ਕਰਵਾਈ ਜਾਵੇਗੀ। ਏਨੇ ਜ਼ਿਆਦਾ ਪੜਾਵਾਂ ਵਿਚ ਵੋਟਿੰਗ ਤਾਂ 2017 ਵਿਚ ਉੱਤਰ ਪ੍ਰਦੇਸ਼ ਵਿਧਾਨ ਸਭਾ ਦੀਆਂ ਚੋਣਾਂ ਵਿਚ ਵੀ ਨਹੀਂ ਕਰਵਾਈ ਗਈ ਸੀ, ਜੋ ਕਿ ਆਬਾਦੀ ਅਤੇ ਵਿਧਾਨ ਸਭਾ ਸੀਟਾਂ ਦੇ ਹਿਸਾਬ ਨਾਲ ਪੱਛਮੀ ਬੰਗਾਲ ਦੀ ਤੁਲਨਾ ਵਿਚ ਬਹੁਤ ਵੱਡਾ ਹੈ। 403 ਸੀਟਾਂ ਵਾਲੀ ਉੱਤਰ ਪ੍ਰਦੇਸ਼ ਵਿਧਾਨ ਸਭਾ ਲਈ 2017 ਦੀਆਂ ਚੋਣਾਂ ਵਿਚ ਸੱਤ ਪੜਾਵਾਂ ਵਿਚ ਮਤਦਾਨ ਕਰਵਾਇਆ ਗਿਆ ਸੀ। ਇਹੀ ਨਹੀਂ, 2019 ਦੀਆਂ ਲੋਕ ਸਭਾ ਚੋਣਾਂ ਵਿਚ ਵੀ ਵੋਟਿੰਗ ਦੇ ਸੱਤ ਪੜਾਅ ਹੀ ਰੱਖੇ ਗਏ ਸਨ।

ਕੁੱਲ ਮਿਲਾ ਕੇ ਭਾਰੀ ਵਿਰੋਧਾਭਾਸਾਂ ਨਾਲ ਭਰਿਆ ਪੰਜ ਰਾਜਾਂ ਦਾ ਇਹ ਚੋਣ ਪ੍ਰੋਗਰਾਮ ਪਹਿਲੀ ਹੀ ਨਜ਼ਰ ਵਿਚ ਸਾਫ਼ ਤੌਰ ’ਤੇ ਭਾਰਤੀ ਜਨਤਾ ਪਾਰਟੀ ਦੇ ਹਿਤਾਂ ਅਤੇ ਉਸ ਦੇ ਸਟਾਰ ਪ੍ਰਚਾਰਕ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸਹੂਲਤ ਨੂੰ ਧਿਆਨ ਵਿਚ ਰੱਖ ਕੇ ਬਣਾਇਆ ਗਿਆ ਜਾਪਦਾ ਹੈ। ਇਸ ਤੋਂ ਪਹਿਲਾਂ ਵੀ ਕਈ ਰਾਜਾਂ ਵਿਚ ਚੋਣ ਪ੍ਰੋਗਰਾਮ ਪ੍ਰਧਾਨ ਮੰਤਰੀ ਅਤੇ ਉਨਾਂ ਦੀ ਪਾਰਟੀ ਦੀ ਸਹੂਲਤ ਅਨੁਸਾਰ ਬਣਾਏ ਜਾਂਦੇ ਰਹੇ ਹਨ।

ਦਰਅਸਲ, ਚੋਣ ਪ੍ਰੋਗਰਾਮ ਜ਼ਿਆਦਾ ਲੰਬਾ ਹੋਣ ਨਾਲ ਰਾਜਸੀ ਦਲਾਂ ਦੀ ਚੋਣ ਮੁਹਿੰਮ ਦੇ ਖ਼ਰਚੇ ਵੀ ਵਧ ਜਾਂਦੇ ਹਨ। ਕਿਉਂਕਿ ਸਰੋਤਾਂ ਅਨੁਸਾਰ ਭਾਜਪਾ ਦੇਸ਼ ਦੀ ਸਭ ਤੋਂ ਅਮੀਰ ਪਾਰਟੀ ਹੈ ਅਤੇ ਇਸ ਸਮੇਂ ਉਹ ਕੇਂਦਰ ਸਣੇ ਕਈ ਰਾਜਾਂ ਵਿਚ ਸੱਤਾ ਵਿਚ ਵੀ ਹੈ। ਲਿਹਾਜ਼ਾ ਉਸ ਨੂੰ ਕਾਰਪੋਰੇਟ ਘਰਾਣਿਆਂ ਤੋਂ ਚੋਣ ਫੰਡ ਵੀ ਮਿਲਦਾ ਹੈ। ਇਸ ਲਈ ਜ਼ਿਆਦਾ ਲੰਬੇ ਪ੍ਰੋਗਰਾਮ ਉਸ ਨੂੰ ਬਹੁਤ ਰਾਸ ਆਉਂਦੇ ਹਨ। ਇਸ ਨਾਲ ਉਸ ਦੀ ਆਰਥਿਕ ਸਿਹਤ ’ਤੇ ਕੋਈ ਵੀ ਅਸਰ ਨਹੀਂ ਹੁੰਦਾ ਪਰ ਉਸ ਦੀਆਂ ਵਿਰੋਧੀ ਪਾਰਟੀਆਂ ਇਸ ਮਾਮਲੇ ਵਿਚ ਉਸ ਅੱਗੇ ਟਿਕ ਨਹੀਂ ਸਕਦੀਆਂ।

ਉਂਜ ਇਹ ਪਹਿਲੀ ਵਾਰ ਨਹੀਂ ਹੈ ਕਿ ਚੋਣ ਕਮਿਸ਼ਨ ਨੇ ਸੱਤਾਧਾਰੀ ਪਾਰਟੀ ਦੇ ਰਾਜਸੀ ਹਿਤਾਂ ਨੂੰ ਧਿਆਨ ਵਿਚ ਰੱਖ ਕੇ ਏਨਾ ਬੇਤੁਕਾ ਅਤੇ ਲੰਬਾ ਚੋਣ ਪ੍ਰੋਗਰਾਮ ਜਾਰੀ ਕੀਤਾ ਹੈ। 2015 ਤੋਂ ਹੁਣ ਤੱਕ ਲਗਭਗ ਸਾਰੀਆਂ ਵਿਧਾਨ ਸਭਾ ਚੋਣਾਂ ਦੇ ਪ੍ਰੋਗਰਾਮ ਇਸੇ ਤਰਾਂ ਤੈਅ ਹੋਏ ਹਨ। ਇਹੋ ਨਹੀਂ, ਕੁਝ ਰਾਜਾਂ ਵਿਚ ਤਾਂ ਰਾਜ ਸਭਾ ਦੀਆਂ ਇਕੋ ਸਮੇਂ ਖਾਲੀ ਹੋਈਆਂ ਦੋ ਸੀਟਾਂ ਲਈ ਵੀ ਵੱਖ ਵੱਖ ਮਿਤੀਆਂ ’ਤੇ ਚੋਣ ਕਰਵਾਈ ਗਈ ਹੈ। ਅਜਿਹੇ ਮੌਕਿਆਂ ’ਤੇ ਜਦੋਂ ਵੀ ਕਿਸੇ ਰਾਜਸੀ ਦਲ ਨੇ ਸਵਾਲ ਚੁੱਕੇ ਹਨ ਤਾਂ ਕੇਂਦਰ ਸਰਕਾਰ ਦੇ ਮੰਤਰੀ ਅਤੇ ਭਾਜਪਾ ਦੇ ਹੋਰ ਨੇਤਾ ਹੀ ਨਹੀਂ ਸਗੋਂ ਖੁਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਚੋਣ ਕਮਿਸ਼ਨ ਦੇ ਬਚਾਅ ਲਈ ਅੱਗੇ ਆਏ ਹਨ। ਇਸ ਵਾਰ ਵੀ ਜੋ ਸਵਾਲ ਉੱਠ ਰਹੇ ਹਨ, ਉਨਾਂ ਦਾ ਜਵਾਬ ਵੀ ਚੋਣ ਕਮਿਸ਼ਨ ਨਹੀਂ ਸਗੋਂ ਉਸ ਵਲੋਂ ਭਾਜਪਾ ਦੇ ਆਗੂ ਦੇ ਰਹੇ ਹਨ।

ਚੋਣ ਕਮਿਸ਼ਨ ਨੇ ਸਿਰਫ ਚੋਣ ਪ੍ਰੋਗਰਾਮ ਤੈਅ ਕਰਨ ਵਿਚ ਹੀ ਪੱਖਪਾਤ ਨਹੀਂ ਕੀਤਾ ਸਗੋਂ ਪਿਛਲੀਆਂ ਕਈ ਵਿਧਾਨ ਸਭਾ ਚੋਣਾਂ ਦੌਰਾਨ ਪ੍ਰਧਾਨ ਮੰਤਰੀ ਅਤੇ ਹੋਰ ਕੇਂਦਰੀ ਮੰਤਰੀਆਂ ਵਲੋਂ ਖੁੱਲੇਆਮ ਚੋਣ ਜ਼ਾਬਤੇ ਦੀ ਉਲੰਘਣਾ ਕਰਨ ਦੇ ਮਾਮਲਿਆਂ ਨੂੰ ਵੀ ਉਸ ਨੇ ਪੂਰੀ ਤਰਾਂ ਨਜ਼ਰਅੰਦਾਜ਼ ਕੀਤਾ ਅਤੇ ਵਿਰੋਧੀ ਧਿਰਾਂ ਵਲੋਂ ਕੀਤੀਆਂ ਸ਼ਿਕਾਇਤਾਂ ਨੂੰ ਸਿਰੇ ਤੋਂ ਖਾਰਜ ਕੀਤਾ ਹੈ। ਈ.ਵੀ.ਐਮ. ਮਸ਼ੀਨਾਂ ਦੀਆਂ ਗੜਬੜੀਆਂ ਅਤੇ ਵੋਟਾਂ ਦੀ ਗਿਣਤੀ ਦੇ ਮਾਮਲਿਆਂ ਵਿਚ ਹੋਈਆਂ ਧਾਂਦਲੀਆਂ ਦੀਆਂ ਘਟਨਾਵਾਂ ’ਤੇ ਕਮਿਸ਼ਨ ਮੂਕ ਦਰਸ਼ਕ ਬਣਿਆ ਰਿਹਾ ਹੈ। ਚੋਣ ਜ਼ਾਬਤੇ ਦੀ ਉਲੰਘਣਾ ਦੇ ਪ੍ਰਧਾਨ ਮੰਤਰੀ ਨਾਲ ਜੁੜੇ ਇਕ ਮਾਮਲੇ ਵਿਚ ਇਕ ਉਪ ਚੋਣ ਕਮਿਸ਼ਨਰ ਨੇ ਮੂੰਹ ਖੋਲਣ ਦੀ ਕੋਸ਼ਿਸ਼ ਕੀਤੀ ਸੀ ਤਾਂ ਕੁਝ ਹੀ ਦਿਨਾਂ ਬਾਅਦ ਉਸ ਦੇ ਪਰਿਵਾਰ ਵਾਲਿਆਂ ’ਤੇ ਆਮਦਨ ਟੈਕਸ ਅਤੇ ਈ.ਡੀ. ਦੇ ਛਾਪੇ ਵੱਜ ਗਏ ਸਨ।

ਅਜਿਹਾ ਨਹੀਂ ਹੈ ਕਿ ਕਾਂਗਰਸ ਦੇ ਸ਼ਾਸਨਕਾਲ ਵਿਚ ਚੋਣ ਕਮਿਸ਼ਨ ਪੱਖਪਾਤ ਦੇ ਦੋਸ਼ਾਂ ਤੋਂ ਮੁਕਤ ਸੀ ਜਾਂ ਉਸ ਦੌਰ ਦੇ ਮੁੱਖ ਚੋਣ ਕਮਿਸ਼ਨਰ ਦੁੱਧ ਦੇ ਧੋਤੇ ਸਨ। ਟੀ.ਐਨ. ਸ਼ੇਸ਼ਨ ਅਤੇ ਜੀ.ਐਮ. ਲਿੰਗਦੋਹ ਤੋਂ ਇਲਾਵਾ ਲਗਭਗ ਸਾਰੇ ਮੁੱਖ ਚੋਣ ਕਮਿਸ਼ਨਰਾਂ ਨਾਲ ਛੋਟੇ ਵੱਡੇ ਵਿਵਾਦ ਤਾਂ ਜੁੜੇ ਹੀ ਰਹੇ ਹਨ ਪਰ ਮੌਜੂਦਾ ਚੋਣ ਕਮਿਸ਼ਨਰ ਸੁਨੀਲ ਅਰੋੜਾ ਅਤੇ 2017-18 ਦੌਰਾਨ ਇਸ ਅਹੁਦੇ ’ਤੇ ਰਹੇ ਅਚਲ ਕੁਮਾਰ ਜਯੋਤੀ ਤਾਂ ਵਿਵਾਦਾਂ ਵਿਚ ਜਕੜੇ ਹੀ ਰਹੇ ਸਨ।

ਬਹਰਹਾਲ, ਪੰਜ ਰਾਜਾਂ ਲਈ ਐਲਾਨੇ ਬੜੇ ਅਜੀਬੋ-ਗ਼ਰੀਬ ਚੋਣ ਪ੍ਰੋਗਰਾਮ ਨਾਲ ਚੋਣ ਕਮਿਸ਼ਨ ਦੀ ਸਾਖ ’ਤੇ ਪਹਿਲਾਂ ਤੋਂ ਉੱਠ ਰਹੇ ਸਵਾਲ ਤਾਂ ਡੂੰਘੇ ਹੋਏ ਹੀ ਹਨ, ਨਾਲ ਹੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ‘ਇਕ ਦੇਸ਼, ਇਕ ਚੋਣ’ ਦਾ ਇਰਾਦਾ ਵੀ ਸ਼ਗੂਫਾ ਸਾਬਤ ਹੋਇਆ ਹੈ। ਜ਼ਿਕਰਯੋਗ ਹੈ ਕਿ ਦੇਸ਼ ਵਿਚ ਪੰਚਾਇਤ ਤੋਂ ਲੈ ਕੇ ਲੋਕ ਸਭਾ ਤੱਕ ਇਕੋ ਸਮੇਂ ਚੋਣਾਂ ਕਰਵਾਉਣ ਦੀ ਗੱਲ ਮੋਦੀ ਕਈ ਵਾਰ ਕਹਿ ਚੁੱਕੇ ਹਨ। ਉਨਾਂ ਵਲੋਂ ਜਦੋਂ ਜਦੋਂ ਇਹ ਗੱਲ ਕਹੀ ਗਈ, ਉਦੋਂ ਉਦੋਂ ਚੋਣ ਕਮਿਸ਼ਨ ਨੇ ਵੀ ਉਨਾਂ ਦੇ ਸੁਰ ਵਿਚ ਸੁਰ ਮਿਲਾਉਂਦਿਆਂ ਕਿਹਾ ਕਿ ਉਹ ਸਾਰੀਆਂ ਚੋਣਾਂ ਇਕੋ ਸਮੇਂ ਕਰਵਾਉਣ ਲਈ ਤਿਆਰ ਹਨ। ਪਰ ਸਵਾਲ ਹੈ ਕਿ ਜੋ ਚੋਣ ਕਮਿਸ਼ਨ ਪੰਜ ਰਾਜਾਂ ਦੀਆਂ ਚੋਣਾਂ ਇਕੋ ਸਮੇਂ ਨਹੀਂ ਕਰਵਾ ਸਕਦਾ, ਉਹ ਪੂਰੇ ਦੇਸ਼ ਵਿਚ ਸਾਰੀਆਂ ਚੋਣਾਂ ਇਕੋ ਸਮੇਂ ਕਿਵੇਂ ਕਰਵਾਏਗਾ?

# ਲੋਕ-ਪੱਖੀ ਕਾਮਰੇਡ ਬਨਾਮ ਸਟੇਟ-ਪੱਖੀ ਕਾਮਰੇਡ

### ਗੁਰਸੇਵਕ ਸਿੰਘ ਧੌਲਾ

ਕਿਸਾਨ ਕਾਨੂੰਨਾਂ ਨੂੰ ਲੈ ਕੇ ਚੱਲੀ ਲੜਾਈ ਵਿਚ ਆਮ ਲੋਕਾਂ ਨੂੰ ਕਾਮਰੇਡਾਂ ਅਤੇ ਸਿੱਖਾਂ ਵਿਚ ਪੁਆੜੇ ਦਾ ਪਹਿਲੀ ਵਾਰ ਪਤਾ ਲੱਗਿਆ ਹੈ। ਅਕਸਰ ਲੋਕੀਂ ਸਵਾਲ ਕਰਦੇ ਹਨ ਕਿ ਕਾਮਰੇਡ ਬੁਰੇ ਕਿਉਂ ਹਨ? ਅਕਸਰ ਇਹ ਵੀ ਦੇਖਿਆ ਜਾਂਦਾ ਹੈ ਕਿ ਆਮ ਲੋਕ ਸਿੱਖਾਂ ਨੂੰ ਹੀ ਕਮਿਊਨਿਸਟਾਂ ਖ਼ਿਲਾਫ਼ ਲਿਖਦੇ ਬੋਲਦੇ ਦੇਖਦੇ ਹਨ ਜਦਕਿ ਕਮਿਊਨਿਸਟ ਸਿੱਧੇ ਤੌਰ ’ਤੇ ਸਿੱਖਾਂ ਖ਼ਿਲਾਫ਼ ਨਹੀਂ ਬੋਲਦੇ ਸਗੋਂ ਉਹ ਲੁਕਵੇਂ ਰੂਪ ਵਿਚ ਸਿੱਖਾਂ ਦੀਆਂ ਰਹੁ-ਰੀਤਾਂ, ਇਤਿਹਾਸ ਅਤੇ ਬਾਣੀ ’ਤੇ ਹਮਲੇ ਕਰਦੇ ਹਨ। ਸੁਚੇਤ ਸਿੱਖਾਂ ਨੂੰ ਇਸ ਬਾਰੇ ਚੰਗੀ ਤਰਾਂ ਪਤਾ ਹੋਣ ਕਰਕੇ ਉਨਾਂ ਨੂੰ ਨੰਗੇ ਰੂਪ ਵਿਚ ਸਾਹਮਣੇ ਆਉਣਾ ਪੈਂਦਾ ਹੈ। ਇਸੇ ਕਰਕੇ ਲਗਦਾ ਹੈ ਕਿ ਸਿੱਖ ਹੀ ਜ਼ਿਆਦਤੀ ਕਰ ਰਹੇ ਹਨ। ਅਸਲ ਵਿਚ ਕਾਮਰੇਡਾਂ ਦੀਆਂ ਦੋ ਕੈਟਾਗਰੀਆਂ ਹਨ ‘ਲੋਕ ਪੱਖੀ ਕਾਮਰੇਡ’ ਅਤੇ ‘ਸਟੇਟ ਪੱਖੀ ਕਾਮਰੇਡ’ ਜਦੋਂ ਸਿੱਖ ਕਾਮਰੇਡਾਂ ਦਾ ਵਿਰੋਧ ਕਰ ਰਹੇ ਹੁੰਦੇ ਹਨ ਤਾਂ ਉਹ ਲੋਕਪੱਖੀ ਕਾਮਰੇਡਾਂ ਦਾ ਵਿਰੋਧ ਨਹੀਂ ਹੁੰਦਾ। ਸਗੋਂ ‘ਸਟੇਟ ਪੱਖੀ ਕਾਮਰੇਡਾਂ’ ਦੀਆਂ ਹਰਕਤਾਂ ਕਰਕੇ ‘ਲੋਕਪੱਖੀ ਕਾਮਰੇਡ’ ਵੀ ਲਪੇਟੇ ਵਿਚ ਆ ਜਾਂਦੇ ਹਨ। ਧਿਆਨ ਦੇਣ ਵਾਲੀ ਗੱਲ ਹੈ ਕਿ ਭਾਜਪਾ ਅਤੇ ਕਾਮਰੇਡਾਂ ਦੀਆਂ ਫਾਂਸੀਵਾਦੀ ਨੀਤੀਆਂ ਇਕੋ ਜਿਹੀਆਂ ਹਨ। ਸਿੱਖਾਂ ਦੇ ਮਾਮਲੇ ਵਿਚ ਇਹ ਲੋਕ ਆਪਸ ਵਿਚ ਇੱਕਜੁੱਟ ਵੀ ਹਨ। ਕਮਿਊਨਿਸਟ ਕੋਈ ‘ਵਿਚਾਰਧਾਰਾ’ ਨਹੀਂ ਹੈ ਜਿਸ ਤਰਾਂ ਆਮ ਲਿਖਿਆ/ਆਖਿਆ ਜਾਂਦਾ ਹੈ। ਇਹ ਰਾਜਨੀਤੀ ਵਿਚ ਸਥਾਪਿਤ ਹੋਣ ਲਈ ‘ਦਾਅ-ਪੇਚਾਂ ਦੇ ਵੱਖ-ਵੱਖ ਸਮੂਹ’ ਹਨ। ਵਿਚਾਰਧਾਰਾ ਦਾ ਭਾਵ ਕਿਸੇ ਲੋਕਾਂ ਦਾ ਅਜਿਹਾ ਸਮੂਹ ਹੁੰਦਾ ਹੈ ਜਿਸ ਦੀਆਂ ਨੀਤੀਆਂ ਅਤੇ ਅੰਤਿਮ ਨਿਸ਼ਾਨਾਂ ਇਕ ਹੋਵੇ। ਪਰ ਕਾਮਰੇਡ ‘ਦਾਅ-ਪੇਚਾਂ ਦਾ ਪੰਜਾਬ ਵਿਚਲਾ ਰੂਪ ‘ਕਮਿਊਨਿਸਟ ਨੀਤੀਆਂ’ ਦੇ ਐਨ ਉਲਟ ਹੈ। ਇਹ ਲੋਕ ਆਪਣੀਆਂ ਸਟੇਟ ਪੱਖੀ ਨੀਤੀਆਂ ਤੇ ਮਾਣ ਮਹਿਸੂਸ ਕਰਦੇ ਹਨ।

ਤੁਸੀਂ ਕਿਸੇ ਕਾਮਰੇਡ ਨੂੰ ਹਿੰਦੂ ਧਰਮ, ਇਸਾਈ ਧਰਮ, ਮੁਸਲਮਾਨ ਧਰਮ ਖ਼ਿਲਾਫ਼ ਬੋਲਦੇ ਨਹੀਂ ਸੁਣਿਆ ਹੋਣਾ। ਇਨਾਂ ਦਾ ਇਕੋ-ਇਕ ਨਿਸ਼ਾਨਾ ਸਿੱਖ ਧਰਮ ਹੈ। ਇਸ ਦਾ ਕਾਰਨ ਕਾਮਰੇਡ ਆਗੂ ਸਪੱਸ਼ਟ ਕਰਦੇ ਹਨ। ਇਨਾਂ ਦਾ ਮੰਨਣਾ ਹੈ ਕਿ ਪੰਜਾਬ ਵਿਚੋਂ ‘ਗੁਰਮਤਿ ਚਿੰਤਨ’ ਨੂੰ ਖ਼ਤਮ ਕਰੇ ਵਗੈਰ ਕਮਿਊਨਿਸਟ ਰਾਜਨੀਤੀ ਦੇ ਪੈਰ ਨਹੀਂ ਲੱਗਣੇ। ਇਸ ਲਈ ਇਨਾਂ ਦਾ ਮੁੱਖ ਨਿਸ਼ਾਨਾ ਸਿੱਖ ਧਰਮ ਹੈ।

ਅਸਲ ਵਿਚ ਕਮਿਊਨਿਸਟ ਹੋਣਾ ਕੋਈ ਮਾੜੀ ਗੱਲ ਨਹੀਂ ਸੀ। ਪੰਜਾਬ ’ਚ 70ਵਿਆਂ ਵਿਚ ਖ਼ਤਮ ਹੋਈ ਨਕਸਲੀ ਲਹਿਰ ਕਮਿਊਨਿਸਟਾਂ ਦਾ ਹੀ ਸਰਕਾਰ ਖ਼ਿਲਾਫ਼ ਰੋਹ ਸੀ। ਇਹ ਲੋਕ ਸਰਕਾਰ ਖ਼ਿਲਾਫ਼ ਅਤੇ ਲੋਕਾਂ ਦੇ ਪੱਖ ਵਿਚ ਸਨ। ਇਨਾਂ ਵਿਚ ਬਹੁਤੇ ਲੋਕ ਸਿੱਖ ਧਰਮ ਨੂੰ ਮੰਨਣ ਵਾਲੇ ਅਤੇ ਨਿੱਤਨੇਮੀ ਗੁਰਸਿੱਖ ਸਨ। ਇਸ ਲਹਿਰ ਦੇ ਬਹੁਤ ਕਾਮਰੇਡਾਂ ਨੂੰ ਸਰਕਾਰ ਨੇ ਝੂਠੇ-ਸੱਚੇ ਪੁਲਿਸ ਮੁਕਾਬਲਿਆਂ ਵਿਚ ਮਾਰ ਦਿੱਤਾ। ਕੁੱਝ ਵਿਦੇਸ਼ਾਂ ਵਿਚ ਚਲੇ ਗਏ, ਅਨੇਕਾਂ ਨੂੰ ਸਜ਼ਾਵਾਂ ਹੋਈਆਂ ਅਤੇ ਬਹੁਤ ਸਾਰੇ ਕਾਮਰੇਡ ਸਰਕਾਰ ਦੇ ਝੋਲ਼ੀ-ਚੁੱਕ ਬਣ ਗਏ। ਝੋਲ਼ੀ-ਚੁੱਕ ਬਣੇ ਕਾਮਰੇਡਾਂ ਨੇ ਇਸ ਲਹਿਰ ਦਾ ਬਹੁਤ ਨੁਕਸਾਨ ਕੀਤਾ। ਸਰਕਾਰ ਨੇ ਇਨਾਂ ਨੂੰ ਲੋਕਾਂ ਵਿਰੁੱਧ ਹਥਿਆਰ ਵਜੋਂ ਵਰਤਿਆ। ਅੱਜ ਦੇ ਪੰਜਾਬੀ ਕਾਮਰੇਡ ਉਸੇ ਝੋਲ਼ੀ-ਚੁੱਕ ਕੈਟਾਗਰੀ ਦੀ ਰਹਿੰਦ-ਖੂੰਹਦ ਹੈ ਜਿਹੜੀ ਆਪਣੇ-ਆਪ ਨੂੰ ਰਾਜਨੀਤੀ ਵਿਚ ਸਥਾਪਤ ਕਰਨ ਲਈਂ ਜੱਦੋ-ਜਹਿਦ ਕਰ ਰਹੀ ਹੈ। ਇਸ ਜੱਦੋ-ਜਹਿਦ ਲਈ ਇਨਾਂ ਨੀਤੀ ਵਜੋਂ ਕਿਸਾਨਾਂ ਦੇ ਨਾਮ ਤੇ ਯੂਨੀਅਨਾਂ ਬਣਾ ਲਈਆਂ ਜਦਕਿ ਇਨਾਂ ਦਾ ਕਿਸਾਨਾਂ ਦੀਆਂ ਮੰਗਾਂ ਅਤੇ ਸਮੱਸਿਆਵਾਂ ਨਾਲ ਕੋਈ ਸਿੱਧਾ ਸਬੰਧ ਨਹੀਂ ਹੈ। ਪਰ ਕਿਸਾਨਾਂ ਵਿਚ ਛਾ ਜਾਣ ਲਈ ਇਨਾਂ ਨੂੰ ‘ਕਿਸਾਨ ਯੂਨੀਅਨ’ ਲਫ਼ਜ ਵਰਤਣਾ ਜ਼ਰੂਰੀ ਸੀ। ਇਸ ਤਰਾਂ ਇਨਾਂ ਨੂੰ ਪੰਜਾਬ ਵਿਚੋਂ ਜਿੱਥੇ ਮੈਂਬਰਸ਼ਿਪ ਮਿਲਣੀ ਸੀ ਓਥੇ ਆਰਥਿਕ ਪੱਖ ਤੋਂ ਵੀ ਕਿਸਾਨਾਂ ਨੂੰ ਵਰਤਣਾ ਬੜਾ ਜ਼ਰੂਰੀ ਸੀ। ਸੋ ਕਿਸਾਨਾਂ ਦੀ ਆੜ ਵਿਚ ਇਹ ਬਿਲਕੁਲ ਉਸੇ ਲੁਕਵੇਂ ਰੂਪ ਵਿਚ ਆਏ ਜਿਵੇਂ ਆਰਐਸਐਸ ਦਾ ‘ਰਾਸ਼ਟਰੀ ਸਿੱਖ ਸੰਗਤ’ ਸਰਗਰਮ ਹੈ। ਆਖਣ ਨੂੰ ਤਾਂ ‘ਰਾਸ਼ਟਰੀ ਸਿੱਖ ਸੰਗਤ’ ਸਿੱਖਾਂ ਦੇ ਮਾਮਲੇ ਹੀ ਉਭਾਰਦੀ ਹੈ ਪਰ ਇਨਾਂ ਦਾ ਮੁੱਖ ਨਿਸ਼ਾਨਾ ਸਿੱਖ ਧਰਮ ਨੂੰ ਹਿੰਦੂ ਧਰਮ ਵਿਚ ਜਜ਼ਬ ਕਰਨਾ ਹੈ। ਉਸੇ ਤਰਾਂ ਕਿਸਾਨ ਯੂਨੀਅਨਾਂ ਦੇ ਰੂਪ ਵਿਚ ਲੁਕੇ ਕਾਮਰੇਡਾਂ ਵੱਲੋਂ ਕਿਸਾਨਾਂ ਨੂੰ ਵਰਤਣ ਦਾ ਖੁੱਲਾ ਨਾਮ ‘ਕਿਸਾਨ ਯੂਨੀਅਨਾਂ’ ਹਨ।

ਕਿਸਾਨ ਯੂਨੀਅਨ ਉਗਰਾਹਾਂ ਧੜਾ ਆਪਣੇ ਆਪ ਨੂੰ ਦੂਜੀਆਂ ਕਿਸਾਨ ਯੂਨੀਅਨਾਂ ਨਾਲੋਂ ਜ਼ਿਆਦਾ ਉਤਮ ਅਤੇ ਸ਼ਕਤੀਸ਼ਾਲੀ ਸਮਝਦਾ ਹੈ। ਇਸ ਲਈ ਇਸ ਧੜੇ ਨੇ ਸਿੱਖਾਂ ਨੂੰ ਪਹਿਲਾਂ ਦੋ ਹਿੱਸਿਆਂ ਵਿਚ ਵੰਡਣ ਦਾ ਕੰਮ ਕੀਤਾ। ਇਸ ਨੇ ਸਿੱਖਾਂ ਅਤੇ ਖਾਲਿਸਤਾਨੀਆਂ ਨੂੰ ਵੱਖ-ਵੱਖ ਕਰਕੇ ਦੇਖਣ ਦਾ ਨਜ਼ਰੀਆ ਲੋਕਾਂ ਵਿਚ ਰੱਖਿਆ ਜਿਵੇਂ ਖ਼ਾਲਿਸਤਾਨੀ ਸਿੱਖ ਨਾ ਹੋਣ। ਕਿਸਾਨ ਮੋਰਚੇ ਵਿਚ ‘ਮੈਂ ਸਿੱਖ ਹਾਂ ਖ਼ਾਲਿਸਤਾਨੀ ਨਹੀਂ’ ਦੇ ਬੈਨਰ ਫੜਾਉਣੇ ਇਸੇ ਨੀਤੀ ਦਾ ਹਿੱਸਾ ਸੀ ਜਿਹੜੀ ਨੀਤੀ ਆਮ ਲੋਕਾਂ ਨੂੰ ਸਮਝ ਨਹੀਂ ਆਈ। ਇਸੇ ਧੜੇ ਵੱਲੋਂ ‘ਬੁੱਧੀਜੀਵੀਆਂ’ ਦੇ ਨਾਮ ਹੇਠ ਨਕਸਲੀਆਂ ਨੂੰ ਛੁਡਾਉਣ ਦੇ ਬੈਨਰ ਕਿਸਾਨਾਂ ਦੇ ਹੱਥਾਂ ਵਿਚ ਫੜਾਏ। ਜੱਗੋਂ ਵੱਖਰੀ ਗੱਲ ਤਾਂ ਓਦੋਂ ਹੋਈ ਜਦੋਂ 21 ਫਰਵਰੀ ਦੀ ਬਰਨਾਲਾ ਰੈਲੀ ਵਿਚ ਇਸ ਧੜੇ ਨੇ ‘ਸਟੇਟ ਪੱਖੀ’ ਕਾਮਰੇਡਾਂ ਦੀ ਸਿਖਰ ’ਤੇ ਪੁੱਜਦਿਆਂ ਪੰਜਾਬ ਨੂੰ ਵੱਧ ਅਧਿਕਾਰਾਂ ਦਾ ਵੀ ਵਿਰੋਧ ਕਰ ਦਿੱਤਾ। ਅਜਿਹੀ ਨੀਤੀ ‘ਲੋਕਪੱਖੀ ਕਾਮਰੇਡੀ’ ਦਾ ਸਿੱਧੇ ਰੂਪ ਵਿਰੋਧ ਹੈ। ਪੂਰੀ ਲਿਖਤ ਨੂੰ ਜੇ ਥੋੜੇ ਲਫ਼ਜ਼ਾਂ ਵਿਚ ਕਹਿਣਾ ਹੋਵੇ ਤਾਂ ਨਿਚੋੜ ਇਨਾਂ ਕੁ ਹੈ ਕਿ ਪੰਜਾਬ ਦੇ ਕਾਮਰੇਡਾਂ ਦਾ ਮੁੱਖ ਨਿਸ਼ਾਨਾ ਸਟੇਟ ਦਾ ਪੱਖ ਪੂਰ ਕੇ ਸਿੱਖ ਧਰਮ ਦਾ ਵਿਰੋਧ ਕਰਨਾ ਹੈ ਜਿਸ ਵਿਚੋਂ ਇਹ ਆਪਣੀ ਰਾਜਨੀਤੀ ਦੇ ਸੁਪਨੇ ਦੇਖ ਰਹੇ ਹਨ। ਆਪਣੇ ਬਚਾਅ ਲਈ ਸਿੱਖਾਂ ਵੱਲੋਂ ਸਟੇਟ-ਪੱਖੀ ਕਾਮਰੇਡਾਂ ਦੀਆਂ ਨੀਤੀਆਂ ਦਾ ਵਿਰੋਧ ਕਰਨਾ ਬਿਲਕੁਲ ਜਾਇਜ਼ ਹੈ।




# ਦਿੱਲੀ ਦੀਆਂ ਹੱਦਾਂ ਉਪਰ ਕਿਸਾਨ ਅੰਦੋਲਨ ਦੇ ਸੌ ਦਿਨ ਪੂਰੇ

## ✪ਅੰਦੋਲਨ ਨੂੰ ਕੌਮਾਂਤਰੀ ਮੰਚ ਉਪਰ ਮਿਲੀ ਮਾਨਤਾ ✪ ਖੇਤੀ ਕਾਨੂੰਨ ਰੱਦ ਕਰਾਉਣ ਲਈ ਬਰਾਬਰ ਡਟੀਆਂ ਕਿਸਾਨ ਬੀਬੀਆਂ 'ਟਾਈਮ' ਮੈਗਜ਼ੀਨ ਦੇ ਕਵਰ ਪੇਜ 'ਤੇ ਚਮਕੀਆਂ ✪ ਕਿਸਾਨ ਅੰਦੋਲਨ ਦੀ ਤਾਕਤ ਬਣੀਆਂ ਔਰਤਾਂ

**ਨਵੀਂ ਦਿੱਲੀ (ਬਘੇਲ ਸਿੰਘ) :** ਕਿਸਾਨ ਅੰਦੋਲਨ 6 ਮਾਰਚ ਨੂੰ ਦਿੱਲੀ ਦੀਆਂ ਹੱਦਾਂ 'ਤੇ ਸੌ ਦਿਨ ਪੂਰੇ ਕਰ ਚੁਕਾ ਹੈ। ਸੰਯੁਕਤ ਮੋਰਚੇ ਨੇ ਉਸ ਦਿਨ ਦਿੱਲੀ ਦੇ ਚੁਫੇਰਿਉਂ ਗੁਜ਼ਰਦੀ ਕੇਐੱਮਪੀ ਸੜਕ ਨੂੰ ਜਾਮ ਕਰਨ ਦਾ ਸੱਦਾ ਦਿੱਤਾ ਗਿਆ ਸੀ। ਤਿੰਨ ਖੇਤੀ ਕਾਨੂੰਨਾਂ ਦੀ ਵਾਪਸੀ ਤੇ ਫ਼ਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ ਦੀ ਕਾਨੂੰਨੀ ਗਰੰਟੀ ਦੀਆਂ ਮੰਗਾਂ ਵਾਸਤੇ ਸ਼ੁਰੂ ਹੋਏ ਇਸ ਅੰਦੋਲਨ ਦਾ ਦਾਇਰਾ ਦੇਸ਼ ਵਿਦੇਸ਼ ਤਕ ਵਿਸ਼ਾਲ ਅਤੇ ਵਿਆਪਕ ਹੋ ਰਿਹਾ ਹੈ। ਪੰਜਾਬ ਤੋਂ ਸ਼ੁਰੂ ਹੋਏ ਅੰਦੋਲਨ ਦੀ ਦਿੱਲੀ ਜਾਂਦਿਆਂ ਹਰਿਆਣਾ ਨਾਲ ਸਾਂਝ ਪੈ ਗਈ। ਸਤਲੁਜ-ਯਮੁਨਾ ਲਿੰਕ ਨਹਿਰ ਦਾ ਮੁੱਦਾ ਉਠਾ ਕੇ ਅੰਦੋਲਨ ਵਿਚ ਦੁਫੇੜ ਪਾਉਣ ਦੀ ਅਸਫਲ ਕੋਸ਼ਿਸ਼ ਕੀਤੀ ਗਈ। ਅੰਦੋਲਨ ਦੌਰਾਨ ਸਰਕਾਰ ਨਾਲ 11 ਦਫ਼ਾ ਗੱਲਬਾਤ ਵੀ ਹੋਈ ਪਰ ਮੋਦੀ ਸਰਕਾਰ ਆਪਣਾ ਅੜੀਅਲ ਰੁਖ ਦਿਖਾਉਂਦੀ ਰਹੀ। ਕਿਸਾਨ ਵਿਰੋਧੀ ਤਾਕਤਾਂ ਤੇ ਦਰਬਾਰੀ ਮੀਡੀਆ ਨੇ ਅੰਦੋਲਨ ਨੂੰ ਖ਼ਾਲਿਸਤਾਨੀ, ਮਾਓਵਾਦੀ, ਪਾਕਿਸਤਾਨ-ਚੀਨ ਸਮਰਥਨ ਪ੍ਰਾਪਤ ਆਦਿ ਐਲਾਨ ਕੇ ਬਦਨਾਮ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜੋ ਕਾਮਯਾਬ ਨਹੀਂ ਹੋਈਆਂ।

26 ਜਨਵਰੀ ਨੂੰ ਟਰੈਕਟਰ ਪਰੇਡ ਦੌਰਾਨ ਲਾਲ ਕਿਲੇ ਵਾਲੀ ਘਟਨਾ ਤੇ ਸਰਕਾਰੀ ਤਸ਼ਦਦ ਕਾਰਨ ਅੰਦੋਲਨ ਨੂੰ ਕੁਝ ਢਾਅ ਲੱਗੀ ਪਰ ਗਾਜ਼ੀਪੁਰ ਬਾਰਡਰ ਤੋਂ ਕਿਸਾਨ ਆਗੂ ਰਾਕੇਸ਼ ਟਿਕੈਤ ਦੀ ਭਾਵਨਾਤਮਕ ਅਪੀਲ ਕਰ ਕੇ ਅੰਦੋਲਨ ਨੇ ਮੁੜ ਜ਼ੋਰ ਫੜ ਲਿਆ। ਇਸ ਅੰਦੋਲਨ ਨੇ ਇਹ ਵੀ ਸਾਬਤ ਕੀਤਾ ਹੈ ਕਿ ਸਰਕਾਰਾਂ ਦੀਆਂ ਲੋਕ ਵਿਰੋਧੀ ਪਹਿਲਕਦਮੀਆਂ ਨੂੰ ਵਿਆਪਕ ਚੁਣੌਤੀ ਦਿੱਤੀ ਜਾ ਸਕਦੀ ਹੈ। ਇਸ ਮੌਕੇ ਉੱਤਰ ਪ੍ਰਦੇਸ਼, ਰਾਜਸਥਾਨ, ਹਰਿਆਣਾ, ਉੱਤਰਾਖੰਡ ਸਮੇਤ ਬਹੁਤ ਸਾਰੇ ਰਾਜਾਂ ਵਿਚ ਮਹਾਂਪੰਚਾਇਤਾਂ ਦਾ ਦੌਰ ਚੱਲ ਰਿਹਾ ਹੈ। ਸੰਯੁਕਤ ਕਿਸਾਨ ਮੋਰਚੇ ਨੇ ਪੱਛਮੀ ਬੰਗਾਲ ਸਮੇਤ ਵੋਟਾਂ ਵਾਲੇ ਪੰਜ ਰਾਜਾਂ ਵਿਚ ਨੁਮਾਇੰਦੇ ਭੇਜ ਕੇ ਭਾਜਪਾ ਖ਼ਿਲਾਫ਼ ਪ੍ਰਚਾਰ ਮੁਹਿੰਮ ਚਲਾਉਣ ਦਾ ਫ਼ੈਸਲਾ ਕੀਤਾ ਹੈ। ਕਿਸਾਨ ਆਗੂਆਂ ਨੂੰ ਅੰਦੋਲਨ ਲੰਮਾ ਚੱਲਣ ਦੀ ਉਮੀਦ ਹੈ, ਕਿਉਂਕਿ ਲੜਾਈ ਕੇਂਦਰ ਸਰਕਾਰ ਦੇ ਨਾਲ ਨਾਲ ਕਾਰਪੋਰੇਟ ਘਰਾਣਿਆਂ ਦੇ ਨਾਲ ਵੀ ਹੈ। ਅੰਦੋਲਨ ਨੂੰ ਕੌਮਾਂਤਰੀ ਮੰਚਾਂ ਤੋਂ ਵੀ ਹਮਾਇਤ ਮਿਲੀ ਹੈ ਅਤੇ ਇਸ ਕਾਰਨ ਮੌਜੂਦਾ ਕੇਂਦਰੀ ਸਰਕਾਰ ਦੀ ਕੌਮਾਂਤਰੀ ਸਾਖ਼ ਨੂੰ ਖ਼ੋਰਾ ਲੱਗਿਆ ਹੈ। ਪੰਜਾਬ ਤੋਂ ਸ਼ੁਰੂ ਹੋਏ ਕਿਸਾਨ ਅੰਦੋਲਨ ਦੇਸ ਵਿਦੇਸ਼ ਤੱਕ ਫੈਲ ਚੁੱਕਾ ਹੈ। ਅੰਦੋਲਨ ਦੇ ਵੱਖ ਵੱਖ ਪਹਿਲੂਆਂ ਬਾਰੇ ਕੁਝ ਦੇਸ਼ਾਂ ਦੀਆਂ ਪਾਰਲੀਮੈਂਟਾਂ ਵਿਚ ਅਧਿਕਾਰਤ ਚਰਚਾ ਕੀਤੀ ਜਾ ਰਹੀ ਹੈ। ਬਰਤਾਨਵੀ ਸੰਸਦ ਵਿਚ ਇਸ ਬਾਰੇ ਚਰਚਾ ਹੋ ਚੁੱਕੀ ਹੈ। ਇੰਗਲੈਂਡ ਵਿਚ ਦਸ ਹਜ਼ਾਰ ਦਸਤਖ਼ਤਾਂ ਵਾਲੀ ਕੋਈ ਪਟੀਸ਼ਨ ਮਿਲਣ








'ਤੇ ਸਰਕਾਰ ਨੂੰ ਉਸ ਬਾਰੇ ਬਿਆਨ ਦੇਣਾ ਪੈਂਦਾ ਹੈ। ਕਿਸਾਨ ਅੰਦੋਲਨ ਤੇ ਪ੍ਰੈੱਸ ਦੀ ਆਜ਼ਾਦੀ ਬਾਰੇ ਇਕ ਲੱਖ ਤੋਂ ਜ਼ਿਆਦਾ ਦਸਤਖ਼ਤਾਂ ਵਾਲੀ ਪਟੀਸ਼ਨ ਬਰਤਾਨਵੀ ਸਰਕਾਰ ਨੂੰ ਪ੍ਰਾਪਤ ਹੋਈ ਸੀ।

ਆਸਟਰੇਲੀਆ ਦੀ ਸੰਸਦ ਵਿਚ ਵੀ 15 ਮਾਰਚ ਨੂੰ ਕਿਸਾਨ ਅੰਦੋਲਨ ਬਾਰੇ ਚਰਚਾ ਹੋਣੀ ਹੈ। ਕੇਂਦਰ ਸਰਕਾਰ ਨੂੰ ਚਾਹੀਦਾ ਸੀ ਕਿ ਕਿਸਾਨਾਂ ਦੇ ਮਸਲਿਆਂ ਦਾ ਹੱਲ ਗੱਲਬਾਤ ਰਾਹੀਂ ਕੀਤਾ ਜਾਂਦਾ ਪਰ ਗੱਲਬਾਤ 22 ਜਨਵਰੀ ਤੋਂ ਬੰਦ ਹੈ। ਪੁਲਿਸ ਦੁਆਰਾ ਬੈਰੀਕੇਡ ਲਾਉਣ, ਸੜਕਾਂ 'ਤੇ ਨੋਕੀਲੇ ਕਿੱਲ ਦੱਬਣ, ਕੁਝ ਸਮੇਂ ਲਈ ਇੰਟਰਨੈੱਟ ਅਤੇ ਪਾਣੀ ਬੰਦ ਕਰਨ ਆਦਿ ਦੀਆਂ ਕਾਰਵਾਈਆਂ ਤੋਂ ਇਹ ਪ੍ਰਭਾਵ ਗਿਆ ਹੈ ਕਿ ਸਰਕਾਰ ਦਮਨਕਾਰੀ ਨੀਤੀਆਂ ਰਾਹੀਂ ਅੰਦੋਲਨ ਖ਼ਤਮ ਕਰਵਾਉਣਾ ਚਾਹੁੰਦੀ ਹੈ। ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਵੀ ਕਿਸਾਨ ਅੰਦੋਲਨ ਦੀ ਹਮਾਇਤ ਵਿਚ ਬਿਆਨ ਦਿੱਤੇ ਹਨ।

ਇਹ ਅੰਦੋਲਨ ਹੁਣ ਮਨੁੱਖੀ ਅਧਿਕਾਰਾਂ ਅਤੇ ਕਾਰਪੋਰੇਟ ਵਿਕਾਸ ਮਾਡਲ ਸਮੇਤ ਸਰਕਾਰਾਂ ਦੀ ਕਾਰਗੁਜ਼ਾਰੀ ਉੱਤੇ ਵੱਡੇ ਸਵਾਲ ਖੜ੍ਹੇ ਕਰ ਰਿਹਾ ਹੈ।

**ਡਟੀਆਂ ਕਿਸਾਨ ਬੀਬੀਆਂ**

ਕੌਮਾਂਤਰੀ ਮਹਿਲਾ ਦਿਵਸ ਮੌਕੇ ਦਿੱਲੀ ਦੇ ਬਾਰਡਰਾਂ ਸਿੰਘੂ, ਟਿਕਰੀ, ਗਾਜ਼ੀਪੁਰ ਅਤੇ ਪਲਵਲ 'ਤੇ ਲੱਗੇ ਮੋਰਚਿਆਂ 'ਚ ਔਰਤਾਂ ਨੇ ਤਿੰਨੋਂ ਖੇਤੀ ਕਾਨੂੰਨ ਰੱਦ ਕਰਨ ਸਮੇਤ ਔਰਤਾਂ ਦੀ ਬਰਾਬਰੀ ਦੇ ਹੱਕ ਦਾ ਹੋਕਾ ਦਿੱਤਾ। ਉਨ੍ਹਾਂ ਵੱਡੀ ਗਿਣਤੀ 'ਚ ਹਾਜ਼ਰੀ ਲੁਆ ਕੇ ਕਿਸਾਨਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਸੰਘਰਸ਼ ਵਿੱਚ ਡਟਣ ਦਾ ਇਰਾਦਾ ਜ਼ਾਹਿਰ ਕੀਤਾ। ਹਰਿਆਣਵੀ ਤੇ ਪੰਜਾਬੀ ਔਰਤਾਂ ਨੇ ਵੱਡੀ ਗਿਣਤੀ ਵਿੱਚ ਮੋਰਚਿਆਂ 'ਤੇ ਸ਼ਾਮਲ ਹੋ ਕੇ ਮੋਦੀ ਸਰਕਾਰ ਹਟਾਉਣ ਦੇ ਨਾਅਰੇ ਲਾਏ। ਗਾਜ਼ੀਪੁਰ ਮੋਰਚੇ 'ਤੇ ਇਸ ਅੰਦੋਲਨ ਦੀ ਜਿੱਤ ਮਗਰੋਂ ਈਵੀਐੱਮਜ਼ (ਇਲੈਕਟ੍ਰਾਨਿਕ ਵੋਟਿੰਗ ਮਸ਼ੀਨ) ਦੀ ਵਰਤੋਂ ਬੰਦ ਕਰਨ ਲਈ ਇੰਨਾ ਹੀ ਵੱਡਾ ਮੋਰਚਾ ਲਾਉਣ ਦਾ ਸੱਦਾ ਦਿੱਤਾ ਗਿਆ। ਔਰਤਾਂ ਨੇ ਆਪਣੀਆਂ ਭਾਵਨਾਵਾਂ ਭਾਸ਼ਣਾਂ, ਲੋਕ ਨਾਚਾਂ, ਗੀਤਾਂ, ਕਵਿਤਾਵਾਂ ਰਾਹੀਂ ਪੇਸ਼ ਕੀਤੀਆਂ ਅਤੇ ਦਰਸਾਇਆ ਕਿ ਉਹ ਵੀ ਕਿਸਾਨ ਘੋਲ ਵਿੱਚ ਅਹਿਮ ਭੂਮਿਕਾ ਨਿਭਾਅ ਰਹੀਆਂ ਹਨ। ਕਈ ਔਰਤਾਂ ਟਰੈਕਟਰ ਚਲਾ ਕੇ ਮੋਰਚਿਆਂ ਵਿੱਚ ਸ਼ਾਮਲ ਹੋਈਆਂ। ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਪੰਜਾਬ, ਹਰਿਆਣਾ ਅਤੇ ਉੱਤਰ ਪ੍ਰਦੇਸ਼ ਸਮੇਤ ਦੱਖਣੀ ਰਾਜਾਂ ਤੋਂ ਵੀ ਦਿੱਲੀ ਦੇ ਮੋਰਚਿਆਂ ਵਿੱਚ ਹਜ਼ਾਰਾਂ ਔਰਤਾਂ ਹਾਜ਼ਰੀ ਭਰ ਰਹੀਆਂ ਹਨ। ਭਾਸ਼ਣਾਂ ਦੌਰਾਨ ਔਰਤਾਂ ਨੇ ਮੋਦੀ ਸਰਕਾਰ ਖ਼ਿਲਾਫ਼ ਸੁਰ ਤਿੱਖੀ ਰੱਖੀ। ਕਿਸਾਨ ਆਗੂ ਕਵਿਤਾ ਕੁਰੂਗੰਟੀ ਨੇ ਦੱਸਿਆ ਕਿ ਕਾਰਪੋਰੇਟਾਂ ਖ਼ਿਲਾਫ਼ ਸੰਘਰਸ਼ ਔਰਤ ਹੱਕਾਂ ਦੇ ਸੰਘਰਸ਼ ਦਾ ਜ਼ੁਰਵਾਂ ਹਿੱਸਾ ਹੈ।

ਟਿਕਰੀ ਬਾਰਡਰ 'ਤੇ ਮਰਹੂਮ ਨਾਟਕਕਾਰ ਗੁਰਸ਼ਰਨ ਸਿੰਘ ਦੀ ਧੀ ਨਵਸ਼ਰਨ ਕੌਰ ਤੇ ਵਿਦਿਆਰਥਣ ਆਗੂ ਸ਼ਿਰੀਨ ਨੇ ਮੁਲਕ ਦੇ ਇਤਿਹਾਸ ਅੰਦਰ ਲੋਕ ਸੰਘਰਸ਼ਾਂ ਵਿੱਚ ਔਰਤਾਂ ਦੇ ਯੋਗਦਾਨ ਦੀ ਚਰਚਾ ਕੀਤੀ।

ਟਿਕਰੀ ਬਾਰਡਰ 'ਤੇ ਵਿਸ਼ਾਲ ਮਹਿਲਾ ਕਾਨਫਰੰਸ ਕੀਤੀ ਗਈ ਜਿਸ ਵਿਚ ਪੰਜਾਬ ਅਤੇ ਹਰਿਆਣਾ ਦੀਆਂ ਹਜ਼ਾਰਾਂ ਔਰਤਾਂ ਨੇ ਪੂਰੇ ਜੋਸ਼-ਖ਼ਰੋਸ਼ ਨਾਲ ਸ਼ਮੂਲੀਅਤ ਕੀਤੀ। ਬੀਕੇਯੂ ਏਕਤਾ (ਉਗਰਾਹਾਂ) ਵੱਲੋਂ ਹਰਿੰਦਰ ਕੌਰ ਬਿੰਦੂ ਅਤੇ ਪਰਮਜੀਤ ਕੌਰ ਪਿੱਥੋ ਨੇ ਕਿਹਾ ਕਿ ਕਿਸਾਨ ਸੰਘਰਸ਼ ਦੌਰਾਨ ਔਰਤਾਂ ਦਾ ਰੋਲ ਮਿਸਾਲੀ ਹੈ ਕਿਉਂਕਿ ਉਹ ਪਹਿਲਾਂ ਹੀ ਖੇਤੀ ਸੰਕਟ ਦੀ ਸਭ ਤੋਂ ਵੱਧ ਮਾਰ ਹੰਢਾ ਰਹੀਆਂ ਹਨ। ਪੰਜਾਬ ਖੇਤ ਮਜ਼ਦੂਰ ਯੂਨੀਅਨ ਦੀ ਤਰਫ਼ੋਂ ਕ੍ਰਿਸ਼ਨਾ ਦੇਵੀ ਨੇ ਕਿਹਾ ਕਿ ਦਲਿਤ ਔਰਤਾਂ ਸਮਾਜ ਅੰਦਰ ਤੀਹਰੇ ਦਾਬੇ ਦਾ ਸ਼ਿਕਾਰ ਹਨ। ਉਹ ਲੁਟੇਰੀਆਂ ਜਮਾਤਾਂ, ਮਰਦਾਵੇਂ ਦਾਬੇ ਅਤੇ ਅਖੌਤੀ ਉੱਚ ਜਾਤੀ ਦਾਬੇ ਦਾ ਵੀ ਸ਼ਿਕਾਰ ਹਨ। ਦਿੱਲੀ ਦੀਆਂ ਮਹਿਲਾ ਜਥੇਬੰਦੀਆਂ ਦੇ ਇੱਕ ਵਫ਼ਦ ਵੱਲੋਂ ਸ਼ਬਨਮ ਹਾਸ਼ਮੀ ਨੇ ਸੰਬੋਧਨ ਕੀਤਾ ਅਤੇ ਕਿਸਾਨ ਸੰਘਰਸ਼ ਨਾਲ ਆਪਣੀ ਇਕਜੁੱਟਤਾ ਜਤਾਈ। ਹਰਿਆਣਾ ਤੋਂ ਸ਼ਵੇਤਾ, ਪੂਨਮ ਰਾਣੀ ਤੇ ਪੰਜਾਬ ਤੋਂ ਵਕੀਲ ਰਵਿੰਦਰ ਕੌਰ ਨੇ ਵੀ ਸੰਬੋਧਨ ਕੀਤਾ।

**'ਟਾਈਮ' ਮੈਗਜ਼ੀਨ ਦੇ ਕਵਰ ਪੇਜ 'ਤੇ ਕਿਸਾਨ ਅੰਦੋਲਨ 'ਚ ਸ਼ਾਮਲ ਔਰਤਾਂ**

ਦੇਸ਼-ਵਿਦੇਸ਼ ਵਿਚ ਚਰਚਾ ਦਾ ਵਿਸ਼ੇ ਬਣ ਚੁੱਕੇ ਕਿਸਾਨ ਅੰਦੋਲਨ ਨੂੰ ਹੁਣ ਮਸ਼ਹੂਰ ਅਮਰੀਕੀ ਰਸਾਲੇ ਟਾਈਮ ਨੇ ਆਪਣੇ ਮਾਰਚ ਦੇ ਐਡੀਸ਼ਨ ਦੇ ਕਵਰ ਪੇਜ 'ਤੇ ਕਿਸਾਨ ਅੰਦੋਲਨ 'ਚ ਸ਼ਾਮਿਲ ਔਰਤਾਂ ਨੂੰ ਥਾਂ ਦਿੱਤੀ ਹੈ । ਕਵਰ 'ਤੇ ਬਜ਼ੁਰਗ ਅਤੇ ਨੌਜਵਾਨ ਔਰਤਾਂ ਤੋਂ ਇਲਾਵਾ ਬੱਚੇ ਵੀ ਸ਼ਾਮਿਲ ਹਨ । ਮੈਗਜ਼ੀਨ ਦੇ ਕਵਰ ਪੇਜ 'ਤੇ ਤਸਵੀਰ ਤੋਂ ਇਲਾਵਾ ਅੰਦਰ ਛਪੇ ਲੇਖ ਦਾ ਸਿਰਲੇਖ ਹੈ 'ਮੈਨੂੰ ਡਰਾਇਆ-ਧਮਕਾਇਆ ਨਹੀਂ ਜਾ ਸਕਦਾ ਅਤੇ ਮੈਨੂੰ ਖ਼ਰੀਦਿਆ ਨਹੀਂ ਜਾ ਸਕਦਾ ।' 'ਟਾਈਮ' ਮੈਗਜ਼ੀਨ ਨੇ ਆਪਣੇ ਅਧਿਕਾਰਕ ਟਵਿੱਟਰ ਹੈਂਡਲ ਤੋਂ ਵੀ ਇਸ ਦੀ ਜਾਣਕਾਰੀ ਦਿੰਦਿਆਂ ਅਤੇ ਕਵਰ ਪੇਜ ਸਾਂਝਾ ਕਰਦਿਆਂ ਲਿਖਿਆ ਟਾਈਮ ਦਾ ਨਵਾਂ 'ਇੰਟਰਨੈਸ਼ਨਲ ਕਵਰ ।' ਟਾਈਮ ਮੈਗਜ਼ੀਨ ਵਲੋਂ ਟਵਿੱਟਰ 'ਤੇ ਸਾਂਝੀ ਕੀਤੀ ਤਸਵੀਰ ਦੇ ਨਾਲ ਅੰਦਰ ਛਪੇ ਲੇਖ ਦਾ ਲਿੰਕ ਵੀ ਸਾਂਝਾ ਕੀਤਾ ਗਿਆ ਹੈ, ਜਿਸ ਵਿਚ ਭਾਰਤ ਦੇ ਕਿਸਾਨ ਅੰਦੋਲਨ ਦੀ ਅਗਵਾਈ ਕਰਨ ਵਾਲੀਆਂ ਔਰਤਾਂ ਦੀ ਗੱਲ ਕੀਤੀ ਗਈ ਹੈ । ਜ਼ਿਕਰਯੋਗ ਹੈ ਕਿ ਭਾਰਤ ਸਰਕਾਰ ਅਤੇ ਚੀਫ਼ ਜਸਟਿਸ ਤੱਕ ਅੰਦੋਲਨਕਾਰੀ ਕਿਸਾਨਾਂ ਨੂੰ ਅਪੀਲ ਕਰ ਚੁੱਕੇ ਹਨ ਕਿ ਉਹ ਬਜ਼ੁਰਗਾਂ ਅਤੇ ਔਰਤਾਂ ਨੂੰ ਘਰ ਜਾਣ ਨੂੰ ਕਹਿਣ ਜਿਸ 'ਤੇ ਔਰਤਾਂ ਨੇ ਤਿੱਖਾ ਪ੍ਰਤੀਕਰਮ ਕਰਦਿਆਂ ਕਿਹਾ ਸੀ ਕਿ ਕਿਸਾਨ ਅੰਦੋਲਨ ਸਿਰਫ਼ ਮਰਦਾਂ ਦਾ ਨਹੀਂ ਹੈ ।।ਲੇਖ 'ਚ ਪੰਜਾਬ ਤੋਂ ਤਲਵੰਡੀ ਦੀ 41 ਸਾਲਾ ਅਮਨਦੀਪ ਕੌਰ ਦਾ ਵੀ ਬਿਆਨ ਸ਼ਾਮਿਲ ਹੈ, ਜਿਸ ਦੇ ਪਤੀ ਨੇ 5 ਸਾਲ ਪਹਿਲਾਂ ਖ਼ੁਦਕੁਸ਼ੀ ਕਰ ਲਈ ਸੀ । ਅਮਨਦੀਪ ਕੌਰ ਨੇ ਆਪਣੀ ਹੱਡਬੀਤੀ ਬਿਆਨ ਕਰਦਿਆਂ ਕਿਹਾ ਕਿ ਜਦੋਂ ਉਸ ਦੇ ਪਤੀ ਨੇ ਖ਼ੁਦਕੁਸ਼ੀ ਕੀਤੀ ਸੀ ਤਾਂ ਉਸ ਨੂੰ ਆਪਣੇ ਹੱਕਾਂ ਦਾ ਵੀ ਨਹੀਂ ਪਤਾ ਸੀ । ਲੇਖ ਵਿਚ ਦਿੱਲੀ ਦੀਆਂ ਸਰਹੱਦਾਂ 'ਤੇ ਧਰਨੇ 'ਤੇ ਬੈਠੀਆਂ ਪੰਜਾਬ, ਹਰਿਆਣਾ ਅਤੇ ਉੱਤਰਾਖੰਡ ਦੀਆਂ ਔਰਤਾਂ ਦਾ ਜ਼ਿਕਰ ਕੀਤਾ ਗਿਆ । ਇਸ ਵਿਚ ਗੁਰਮਰ ਕੌਰ, ਸੁਰਜੀਤ ਕੌਰ, ਜਸਵੰਤ ਕੌਰ, ਸਰਜੀਤ ਕੌਰ ਤੇ ਦਲਬੀਰ ਕੌਰ ਆਦਿ ਸ਼ਾਮਲ ਹਨ।

## ਤਿੰਨੋਂ ਖੇਤੀ ਕਾਨੂੰਨ ਬਿਨਾਂ ਸ਼ਰਤ ਵਾਪਸ ਲਵੇ ਕੇਂਦਰ-ਕੈਪਟਨ

**ਚੰਡੀਗੜ/ਏ.ਟੀ.ਨਿਊਜ਼:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸਦਨ ਵਿਚ ਕਿਹਾ ਕਿ ਵਿਵਾਦਤ ਤਿੰਨੇ ਖੇਤੀ ਕਾਨੂੰਨ ਕੇਂਦਰ ਬਿਨਾਂ ਸ਼ਰਤ ਵਾਪਸ ਲਵੇ। ਤਿੰਨੇ ਕਾਨੂੰਨਾਂ ਨੂੰ ਰੱਦ ਕਰਨ ਲਈ ਵਿਧਾਨ ਸਭਾ ਵਿਚ ਸਭ ਸੰਮਤੀ ਨਾਲ ਇਕ ਮਤਾ ਵੀ ਪਾਸ ਕੀਤਾ ਗਿਆ । ਇਸ ਦੇ ਨਾਲ ਹੀ ਕਿਸਾਨ ਅੰਦੋਲਨ ਦੌਰਾਨ ਜਿਨਾਂ ਕਿਸਾਨਾਂ ਖ਼ਿਲਾਫ਼ ਕੇਸ ਦਰਜ ਕੀਤੇ ਗਏ ਹਨ, ਉਨਾਂ ਨੂੰ ਵਾਪਸ ਲੈਣ ਦੀ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਗਈ ।ਮੁੱਖ ਮੰਤਰੀ ਨੇ ਸਦਨ ਵਿਚ ਇਹ ਵੀ ਐਲਾਨ ਕੀਤਾ ਕਿ ਮੈਂਬਰਾਂ ਵਲੋਂ ਮਹਿੰਗੀ ਬਿਜਲੀ ਦਾ ਜੋ ਮੁੱਦਾ ਵਾਰ-ਵਾਰ ਉਠਾਇਆ ਜਾ ਰਿਹਾ ਹੈ, ਉਹ ਰਾਜ ਦੇ ਲੋਕਾਂ ਨੂੰ ਇਹ ਦੱਸਣ ਲਈ ਕਿ ਇਸ ਮਹਿੰਗੀ ਬਿਜਲੀ ਲਈ ਅਸਲ ਵਿਚ ਕੌਣ ਜ਼ਿੰਮੇਵਾਰ ਹੈ, ਰਾਜ ਸਰਕਾਰ ਬਿਜਲੀ 'ਤੇ ਇਕ ਵਾਈਟ ਪੇਪਰ ਵੀ ਜਾਰੀ ਕਰੇਗੀ ।ਮੁੱਖ ਮੰਤਰੀ ਨੇ ਕਿਸਾਨ ਅੰਦੋਲਨ ਦੌਰਾਨ ਦਿੱਲੀ ਅਤੇ ਹਰਿਆਣਾ ਦੀਆਂ ਜੇਲਾਂ 'ਚ ਨੌਜਵਾਨਾਂ 'ਤੇ ਕੀਤਾ ਗਿਆ



ਤਸ਼ਦਦ ਅਤ ਹਏ ਮਨੁਖੀ ਅਧਿਕਾਰਾ ਦ ਘਾਣ ਅਤੇ ਸਿੱਖ ਕਕਾਰਾਂ ਦੀ ਬੇਅਦਬੀ ਦੀ ਜਾਂਚ ਅਤੇ ਉਸ 'ਤੇ ਰਿਪੋਰਟ ਬਣਾਉਣ ਲਈ ਸਦਨ ਦੀ ਇਕ ਕਮੇਟੀ ਬਣਾਉਣ ਦੀ ਮੈਂਬਰਾਂ ਦੀ ਤਜਵੀਜ਼ ਨੂੰ ਵੀ ਪ੍ਰਵਾਨ ਕਰ ਲਿਆ । ਸਦਨ ਵਿਚ ਅਕਾਲੀ ਮੈਂਬਰ ਬਿਕਰਮ ਸਿੰਘ ਮਜੀਠੀਆ ਨੇ ਦੋਸ਼ ਲਗਾਇਆ ਕਿ ਦਿੱਲੀ ਦੀਆਂ ਜੇਲਾਂ, ਜੋ ਕਿ ਕੇਜਰੀਵਾਲ ਸਰਕਾਰ ਦੇ ਅਧੀਨ ਹਨ ਅਤੇ 'ਆਪ' ਦਾ ਜੇਲ ਮੰਤਰੀ ਹੈ, ਵਿਚ ਸਿੱਖ ਨੌਜਵਾਨਾਂ ਦੀਆਂ ਦਾੜੀਆਂ ਤੇ ਕੇਸ ਪੁੱਟੇ ਗਏ, ਪੱਗਾਂ 'ਤੇ ਜੁੱਤੀਆਂ ਮਾਰੀਆਂ ਗਈਆਂ ਤੇ ਤਸੀਹੇ ਦਿੱਤੇ ਗਏ, ਜਦੋਂ ਕਿ ਹਰਿਆਣਾ ਵਿਚ ਵੀ ਰਿਹਾਅ ਹੋਏ ਨੌਦੀਪ ਕੌਰ ਅਤੇ ਦੂਜੇ ਕੈਦੀਆਂ ਨੇ ਦੱਸਿਆ ਕਿ ਜੇਲ ਸਟਾਫ਼ ਵਲੋਂ ਉਨਾਂ ਦੀ ਕਿਵੇਂ ਕੁੱਟ-ਮਾਰ ਹੁੰਦੀ ਰਹੀ । ਉਨਾਂ ਕਿਹਾ ਕਿ ਇਹ ਮਨੁੱਖੀ ਅਧਿਕਾਰਾਂ ਦਾ ਘੋਰ ਅਪਮਾਨ ਹੈ । 'ਆਪ' ਤੋਂ ਬਾਗ਼ੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਤੇ ਕੰਵਰ ਸਿੰਘ ਸੰਧੂ ਨੇ ਵੀ ਇਸ ਮੁੱਦੇ 'ਤੇ ਸਦਨ ਵਿਚ ਕਾਫੀ ਜ਼ੋਰ ਨਾਲ ਵਿਸ਼ੇਸ਼ ਜਾਂਚ ਅਤੇ ਸਦਨ ਕਮੇਟੀ ਦੀ ਮੰਗ ਰੱਖੀ, ਜਦੋਂ ਕਿ ਹੋਰ ਵੀ ਕਈ ਮੈਂਬਰਾਂ, ਜਿਨਾਂ ਵਿਚ ਕੁਲਤਾਰ ਸਿੰਘ ਸੰਧਵਾਂ ਆਦਿ ਸ਼ਾਮਿਲ ਸਨ, ਨੇ ਇਸ ਮੰਗ ਦਾ ਸਮਰਥਨ ਕੀਤਾ । ਮੁੱਖ ਮੰਤਰੀ ਨੇ ਸਦਨ 'ਚ ਕਿਹਾ ਕਿ ਰਾਜ ਸਰਕਾਰ ਦੀ ਸੂਚਨਾ ਅਨੁਸਾਰ ਦਿੱਲੀ ਦੀਆਂ ਸਰਹੱਦਾਂ 'ਤੇ ਪੰਜਾਬ ਦੇ 125 ਕਿਸਾਨਾਂ ਦੀ ਮੌਤ ਹੋ ਚੁੱਕੀ ਹੈ, ਜਦੋਂ ਕਿ ਕੇਂਦਰੀ ਮੰਤਰੀ ਤੇ ਹਰਿਆਣਾ ਦੇ ਮੁੱਖ ਮੰਤਰੀ ਤੇ ਮੰਤਰੀ ਕਿਸਾਨਾਂ ਦੀਆਂ ਇਨਾਂ ਸ਼ਹੀਦੀਆਂ ਦਾ ਮਜ਼ਾਕ ਉਡਾ ਰਹੇ ਹਨ ।

## ਕਿਸਾਨ ਅੰਦੋਲਨ ਦੀ ਸਫਲਤਾ ਲਈ ਸਿੰਘੂ ਬਾਰਡਰ 'ਤੇ ਅਖੰਡ ਕੀਰਤਨੀ ਜੱਥੇ ਵਲੋਂ ਅਰਦਾਸ

**ਨਵੀਂ ਦਿੱਲੀ (ਮਨਪ੍ਰੀਤ ਸਿੰਘ ਖਾਲਸਾ):** ਦਿੱਲੀ ਦੇ ਸਿੰਘੂ ਬਾਰਡਰ 'ਤੇ ਚਲ ਰਹੇ ਕਿਸਾਨ ਵਿਰੋਧੀ ਕਾਨੂੰਨਾਂ ਖਿਲਾਫ ਅੰਦੋਲਨ ਵਿਚ ਲੰਗਰ ਸੇਵਾ ਨਿਭਾ ਰਹੇ ਅਖੰਡ ਕੀਰਤਨੀ ਜਥੇ ਵਲੋਂ ਅੰਦੋਲਨ ਦੀ ਸਫਲਤਾ ਲਈ ਅਰਦਾਸ ਵੀ ਕੀਤੀ ਗਈ । ਇਸ ਅਰਦਾਸ ਸਮਾਗਮ ਵਿਚ ਵੱਡੀ ਗਿਣਤੀ 'ਚ ਪੰਜਾਬ ਅਤੇ ਦਿੱਲੀ ਦੇ ਸਿੰਘਾਂ ਦੇ ਨਾਲ ਕਿਸਾਨ ਵੀਰਾਂ ਭੈਣਾਂ ਨੇ ਵੀ ਸ਼ਮੂਲੀਅਤ ਕੀਤੀ।ਜ਼ਿਕਰਯੋਗ ਹੈ ਕਿ ਕਿਸਾਨ ਅੰਦੋਲਨ ਵਿਚ ਸਿੰਘੂ ਬਾਰਡਰ 'ਤੇ ਜਥੇ ਵਲੋਂ ਬੀਤੇ ਤਿੰਨ ਮਹੀਨੇ ਤੋਂ ਲਗਾਤਾਰ ਲੰਗਰ ਸੇਵਾ ਜਾਰੀ ਹੈ ਜਿਸ ਵਿਚ ਚਾਹ, ਬ੍ਰੇਡ ਪਕੌੜੇ, ਲੰਗਰ ਦੇ ਨਾਲ ਨਾਲ ਕਿਸਾਨ ਵੀਰਾਂ, ਭੈਣਾਂ ਲਈ ਬ੍ਰਸ਼, ਪੇਸਟ, ਤੇਲ, ਸਾਬਣ, ਸ਼ੈਂਪੂ, ਤੋਲੀਏ, ਕਛਹਿਰੇ ਅਤੇ ਹੋਰ ਜ਼ਰੂਰਤ ਦਾ ਸਮਾਨ ਭੇਟਾ ਰਹਿਤ ਉਪਲਬਧ ਕਰਵਾਇਆ ਜਾ ਰਿਹਾ ਹੈ ।

## ਭਾਜਪਾ ਦੇ ਹੰਕਾਰ ਦੇ 100 ਦਿਨ ਲੋਕਤੰਤਰ ਲਈ ਕਾਲਾ ਅਧਿਆਏ: ਕਾਂਗਰਸ

**ਨਵੀਂ ਦਿੱਲੀ/ਏ.ਟੀ.ਨਿਊਜ਼:** ਖੇਤੀ ਕਾਨੂੰਨਾਂ ਖ਼ਿਲਾਫ਼ ਕਿਸਾਨੀ ਅੰਦੋਲਨ ਦੇ 100 ਦਿਨ ਮੁਕੰਮਲ ਹੋਣ 'ਤੇ ਕਾਂਗਰਸ ਨੇ ਕਿਹਾ ਕਿ ਇਸ ਸਮੇਂ ਦੌਰਾਨ ਅੰਦੋਲਨਕਾਰੀਆਂ ਪ੍ਰਤੀ ਅਪਣਾਇਆ ਗਿਆ ਵਤੀਰਾ ਮੁਲਕ ਦੇ ਲੋਕਤੰਤਰ ਲਈ 'ਕਾਲਾ ਅਧਿਆਏ' ਹੈ। ਕਾਂਗਰਸ ਆਗੂ ਰਾਹੁਲ ਗਾਂਧੀ ਨੇ ਟਵੀਟ ਕਰਕੇ ਕਿਹਾ ਕਿ ਕੇਂਦਰ ਸਰਕਾਰ ਨੇ ਦਿੱਲੀ ਦੀਆਂ ਸਰਹੱਦਾਂ 'ਤੇ ਉਨਾਂ ਕਿਸਾਨਾਂ ਲਈ ਕਿੱਲਾਂ ਗੱਡੀਆਂ ਜਿਨਾਂ ਦੇ ਪੁੱਤ ਮੁਲਕ ਦੀਆਂ ਸਰਹੱਦਾਂ 'ਤੇ ਆਪਣੀਆਂ ਜਾਨਾਂ ਕੁਰਬਾਨ ਕਰਨ ਲਈ ਤਿਆਰ ਹਨ। 'ਅੰਨਦਾਤੇ ਆਪਣੇ ਹੱਕਾਂ ਦੀ ਮੰਗ ਰਹੇ ਹਨ ਅਤੇ ਸਰਕਾਰ ਉਨਾਂ 'ਤੇ ਵਧੀਕੀਆਂ ਕਰ ਰਹੀ ਹੈ।' ਕਾਂਗਰਸ ਜਨਰਲ ਸਕੱਤਰ ਪ੍ਰਿਅੰਕਾ ਗਾਂਧੀ ਵਾਡਰਾ ਨੇ ਆਪਣੇ ਟਵੀਟ 'ਚ ਕਿਹਾ,"ਕਿਸਾਨੀ ਸੰਘਰਸ਼ ਦੇ 100 ਦਿਨ। ਹੱਕਾਂ ਲਈ ਜੰਗ ਜਾਰੀ ਹੈ। ਗਾਂਧੀਜੀ, ਸਰਦਾਰ ਪਟੇਲ, ਨਹਿਰੂ ਜੀ, ਸ਼ਾਸਤਰੀ ਜੀ ਤੇ ਸ਼ਹੀਦ ਭਗਤ ਸਿੰਘ ਵੱਲੋਂ ਦਰਸਾਏ ਰਾਹ 'ਤੇ ਚਲਦਿਆਂ ਅੰਨਦਾਤੇ ਦਾ ਸਨਮਾਨ ਕਰਨਾ ਬਣਦਾ ਹੈ।" ਉਨਾਂ ਕਿਹਾ ਕਿ ਕਾਂਗਰਸ ਤਿੰਨੋਂ ਖੇਤੀ ਕਾਨੂੰਨਾਂ ਨੂੰ ਤੁਰੰਤ ਰੱਦ ਕਰਨ ਦੀ ਮੰਗ ਕਰਦੀ ਹੈ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ Quomantry AMRITSAR TIMES

10 ਮਾਰਚ 2021 ਤੋਂ 16 ਮਾਰਚ 2021

# ਲੋਕਤੰਤਰਿਕ ਮੁਲਕ ਦੀ ਸਿਆਸਤ ਵਿੱਚ ਦਖਲਅੰਦਾਜ਼ੀ

ਮੌਜੂਦਾ ਕਿਸਾਨੀ ਸੰਘਰਸ਼ ਨੂੰ ਦਿੱਲੀ ਦੀਆਂ ਬਰੂਹਾਂ ਉੱਤੇ 100 ਦਿਨਾਂ ਤੋਂ ਵੱਧ ਦਾ ਸਮਾਂ ਹੋ ਗਿਆ ਹੈ। ਇਨ੍ਹਾਂ ਦਿਨਾਂ ਵਿੱਚ ਸੰਘਰਸ਼ ਵਿੱਚ ਬਹੁਤ ਉਤਰਾਅ ਚੜ੍ਹਾਅ ਆਏ। ਸਰਕਾਰ ਨਾਲ ਗੱਲਬਾਤ ਵੀ ਹੁੰਦੀ ਰਹੀ ਜਿਹੜੀ ਹਜੇ ਤੱਕ ਕਿਸੇ ਥਾਂ ਪੱਤਣ ਨਹੀਂ ਲੱਗੀ। ਇਕ ਧਿਰ ਸਰਕਾਰ ਹੈ ਜਿਹੜੀ ਇਹ ਦਾਅਵਾ ਕਰ ਰਹੀ ਹੈ ਕਿ ਇਹ ਕਨੂੰਨ ਕਿਸਾਨਾਂ ਦੇ ਹੱਕ ਵਿੱਚ ਹਨ, ਇਕ ਧਿਰ ਕਿਸਾਨ ਹਨ ਜੋ ਸੰਘਰਸ਼ ਕਰ ਰਹੇ ਹਨ ਅਤੇ ਇਹਨਾਂ ਕਨੂੰਨਾਂ ਨੂੰ ਆਪਣੇ ਲਈ ਨੁਕਸਾਨਦਾਇਕ ਦੱਸ ਰਹੇ ਹਨ ਅਤੇ ਇਹਨਾਂ ਨੂੰ ਰੱਦ ਕਰਨ ਦੀ ਮੰਗ ਕਰ ਰਹੇ ਹਨ। ਕਨੂੰਨਾਂ ਨੂੰ ਕਿਸਾਨਾਂ ਦੇ ਹੱਕ ਵਿੱਚ ਦੱਸਣ ਵਾਲੀ ਧਿਰ ਹੁਣ ਆਪ ਹੀ ਇਸ ਗੱਲ ਉੱਤੇ ਆ ਗਈ ਹੈ ਕਿ ਕਿਸਾਨ ਇਹਨਾਂ ਕਨੂੰਨਾਂ ਵਿੱਚ ਜੋ ਚਾਹੇ ਸੋਧਾਂ ਕਰਵਾ ਲੈਣ ਪਰ ਅਸੀਂ ਕਨੂੰਨ ਰੱਦ ਨਹੀਂ ਕਰ ਸਕਦੇ। ਲੋਕਤੰਤਰਿਕ ਦੇਸ਼ ਕਹੇ ਜਾਣ ਵਾਲੇ ਦੇਸ਼ ਦੇ ਹਾਕਮਾਂ ਵੱਲੋਂ ਇਸ ਤਰ੍ਹਾਂ ਦੀ ਪਹੁੰਚ ਅਪਣਾਉਣੀ ਇਸ ਮੁਲਕ ਦੇ ਮਿਆਰ ਨੂੰ ਕਿਸ ਪਾਸੇ ਲੈ ਕੇ ਜਾ ਸਕਦੀ ਹੈ, ਇਸ ਦਾ ਕਿਆਸ ਲਾਉਣਾ ਹੁਣ ਆਮ ਮਨੁੱਖ ਲਈ ਵੀ ਕੋਈ ਦੁਚਿੱਤੀ ਨਹੀਂ ਰਹਿ ਗਿਆ। ਸਿਰਫ ਇਹੀ ਨਹੀਂ ਸਗੋਂ ਜਦੋਂ ਦਾ ਇਹ ਕਿਸਾਨੀ ਸੰਘਰਸ਼ ਸ਼ੁਰੂ ਹੋਇਆ ਹੈ ਉਦੋਂ ਤੋਂ ਹੀ ਕੇਂਦਰ ਵੱਲੋਂ ਜੋ ਪਹੁੰਚ ਅਪਣਾਈ ਜਾ ਰਹੀ ਹੈ ਉਹ ਸੰਘਰਸ਼ ਨੂੰ ਕਿਸੇ ਹੱਲ (ਹਲਾਤ ਅਨੁਸਾਰ ਸੰਭਾਵੀ ਸਹਿਮਤੀ) ਵੱਲ ਲੈ ਕੇ ਜਾਣ ਦੀ ਥਾਂ ਗੱਲ ਨੂੰ ਹੋਰ ਅਗਾਂਹ ਲੈ ਕੇ ਜਾਣ ਵਿੱਚ ਸਹਾਈ ਹੋ ਰਹੀ ਹੈ। ਜਦੋਂ ਵੀ ਕੋਈ ਵਿਅਕਤੀ ਵਿਸ਼ੇਸ਼, ਸੰਸਥਾ ਜਾਂ ਮੁਲਕ ਆਪਣੀ ਰਾਇ ਪ੍ਰਗਟ ਕਰਦਾ ਹੈ ਤਾਂ ਇੰਡੀਆ ਵੱਲੋਂ ਓਹਨੂੰ ਕਿਸੇ ਦੂਜੇ ਲੋਕਤੰਤਰਿਕ ਮੁਲਕ ਦੀ ਸਿਆਸਤ ਵਿੱਚ ਦਖਲਅੰਦਾਜ਼ੀ ਨਾ ਦੇਣ ਦੀ ਸਲਾਹ ਦੇ ਦਿੱਤੀ ਜਾਂਦੀ ਹੈ।

ਸੰਘਰਸ਼ ਜਿਸ ਗੱਲ ਤੋਂ ਸ਼ੁਰੂ ਹੋਵੇ ਜਰੂਰੀ ਨਹੀਂ ਕਿ ਓਹਦੇ ’ਤੇ ਹੀ ਖਤਮ ਹੋਵੇ। ਕਈ ਵਾਰ ਜਿੱਥੋਂ ਗੱਲ ਸ਼ੁਰੂ ਹੋਈ ਹੁੰਦੀ ਖਤਮ ਉਸ ਤੋਂ ਬਹੁਤ ਅਗਾਂਹ ਜਾ ਕੇ ਹੁੰਦੀ ਹੈ ਅਤੇ ਕਈ ਵਾਰ ਖਤਮ ਉਸ ਤੋਂ ਬਹੁਤ ਉਰੇ ਹੀ ਹੋ ਜਾਇਆ ਕਰਦੀ ਹੈ। ਇਸ ਤਰ੍ਹਾਂ ਦੇ ਸੰਘਰਸ਼ ਵਿੱਚ ਹਲਾਤ ਅਤੇ ਮੰਗ ਨੂੰ ਮਹਿਸੂਸ ਕਰਨਾ ਅਤੇ ਓਹਦਾ ਹੱਲ ਕਰਨਾ ਸਰਕਾਰਾਂ ਦੀ ਜਿੰਮੇਵਾਰੀ ਵਿੱਚ ਆਉਂਦਾ ਹੈ ਅਤੇ ਜਦੋਂ ਗੱਲ ਬਹੁਤ ਉਰੇ ਕਿਸੇ ਸਹਿਮਤੀ ਵੱਲ ਜਾਂਦੀ ਦਿਖਦੀ ਹੋਵੇ ਤਾਂ ਸਰਕਾਰਾਂ ਇਹ ਮੌਕਾ ਕਦੀ ਨਹੀਂ ਖਿਝਾਇਆ ਕਰਦੀਆਂ ਪਰ ਇਸ ਸੰਘਰਸ਼ ਦੇ ਹੁਣ ਤੱਕ ਦੇ ਸਫ਼ਰ ਨੂੰ ਵੇਖਿਆਂ ਇਹ ਗੱਲ ਸਾਫ ਹੋ ਜਾਂਦੀ ਹੈ ਕਿ ਸਰਕਾਰ ਇਸ ਤਰ੍ਹਾਂ ਕਰਨ ਵਿੱਚ ਵੀ ਪੂਰੀ ਤਰ੍ਹਾਂ ਨਾਕਾਮ ਰਹੀ ਹੈ ਅਤੇ ਆਪਣੇ ਅਮਲਾਂ ਰਾਹੀਂ ਆਪਣੇ ਅਕਸ ਨੂੰ ਹੋਰ ਖਰਾਬ ਕਰਨ ਵੱਲ ਵਧੀ ਹੈ।

ਇਹ ਗੱਲ ਹੁਣ ਹਰ ਕੋਈ ਕਹਿ ਰਿਹਾ ਹੈ ਕਿ ਜਦੋਂ ਸੰਘਰਸ਼ ਹਜੇ ਪੰਜਾਬ ਵਿੱਚ ਹੀ ਕੀਤਾ ਜਾ ਰਿਹਾ ਸੀ ਉਦੋਂ ਬਹੁਤ ਸੌਖਿਆਂ ਰੱਦ ਤੋਂ ਉਰੇ ਵੀ ਸਹਿਮਤੀ ਬਣ ਸਕਦੀ ਸੀ ਪਰ ਸਰਕਾਰ ਵੱਲੋਂ ਆਪਣੀ ਹਉਮੈ ਦੇ ਅਸਰ ਹੇਠ ਆਪਣੇ ਅਮਲ ਜਾਰੀ ਰੱਖੇ ਗਏ ਜਿਸ ਕਰ ਕੇ ਗੱਲ ਹੁਣ ਰੱਦ ਤੱਕ ਚਲੀ ਗਈ ਹੈ। ਕਿਸਾਨਾਂ ਨੂੰ ਦਿੱਲੀ ਜਾਣ ਤੋਂ ਰੋਕਣਾ, ਅੱਥਰੂ ਗੈਸ ਦੇ ਗੋਲੇ ਸੁੱਟਣੇ, ਪਾਣੀ ਦੀਆਂ ਬੁਛਾੜਾਂ ਦੀ ਵਰਤੋਂ ਕਰਨੀ, ਇੰਟਰਨੈੱਟ ਸੇਵਾਵਾਂ ਬੰਦ ਕਰ ਦੇਣੀਆਂ, ਐਨ.ਆਈ.ਏ ਵੱਲੋਂ ਨੋਟਿਸ ਭੇਜੇ ਜਾਣੇ, ਪਰਚੇ ਕੀਤੇ ਜਾਣੇ, ਗ੍ਰਿਫਤਾਰੀਆਂ ਕਰਨੀਆਂ, ਪੁਲਸ ਦਾ ਤਸ਼ਦੱਤ, ਭੀੜਾਂ ਤੋਂ ਹਮਲੇ ਕਰਵਾਉਣੇ, ਘਰਾਂ ’ਚ ਛਾਪੇਮਾਰੀ ਕਰਵਾਉਣਾ ਆਦਿ ਅਸਹਿਮਤੀ ਨੂੰ ਪ੍ਰਵਾਨ ਨਾ ਕਰਨ ਦੇ ਇਹ ਸਾਰੇ ਯਤਨਾਂ ਨੇ ਹੀ ਇਸ ਮਸਲੇ ਦੇ ਹੱਲ ਨੂੰ ਲਮਕਾਇਆ, ਇਹ ਮਸਲੇ ਨੂੰ ਅੰਤਰਾਸ਼ਟਰੀ ਪੱਧਰ ਉੱਤੇ ਉਭਾਰਿਆ ਅਤੇ ਕਿਸਾਨਾਂ ਦੇ ਹੱਕ ਵਿੱਚ ਅਵਾਜ਼ਾਂ ਬੁਲੰਦ ਕਰਵਾਈਆਂ। ਇਸ ਨਾਲ ਹੀ ਇੰਡੀਆ ਦੀ ਸਰਕਾਰ ਦਾ ਅਕਸ ਪੂਰੀ ਦੁਨੀਆਂ ਸਾਹਮਣੇ ਆਇਆ ਅਤੇ ਹਜੇ ਵੀ ਇਹ ਸਿਲਸਲਾ ਜਾਰੀ ਹੈ। ਬੀਤੇ ਦਿਨੀਂ ਇੰਗਲੈਂਡ ਦੀ ਸੰਸਦ ਵਿੱਚ ਕਿਸਾਨੀ ਅੰਦੋਲਨ ਵਿੱਚ ਮਨੁੱਖੀ ਅਧਿਕਾਰਾਂ ਦੇ ਹੋਏ ਘਾਣ ਉੱਤੇ ਚਰਚਾ ਕੀਤੀ ਗਈ ਜਿਸ ਵਿੱਚ ਪੱਤਰਕਾਰਾਂ ਦੀ ਗ੍ਰਿਫਤਾਰੀ, ਸਮਾਜਿਕ ਕਾਰਕੁੰਨਾਂ ਉੱਤੇ ਹੋਏ ਤਸ਼ੱਦਤ, ਸੰਘਰਸ਼ ਕਰ ਰਹੇ ਕਿਸਾਨਾਂ ਉੱਤੇ ਲਾਏ ਜਾ ਰਹੇ ਇਲਜ਼ਾਮ, ਇੰਟਰਨੈੱਟ ਸੇਵਾਵਾਂ ਬੰਦ ਕਰਨ ਅਤੇ ਕਿਸਾਨਾਂ ਉੱਤੇ ਬਲ ਦੀ ਵਰਤੋਂ ਕੀਤੇ ਜਾਣ ਬਾਰੇ ਇੰਡੀਆ ਸਰਕਾਰ ਦੇ ਰਵਈਏ ਦੀ ਗੱਲ ਹੋਈ। ਇਸ ਸਭ ਤੋਂ ਬਾਅਦ ਅਸਹਿਮਤੀ ਨੂੰ ਥਾਂ ਨਾ ਦਿੰਦੇ ਹੋਏ ਇਕ ਵਾਰ ਫਿਰ ਇੰਡੀਆ ਨੇ ਆਪਣੀ ਹਉਮੈ ਅਤੇ ਜਿੱਦ ਵਿੱਚ ਇਸ ਸਾਰੀ ਚਰਚਾ ਨੂੰ ਇਕਪਾਸੜ ਅਤੇ ਤੱਥਹੀਣ ਕਿਹਾ ਅਤੇ ਬਰਤਾਨਵੀ ਸਫ਼ੀਰ ਨੂੰ ਆਪਣਾ ਵਿਰੋਧ ਜਤਾਇਆ ਅਤੇ ਕਿਹਾ ਕਿ “ਇਹ ਕਿਸੇ ਦੂਜੇ ਲੋਕਤੰਤਰਿਕ ਮੁਲਕ ਦੀ ਸਿਆਸਤ ਵਿੱਚ ਗੰਭੀਰ ਦਖਲਅੰਦਾਜ਼ੀ ਹੈ।” ਆਕੜ ਅਤੇ ਹਉਮੈ ਦੇ ਅਮਲਾਂ ਕਰ ਕੇ ਹੀ ਕੇਂਦਰ ਦੀ ਭਾਜਪਾ ਸਰਕਾਰ ਨਾਲ ਸਬੰਧਿਤ ਮੰਤਰੀਆਂ ਨੂੰ ਪਿੰਡਾਂ ਵਿੱਚ ਜਾਣਾ ਮੁਸ਼ਕਿਲ ਹੋਇਆ ਪਿਆ ਹੈ, ਰੈਲੀਆਂ ਕਰਨੀਆਂ ਔਖੀਆਂ ਹੋ ਗਈਆਂ ਹਨ, ਲੋਕਾਂ ਦੇ ਵਿਰੋਧ ਕਰਕੇ ਅਕਾਲੀ ਦਲ ਬਾਦਲ ਨੂੰ ਆਪਣਾ ਗੱਠਜੋੜ ਤੋੜਨਾ ਪਿਆ ਅਤੇ ਹੁਣ ਹਰਿਆਣਾ ਵਿੱਚ ਬੇਭਰੋਸਗੀ ਮਤੇ ਉੱਤੇ ਵੋਟ ਪਾਉਣ ਦੀ ਗੱਲ ਤੁਰੀ ਹੈ।

ਲੋਕਤੰਤਰਿਕ ਮੁਲਕ ਦੀ ਹਕੂਮਤ ਜਿਹੜੀ ਹੋਰਾਂ ਨੂੰ ਆਪਣੀ ਸਿਆਸਤ ਵਿੱਚ ਦਖਲਅੰਦਾਜ਼ੀ ਨਾ ਕਰਨ ਦੀਆਂ ਸਲਾਹਾਂ ਦਿੰਦੀ ਹੈ, ਨੂੰ ਚਾਹੀਦਾ ਹੈ ਕਿ ਆਪਣੀ ਸਿਆਸਤ ਵਿੱਚ ਆਪ ਦਖਲਅੰਦਾਜ਼ੀ ਕਰ ਕੇ ਪਿਛਲੇ ਅਮਲਾਂ ਦੀ ਪੜਚੋਲ ਕਰੇ ਅਤੇ ਜੋ ਵਾਪਰਿਆ ਜਾ ਵਾਪਰ ਰਿਹਾ ਹੈ ਓਹਦੇ ਬਾਰੇ ਆਪਣੀ ਜਿੰਮੇਵਾਰੀ ਤੈਅ ਕਰ ਕੇ ਭਵਿੱਖ ਵਿੱਚ ਵਾਪਰਨ ਵਾਲੇ ਨੂੰ ਸੰਭਾਲ ਸਕਣ ਦੇ ਉੱਦਮ ਕਰੇ ਤਾਂ ਸ਼ਾਇਦ ਇਸ ਲੋਕਤੰਤਰਿਕ ਮੁਲਕ ਦੀ ਹਕੂਮਤ ਦਾ ਕਿਸੇ ਹੋਰ ਨੂੰ ਆਪਣੀ ਸਿਆਸਤ ਵਿੱਚ ਦਖਲਅੰਦਾਜ਼ੀ ਨਾ ਕਰਨ ਦੀ ਸਲਾਹ ਦੇਣ ਤੋਂ ਛੁਟਕਾਰਾ ਹੋ ਸਕੇ।

# ਬਲਾਤਕਾਰ ਬਾਰੇ ਭਾਰਤੀ ਸੁਪਰੀਮ ਕੋਰਟ ਦੀ ਅਜੀਬ ਟਿੱਪਣੀ

**ਰਜਿੰਦਰ ਸਿੰਘ ਪੁਰੇਵਾਲ**

ਬੀਤੇ ਦਿਨੀਂ ਚੀਫ਼ ਜਸਟਿਸ ਸ਼ਰਦ ਬੋਬਡੇ ਨੂੰ ਇੱਕ ਖੁੱਲੀ ਚਿੱਠੀ ਲਿਖ ਕੇ 5 ਹਜ਼ਾਰ ਤੋਂ ਵੀ ਵੱਧ ਨਾਰੀਵਾਦੀ ਅਧਿਕਾਰ ਕਾਰਕੁੰਨਾਂ ਨੇ ਉਨਾਂ ਵੱਲੋਂ ਬਲਾਤਕਾਰ ਦੀ ਸ਼ਿਕਾਰ ਔਰਤ ਦੇ ਮਾਮਲੇ ਸਬੰਧੀ ਕੀਤੀਆਂ ਟਿੱਪਣੀਆਂ ’ਤੇ ਨਾਰਾਜ਼ਗੀ ਜਤਾਈ ਹੈ।

ਨਾਰੀ ਸੰਗਠਨਾਂ ਦਾ ਕਹਿਣਾ ਸੀ ਕਿ ਇੱਕ ਨਾਬਾਲਗ ਕੁੜੀ ਬਲਾਤਕਾਰ ਦੇ ਜੁਰਮ ਵਿਚ ਇਨਸਾਫ਼ ਲਈ ਦੋਸ਼ੀ ਨਾਲ ਵਿਆਹ ਦੇ ਰਾਹ ਦਾ ਭਾਰਤ ਦੇ ਚੀਫ਼ ਜਸਟਿਸ ਵਲੋਂ ਸੁਝਾਅ ਇੱਕ ਅਸੰਵੇਦਨਸ਼ੀਲ ਟਿੱਪਣੀ ਹੈ। ਕਥਿਤ ਮੁਲਜ਼ਮ ਪੀੜਤ ਕੁੜੀ ਨਾਲ ਵਿਆਹ ਕਰਵਾ ਲਏ, ਇੱਕ ਤਰਾਂ ਨਾਲ ਪੀੜਤਾ ਨੂੰ ਉਮਰ ਭਰ ਲਈ ਉਸ ਵਿਅਕਤੀ ਕੋਲ ਤਸ਼ੱਦਦ ਸਹਿਣ ਲਈ ਭੇਜਣਾ ਹੈ, ਜਿਸ ਨੇ ਪਹਿਲਾਂ ਤਾਂ ਉਸ ਨਾਲ ਬਲਾਤਕਾਰ ਕੀਤਾ ਅਤੇ ਫਿਰ ਉਸ ਨੂੰ ਖੁਦਕੁਸ਼ੀ ਕਰਨ ਲਈ ਮਜਬੂਰ ਕੀਤਾ ਹੈ। ਇਸ ਨਾਲ ਪੀੜਤਾ ਦੇ ਇਨਸਾਫ਼ ਲੈਣ ਦੇ ਅਧਿਕਾਰ ’ਤੇ ਵੀ ਡੂੰਘਾ ਪ੍ਰਭਾਵ ਪਵੇਗਾ।ਇਸ ਫ਼ੈਸਲੇ ਖ਼ਿਲਾਫ਼ ਪ੍ਰਚਾਰ ਕਰਨ ਵਾਲਿਆਂ ਦਾ ਕਹਿਣਾ ਹੈ ਕਿ ਜਸਟਿਸ ਬੋਬਡੇ ਦੀਆਂ ਟਿੱਪਣੀਆਂ ‘ਬਲਾਤਕਾਰੀਆਂ ਨੂੰ ਇਹ ਸੁਨੇਹਾ ਦੇਣਗੀਆਂ ਕਿ ਵਿਆਹ ਬਲਾਤਕਾਰ ਕਰਨ ਦਾ ਲਾਇਸੈਂਸ ਹੈ ਅਤੇ ਅਜਿਹਾ ਲਾਇਸੈਂਸ ਹਾਸਲ ਕਰਕੇ ਬਲਾਤਕਾਰੀ ਆਪਣੇ ਗ਼ੈਰ ਮਨੁੱਖੀ ਕਾਰੇ ਨੂੰ ਅਪਰਾਧ ਦੀ ਸ਼੍ਰੇਣੀ ਤੋਂ ਬਾਹਰ ਅਤੇ ਜਾਇਜ਼ ਦੱਸ ਸਕਦਾ ਹੈ। ਨਾਰੀ ਹਿਤੂ ਪ੍ਰਚਾਰਕਾਂ ਦਾ ਕਹਿਣਾ ਹੈ ਕਿ ਜਸਟਿਸ ਬੋਬਡੇ ਦੀਆਂ ਟਿੱਪਣੀਆਂ ਇੱਕ ਅਜਿਹੇ ਦੇਸ ’ਚ ਮੁਸ਼ਕਲਾਂ ਵਿਚ ਵਾਧਾ ਕਰ ਸਕਦੀਆਂ ਹਨ ਜਿੱਥੇ ਔਰਤਾਂ ਲਗਾਤਾਰ ਇੱਕ ਰੂੜੀਵਾਦੀ ਮਾਨਸਿਕਤਾ ਨਾਲ ਲੜ ਰਹੀਆਂ ਹਨ। ਇਹ ਮਾਨਸਿਕਤਾ ਔਰਤਾਂ ਖ਼ਿਲਾਫ਼ ਜਿਨਸੀ ਹਿੰਸਾ, ਖ਼ਾਸ ਕਰਕੇ ਘਰ ਦੇ ਅੰਦਰ ਹੋਣ ਵਾਲੀ ਹਿੰਸਾ ਨੂੰ ਮਨਜ਼ੂਰੀ ਦਿੰਦੀ ਹੈ।ਇਹ ਉਹ ਤਸ਼ੱਦਦ ਹੈ ਜੋ ਕਿ ਇੱਕ ਭਾਰਤੀ ਔਰਤ ਬਿਨਾਂ ਕਿਸੇ ਕਾਨੂੰਨੀ ਆਧਾਰ ਦੇ ਆਪਣੇ ਵਿਆਹ ਸਬੰਧਾਂ ’ਚ ਕਈ ਸਾਲਾਂ ਤੱਕ ਝੱਲਦੀ ਹੈ। ਨਾਰੀ ਸੰਗਠਨਾਂ ਨੇ ਚਿੱਠੀ ਵਿਚ ਕਿਹਾ ਹੈ ਕਿ ਜਸਟਿਸ ਬੋਬਡੇ ਦੀ ਟਿੱਪਣੀ ਨੂੰ ਹਲਕੇ ’ਚ ਨਹੀਂ ਲਿਆ ਜਾ ਸਕਦਾ ਹੈ, ਕਿਉਂਕਿ ਭਾਰਤ ਦੇ ਚੀਫ਼ ਜਸਟਿਸ ਵੱਲੋਂ ਅਜਿਹੀ ਟਿੱਪਣੀ ਦਿੱਤੇ ਜਾਣ ਤੋਂ ਬਾਅਦ, ਉਸ ਨੂੰ ਹੋਰ ਮਾਮਲਿਆਂ ਵਿਚ ਵੀ ਮਿਸਾਲ ਦੇ ਤੌਰ ’ਤੇ ਵਰਤਿਆ ਜਾ ਸਕਦਾ ਹੈ। ਇਸ ਚਿੱਠੀ ਵਿਚ ਜਸਟਿਸ ਬੋਬਡੇ ਨੂੰ ਫੌਰੀ ਤੌਰ ’ਤੇ ਆਪਣੇ ਅਹੁਦੇ ਤੋਂ ਅਸਤੀਫਾ ਦੇਣ ਲਈ ਕਿਹਾ ਗਿਆ ਹੈ। ਚਿੱਠੀ ਵਿਚ ਕਿਹਾ ਗਿਆ ਹੈ ਕਿ ਚੀਫ਼ ਜਸਟਿਸ ਦੇ ਅਹੁਦੇ ਤੋਂ ਇਸ ਤਰਾਂ ਦੀ ਟਿੱਪਣੀ ਨੇ ਦੂਜੀਆਂ ਅਦਾਲਤਾਂ, ਜੱਜਾਂ, ਪੁਲਿਸ ਅਤੇ ਹੋਰ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨੂੰ ਸੁਨੇਹਾ ਦਿੱਤਾ ਹੈ ਕਿ ਭਾਰਤ ਵਿਚ ਨਿਆਂ ਅਤੇ ਇਨਸਾਫ਼ ਔਰਤਾਂ ਲਈ ਸੰਵਿਧਾਨਕ ਅਧਿਕਾਰ ਨਹੀਂ ਹਨ। ਇਥੇ ਜ਼ਿਕਰਯੋਗ ਹੈ ਕਿ ਅਦਾਲਤ ਵਿਚ ਇੱਕ ਵਿਅਕਤੀ ’ਤੇ ਪਿਛਲੇ ਦੋ ਸਾਲਾਂ ਤੋਂ ਲਿਵ-ਇਨ-ਰਿਲੇਸ਼ਨਸ਼ਿਪ ਵਿਚ ਰਹਿ ਰਹੀ ਔਰਤ ਸਾਥੀ ਨੇ ਬਲਾਤਕਾਰ ਦਾ ਇਲਜ਼ਾਮ ਲਗਾਇਆ ਸੀ। ਉਸ ਦਿਨ ਇਸ ਮਾਮਲੇ ਦੀ ਵੀ ਸੁਣਵਾਈ ਜਸਟਿਸ ਬੋਬਡੇ ਦੀ ਅਗਵਾਈ ਵਾਲੀ ਬੈਂਚ ਹੀ ਕਰ ਰਹੀ ਸੀ।

ਕਾਨੂੰਨੀ ਵੈਬਸਾਈਟ ਬਾਰ ਐਂਡ ਬੈਂਚ ਦੇ ਮੁਤਾਬਕ ਔਰਤ ਨੇ ਇਲਜ਼ਾਮ ਲਗਾਇਆ ਹੈ ਕਿ ਉਸ ਵੱਲੋਂ ਵਿਆਹ ਤੱਕ ਸਰੀਰਕ ਸਬੰਧ ਬਣਾਉਣ ਤੋਂ ਲਈ ਉਸ ਵਿਅਕਤੀ ਨੇ ਧੋਖੇ ਨਾਲ ਸਹਿਮਤੀ ਹਾਸਲ ਕੀਤੀ ਸੀ। ਉਸ ਨੇ ਦਾਅਵਾ ਕੀਤਾ ਕਿ ਸਾਲ 2014 ਵਿਚ ਉਨਾਂ ਨੇ ਇੱਕ ਮੰਦਰ ’ਚ ਵਿਆਹ ਕੀਤਾ ਸੀ ਅਤੇ ਉਸ ਨੇ ਜਿਨਸੀ ਸਬੰਧ ਬਣਾਉਣ ਦੀ ਸਹਿਮਤੀ ਪ੍ਰਗਟ ਕੀਤੀ ਸੀ। ਉਸ ਵਿਅਕਤੀ ਨੇ ਉਸ ਨਾਲ ਵਿਆਹ ਕਰਨ ਤੋਂ ਇਨਕਾਰ ਕਰ ਦਿੱਤਾ ਅਤੇ ਨਾਲ ਹੀ ਦਾਅਵਾ ਕੀਤਾ ਕਿ ਉਨਾਂ ਵਿਚਾਲੇ ਜਿਨਸੀ ਸਬੰਧ ਆਪਸੀ ਸਹਿਮਤੀ ਨਾਲ ਬਣੇ ਸਨ। ਜਦੋਂ ਉਸ ਨੇ ਕਿਸੇ ਹੋਰ ਔਰਤ ਨਾਲ ਵਿਆਹ ਕਰਵਾ ਲਿਆ ਤਾਂ ਉਸ ਔਰਤ ਨੇ ਉਸ ’ਤੇ ਬਲਾਤਕਾਰ ਦਾ ਇਲਜ਼ਾਮ ਲਗਾ ਦਿੱਤਾ।

ਸੁਪਰੀਮ ਕੋਰਟ ’ਚ ਤਿੰਨ ਜੱਜਾਂ ਦੀ ਬੈਂਚ ਦੀ ਅਗਵਾਈ ਕਰ ਰਹੇ ਜੱਜ ਸ਼ਰਦ ਬੋਬਡੇ ਨੇ ਇੱਕ ਕੁੜੀ ਨਾਲ ਬਲਾਤਕਾਰ ਦੇ ਮੁਲਜ਼ਮ 23 ਸਾਲਾ ਵਿਅਕਤੀ ਨੂੰ ਪੁੱਛਿਆ ਕਿ ਕੀ ਉਹ ਉਸ ਕੁੜੀ ਨਾਲ ਵਿਆਹ ਕਰਵਾਏਗਾ? ‘ਜੇ ਤੁਸੀਂ ਵਿਆਹ ਕਰਵਾਉਂਦੇ ਹੋ ਤਾਂ ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ। ਜੇਕਰ ਅਜਿਹਾ ਨਹੀਂ ਕਰਦੇ ਹੋ ਤਾਂ ਤੁਹਾਡੀ ਨੌਕਰੀ ਖੁੱਸ ਜਾਵੇਗੀ ਅਤੇ ਤੁਹਾਨੂੰ ਜੇਲ ਜਾਣਾ ਪਵੇਗਾ।’

ਉਨਾਂ ਵੱਲੋਂ ਕੀਤੀਆਂ ਗਈਆਂ ਟਿੱਪਣੀਆਂ ਨੇ ਕਈਆਂ ਨੂੰ ਹੈਰਾਨ ਕੀਤਾ ਹੈ, ਖ਼ਾਸ ਕਰਕੇ ਸਾਲ 2014-15 ’ਚ ਕਥਿਤ ਤੌਰ ’ਤੇ 16 ਸਾਲਾਂ ਦੀ ਉਮਰ ਵਿਚ ਬਲਾਤਕਾਰ ਦਾ ਸ਼ਿਕਾਰ ਹੋਈ ਕੁੜੀ ਦੇ ਇਲਜ਼ਾਮਾਂ ਨੂੰ ਧਿਆਨ ’ਚ ਰੱਖਦਿਆਂ ਕਿਸੇ ਨੇ ਵੀ ਅਜਿਹੇ ਫ਼ੈਸਲੇ ਦੀ ਉਮੀਦ ਨਹੀਂ ਕੀਤੀ ਸੀ।

ਪੀੜਤ ਕੁੜੀ ਨੇ ਆਪਣੇ ਹੀ ਇੱਕ ਨਜ਼ਦੀਕੀ ਰਿਸ਼ਤੇਦਾਰ ’ਤੇ ਜਬਰ ਜਿਨਾਹ ਕਰਨ ਦਾ ਇਲਜ਼ਾਮ ਲਗਾਇਆ ਸੀ। ਸ਼ਿਕਾਇਤ ਦੇ ਅਨੁਸਾਰ ਉਸ ਵਿਅਕਤੀ ’ਤੇ ‘ਇੱਕ ਸਕੂਲ ਜਾਣ ਵਾਲੀ ਨਾਬਾਲਗ ਕੁੜੀ ਨਾਲ ਵਾਰ-ਵਾਰ ਛੇੜਖਾਨੀ ਕਰਨ ਅਤੇ ਕਈ ਵਾਰ ਬਲਾਤਕਾਰ ਕਰਨ, ਪੀੜਤ ਨੂੰ ਪੈਟਰੋਲ ’ਚ ਡੁਬਾਉਣ, ਮਾਰ ਕੁਟਾਈ ਕਰਨ, ਤੇਜ਼ਾਬ ਸੁੱਟਣ ਅਤੇ ਉਸ ਦੇ ਭਰਾ ਦੇ ਕਤਲ ਦਾ ਇਲਜ਼ਾਮ ਹੈ।’

ਸ਼ਿਕਾਇਤ ’ਚ ਕਿਹਾ ਗਿਆ ਹੈ, ‘ਬਲਾਤਕਾਰ ਦੀ ਘਟਨਾ ਬਾਰੇ ਉਸ ਸਮੇਂ ਪਤਾ ਲੱਗਿਆ ਜਦੋਂ ਨਾਬਾਲਗ ਪੀੜਤਾ ਨੇ ਖ਼ੁਦਕੁਸ਼ੀ ਕਰਨ ਦੀ ਕੋਸ਼ਿਸ਼ ਕੀਤੀ ਸੀ।’ ਪੀੜਤ ਕੁੜੀ ਦੇ ਪਰਿਵਾਰ ਵਾਲਿਆਂ ਨੇ ਇਹ ਵੀ ਇਲਜ਼ਾਮ ਲਗਾਇਆ ਹੈ ਕਿ ਉਹ ਤਾਂ ਪੁਲਿਸ ਕੋਲ ਨਾ ਜਾਣ ਲਈ ਸਹਿਮਤ ਹੋ ਗਏ ਸਨ ਕਿਉਂਕਿ ਮੁਲਜ਼ਮ ਦੀ ਮਾਂ ਨੇ ਉਨਾਂ ਨੂੰ ਭਰੋਸਾ ਦਿੱਤਾ ਸੀ ਕਿ ਇੱਕ ਵਾਰ ਕੁੜੀ ਦੇ ਬਾਲਗ ਹੋਣ ’ਤੇ ਉਹ ਦੋਵਾਂ ਦਾ ਵਿਆਹ ਕਰਵਾ ਦੇਣਗੇ।

ਇੱਕ ਅਜਿਹੇ ਦੇਸ਼ ’ਚ ਜਿੱਥੇ ਪੀੜਤ ਨੂੰ ਹੀ ਬਲਾਤਕਾਰ ਦਾ ਅਸਲ ਜ਼ਿੰਮੇਵਾਰ ਠਹਿਰਾਇਆ ਜਾਂਦਾ ਹੈ ਅਤੇ ਜਿਨਸੀ ਸ਼ੋਸ਼ਣ ਦਾ ਕਲੰਕ ਉਮਰ ਭਰ ਨਾਲ ਹੀ ਰਹਿੰਦਾ ਹੈ, ਅਜਿਹੇ ਵਿਚ ਪੀੜਤ ਕੁੜੀ ਦੇ ਪਰਿਵਾਰ ਨੇ ਸਮਝੌਤਾ ਕਰਨਾ ਸਹੀ ਸਮਝਿਆ।

ਪਰ ਮੁਲਜ਼ਮ ਦੇ ਆਪਣੇ ਵਾਅਦੇ ਤੋਂ ਮੁਕਰਨ ਦੀ ਸਥਿਤੀ ’ਚ ਅਤੇ ਕਿਸੇ ਹੋਰ ਕੁੜੀ ਨਾਲ ਵਿਆਹ ਕਰਨ ਤੋਂ ਬਾਅਦ ਪੀੜਤ ਕੁੜੀ ਦੇ ਪਰਿਵਾਰ ਵਾਲਿਆਂ ਨੇ ਪੁਲਿਸ ਕੋਲ ਪਹੁੰਚ ਕੀਤੀ।

ਇਸ ਮਾਮਲੇ ’ਚ ਮੁਲਜ਼ਮ ਪੱਛਮੀ ਮਹਾਰਾਸ਼ਟਰ ਵਿਚ ਇੱਕ ਸਰਕਾਰੀ ਮੁਲਾਜ਼ਮ ਹੈ ਅਤੇ ਉਸ ਨੂੰ ਹੇਠਲੀ ਅਦਾਲਤ ਵਿਚ ਅਗਾਊਂ ਜ਼ਮਾਨਤ ’ਤੇ ਰਿਹਾਅ ਕਰ ਦਿੱਤਾ ਗਿਆ ਸੀ। ਦਰਅਸਲ ਉਸ ਨੇ ਅਪੀਲ ਕੀਤੀ ਸੀ ਕਿ ਜੇਕਰ ਉਸ ਨੂੰ ਗ੍ਰਿਫ਼ਤਾਰ ਕੀਤਾ ਗਿਆ ਤਾਂ ਉਸ ਦੀ ਸਰਕਾਰੀ ਨੌਕਰੀ ਖੁੱਸ ਜਾਵੇਗੀ। ਪਰ ਬੰਬੇ ਹਾਈ ਕੋਰਟ ਨੇ ਜੱਜ ਨੂੰ ਗੈਰ-ਸੰਵੇਦਨਸ਼ੀਲ ਦੱਸਿਆ ਅਤੇ ਇਸ ਫ਼ੈਸਲੇ ਦੀ ਸਖ਼ਤ ਨਿੰਦਾ ਕਰਦਿਆਂ ਜ਼ਮਾਨਤ ਰੱਦ ਕਰ ਦਿੱਤੀ।

ਫਿਰ ਉਸ ਵਿਅਕਤੀ ਨੇ ਸੁਪਰੀਮ ਕੋਰਟ ’ਚ ਪਹੁੰਚ ਕੀਤੀ। ਜਿੱਥੇ ਉਸ ਨੂੰ ਚਾਰ ਹਫ਼ਤਿਆਂ ਤੱਕ ਹਿਰਾਸਤ ’ਚ ਲੈਣ ਦਾ ਹੁਕਮ ਜਾਰੀ ਕੀਤਾ ਗਿਆ ਹੈ।

ਯਾਦ ਰਹੇ ਕਿ ਪਿਛਲੇ ਕੁਝ ਸਾਲਾਂ ਤੋਂ ਨਿਆਂਪਾਲਿਕਾ ਵਿਚ ਵੀ ਕਈ ਅਜਿਹੀਆਂ ਮਿਸਾਲਾਂ ਮਿਲੀਆਂ ਹਨ, ਜਿਸ ’ਚ ਪੀੜਤ ਅਤੇ ਮੁਲਜ਼ਮ ਵਿਚਾਲੇ ਵਿਚੋਲਗੀ ਦਾ ਕੰਮ ਕਰਨ ਦਾ ਯਤਨ ਕੀਤਾ ਗਿਆ ਹੈ। ਪਰ ਸੁਪਰੀਮ ਕੋਰਟ ਅਤੇ ਹਾਈ ਕੋਰਟ ਅਤੇ ਹੇਠਲੀਆਂ ਅਦਾਲਤਾਂ ਦੇ ਜੱਜਾਂ ਵੱਲੋਂ ਕੁੱਝ ਅਜਿਹੇ ਫ਼ੈਸਲੇ ਵੀ ਦਿੱਤੇ ਗਏ ਹਨ, ਜਿਨਾਂ ’ਚ ਕਿਹਾ ਗਿਆ ਹੈ ਕਿ ਬਲਾਤਕਾਰ ਤੇ ਵਿਆਹ ਨੂੰ ਕਿਸੇ ਵੀ ਸਥਿਤੀ ਵਿਚ ਸਵੀਕਾਰ ਨਹੀਂ ਕੀਤਾ ਜਾ ਸਕਦਾ ਹੈ।

ਮਾਮਲੇ ਦੀ ਸੁਣਵਾਈ ਦੌਰਾਨ ਜਸਟਿਸ ਬੋਬਡੇ ਨੇ ਮੰਨਿਆ ਕਿ ‘ਵਿਆਹ ਦਾ ਝੂਠਾ ਵਾਅਦਾ ਕਰਨਾ ਸਰਾ ਸਰ ਗਲਤ ਹੈ’ ਪਰ ਨਾਲ ਹੀ ਉਨਾਂ ਸਵਾਲ ਕੀਤਾ ਕਿ ‘ਜੇਕਰ ਕੋਈ ਜੋੜਾ ਪਤੀ-ਪਤਨੀ ਦੇ ਰੂਪ ’ਚ ਇੱਕਠਿਆਂ ਰਹਿੰਦਾ ਹੈ ਤਾਂ ਪਤੀ ਇੱਕ ਜ਼ਾਲਮ ਹੋ ਸਕਦਾ ਹੈ ਪਰ ਕੀ ਇਸ ਸਥਿਤੀ ’ਚ ਦੋਵਾਂ ਦਰਮਿਆਨ ਬਣੇ ਜਿਨਸੀ ਸਬੰਧਾਂ ਨੂੰ ਕਾਨੂੰਨੀ ਤੌਰ ’ਤੇ ਬਲਾਤਕਾਰ ਦਾ ਨਾਂਅ ਦਿੱਤਾ ਜਾ ਸਕਦਾ ਹੈ?’ ਯਾਦ ਰਹੇ ਕਿ ਦੇਸ ਭਰ ’ਚ ਇੱਕ ਲੰਬੀ ਮੁਹਿੰਮ ਚੱਲਣ ਅਤੇ ਸੰਯੁਕਤ ਰਾਸ਼ਟਰ ਵੱਲੋਂ ਮੈਰੀਟਲ ਰੇਪ ਨੂੰ ਮਾਨਤਾ ਦੇਣ ਦੀ ਸਿਫਾਰਸ਼ ਦੇ ਬਾਵਜੂਦ ਭਾਰਤ ਦੁਨੀਆਂ ਦੇ ਉਨਾਂ ਤਿੰਨ ਦਰਜਨ ਦੇਸਾਂ ’ਚ ਸ਼ਾਮਲ ਹੈ, ਜੋ ਕਿ ਬੈੱਡਰੂਮ ’ਚ ਹੋਣ ਵਾਲੇ ਜਿਨਸੀ ਸ਼ੋਸ਼ਣ ਨੂੰ ਅਪਰਾਧ ਦੀ ਸੂਚੀ ਵਿਚ ਦਰਜ ਕਰਨ ’ਚ ਅਸਫ਼ਲ ਰਿਹਾ ਹੈ।

ਹੁਣੇ ਜਿਹੇ ਇਸ ਸਬੰਧ ਵਿਚ ਚੀਫ਼ ਜਸਟਿਸ ਐੱਸ.ਏ. ਬੋਬਡੇ ਦੀ ਅਗਵਾਈ ਵਾਲੇ ਸੁਪਰੀਮ ਕੋਰਟ ਬੈਂਚ ਨੇ ਕਿਹਾ ਕਿ ਪਿਛਲੇ ਹਫ਼ਤੇ ਅਦਾਲਤ ਵੱਲੋਂ ਜਬਰ-ਜਨਾਹ ਦੇ ਇਕ ਕੇਸ ਵਿਚ ਕੀਤੀਆਂ ਗਈਆਂ ਟਿੱਪਣੀਆਂ ਨੂੰ ‘ਪੂਰੀ ਤਰਾਂ ਗਲਤ ਢੰਗ ਨਾਲ ਪੇਸ਼ ਕੀਤਾ ਗਿਆ ਹੈ।’ ਸਿਖ਼ਰਲੀ ਅਦਾਲਤ ‘ਔਰਤਾਂ ਦਾ ਬਹੁਤ ਸਤਿਕਾਰ ਕਰਦੀ ਹੈ।’ ਜਸਟਿਸ ਬੋਬਡੇ, ਏਐੱਸ ਬੋਪੰਨਾ ਤੇ ਵੀ. ਰਾਮਾਸੁਬਰਾਮਣੀਅਨ ਦੇ ਬੈਂਚ ਨੇ ਕਿਹਾ ‘ਅਸੀਂ ਪੁੱਛਿਆ ਸੀ ਕਿ ਕੀ ਉਹ ਵਿਆਹ ਕਰੇਗਾ? ਅਸੀਂ ਵਿਆਹ ਕਰਵਾਉਣ ਦਾ ਹੁਕਮ ਨਹੀਂ ਦਿੱਤਾ ਸੀ।’ ਸੁਪਰੀਮ ਕੋਰਟ ਨੇ ਕਿਹਾ ਕਿ ਉਸ ਨੇ ਮਾਮਲੇ ਦੇ ਸੰਦਰਭ ਵਿਚ ਅਰਜ਼ੀਕਰਤਾ ਵਿਅਕਤੀ ਤੋਂ ਪੁੱਛਿਆ ਸੀ ਕਿ ਕੀ ਉਹ ਸ਼ਿਕਾਇਤਕਰਤਾ ਨਾਲ ਵਿਆਹ ਕਰੇਗਾ ਕਿਉਂਕਿ ਦੋਸ਼ੀ ਨੇ ਹਲਫ਼ਨਾਮਾ ਦਿੱਤਾ ਸੀ।

ਇਸ ਤੋਂ ਸਪੱਸ਼ਟ ਹੈ ਕਿ ਭਾਰਤ ਵਿਚ ਔਰਤਾਂ, ਘੱਟਗਿਣਤੀਆਂ ਤੇ ਦਲਿਤਾਂ ਪ੍ਰਤੀ ਨਿਆਂ ਨਿਘਰਦਾ ਜਾ ਰਿਹਾ। ਚੀਫ ਜਸਟਿਸ ਦਾ ਅਜੋਕਾ ਸਪੱਸ਼ਟੀਕਰਨ ਨਿਆਂ ਦੇ ਅਸੂਲ ਮੁਤਾਬਕ ਨਹੀਂ ਹੈ। ਇਸ ਸਬੰਧੀ ਭਾਰਤੀ ਅਦਾਲਤਾਂ ਨੂੰ ਗੰਭੀਰ ਹੋਣ ਤੇ ਨਿਆਂ ਦੇ ਅਸੂਲਾਂ ਦਾ ਪਾਲਣ ਕਰਨ ਦੀ ਲੋੜ ਹੈ। ਇਸ ਵਿਚ ਕੋਈ ਸ਼ੱਕ ਨਹੀਂ ਭਾਰਤੀ ਨਿਆਂ ਪ੍ਰਣਾਲੀ ਦਾ ਸਿਆਸੀਕਰਨ ਕੀਤਾ ਜਾ ਰਿਹਾ ਹੈ। ਇਸ ਕਾਰਣ ਭਾਰਤੀ ਨਿਆਂ ਪ੍ਰਣਾਲੀ ਨਿਘਰਦੀ ਜਾ ਰਹੀ ਹੈ। ਕਿਸੇ ਵੀ ਜੱਜ ਨੂੰ ਰਿਟਾਇਰ ਹੋਣ ਬਾਅਦ ਸਿਆਸਤ ਵਿਚ ਜਾਂ ਕੋਈ ਹੋਰ ਅਹੁਦਾ ਲੈਣ ਵਿਚ ਪਾਬੰਦੀ ਹੋਣੀ ਚਾਹੀਦੀ ਹੈ। ਜੋ ਜੱਜ ਗਲਤ ਤੇ ਸ਼ੱਕੀ ਫੈਸਲੇ ਲਗਾਤਾਰ ਕਰੇ ਉਸ ਨੂੰ ਅਜਿਹੇ ਅਹੁਦਿਆਂ ਉਪਰ ਨਹੀਂ ਬਿਠਾਇਆ ਜਾ ਸਕਦਾ। ਅਜਿਹਾ ਹੋਣਾ ਸਮਾਜ ਤੇ ਨਿਆਂ ਪ੍ਰਣਾਲੀ ਲਈ ਖਤਰਨਾਕ ਹੈ। ਚੀਫ ਜਸਟਿਸ ਦੇ ਇਸ ਫੈਸਲੇ ਨੂੰ ਯੋਗ ਨਹੀਂ ਠਹਿਰਾਇਆ ਜਾ ਸਕਦਾ।

# ਮੋਦੀ ਰਾਜ ਦੌਰਾਨ ਲੋਕਾਂ ਦੀ ਅਜ਼ਾਦੀ ਤੇ ਜਮਹੂਰੀਅਤ ਖੁਸੀ

## ✪ ਭਾਰਤ ਦਾ ਦਰਜਾ 'ਆਜ਼ਾਦ' ਤੋਂ ਘਟਾ ਕੇ 'ਅਰਧ-ਆਜ਼ਾਦ ' ਵਾਲਾ ਬਣਿਆ ✪ ਜਨਤਕ ਆਜ਼ਾਦੀ 'ਤੇ ਰੋਕਾਂ ਲੱਗੀਆਂ ✪ 2014 ਤੋਂ ਸਿਆਸੀ ਅਧਿਕਾਰਾਂ ਅਤੇ ਜਨਤਕ ਆਜ਼ਾਦੀਆਂ 'ਤੇ ਰੋਕਾਂ ਜ਼ਿਆਦਾ ਤੇਜ਼ੀ ਨਾਲ ਲੱਗਣੀਆਂ ਸ਼ੁਰੂ ਹੋਈਆਂ ✪ ਅਮਰੀਕਾ ਦੀ ਗ਼ੈਰ-ਸਰਕਾਰੀ ਜਥੇਬੰਦੀ 'ਫਰੀਡਮ ਹਾਊਸ' ਨੇ ਪੇਸ਼ ਕੀਤੀ ਰਿਪੋਟ

ਪ੍ਰੋ. ਬਲਵਿੰਦਰ ਪਾਲ ਸਿੰਘ






ਫਰੀਡਮ ਹਾਊਸ ਦੀ ਰਿਪੋਰਟ ਡੈਮੋਕ੍ਰੇਸੀ ਅੰਡਰਸੀਜ ਮੁਤਾਬਕ 'ਭਾਰਤ ਦਾ ਅਜ਼ਾਦ ਦੇਸ਼ਾਂ ਦੀ ਦਰਜੇਬੰਦੀ ਵਿੱਚ ਹੇਠਾ ਡਿੱਗਣਾ' ਦੁਨੀਆਂ ਦੇ ਲੋਕਤੰਤਰੀ ਮਿਆਰਾਂ ਲਈ ਖ਼ਤਰਨਾਕ ਹੋ ਸਕਦਾ ਹੈ। ਅਮਰੀਕਾ ਦੀ ਗ਼ੈਰ-ਸਰਕਾਰੀ ਜਥੇਬੰਦੀ 'ਫਰੀਡਮ ਹਾਊਸ' ਜਿਹੜੀ ਦੁਨੀਆ ਦੇ ਵੱਖ ਵੱਖ ਦੇਸ਼ਾਂ ਵਿਚ ਸਿਆਸੀ ਆਜ਼ਾਦੀਆਂ 'ਤੇ ਨਿਗਾਹਬਾਨੀ ਕਰਦੀ ਹੈ, ਨੇ ਇਸ ਸਬੰਧ ਵਿਚ ਭਾਰਤ ਦਾ ਦਰਜਾ 'ਆਜ਼ਾਦ' ਤੋਂ ਘਟਾ ਕੇ 'ਅਰਧ-ਆਜ਼ਾਦ ' ਵਾਲਾ ਕਰ ਦਿੱਤਾ ਹੈ। ਇਹ ਸੰਸਥਾ ਜਮਹੂਰੀਅਤ ਤੇ ਆਜ਼ਾਦੀ ਦੀ ਆਵਾਜ਼ ਹੋਣ ਦਾ ਦਾਅਵਾ ਕਰਦੀ ਹੈ ਅਤੇ ਇਸ ਨੂੰ ਖੋਜ ਕਰਨ ਲਈ ਪੈਸਾ ਮੁੱਖ ਤੌਰ 'ਤੇ ਅਮਰੀਕੀ ਸਰਕਾਰ (ਲਗਭਗ 85 ਫ਼ੀਸਦੀ) ਤੇ ਕੌਮਾਂਤਰੀ ਜਨਤਕ ਸੰਸਥਾਵਾਂ (ਲਗਭਗ 7-8 ਫ਼ੀਸਦੀ) ਤੋਂ ਮਿਲਦਾ ਹੈ। ਸੰਸਥਾ ਹਰ ਸਾਲ ਸਰਵੇਖਣ 'ਦੁਨੀਆ ਵਿਚ ਆਜ਼ਾਦੀ ਕਰਵਾਉਂਦੀ ਤੇ ਪ੍ਰਕਾਸ਼ਿਤ ਕਰਦੀ ਹੈ। ਇਸ ਦੇ ਸਰਵੇਖਣਾਂ ਵਿਚ ਭਾਰਤ ਨੂੰ ਹਮੇਸ਼ਾ ਆਜ਼ਾਦ ਸਮਾਜ ਵਜੋਂ ਮਾਨਤਾ ਦਿੱਤੀ ਜਾਂਦੀ ਰਹੀ ਹੈ ਅਤੇ ਇਹ ਪਹਿਲੀ ਵਾਰ ਹੈ ਕਿ ਭਾਰਤੀ ਸਮਾਜ ਨੂੰ ਪੂਰੀ ਤਰਾਂ ਆਜ਼ਾਦ ਨਹੀਂ ਮੰਨਿਆ ਗਿਆ। ਰਿਪੋਰਟ ਵਿਚ ਇਹ ਵੀ ਕਿਹਾ ਗਿਆ ਹੈ ਕਿ 2014 ਤੋਂ ਸਿਆਸੀ ਅਧਿਕਾਰਾਂ ਅਤੇ ਜਨਤਕ ਆਜ਼ਾਦੀਆਂ 'ਤੇ ਰੋਕਾਂ ਜ਼ਿਆਦਾ ਤੇਜ਼ੀ ਨਾਲ ਲੱਗਣੀਆਂ ਸ਼ੁਰੂ ਹੋਈਆਂ। ਰਿਪੋਰਟ ਵਿਚ ਮਨੁੱਖੀ ਅਧਿਕਾਰਾਂ ਦੇ ਖੇਤਰ ਵਿਚ ਕੰਮ ਕਰਨ ਵਾਲੀਆਂ ਜਥੇਬੰਦੀਆਂ 'ਤੇ ਵਧ ਰਹੇ ਦਬਾਉ ਤੇ ਪੱਤਰਕਾਰਾਂ ਤੇ ਵਿਦਵਾਨਾਂ ਨੂੰ ਦਿੱਤੀਆਂ ਜਾ ਰਹੀਆਂ ਧਮਕੀਆਂ ਦਾ ਜ਼ਿਕਰ ਕੀਤਾ ਹੈ। ਰਿਪੋਰਟ ਕਹਿੰਦੀ ਹੈ ਕਿ ਸਿਆਸੀ ਅਧਿਕਾਰ ਤੇ ਨਾਗਰਿਕ ਅਜ਼ਾਦੀ ਦੀ ਹਾਲਤ 2014 ਵਿੱਚ ਨਰਿੰਦਰ ਮੋਦੀ ਦੇ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਹੀ ਕਮਜ਼ੋਰ ਹੋਣੀ ਸ਼ੁਰੂ ਹੋ ਗਈ ਸੀ, ਪਰ 2019 ਵਿੱਚ ਦੁਬਾਰਾ ਚੁਣੇ ਜਾਣ ਬਾਅਦ ਇਹ ਬਦ ਤੋਂ ਬਦਤਰ ਹੋ ਗਈ ਹੈ। ਕੋਵਿਡ ਮਹਾਂਮਾਰੀ ਨਾਲ ਨਜਿੱਠਣ ਬਾਰੇ ਸਰਕਾਰ ਦੀ ਅਲੋਚਨਾ ਕਰਨ ਲਈ ਦਰਜਨ ਤੋਂ ਵੱਧ ਪੱਤਰਕਾਰਾਂ ਤੇ ਵਿਦਵਾਨਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਮੁਸਲਮਾਨਾਂ ਵਿਰੁੱਧ ਕੱਟੜ ਹਿੰਦੂਆਂ ਵੱਲੋਂ ਲਗਾਤਾਰ ਹਮਲੇ ਹੋ ਰਹੇ ਹਨ ਤੇ ਉਨਾਂ ਦੀਆਂ ਭੀੜਤੰਤਰ ਰਾਹੀਂ ਹੱਤਿਆਵਾਂ ਕੀਤੀਆਂ ਗਈਆਂ ਹਨ। ਰਿਪੋਰਟ ਵਿੱਚ ਫਰਵਰੀ 2020 ਦੇ ਦਿੱਲੀ ਦੰਗਿਆਂ ਤੇ ਬਾਬਰੀ ਮਸਜਿਦ ਡੇਗੇ ਜਾਣ ਦੇ ਦੋਸ਼ੀਆਂ ਨੂੰ ਬਰੀ ਕੀਤੇ ਜਾਣ ਦਾ ਵੀ ਜ਼ਿਕਰ ਕੀਤਾ ਗਿਆ ਹੈ।

'ਫਰੀਡਮ ਇਨ ਦੀ ਵਰਲਡ 2021' ਨਾਂਅ ਦੀ ਇਸ ਰਿਪੋਰਟ ਵਿੱਚ ਸਿਆਸੀ ਹੱਕਾਂ ਤੇ ਨਾਗਰਿਕ ਅਜ਼ਾਦੀ ਦੀ ਹਾਲਤ ਦੇ ਅਧਾਰ 'ਤੇ ਭਾਰਤ ਨੂੰ ਪਿਛਲੇ ਸਾਲ ਦੇ 71 ਦੀ ਥਾਂ ਇਸ ਸਾਲ 67 ਅੰਕ ਮਿਲੇ ਹਨ। ਇਹ ਰਿਪੋਰਟ ਇੱਕ ਸਾਲ ਦੌਰਾਨ ਕਿਸੇ ਦੇਸ਼ ਵਿੱਚ ਵੱਖ-ਵੱਖ 25 ਮੱਦਾਂ ਵਿੱਚ ਚੰਗੀਆਂ-ਮਾੜੀਆਂ ਤਬਦੀਲੀਆਂ ਦੇ ਅਧਾਰ ਉਤੇ ਤਿਆਰ ਕੀਤੀ ਜਾਂਦੀ ਹੈ। ਰਿਪੋਰਟ ਦੱਸਦੀ ਹੈ ਕਿ ਪਿਛਲੇ ਸਾਲ ਭੇਦਭਾਵ ਵਾਲੇ ਨਾਗਰਿਕ ਕਾਨੂੰਨ, ਸਰਕਾਰੀ ਨੀਤੀਆਂ ਦੀ ਅਲੋਚਨਾ ਲਈ ਰਾਜਧ੍ਰੋਹ ਕਾਨੂੰਨ ਤੇ ਹੋਰ ਦਮਨਕਾਰੀ ਕਾਨੂੰਨਾਂ ਦੀ ਅੰਨੇਵਾਹ ਵਰਤੋਂ ਰਾਹੀਂ ਪ੍ਰਗਟਾਵੇ ਦੀ ਅਜ਼ਾਦੀ 'ਤੇ ਲਗਾਮ ਲਾਏ ਜਾਣ ਕਾਰਨ ਭਾਰਤ ਦੇ ਅੰਕ ਘਟੇ ਹਨ। ਇਸ ਤੋਂ ਇਲਾਵਾ ਮਨੁੱਖੀ ਅਧਿਕਾਰਾਂ ਨਾਲ ਜੁੜੀਆਂ ਸੰਸਥਾਵਾਂ ਦੇ ਕੰਮਕਾਜ ਨੂੰ ਰੋਕਣ ਲਈ ਸਰਕਾਰ ਨੇ ਉਨਾਂ ਨੂੰ ਮਿਲਦੇ ਵਿਦੇਸ਼ੀ ਫੰਡਾਂ 'ਤੇ ਕਾਨੂੰਨ ਬਣਾ ਕੇ ਰੋਕ ਲਗਾ ਦਿੱਤੀ।ਐਮਨੈਸਟੀ ਇੰਟਰਨੈਸ਼ਨਲ ਦੇ ਅਸਾਸਿਆਂ ਨੂੰ ਜ਼ਬਤ ਕਰਕੇ ਉਸ ਨੂੰ ਆਪਣੇ ਸਾਰੇ ਕੰਮ ਬੰਦ ਕਰਨ ਲਈ ਮਜਬੂਰ ਕਰ ਦਿੱਤਾ ਗਿਆ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਭਾਰਤ ਨੂੰ ਚੀਨ ਜਿਹੇ ਤਾਨਾਸ਼ਾਹੀ ਦੇਸ਼ ਵਿਰੁੱਧ ਇਕ ਜਮਹੂਰੀ ਤਾਕਤ ਵਜੋਂ ਖੜੇ ਹੋਣਾ ਚਾਹੀਦਾ ਸੀ ਪਰ ਕੇਂਦਰ ਸਰਕਾਰ ਤੇ ਸੱਤਾਧਾਰੀ ਪਾਰਟੀ ਦੇਸ਼ ਨੂੰ 'ਤਾਨਾਸ਼ਾਹੀ ਵੱਲ ਧੱਕ ਰਹੇ ਹਨ।'

ਰਿਪੋਰਟ ਦਾ ਇੱਕ ਪੈਮਾਨਾ ਨਿਆਂਪਾਲਿਕਾ ਦੀ ਅਜ਼ਾਦੀ ਬਾਰੇ ਸੀ। ਇਸ ਮਾਮਲੇ ਵਿੱਚ ਸਾਬਕਾ ਚੀਫ਼ ਜਸਟਿਸ ਰੰਜਨ ਗੋਗੋਈ ਨੂੰ ਰਾਜ ਸਭਾ ਲਈ ਨਾਮਜ਼ਦ ਕੀਤੇ ਜਾਣ ਦਾ ਜ਼ਿਕਰ ਕਰਦਿਆਂ ਕਿਹਾ ਗਿਆ ਕਿ ਇਹ ਕਦਮ ਜੱਜਾਂ ਨੂੰ ਸਰਕਾਰ ਦੇ ਪੱਖ ਵਿੱਚ ਫੈਸਲੇ ਕਰਨ ਲਈ ਉਤਸ਼ਾਹਤ ਕਰੇਗਾ। ਇਸ ਮੱਦ ਅਧੀਨ ਦਿੱਲੀ ਦੰਗਿਆਂ ਦੌਰਾਨ ਭਾਜਪਾ ਆਗੂਆਂ ਵਿਰੁੱਧ ਫੈਸਲਾ ਦੇਣ ਵਾਲੇ ਉਸ ਜੱਜ ਦਾ ਵੀ ਜ਼ਿਕਰ ਕੀਤਾ ਗਿਆ, ਜਿਸ ਦਾ ਰਾਤੋ-ਰਾਤ ਤਬਾਦਲਾ ਕਰ ਦਿੱਤਾ ਗਿਆ ਸੀ। ਇਸ ਰਿਪੋਰਟ ਵਿੱਚ ਕਸ਼ਮੀਰ ਦੀ ਸਥਿਤੀ ਨੂੰ ਸੁਤੰਤਰ ਨਹੀਂ ਦੇ ਖਾਨੇ ਵਿੱਚ ਰੱਖਿਆ ਗਿਆ, ਜਦੋਂ ਕਿ ਪਹਿਲਾਂ ਉਹ ਅੰਸ਼ਕ ਸੁਤੰਤਰਤਾ ਵਾਲੇ ਖਾਨੇ ਵਿੱਚ ਸੀ।

ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਹਿੰਦੂ ਰਾਸ਼ਟਰਵਾਦੀ ਸਰਕਾਰ ਅਤੇ ਰਾਜਾਂ ਵਿੱਚ ਭਾਜਪਾ ਦੀਆਂ ਸਰਕਾਰਾਂ ਮੁਸਲਮਾਨਾਂ ਨੂੰ ਨਿਸ਼ਾਨਾ ਬਣਾਉਣ ਵਾਲੀਆਂ ਹਿੰਸਕ ਤੇ ਭੇਦਭਾਵ ਵਾਲੀਆਂ ਨੀਤੀਆਂ 'ਤੇ ਚੱਲਦੀਆਂ ਰਹੀਆਂ ਹਨ। ਇਹ ਸਰਕਾਰਾਂ ਮੀਡੀਆ, ਸਿੱਖਿਆ ਮਾਹਰਾਂ, ਸਿਵਲ ਸੁਸਾਇਟੀ ਸੰਗਠਨਾਂ ਤੇ ਪ੍ਰਦਰਸ਼ਨਕਾਰੀਆਂ ਵੱਲੋਂ ਪ੍ਰਗਟ ਕੀਤੇ ਰੋਸ ਵਿਰੁੱਧ ਸਖ਼ਤ ਕਾਰਵਾਈਆਂ ਕਰਦੀਆਂ ਆ ਰਹੀਆਂ ਹਨ।

ਇਹ ਰਿਪੋਰਟ ਸਿਰਫ਼ ਭਾਰਤ 'ਤੇ ਕੇਂਦਰਿਤ ਨਹੀਂ ਹੈ। ਇਸ ਵਿਚ ਚੀਨ, ਅਮਰੀਕਾ, ਕਿਰਗਿਸਤਾਨ, ਹੰਗਰੀ, ਫਿਲਪੀਨਜ਼, ਐੱਲ ਸੈਲਵਾਡੋਰ ਤੇ ਕਈ ਹੋਰ ਦੇਸ਼ਾਂ ਵਿਚ ਮਨੁੱਖੀ ਅਧਿਕਾਰਾਂ ਨੂੰ ਲੱਗ ਰਹੇ ਖ਼ੋਰੇ ਦਾ ਜਿਕਰ ਹੈ। ਅਮਰੀਕਾ ਦੀ ਲੋਕਤੰਤਰੀ ਦਰਜੇਬੰਦੀ ਵਿੱਚ ਵੀ ਸਾਬਕਾ ਰਾਸ਼ਟਰਪਤੀ ਟਰੰਪ ਦੇ ਆਖ਼ਰੀ ਸਾਲਾਂ ਦੌਰਾਨ ਕਮੀ ਆਈ ਹੈ। ਅਮਰੀਕਾ ਵਿੱਚ ਡੌਨਲਡ ਟਰੰਪ ਵੱਲੋਂ ਰਾਸ਼ਟਰਪਤੀ ਚੋਣਾਂ ਦੇ ਨਤੀਜਿਆਂ ਨੂੰ ਨਕਾਰਨਾ ਤੇ ਉਸ ਤੋਂ ਬਾਅਦ ਉਨਾਂ ਦੇ ਹਮਾਇਤੀਆਂ ਵੱਲੋਂ ਹਥਿਆਰਬੰਦ ਕੋਸ਼ਿਸ਼ਾਂ, ਇਸ ਤੋਂ ਅੱਗੇ ਕੈਪੀਟਲ ਹਿੱਲ ਦੀ ਘਟਨਾ ਨੇ ਅਮਰੀਕਾ ਦੀ ਭਰੋਸੇਯੋਗਤਾ ਉੱਪਰ ਸਵਾਲ ਖੜਾ ਕਰ ਦਿੱਤਾ। ਜਿੱਥੇ ਸੱਜੇ-ਪੱਖੀ ਤਾਕਤਾਂ ਹਮੇਸ਼ਾ ਇਸ ਸੰਸਥਾ ਅਤੇ ਇਹਦੀਆਂ ਰਿਪੋਰਟਾਂ ਦਾ ਵਿਰੋਧ ਕਰਦੀਆਂ ਹਨ, ਕਿਉਂਕਿ ਇਹ ਰਿਪੋਰਟਾਂ ਕੱਟੜਪੰਥੀ ਰੁਝਾਨਾਂ ਦਾ ਪਰਦਾਫਾਸ਼ ਕਰਦੀਆਂ ਹਨ।

**ਕੀ ਕਹਿੰਦੇ ਹਨ ਬੁੱਧੀਜੀਵੀ**

ਇਸ ਸਬੰਧ ਵਿਚ ਗੁਰਤੇਜ ਸਿੰਘ ਆਈ ਏ ਐਸ ਨੇ ਕਿਹਾ ਹੈ ਕਿ ਘੱਟਗਿਣਤੀ ਕੌਮਾਂ ਅਤੇ ਦਲਿਤਾਂ ਨੂੰ ਵੱਡੀ ਪੱਧਰ 'ਤੇ ਹਜੂਮੀ ਹਿੰਸਾ ਦਾ ਸ਼ਿਕਾਰ ਬਣਾਇਆ ਗਿਆ। ਪ੍ਰਧਾਨ ਮੰਤਰੀ ਮੋਦੀ ਨੇ ਭਾਰਤ ਵਿਚ ਸੌੜੇ ਹਿੰਦੂ ਰਾਸ਼ਟਰਵਾਦੀ ਹਿੱਤਾਂ ਖਾਤਰ ਅਜ਼ਾਦੀ ਤੇ ਬਰਾਬਰੀ ਦੇ ਹੱਕਾਂ ਨੂੰ ਤਿਆਗਿਆ ਹੈ। ਸਰਕਾਰ ਦਾ ਫਰਜ਼ ਇਹ ਹੈ ਕਿ ਅਜਿਹੇ ਰੁਝਾਨਾਂ 'ਤੇ ਕਾਬੂ ਪਾਉਂਦੀ ਪਰ ਯਥਾਰਥ ਇਹ ਹੈ ਕਿ ਅਜਿਹੀਆਂ ਕਾਰਵਾਈਆ ਕਰਨ ਵਾਲਿਆਂ ਦਾ ਜਨਤਕ ਤੌਰ 'ਤੇ ਉਤਸ਼ਾਹਿਤ ਕੀਤਾ ਗਿਆ। ਅਜਿਹੇ ਹਾਲਾਤ ਵਿਚ ਸਭ ਨੂੰ ਅਜਿਹੇ ਰੁਝਾਨਾਂ ਦਾ ਸਾਹਮਣਾ ਕਰਨ ਲਈ ਇਕਮੁੱਠ ਹੋਣਾ ਪਵੇਗਾ। ਕਿਸਾਨ ਅੰਦੋਲਨ ਵਿਚ ਇਕਜੁਟਤਾ ਇਸ ਦੀ ਮਿਸਾਲ ਹੈ।

ਖਾਲੜਾ ਮਿਸ਼ਨ ਦੀ ਆਗੂ ਬੀਬੀ ਪਰਮਜੀਤ ਕੌਰ ਖਾਲੜਾ ਨੇ ਕਿਹਾ ਕਿ ਰਿਪੋਰਟ ਮੁਤਾਬਕ ਸਰਕਾਰ ਦੇ ਕੋਰੋਨਾ ਮਹਾਂਮਾਰੀ ਪ੍ਰਤੀ ਰੁਖ਼ ਨੇ ਵੀ ਦੁਨੀਆਂ ਵਿੱਚ ਅਜ਼ਾਦੀ ਵਿੱਚ ਆ ਰਹੀ ਕਮੀ ਨੂੰ ਵਧਾਇਆ ਹੈ।

ਜਦੋਂ ਤੋਂ ਫਾਸ਼ੀਵਾਦੀ ਵਿਚਾਰਧਾਰਾ ਨੂੰ ਪ੍ਰਣਾਈ ਭਾਜਪਾ ਨੇ ਭਾਰਤ ਦੀ ਵਾਗਡੋਰ ਸੰਭਾਲੀ ਹੈ, ਅਸੀਂ ਹਰ ਖੇਤਰ ਵਿੱਚ ਹੀ ਪਛੜ ਗਏ ਹਾਂ। ਗ਼ਰੀਬੀ ਤੇ ਭੁਖਮਰੀ ਵਿੱਚ ਵਾਧਾ ਹੋਇਆ ਹੈ।

**ਬਾਕੀ ਸਫ਼ਾ 30 'ਤੇ**

# ਨਿਆਂ ਤੇ ਅਨਿਆਂ ਵਿਚਲਾ ਫ਼ਾਸਲਾ



ਓਮ ਪ੍ਰਕਾਸ਼ ਗਾਸੋ

ਸਿਆਸਤ, ਸਮਾਂ ਅਤੇ ਸਮਾਜ ਇਤਿਹਾਸਕ ਅੱਖਰਾਂ ਨੂੰ ਪੈਦਾ ਕਰਨ ਵਾਲੀਆਂ ਸਮਰੱਥ ਸ਼ਕਤੀਆਂ ਹੁੰਦੀਆਂ ਹਨ। ਸਮਰੱਥ ਸ਼ਕਤੀ ਦੁਆਰਾ ਸਹਿਜ ਕਿਸਮ ਦਾ ਵਾਤਾਵਰਨ ਉਤਪੰਨ ਹੋਣਾ ਚਾਹੀਦਾ ਹੈ। ਅਸਹਿਜ ਹਾਲਾਤ ਮੰਦਭਾਗੇ ਦੁਖਾਂਤ ਪੈਦਾ ਕਰਦੇ ਰਹਿੰਦੇ ਹਨ। ਮੰਦਭਾਗੀਆਂ ਵਸਤਾਂ ਹਾਲਾਤ ਨੂੰ ਬੱਦਸ਼ਕਲ ਬਣਾਉਂਦੀਆਂ ਰਹਿੰਦੀਆਂ ਹਨ। ਗੁਰਬਤ ਨੂੰ ਆਰਥਿਕਤਾ ਦੀ ਬੱਦਸ਼ਕਲੀ ਕਿਹਾ ਜਾ ਸਕਦਾ ਹੈ। ਉੱਪਰਲੀਆਂ ਸਾਰੀ ਦੀਆਂ ਸਾਰੀਆਂ ਸਤਰਾਂ ਦਾਰਸ਼ਨਿਕ ਹੋਣ ਦੇ ਨਾਲ-ਨਾਲ ਸੰਸਾਰਕ ਗੱਲਾਂ-ਬਾਤਾਂ ਨੂੰ ਵੀ ਦਰਸਾਉਂਦੀਆਂ ਹਨ।

ਆਹ ਆਪਣੇ ਮੁਲਕ ਵਿਚਲੇ ਸੱਤਾਵਾਦੀ ਸਵਾਰਥ ਜਨ-ਸਾਧਾਰਨ ਲਈ ਔਕੜਾਂ ਪੈਦਾ ਕਰ ਰਹੇ ਹਨ। ਆਮ ਤੌਰ 'ਤੇ ਔਕੜਾਂ ਦੇ ਅਰਥਾਂ ਨੂੰ ਸਮਝਣ ਤੋਂ ਲੋਕਾਈ ਨੂੰ ਸਰਮਾਏਦਾਰੀ-ਵਿਗਿਆਪਨਵਾਦ ਉਲਝਾਈ ਰੱਖਦਾ ਹੈ। ਸੁਲਝੇ ਹੋਏ ਦਿਮਾਗ਼, ਜੁਝਾਰੂ ਬਣ ਕੇ ਆਮ ਲੋਕਾਂ ਨਾਲ ਹੋ ਰਹੀ ਬੇ-ਇਨਸਾਫ਼ੀ ਦੇ ਵਿਰੋਧ ਦੇ ਪੱਖ ਦੀ ਮਜ਼ਬੂਤੀ ਲਈ ਕਮਰ ਕੱਸਦੇ ਹਨ।

ਇੱਥੇ ਆ ਕੇ ਇਕਦਮ ਆਖਿਆ ਜਾ ਸਕਦਾ ਹੈ ਕਿ ਆਪਣੇ ਇਸ ਮੁਲਕ ਦਾ ਸੂਝਵਾਨ ਕਿਸਾਨ ਬੇ-ਇਨਸਾਫ਼ੀ ਦੇ ਵਿਰੋਧ ਦਾ ਵਿਵੇਕ ਹੈ। ਹਿੰਦੀ ਭਾਸ਼ਾ ਦੀ ਇਕ ਕਹਾਵਤ ਹੈ 'ਚੋਰ-ਚੋਰ ਮੌਸੇਰੇ ਭਾਈ।' ਸਰਮਾਏਦਾਰ ਨੂੰ ਜਨ-ਸਾਧਾਰਨ ਦੀ ਮਿਹਨਤ-ਮਜ਼ਦੂਰੀ ਦਾ ਚੋਰ ਕਿਹਾ ਜਾ ਸਕਦਾ ਹੈ। ਆਹ ਚਲਾਕ ਕਿਸਮ ਦੀ ਸਿਆਸਤ ਵੀ ਚੋਰ ਹੀ ਹੁੰਦੀ ਹੈ। ਇੰਜ ਆਹ ਤਿੰਨ ਕਾਨੂੰਨ ਜਿਨਾਂ ਦੀ ਕੇਂਦਰ ਸਰਕਾਰ ਪ੍ਰਸ਼ੰਸਾ ਕਰਦੀ ਥੱਕਦੀ ਨਹੀਂ, ਉਹ ਚੋਰ-ਚੋਰ ਮੌਸੇਰੇ ਭਾਈਆਂ ਦੀ ਭਾਈਵਾਲੀ ਹੈ।

ਉਹ ਸਿਆਸਤ ਲੋਕਤੰਤਰੀ ਨੀਤੀ ਵਾਲੀ ਕਿਵੇਂ ਹੋਈ ਜਿਹੜੀ ਲੋਕਾਂ ਦੀ ਆਵਾਜ਼ ਨੂੰ ਕਿੰਨੇ ਸਮੇਂ ਤੋਂ ਅਣਸੁਣੀ ਕਰਦੀ ਆ ਰਹੀ ਹੈ। ਲੱਖਾਂ ਕਿਸਾਨ ਬੋਲ ਰਹੇ ਹਨ। ਉਨਾਂ ਦੇ ਬੁਲੰਦ ਬੋਲ ਅਨਿਆਂ ਨੂੰ ਉਲਟਾਉਣਾ ਚਾਹੁੰਦੇ ਹਨ। ਨਿਰਸੰਦੇਹ ਨਿਆਂ ਅਤੇ ਅਨਿਆਂ ਵਿਚਕਾਰ ਮੁੱਢ ਕਦੀਮੋਂ ਹੀ ਦੋ-ਦੋ ਹੱਥ ਹੁੰਦੇ ਆ ਰਹੇ ਹਨ ਪਰ ਲੋਕਾਂ ਦੀ ਆਵਾਜ਼ ਨੂੰ ਲੋਕਤੰਤਰ ਆਪਣੇ ਅਹਿਸਾਸ ਦਾ ਅੰਗ ਕਿਉਂ ਨਹੀਂ ਬਣਾਉਂਦਾ। ਅਹਿਸਾਸਹੀਣ ਸਿਆਸਤ ਸੰਪ੍ਰਦਾਇਕ ਹੁੰਦੀ ਹੈ।

ਸ਼ੈਤਾਨੀਅਤ ਵਾਲੇ ਸੰਵਾਦ ਸਮੇਂ ਦੀ ਬਰਬਾਦੀ ਕਰਦੇ ਰਹਿੰਦੇ ਹਨ। ਤਿਕੜਮਬਾਜ਼ੀਆਂ ਘਾਤਕ ਹੁੰਦੀਆਂ ਹਨ। ਹੇਰ-ਫੇਰ ਵਾਲੇ ਫ਼ਿਕਰਿਆਂ ਨਾਲ ਫ਼ਿਕਰਮੰਦ ਮਾਹੌਲ ਪੈਦਾ ਹੁੰਦਾ ਹੈ। ਸਮੱਸਿਆ ਨੂੰ ਸੁਲਝਾਉਣ ਵਾਲੀ ਸੋਚ ਪੱਖਪਾਤੀ ਨਹੀਂ ਹੁੰਦੀ। ਵਰਤਮਾਨ ਕੇਂਦਰ ਸਰਕਾਰ ਦੀ ਸਿਆਸੀ ਸੋਚ ਪੱਖਪਾਤੀ ਹੈ।

ਇਹ ਸਿਆਸੀ ਸੋਚ ਕਈ ਕਿਸਮਾਂ ਦੇ ਹਨੇਰੇ, ਝੱਖੜ, ਬਦਮਗਜ਼ੀਆਂ ਅਤੇ ਬੇ-ਅਸੂਲੀਆਂ ਪੈਦਾ ਕਰ ਰਹੀ ਹੈ। ਦ੍ਰਿਸ਼ਟੀਹੀਣ ਸੋਚ ਅਸਲੀਅਤ ਨੂੰ ਵੇਖਣ ਤੋਂ ਅਸਮਰੱਥ ਬਣੀ ਰਹਿੰਦੀ ਹੈ। ਆਪਣੇ ਇਸ ਮੁਲਕ ਦੀ ਧਰਤੀ ਨੂੰ ਸੰਨ ਸੰਤਾਲੀ 'ਚ ਵੰਡਣਾ ਪੈ ਗਿਆ। ਇਸ ਵੰਡ ਦੇ ਦੁਖਾਂਤ ਨੂੰ ਮੈਂ ਭਰੇ ਮਨ ਅਤੇ ਦੁਖੀ ਦਿਲ ਨਾਲ ਵੇਖਦਾ ਰਿਹਾ ਸਾਂ। ਪੰਜਾਬ ਦੀ ਧਰਤੀ ਲਹੂ-ਲੁਹਾਨ ਹੋਈ ਸੀ। ਮਨੁੱਖਤਾ ਸ਼ਰਮਸਾਰ ਹੋਈ ਸੀ। ਭਾਈਚਾਰਾ ਤਾਰ-ਤਾਰ ਹੋਇਆ ਸੀ।

ਭਾਰਤ ਦੀ ਦੁਖਦਾਈ ਵੰਡ ਲਈ ਅੰਗਰੇਜ਼ ਸਾਮਰਾਜ ਜ਼ਿੰਮੇਵਾਰ ਸੀ, ਪਰ ਪੱਖਪਾਤੀ ਸਿਆਸਤ ਕਾਰਨ ਪਾਕਿਸਤਾਨ ਪੈਦਾ ਹੋਇਆ। ਆਪਣੇ ਸਾਹਮਣੇ ਵਰਤਮਾਨ ਸਮੇਂ ਦੀ ਸੰਪ੍ਰਦਾਇਕ ਸਿਆਸਤ ਦੀਆਂ ਕੁਚਾਲਾਂ ਟਪੂਸੀਆਂ ਮਾਰ ਰਹੀਆਂ ਹਨ। ਸਿਆਸੀ-ਟਪੂਸੀਆਂ ਨੂੰ ਆਪਣੇ ਇਸ ਮੁਲਕ ਦਾ ਸਰਮਾਏਦਾਰ ਮਜ਼ਬੂਤ ਬਣਾ ਰਿਹਾ ਹੈ। ਕਿਸਾਨ ਕਾਮੇ ਹੁੰਦੇ ਹਨ। ਕਿਸਾਨ ਗੱਲ-ਬਾਜ਼ ਨਹੀਂ ਹੁੰਦੇ।

ਕਿਸਾਨ ਸਮੇਂ ਨੂੰ ਸੁਰੱਖਿਅਤ ਬਣਾਉਣ ਵਾਲੇ ਕਾਰਕੁਨ ਹੁੰਦੇ ਹਨ। ਕਿਸਾਨ ਸਰਬੱਤ ਲਈ ਸਹਾਇਕ ਬਣੇ ਰਹਿੰਦੇ ਹਨ। ਕਿਸਾਨ ਵਪਾਰੀ ਨਹੀਂ ਹੁੰਦੇ। ਇਸ ਪ੍ਰਕਾਰ ਦੀਆਂ ਸਿਫ਼ਤਾਂ ਨੂੰ ਸੰਭਾਲ ਕੇ ਰੱਖਣ ਵਾਲੀ ਨੀਅਤ ਅਤੇ ਨੀਤੀ ਦੀ ਬੜੀ ਛੇਤੀ ਪਛਾਣ ਹੋ ਜਾਂਦੀ ਹੈ। ਵਰਤਮਾਨ ਸਮੇਂ ਦੀ ਕੇਂਦਰੀ ਸਿਆਸੀ ਸੱਤਾ ਨਿੱਜਵਾਦ-ਵਪਾਰ ਦਾ ਪੱਖ ਪੂਰ ਰਹੀ ਹੈ। ਨਿੱਜਵਾਦੀ ਵਪਾਰ ਨੂੰ ਆਰਥਿਕ ਮਸਲਿਆਂ ਦੇ ਸਮਾਜਵਾਦੀ ਵਿਦਵਾਨਾਂ ਨੇ ਪਛਾਣ ਲਿਆ ਹੈ।

ਉਨਾਂ ਵਿਦਵਾਨਾਂ ਦੀਆਂ ਸਿਧਾਂਤਕ-ਜਾਣਕਾਰੀਆਂ ਦੁਆਰਾ ਜਿਹੜੀ ਸਪੱਸ਼ਟਤਾ ਕਿਰਤੀ ਸਮਾਜ ਨੂੰ ਪ੍ਰਾਪਤ ਹੋ ਰਹੀ ਹੈ, ਉਸ ਸਾਹਮਣੇ ਤੋਮਰਵਾਦੀ ਤੋਪ ਦੇ ਗੋਲੇ ਮੌਜੂਦ ਹਨ। ਪੰਜਾਬ ਦੀ ਕਿਰਸਾਨੀ ਨੇ ਸਦੀਆਂ ਤੋਂ ਸਾਰਥਕ-ਕਿਸਮ ਦੀ ਕਾਰਗੁਜ਼ਾਰੀ ਨੂੰ ਆਪਣਾ ਸੰਕਲਪ ਮੰਨਿਆ ਹੋਇਆ ਹੈ।

ਇਸ ਸੰਕਲਪ ਨੂੰ 'ਉੱਤਮ-ਖੇਤੀ' ਵਜੋਂ ਤਸਲੀਮ ਕੀਤਾ ਜਾ ਰਿਹਾ ਹੈ, ਪਰ ਆਹ ਵਰਤਮਾਨ ਸਿਆਸਤ ਦੇ ਸੱਤਾਵਾਦੀ ਤਮਾਸ਼ੇ ਦਿਨ-ਪ੍ਰਤੀ-ਦਿਨ ਅਜਿਹੇ ਭੰਬਲਭੂਸੇ ਪੈਦਾ ਕਰ ਰਹੇ ਹਨ, ਜਿਨਾਂ ਨੂੰ ਜਨਤਕ ਵਿਰੋਧ ਵਾਲੀ ਰਾਜਨੀਤੀ ਦਾ ਕਠਪੁਤਲੀ ਨਾਚ ਕਿਹਾ ਜਾ ਸਕਦਾ ਹੈ। ਰਾਜਨੀਤੀ ਦਾ ਕਠਪੁਤਲੀ ਨਾਚ ਜ਼ਿੰਦਗੀ ਦੇ ਕਲਾਤਮਿਕ ਸਰੂਪ ਲਈ ਨੁਕਸਾਨਦਾਇਕ ਹੁੰਦਾ ਹੈ।

ਵਰਤਮਾਨ ਵਰਿਆਂ ਦੀ ਕੇਂਦਰ ਸਰਕਾਰ ਨੂੰ, ਜੀਵਨ-ਧਾਰਾ ਨੂੰ ਕਲਾ-ਸ਼ੀਲ ਬਣਾਉਣ ਵਾਲੀ ਨੀਤੀ ਨੂੰ ਅਪਣਾਉਣਾ ਚਾਹੀਦਾ ਹੈ। ਸਿਆਸੀ ਮਗਰੂਰੀਆਂ ਮਾਨਵਵਾਦੀ-ਮਹਾਨਤਾ ਤੋਂ ਕੋਹਾਂ ਦੂਰ ਜਾਣ ਲੱਗ ਪੈਂਦੀਆਂ ਹਨ। ਸੋ ਸੰਜੀਦਗੀ ਦੇ ਨੀਤੀਗਤ ਸਬਕ ਆਖਦੇ ਹਨ ਕਿ ਤਿਲ ਨੂੰ ਤਾੜ ਨਹੀਂ ਬਣਾਉਣਾ ਚਾਹੀਦਾ। ਜਮਹੂਰੀਅਤ ਵਿਚ ਜਨਤਾ ਹੀ ਅਸਲੀ ਮਾਲਕ ਹੁੰਦੀ ਹੈ। ਉਹੀ ਆਪਣੇ ਨੁਮਾਇੰਦੇ ਚੁਣ ਕੇ ਉਨਾਂ ਨੂੰ ਗੱਦੀ 'ਤੇ ਬਿਠਾਉਂਦੀ ਹੈ। ਜੇਕਰ ਉਹ ਨਾਰਾਜ਼ ਹੋ ਜਾਵੇ ਤਾਂ ਤਖ਼ਤੋਂ-ਤਾਜ਼ ਹਿਲਾ ਦਿੰਦੀ ਹੈ। ਸਮਝਦਾਰੀ ਮਾਮਲੇ ਨਿਬੇੜਨ ਵਿਚ ਹੈ, ਅੜਨ ਵਿਚ ਨਹੀਂ।

# ਮਜ਼ਬੂਤ ਲੋਕਤੰਤਰ ਲਈ ਵਿਦਰੋਹੀ ਜੀਵਨ ਸ਼ੈਲੀ ਹੋਣੀ ਜ਼ਰੂਰੀ



**ਰਣਜੀਤ ਸਿੰਘ ਕੁੱਕੀ ਗਿੱਲ**

2014 ਤੋਂ ਲੈ ਕੇ ਹੁਣ ਤੱਕ ਭਾਰਤ ਵਿਚ ਲੋਕਤੰਤਰੀ ਪ੍ਰਕਿਰਿਆ ਅਤੇ ਕਦਰਾਂ-ਕੀਮਤਾਂ ਦਾ ਹੁੰਦਾ ਘਾਣ ਵਿਰੋਧ ਅਤੇ ਅਸਹਿਮਤੀ ਵਾਲੀਆਂ ਅਵਾਜ਼ਾਂ ਨੂੰ ਲਗਾਤਾਰ ਦਬਾਉਣ ਸਹਾਰੇ ਹੀ ਸਫ਼ਲ ਹੋਇਆ ਹੈ। ਮੌਜੂਦਾ ਸਮੇਂ ਵਿਚ ਇਸ ਦੇ ਸ਼ਿਕਾਰ ਤਿੰਨ ਵਾਤਾਵਰਣ ਕਾਰਕੁੰਨ ਹੋਏ ਹਨ ਜੋ ਕਿ ਪੜੇ-ਲਿਖੇ ਤੇ ਚੇਤੰਨ ਨੌਜਵਾਨ ਹਨ। ਇਨਾਂ ਵਿਚੋਂ ਦੋ ਨੂੰ ਤਾਂ ਅੰਤਰਿਮ ਸੁਰੱਖਿਆ ਹਾਸਿਲ ਹੈ, ਪਰ ਬੰਗਲੌਰ ਨਾਲ ਸਬੰਧਤ ਕੁਸ਼ਲ਼ ਨੌਜਵਾਨ ਕਾਰਕੁੰਨ ਦਿਸ਼ਾ ਰਵੀ ਦੇਸ਼ਧ੍ਰੋਹ ਅਤੇ ਰਾਸ਼ਟਰ-ਵਿਰੋਧ ਜਿਹੇ ਦੋਸ਼ਾਂ ਦੇ ਜਾਲ ਵਿਚ ਫਸ ਗਈ। ਉਸ ਦਾ ਕਥਿਤ ਅਪਰਾਧ ਇਹ ਹੈ ਕਿ ਉਸ ਨੇ ਇਕ ਟੂਲ-ਕਿੱਟ ਰਾਹੀਂ ਕਿਸਾਨਾਂ ਦੇ ਪੱਖ ਵਿਚ ਵਾਤਾਵਰਣ ਦੇ ਮੁੱਦਿਆਂ ਨੂੰ ਉਭਾਰਿਆ। ਦਿੱਲੀ ਪੁਲਿਸ ਦੁਆਰਾ ਉਸ ਨੂੰ ਕੈਨੇਡਾ ਸਥਿਤ ਇਕ ਸਿੱਖ ਚੈਰੀਟੇਬਲ ਸਮੂਹ ਨਾਲ ਜੋੜਿਆ ਗਿਆ ਤੇ ਉਸ ਉੱਪਰ ਵੱਖਵਾਦੀ ਪ੍ਰਵਿਰਤੀਆਂ ਨੂੰ ਭੜਕਾਉਣ ਦਾ ਦੋਸ਼ ਲਗਾਇਆ ਗਿਆ। ਦਿਸ਼ਾ ਰਵੀ ਦੀ ਗ੍ਰਿਫਤਾਰੀ ਅਤੇ ਉਸ ਵਿਰੁੱਧ ਦੋਸ਼ਾਂ ਰਾਹੀਂ ਨੌਜਵਾਨਾਂ ਨੂੰ ਇਹ ਸੁਨੇਹਾ ਦਿੱਤੇ ਜਾਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਅਗਰ ਉਨਾਂ ਨੇ ਸਥਾਪਤੀ ਨਾਲ ਅਸਹਿਮਤੀ ਜਾਂ ਵਿਰੋਧ ਜਤਾਇਆ ਤਾਂ ਅੱਜ ਦਿਸ਼ਾ ਰਵੀ ਦੀ ਵਾਰੀ ਹੈ, ਕੱਲ ਨੂੰ ਉਨਾਂ ਦੀ ਵੀ ਹੋ ਸਕਦੀ ਹੈ।

ਜੀਵੰਤ ਲੋਕਤੰਤਰ ਵਿਚ ਵਿਹਾਰਿਕ ਤੇ ਅਵਿਹਾਰਿਕ ਵਿਚਾਰਾਂ ਵਿਚ ਸੰਤੁਲਨ ਬਣਾ ਕੇ ਰੱਖਣਾ ਬਹੁਤ ਜ਼ਰੂਰੀ ਹੁੰਦਾ ਹੈ। ਇਸ ਵਿਚ ਮਜ਼ਬੂਤ ਯੁਵਕ ਸੱਭਿਆਚਾਰ ਨੂੰ ਬਣਾਈ ਰੱਖਣ ਲਈ ਵਿਦਰੋਹੀ ਜੀਵਨ ਸ਼ੈਲੀ ਤੇ ਅਜ਼ਾਦੀ ਦੀ ਹੋਂਦ ਹੋਣੀ ਬਹੁਤ ਜ਼ਰੂਰੀ ਹੈ। ਕਿਉਂਕਿ ਇਹੀ ਮਜ਼ਬੂਤ ਸੱਭਿਆਚਾਰ ਹੀ ਇਕ ਦੇਸ਼ ਤੇ ਲੋਕਤੰਤਰੀ ਪ੍ਰੀਕਿਰਿਆ ਨੂੰ ਮਜ਼ਬੂਤ ਕਰਨ ਵਿਚ ਰੋਲ ਅਦਾ ਕਰਦਾ ਹੈ। ਟੂਲ ਕਿੱਟ, ਜਿਸ ਦੇ ਲਈ ਦਿਸ਼ਾ ਉੱਪਰ ਰਾਸ਼ਟਰ-ਵਿਰੋਧੀ ਹੋਣ ਜਿਹੇ ਦੋਸ਼ ਮੜੇ ਜਾ ਰਹੇ ਹਨ, ਅਸਲ ਵਿਚ ਅਜ਼ਾਦ ਇਜ਼ਹਾਰ ਦਾ ਹੀ ਇਕ ਜ਼ਰੀਆ ਜਾਂ ਮੰਚ ਹੈ। ਸੰਸਾਰ ਭਰ ਵਿਚ ਇਹ ਮਾਧਿਅਮ ਵੱਖ-ਵੱਖ ਕਾਰਕੁੰਨਾਂ ਦੁਆਰਾ ਮੁਢਲੀ ਜਾਣਕਾਰੀ ਸਾਂਝੀ ਕਰਨ, ਵੱਖ-ਵੱਖ ਰਾਜਨੀਤਕ, ਸਮਾਜਿਕ, ਸੱਭਿਆਚਾਰਕ ਅਤੇ ਵਾਤਾਵਰਣ ਨਾਲ ਸਬੰਧਤ ਮੁੱਦਿਆਂ ਉੱਤੇ ਸੋਸ਼ਲ ਮੀਡੀਆ ਉੱਪਰ ਵਿਚਾਰ ਸਾਂਝੇ ਕਰਨ ਲਈ ਵਰਤਿਆ ਜਾਂਦਾ ਹੈ।ਇਸੇ ਤਰਾਂ ਹੀ ਟੂਲ ਕਿੱਟ ਹੈਸ਼ਟੈਗ ਦਿੱਲੀ ਦੀਆਂ ਸਰਹੱਦਾਂ 'ਤੇ ਅੰਦੋਲਨ ਕਰ ਰਹੇ ਕਿਸਾਨਾਂ ਲਈ ਸਮਰਥਨ ਜੁਟਾਉਣ ਵਾਸਤੇ ਵੀ ਵਰਤਿਆ ਗਿਆ। ਪੁਲਿਸ ਤੇ ਮੌਜੂਦਾ ਸਥਾਪਤੀ ਦੁਆਰਾ ਦਿਸ਼ਾ ਰਵੀ ਖਿਲਾਫ ਸਖਤ ਢੰਗਾਂ ਦੀ ਵਰਤੋਂ ਅਸਲ ਵਿਚ ਕਿਸਾਨਾਂ ਨੂੰ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਪੱਧਰ 'ਤੇ ਮਿਲ ਰਹੇ ਸਮਰਥਨ ਨੂੰ ਦਬਾਉਣਾ ਹੈ। ਇਸ ਨੂੰ ਵਿਆਪਕ ਸੰਦਰਭ ਵਿਚ ਦੇਖਣ ਦੀ ਜਰੂਰਤ ਹੈ।ਹੁਣ ਜਦੋਂ ਪੜੇ-ਲਿਖੇ ਨੌਜਵਾਨ ਵਿਦੇਸ਼ਾਂ ਵੱਲ ਮੂੰਹ ਕਰ ਰਹੇ ਹਨ ਜੋ ਕਿ ਇੱਥੋਂ ਦੀ ਖੜੋਤ ਦਾ ਚਿੰਨ ਹੈ, ਦਿਸ਼ਾ ਰਵੀ ਜਿਹੇ ਨੌਜਵਾਨਾਂ ਨੂੰ ਨਿਸ਼ਾਨਾ ਬਣਾਉਣ ਦੇ ਬਹੁਤ ਡੂੰਘੇ ਪ੍ਰਭਾਵ ਹੋ ਸਕਦੇ ਹਨ।

ਦਿਸ਼ਾ ਰਵੀ ਕੇਸ ਨੇ ਦੇਸ਼-ਧ੍ਰੋਹ ਜਿਹੇ ਕਾਨੂੰਨਾਂ ਦੀ ਵਰਤੋਂ ਕਰਨ ਅਤੇ ਇਸ ਦੇ ਪਹਿਲੂਆਂ ਅਤੇ ਅਰਥਾਂ ਨੂੰ ਕੇਂਦਰ ਵਿਚ ਲਿਆਂਦਾ ਹੈ। ਸਭ ਤੋਂ ਪਹਿਲਾਂ ਤਾਂ ਇਹ ਲੋਕਤੰਤਰੀ ਬੁਨਿਆਦ ਅਤੇ ਢਾਂਚੇ ਦੇ ਘਾਣ ਨੂੰ ਦਰਸਾਉਂਦਾ ਹੈ।ਬਸਤੀਵਾਦੀ ਕਾਲ ਵਿਚ ਬਣਾਏ ਗਏ ਦੇਸ਼ ਧ੍ਰੋਹ ਦੇ ਕਾਨੂੰਨ ਨੂੰ ਸੰਵਿਧਾਨ ਬਣਾਉਣ ਸਮੇਂ ਸੋਧਿਆ ਨਹੀਂ ਗਿਆ। ਇਸ ਨੂੰ ਵੱਖ-ਵੱਖ ਸਮਿਆਂ ਤੇ ਵੱਖ-ਵੱਖ ਸਰਕਾਰਾਂ ਦੁਆਰਾ ਸੰਵਿਧਾਨ ਰਾਹੀਂ ਨਾਗਰਿਕਾਂ ਨੂੰ ਦਿੱਤੇ ਮੁਢਲੇ ਅਧਿਕਾਰਾਂ ਜਿਵੇਂ ਅਸਹਿਮਤੀ, ਵਿਰੋਧ, ਬੋਲਣ ਦੀ ਅਜ਼ਾਦੀ ਦਾ ਅਧਿਕਾਰ ਆਦਿ ਨੂੰ ਦਬਾਉਣ ਲਈ ਵਰਤਿਆ ਜਾਂਦਾ ਹੈ।

ਸਰਵਉੱਚ ਅਦਾਲਤ ਨੇ ਆਪਣੇ ਵੱਖ-ਵੱਖ ਫੈਸਲਿਆਂ ਵਿਚ ਇਹ ਟਿੱਪਣੀ ਕੀਤੀ ਹੈ ਕਿ ਅਗਰ ਹਿੰਸਾ ਨਾ ਭੜਕਾਈ ਗਈ ਹੋਵੇ ਤਾਂ ਮਹਿਜ਼ ਵਿਰੋਧ ਦੀ ਅਵਾਜ਼ ਨੂੰ ਦਬਾਉਣ ਲਈ ਦੇਸ਼-ਧ੍ਰੋਹ ਦਾ ਕਾਨੂੰਨ ਨਹੀਂ ਵਰਤਿਆ ਜਾ ਸਕਦਾ। ਪਰ ਫਿਰ ਵੀ ਸਥਾਪਤੀ ਨੇ ਦੇਸ਼-ਧ੍ਰੋਹ ਦੇ ਕਾਨੂੰਨ ਨੂੰ ਆਪਣੇ ਉਦੇਸ਼ਾਂ ਲਈ ਵਰਤਿਆ ਹੈ। ਇਸ ਦੇ ਇਸ ਤਰਾਂ ਦੇ ਦੁਰਪ੍ਰਯੋਗ ਨੇ ਇਸ ਦੇ ਪ੍ਰਭਾਵ ਅਤੇ ਪ੍ਰਬਲਤਾ ਨੂੰ ਘਟਾ ਦਿੱਤਾ ਹੈ। ਮੌਜੂਦਾ ਸਰਕਾਰ ਦੇ ਸਮੇਂ ਦੇਸ਼-ਧ੍ਰੋਹ ਦੇ ਕਾਨੂੰਨ ਦੀ ਵਰਤੋਂ ਲਗਭਗ 65 ਪ੍ਰਤੀਸ਼ਤ ਵਧ ਗਈ ਹੈ। ਫਿਰ ਉਹ ਭਾਵੇਂ ਪੱਤਰਕਾਰ ਹੋਣ ਜਾਂ ਸੰਸਦ ਦੇ ਮੈਂਬਰ ਜਾਂ ਵਿਦਿਆਰਥੀ ਜਾਂ ਅਕਾਦਮਿਕ ਮੈਂਬਰ ਜਾਂ ਨਾਗਰਿਕਤਾ ਸੰਸ਼ੋਧਨ ਕਾਨੂੰਨ ਖਿਲਾਫ ਅਵਾਜ਼ ਉਠਾ ਰਹੀ ਸਕੂਲੀ ਵਿਦਿਆਰਥੀ ਜਾਂ ਫਿਰ ਸਮਾਜਿਕ ਅਤੇ ਨਾਗਰਿਕ ਅਧਿਕਾਰਾਂ ਲਈ ਲੜ ਰਹੇ ਕਾਰਕੁੰਨ ਹੋਣ, ਉਨਾਂ ਉੱਪਰ ਦੇਸ਼-ਧ੍ਰੋਹ ਦਾ ਦੋਸ਼ ਲਗਾਉਣਾ ਹੀ ਸਥਾਪਤੀ ਦੀ ਕਸੌਟੀ ਬਣ ਗਿਆ ਹੈ।ਮੌਜੂਦਾ ਸਮੇਂ ਵਿਚ ਦੇਸ਼-ਧ੍ਰੋਹ ਨਾਲ ਸਬੰਧਤ ਹਜ਼ਾਰਾਂ ਕੇਸਾਂ ਵਿਚੋਂ ਮਹਿਜ਼ ਦੋ ਜਾਂ ਤਿੰਨ ਪ੍ਰਤੀਸ਼ਤ ਹੀ ਦੋਸ਼ੀ ਪਾਏ ਜਾਂਦੇ ਹਨ; ਬਾਕੀਆਂ ਨੂੰ ਇਸ ਤਰਾਂ ਖਦੇੜ ਦਿੱਤਾ ਜਾਂਦਾ ਹੈ ਕਿ ਉਹ ਆਪਣੀਆਂ ਨਿੱਜੀ ਹਾਲਾਤਾਂ ਵਿਚ ਹੀ ਮਜ਼ਬੂਰ ਹੋ ਕੇ ਰਹਿ ਜਾਂਦੇ ਹਨ।

ਦਿਸ਼ਾ ਰਵੀ ਦੇ ਕੇਸ ਨੇ ਦੇਸ਼-ਧ੍ਰੋਹ ਦੇ ਸੌੜੇ ਬਿਰਤਾਂਤ ਨੂੰ ਵੀ ਕੇਂਦਰ ਵਿਚ ਲਿਆਂਦਾ ਹੈ ਕਿਉਂਕਿ 26 ਜਨਵਰੀ ਨੂੰ ਕਿਸਾਨਾਂ ਦੀ ਟਰੈਕਟਰ ਪ੍ਰੇਡ ਤੋਂ ਬਾਅਦ ਕਾਨੂੰਨ ਦੀ ਮਾੜੀ ਜਿਹੀ ਉਲੰਘਣਾ ਤੇ ਵਿਰੋਧ ਨੂੰ ਦੇਸ਼-ਧ੍ਰੋਹ ਰਾਹੀਂ ਹੀ ਪੇਸ਼ ਕੀਤਾ ਜਾ ਰਿਹਾ ਹੈ।ਵੱਖ-ਵੱਖ ਸਮਿਆਂ ਤੇ ਇਸ ਕਾਨੂੰਨ ਦੀ ਦੁਰਵਰਤੋਂ ਕੀਤੀ ਗਈ ਹੈ, ਭਾਵੇਂ ਉਹ ਕਸ਼ਮੀਰੀ ਲੋਕਾਂ ਦੇ ਸੰਦਰਭ ਵਿਚ ਹੋਵੇ ਜਾਂ ਸਿੱਖਾਂ ਜਾਂ ਫਿਰ ਉੱਤਰ-ਪੂਰਬੀ ਰਾਜਾਂ ਦੇ ਸੰਦਰਭ ਵਿਚ।ਰਿਆਸਤ ਤੇ ਸੁਰੱਖਿਆ ਬਲਾਂ ਦੁਆਰਾ ਸਰਵਉੱਚ ਅਦਾਲਤ ਦੁਆਰਾ ਜਾਰੀ ਕੀਤੇ ਨਿਰਦੇਸ਼ਾਂ ਦੀ ਸ਼ਰੇਆਮ ਉਲੰਘਣਾ ਕੀਤੀ ਜਾਂਦੀ ਹੈ। ਦਿਸ਼ਾ ਰਵੀ ਦੇ ਕੇਸ ਵਿਚ ਵੀ ਜਲਦਬਾਜ਼ੀ ਨਾਲ ਦੇਸ਼-ਧ੍ਰੋਹ ਦੇ ਕਾਨੂੰਨ ਦੀ ਵਰਤੋਂ ਅਤੇ ਅਦਾਲਤ ਦੇ ਨਿਰਦੇਸ਼ਾਂ ਦੀ ਉਲੰਘਣਾ ਦੇ ਬਾਵਜੂਦ ਵੀ ਰਾਜਨੀਤਕ ਹਲਕਿਆਂ ਵਿਚ ਸਥਾਪਤੀ ਦਾ ਜ਼ਿਆਦਾ ਵਿਰੋਧ ਨਹੀਂ ਹੋਇਆ।ਸਿਹਤਮੰਦ ਲੋਕਤੰਤਰੀ ਪ੍ਰੀਕਿਰਿਆ ਵਿਕਸਿਤ ਕਰਨ ਲਈ ਇਹ ਜ਼ਰੂਰੀ ਹੈ ਕਿ ਬਸਤੀਵਾਦੀ ਅਤੇ ਰਾਜਤੰਤਰ ਦੇ ਸਮੇਂ ਤੋਂ ਚੱਲੇ ਆ ਰਹੇ ਇਸ ਪੁਰਾਤਨ ਪ੍ਰਬੰਧ ਨੂੰ ਖਤਮ ਕੀਤਾ ਜਾਵੇ। ਕਿਸਾਨੀ ਅੰਦੋਲਨ ਦੇ ਸੰਦਰਭ ਵਿਚ ਸਰਕਾਰ ਦੁਆਰਾ ਇਸ ਨੂੰ ਬਦਨਾਮ ਕਰਨ ਦੀ ਹਰ ਸੰਭਵ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸੇ ਲਈ ਦਿਸ਼ਾ ਰਵੀ ਦੇ ਕੇਸ ਵਿਚ ਉਸ 'ਤੇ ਅਤੇ ਉਸ ਦੇ ਸਾਥੀਆਂ ਉੱਪਰ ਕੌਮਾਂਤਰੀ ਸਾਜਿਸ਼ ਵਿਚ ਸ਼ਾਮਲ ਹੋਣ ਅਤੇ ਕਿਸਾਨੀ ਅੰਦੋਲਨ ਨੂੰ ਮਿਲ ਰਹੇ ਸਮਰਥਨ ਨੂੰ ਭਾਰਤ ਦੀ ਛਵੀ ਅੰਤਰਰਾਸ਼ਟਰੀ ਪੱਧਰ ਤੇ ਖਰਾਬ ਕਰਨ ਦੇ ਰੂਪ ਵਿਚ ਪੇਸ਼ ਕੀਤਾ ਜਾ ਰਿਹਾ ਹੈ। ਇਸ ਸਾਰੀ ਪ੍ਰਕਿਰਿਆ ਵਿਚ ਕਿਸਾਨਾਂ ਦੀਆਂ ਮੰਗਾਂ ਉੱਪਰ ਕੋਈ ਧਿਆਨ ਨਹੀਂ ਦਿੱਤਾ ਗਿਆ। ਆਪਸੀ ਸਹਿਮਤੀ ਨਾਲ ਇਸ ਦਾ ਰਾਜਨੀਤਕ ਹੱਲ ਲੱਭਣ ਦੀ ਕੋਸ਼ਿਸ਼ ਕੀਤੀ ਜਾਣੀ ਚਾਹੀਦੀ ਹੈ।

ਇਹ ਵੀ ਧਿਆਨਯੋਗ ਗੱਲ ਹੈ ਕਿ ਕਿਸਾਨੀ ਲੀਡਰਸ਼ਿਪ ਅਤੇ ਕਿਸਾਨੀ ਅੰਦੋਲਨ ਵਿਚ ਸ਼ਾਮਲ ਹੋਰ ਕਾਰਕੁੰਨ ਵਿਆਪਕ ਸਮਰਥਨ ਅਤੇ ਰਾਜਨੀਤਿਕ ਪ੍ਰਭਾਵ ਦੇ ਬਾਵਜੂਦ ਆਪਣੇ ਆਪ ਨੂੰ ਰਾਜਨੀਤਿਕ ਧਿਰ ਵਜੋਂ ਪੇਸ਼ ਨਹੀਂ ਕਰ ਪਾਏ ਹਨ। ਰਾਜਨੀਤਕ ਦੂਰ-ਅੰਦੇਸ਼ਤਾ ਤੋਂ ਬਗੈਰ ਕਿਸਾਨ ਅਤੇ ਕਾਰਕੁੰਨ ਸਰਕਾਰੀ ਜਬਰ ਦਾ ਸ਼ਿਕਾਰ ਹੁੰਦੇ ਰਹਿਣਗੇ।ਪੜੀ-ਲਿਖੀ ਅਤੇ ਚੇਤੰਨ ਨੌਜਵਾਨ ਕਾਰਕੁੰਨ ਦਿਸ਼ਾ ਰਵੀ ਵੀ ਸੱਤਾ ਦੇ ਜਬਰ ਦਾ ਸ਼ਿਕਾਰ ਹੋਈ ਜੋ ਕਿ ਚੇਤੰਨਤਾ ਅਤੇ ਵਿਰੋਧ ਦੀ ਹਰ ਆਵਾਜ਼ ਦਬਾਉਣ 'ਤੇ ਉਤਾਰੂ ਹੈ ਅਤੇ ਆਪਣੀ ਸ਼ਕਤੀ ਦੀਆਂ ਸਾਰੀਆਂ ਹੱਦਾਂ ਪਾਰ ਕਰ ਰਹੀ ਹੈ।

ਦਿਸ਼ਾ ਰਵੀ ਦੇ ਕੇਸ ਨੇ ਵਿਆਪਕ ਪੱਧਰ 'ਤੇ ਧਿਆਨ ਖਿੱਚਿਆ; ਨਤੀਜਨ ਉਸ ਨੂੰ ਜ਼ਮਾਨਤ ਦਿੱਤੀ ਗਈ। ਆਪਣੇ ਇਤਿਹਾਸਕ ਫੈਸਲੇ ਵਿਚ ਜੱਜ ਨੇ ਸੰਵਿਧਾਨ ਦੁਆਰਾ ਦਿੱਤੇ ਅਧਿਕਾਰਾਂ ਦੀ ਮਹੱਤਤਾ 'ਤੇ ਰੋਸ਼ਨੀ ਪਾਈ ਅਤੇ ਕਿਹਾ, 'ਕਿਸੇ ਵੀ ਲੋਕਤੰਤਰੀ ਦੇਸ਼ ਵਿਚ ਨਾਗਰਿਕ ਸਰਕਾਰ ਦੀ ਅੰਤਰ ਆਤਮਾ ਦੇ ਚੇਤੰਨ ਰਖਵਾਲੇ ਹੁੰਦੇ ਹਨ। ਉਨਾਂ ਨੂੰ ਮਹਿਜ਼ ਇਸ ਕਰਕੇ ਹੀ ਸਲਾਖਾਂ ਪਿੱਛੇ ਨਹੀਂ ਡੱਕਿਆ ਜਾ ਸਕਦਾ ਕਿਉਂਕਿ ਉਨਾਂ ਨੇ ਸਥਾਪਤੀ ਦੀਆਂ ਨੀਤੀਆਂ ਨਾਲ ਆਪਣੀ ਅਸਹਿਮਤੀ ਜਤਾਈ ਹੈ।' ਇਸ ਤੋਂ ਅੱਗੇ ਜੱਜ ਨੇ ਕਿਹਾ, 'ਬੋਲਣ ਦੀ ਅਜ਼ਾਦੀ ਦੇ ਅਧਿਕਾਰ ਵਿਚ ਇਹ ਵੀ ਸ਼ਾਮਲ ਹੈ ਕਿ ਉਹ ਵਿਸ਼ਵ ਪੱਧਰ 'ਤੇ ਵੀ ਸਮਰਥਨ ਲੈ ਸਕਦੇ ਹਨ। ਸੰਚਾਰ ਦੇ ਮਾਧਿਅਮਾਂ ਦੀਆਂ ਕੋਈ ਭੂਗੋਲਿਕ ਹੱਦਾਂ ਨਹੀਂ ਹੁੰਦੀਆਂ। ਵਟਸ ਐਪ ਗਰੁੱਪ ਬਣਾਉਣਾ ਜਾਂ ਕਿਸੇ ਵੀ ਅਹਿੱਤਕਾਰੀ ਟੂਲਕਿੱਟ ਦਾ ਐਡੀਟਰ ਹੋਣਾ ਕੋਈ ਅਪਰਾਧ ਨਹੀਂ ਹੈ।' ਇਸ ਤਰਾਂ ਦੇ ਨਿਡਰ ਫੈਸਲੇ ਨੇ ਵਿਸ਼ਵਾਸ ਪੈਦਾ ਕੀਤਾ ਹੈ। ਸਿਰਜਾਣਤਮਕਤਾ ਨਾਲ ਭਰੇ ਨੌਜਵਾਨ ਦਿਮਾਗ ਅਸਲੀਅਤ ਤੋਂ ਡਰ ਕੇ ਅੰਤਰਮੁਖੀ ਬਣ ਜਾਂਦੇ ਹਨ ਅਤੇ ਉਨਾਂ ਭਾਵਨਾਵਾਂ ਅਤੇ ਸੰਵੇਦਨਸ਼ੀਲਤਾਵਾਂ ਨੂੰ ਗੁਆ ਦਿੰਦੇ ਹਨ ਜੋ ਉਨਾਂ ਲਈ ਬਹੁਤ ਕੀਮਤੀ ਹੁੰਦੀਆਂ ਹਨ। ਇਸ ਤਰਾਂ ਦੀ ਸਥਿਤੀ ਉਨਾਂ ਦੇ ਅਸਤਿਤਵ ਵਿਚ ਪਾੜਾ ਪੈਦਾ ਕਰ ਦਿੰਦੀ ਹੈ। ਮੌਜੂਦਾ ਸਮੇਂ ਦੇ ਮਾਹੌਲ ਵਿਚ ਵਿਚਾਰਾਂ, ਜੀਵਨ ਸ਼ੈਲੀ, ਅਜ਼ਾਦੀ ਅਤੇ ਸਪੇਸ ਦੇ ਸੰਕਲਪਾਂ ਨੂੰ ਚਾਪਲੂਸ ਵਿਅਕਤੀਆਂ ਦੁਆਰਾ ਘੜਿਆ ਜਾ ਰਿਹਾ ਹੈ ਜਿਨਾਂ ਦੇ ਪੱਲੇ ਆਪਣਾ ਸਵਾਰਥ ਅਤੇ ਅਸਿਹਣਸ਼ੀਲਤਾ ਦਾ ਇਜ਼ਹਾਰ ਕਰਨ ਤੋਂ ਇਲਾਵਾ ਹੋਰ ਕੁਝ ਵੀ ਨਹੀਂ। ਇਸ ਤਰਾਂ ਦੀ ਸਥਿਤੀ ਮੁਰਦਾ ਸੱਭਿਅਤਾ ਤੇ ਮੁਰਦਾ ਅਵਾਜ਼ਾਂ ਦੀ ਪ੍ਰਤੀਕ ਹੈ ਜਿਸ ਵਿਚ ਅੱਲੜ ਦਿਮਾਗਾਂ ਵਾਲੀ ਸਮਝ ਰੱਖਣ ਵਾਲੇ ਲੋਕਾਂ ਦੁਆਰਾ ਭਾਵਨਾਵਾਂ ਤੇ ਪ੍ਰਤੀਕਿਰਿਆਵਾਂ ਘੜੀਆਂ ਜਾਂਦੀਆਂ ਹਨ ਤੇ ਲੋਕਾਂ ਦੀਆਂ ਭਾਵਨਾਵਾਂ ਨੂੰ ਉਤੇਜਿਤ ਕਰਨ ਵਾਲੇ ਕੱਟੜ-ਰਾਸ਼ਟਰਵਾਦੀ ਨੇਤਾਵਾਂ ਦੀ ਭਗਤੀ ਕੀਤੀ ਜਾਂਦੀ ਹੈ। **ਬਾਕੀ ਸਫ਼ਾ 30 'ਤੇ**

# ਵਿਦੇਸ਼ ਜਾਣ ਦੇ ਨਾਮ 'ਤੇ ਹੋ ਰਿਹਾ ਵਿਆਹਾਂ ਦਾ ਵਪਾਰ



**ਬਲਰਾਜ ਸਿੰਘ ਸਿੱਧੂ**
**੯੫੦੧੧-੦੦੦੬੨**

ਨਿਊਜ਼ੀਲੈਂਡ, ਆਸਟ੍ਰੇਲੀਆ ਅਤੇ ਕੈਨੇਡਾ ਦੀ ਵਿਦੇਸ਼ੀ ਵਿਦਿਆਰਥੀਆਂ ਸਬੰਧੀ ਉਦਾਰ ਨੀਤੀ ਨੇ ਪੰਜਾਬੀ ਨੌਜਵਾਨਾਂ ਅਤੇ ਮੁਟਿਆਰਾਂ ਲਈ ਤਰੱਕੀ ਦੇ ਨਵੇਂ ਦਿਸਹੱਦੇ ਖੋਲ ਦਿੱਤੇ ਹਨ। ਦਿਨੋ-ਦਿਨ ਨਿੱਘਰਦੀ ਜਾ ਰਹੀ ਖੇਤੀਬਾੜੀ, ਬੇਰੁਜ਼ਗਾਰੀ ਅਤੇ ਉੱਜਵਲ ਭਵਿੱਖ ਲਈ ਹਰ ਸਾਲ ਹਜ਼ਾਰਾਂ ਵਿਦਿਆਰਥੀ ਇਨਾਂ ਦੇਸ਼ਾਂ ਦਾ ਰੁਖ਼ ਕਰ ਰਹੇ ਹਨ। ਭਾਰਤ ਵਿੱਚੋਂ ਵਿਦੇਸ਼ ਪੜਨ ਲਈ ਜਾਣ ਵਾਲੇ ਕੁੱਲ ਵਿਦਿਆਰਥੀਆਂ ਦੀ 50% ਤੋਂ ਵੀ ਵੱਧ ਗਿਣਤੀ ਇਕੱਲੇ ਪੰਜਾਬ ਨਾਲ ਸਬੰਧਤ ਹੈ। ਇਸ ਦਾ ਸਭ ਤੋਂ ਵੱਡਾ ਕਾਰਨ ਪੰਜਾਬੀਆਂ ਦੀ ਬਾਕੀ ਭਾਰਤ ਦੀ ਨਿਸਬਤ ਵਧੀਆ ਆਰਥਿਕ ਹਾਲਤ ਅਤੇ ਵੇਚਣ ਜਾਂ ਗਹਿਣੇ ਧਰਨ ਜੋਗੀ ਉਪਜਾਊ ਜ਼ਮੀਨ ਦੀ ਹੋਂਦ ਹੈ।

ਇਸ ਵੇਲੇ ਹਰੇਕ ਪਿੰਡ ਵਿੱਚੋਂ ਦਰਜਨਾਂ ਵਿਦਿਆਰਥੀ ਵਿਦੇਸ਼ਾਂ ਵਿਚ ਪੜ ਰਹੇ ਹਨ। ਜਦੋਂ ਉਨਾਂ ਦੇ ਮਾਪੇ ਸੱਥ ਵਿਚ ਬੈਠ ਕੇ ਆਪਣੇ ਪੁੱਤਰ-ਧੀ ਵੱਲੋਂ ਕਮਾਏ ਜਾ ਰਹੇ ਡਾਲਰਾਂ ਬਾਰੇ ਫੜਾਂ ਮਾਰਦੇ ਹਨ ਤਾਂ ਬਾਕੀਆਂ ਦਾ ਦਿਲ ਵੀ ਕੈਨੇਡਾ ਜਾ ਕੇ ਡਾਲਰ ਹੂੰਝਣ ਲਈ ਲਲਚਾ ਉੱਠਦਾ ਹੈ। ਭਾਵੇਂ ਅਸਲੀਅਤ ਵਿਚ ਉੱਥੇ ਡਾਲਰ ਕਮਾਉਣਾ ਐਨਾ ਸੌਖਾ ਨਹੀਂ ਹੈ। ਕੈਨੇਡਾ ਸਰਕਾਰ ਨੂੰ ਸਿਰਫ਼ ਵਿੱਦਿਆ ਦੇ ਖੇਤਰ ਤੋਂ ਹੀ ਹਰ ਸਾਲ ਅਰਬਾਂ ਡਾਲਰ ਦੀ ਕਮਾਈ ਹੋ ਰਹੀ ਹੈ। ਕੈਨੇਡਾ ਦੇ ਹਰ ਸ਼ਹਿਰ ਵਿਚ ਖੁੰਬਾਂ ਵਾਂਗ ਕਾਲਜ ਅਤੇ ਯੂਨੀਵਰਸਿਟੀਆਂ ਖੁੱਲ ਗਈਆਂ ਹਨ। ਕੋਰੋਨਾ ਕਾਲ ਵਿਚ ਵਿਦਿਆਰਥੀਆਂ ਦੇ ਵੀਜ਼ੇ ਬੰਦ ਹੋਣ ਕਾਰਨ ਕੈਨੇਡਾ ਦੇ ਦਰਜਨਾਂ ਕਾਲਜ ਅਤੇ ਯੂਨੀਵਰਸਿਟੀਆਂ ਦੀਵਾਲੀਆ ਹੋ ਗਈਆਂ ਹਨ, ਕਿਉਂਕਿ ਉੱਥੇ ਭਾਰਤ ਵਾਲਾ ਹਿਸਾਬ ਨਹੀਂ ਕਿ ਜੇ ਸਕੂਲ, ਕਾਲਜ ਬੰਦ ਹਨ ਤਾਂ ਟੀਚਰਾਂ ਦੀ ਤਨਖ਼ਾਹ ਕੱਟ ਲਓ।

ਇਸ ਸਮੇਂ ਦੌਰਾਨ ਸਭ ਤੋਂ ਬੁਰੀ ਗੱਲ ਇਹ ਹੋ ਰਹੀ ਹੈ ਕਿ ਆਈਲੈਟਸ ਕਰਨ ਵਾਲੇ ਕਈ ਲੜਕੇ ਅਤੇ ਲੜਕੀਆਂ ਏਜੰਟਾਂ ਨਾਲ ਮਿਲ ਕੇ ਠੱਗੀਆਂ ਮਾਰਨ ਲੱਗ ਪਏ ਹਨ। ਕਿਸੇ ਲੜਕੇ-ਲੜਕੀ ਦੇ 6 ਬੈਂਡ ਆਉਂਦੇ ਸਾਰ ਰਿਸ਼ਤਿਆਂ ਦਾ ਹੜ ਆ ਜਾਂਦਾ ਹੈ। ਜਿਹੜੇ ਲੜਕੇ ਕਿਸੇ ਕਾਰਨ ਕੈਨੇਡਾ ਜਾਣ ਲਈ ਜ਼ਰੂਰੀ ਬੈਂਡ ਹਾਸਲ ਨਹੀਂ ਕਰ ਸਕਦੇ, ਉਹ ਅਜਿਹੀਆਂ ਲੜਕੀਆਂ ਦੀ ਭਾਲ ਵਿਚ ਰਹਿੰਦੇ ਹਨ ਜੋ ਉਨਾਂ ਨੂੰ ਵਿਆਹ ਕਰਵਾ ਕੇ ਸਪਾਊਜ਼ ਵੀਜ਼ੇ 'ਤੇ ਕੈਨੇਡਾ ਪਹੁੰਚਾ ਸਕਣ।

ਇਸ ਸਬੰਧੀ ਅਨੇਕਾਂ ਲੜਕਿਆਂ ਵੱਲੋਂ ਰੋਜ਼ਾਨਾ ਅਖ਼ਬਾਰਾਂ ਵਿਚ ਇਸ਼ਤਿਹਾਰ ਛਪਵਾਏ ਜਾਂਦੇ ਹਨ ਕਿ 6 ਬੈਂਡ ਵਾਲੀ ਲੜਕੀ ਦੀ ਜ਼ਰੂਰਤ ਹੈ ਜੋ ਲੜਕੇ ਨੂੰ ਕੈਨੇਡਾ ਲਿਜਾ ਸਕੇ। ਵਿਆਹ ਕੱਚਾ ਅਤੇ ਸਾਰਾ ਖ਼ਰਚਾ ਲੜਕੇ ਵੱਲੋਂ ਕੀਤਾ ਜਾਵੇਗਾ। ਜਦੋਂ ਰਿਸ਼ਤਾ ਹੋ ਪੱਕਾ ਜਾਂਦਾ ਹੈ ਤਾਂ ਸ਼ਗਨ ਅਤੇ ਵਿਆਹ ਤੋਂ ਲੈ ਕੇ ਲੜਕੀ ਦੀ ਟਿਕਟ, ਵੀਜ਼ਾ ਅਤੇ ਕੈਨੇਡਾ ਵਿਚ ਪੜਾਈ ਅਤੇ ਰਹਿਣ-ਸਹਿਣ ਦਾ ਸਾਰਾ ਖਰਚਾ ਲੜਕੇ ਵੱਲੋਂ ਕੀਤਾ ਜਾਂਦਾ ਹੈ। ਇਸ ਸਭ 'ਤੇ ਲੜਕੇ ਵਾਲਿਆਂ ਦਾ 35 ਤੋਂ 50 ਲੱਖ ਤੱਕ ਖ਼ਰਚਾ ਆ ਜਾਂਦਾ ਹੈ।

ਜਦੋਂ ਲੜਕੀ ਵਿਦੇਸ਼ ਪਹੁੰਚ ਜਾਂਦੀ ਹੈ ਤਾਂ ਲਾੜੇ ਵੱਲੋਂ ਖ਼ੁਸ਼ੀ-ਖ਼ੁਸ਼ੀ ਅਟੈਚੀ ਬੰਨ ਕੇ ਸਪਾਊਜ਼ ਵੀਜ਼ੇ ਦਾ ਇੰਤਜ਼ਾਰ ਸ਼ੁਰੂ ਹੋ ਜਾਂਦਾ ਹੈ। ਇਸ ਤੋਂ ਬਾਅਦ ਕਈ ਵਾਰ ਗੜਬੜ ਸ਼ੁਰੂ ਹੋ ਜਾਂਦੀ ਹੈ। ਜ਼ਿਆਦਾਤਰ ਲੜਕੀਆਂ ਤਾਂ ਲੜਕਿਆਂ ਨੂੰ ਕੈਨੇਡਾ ਬੁਲਾ ਲੈਂਦੀਆਂ ਹਨ, ਪਰ ਕਈਆਂ ਦਾ ਉੱਥੇ ਜਾ ਕੇ ਮਨ ਬੇਈਮਾਨ ਹੋ ਜਾਂਦਾ ਹੈ।

ਕਈਆਂ ਨੂੰ ਕੈਨੇਡਾ ਵਿਚ ਪੰਜਾਬ ਨਾਲੋਂ ਵੀ ਵਧੀਆ ਚੰਗੇ ਕਾਰੋਬਾਰੀ ਜਾਂ ਵਧੀਆ ਨੌਕਰੀਆਂ ਵਾਲੇ ਪੱਕੇ ਸਿਟੀਜ਼ਨ ਲੜਕੇ ਮਿਲ ਜਾਂਦੇ ਹਨ ਜਿਨਾਂ ਨਾਲ ਵਿਆਹ ਕਰਵਾ ਕੇ ਪੀਆਰ ਮਿੰਟੋ-ਮਿੰਟੀ ਮਿਲ ਜਾਂਦੀ ਹੈ। ਜਾਂ ਕਈਆਂ ਦਾ ਪੰਜਾਬ ਵਿਚ ਪਹਿਲਾਂ ਹੀ ਕੋਈ ਬੁਆਏ ਫ੍ਰੈਂਡ ਹੁੰਦਾ ਹੈ ਜਿਸ ਨੂੰ ਬੁਲਾਉਣ ਦੀ ਉਨਾਂ ਨੇ ਸਾਈ ਲਗਾਈ ਹੁੰਦੀ ਹੈ। ਜਿਸ ਲਾੜੇ ਨੇ ਜ਼ਮੀਨ ਗਹਿਣੇ ਧਰ ਕੇ ਜਾਂ ਵੇਚ ਕੇ ਕੈਨੇਡਾ ਦੇ ਠੰਢੇ ਮੌਸਮ ਦੇ ਨਜ਼ਾਰੇ ਲੈਣ ਦੇ ਸੁਪਨੇ ਲਏ ਹੁੰਦੇ ਹਨ, ਉਹ ਝੋਨਾ ਲਗਾਉਣ ਲਈ ਟਰੈਕਟਰ ਵਾਹ ਰਿਹਾ ਹੁੰਦਾ ਹੈ ਅਤੇ ਜਿਸ ਨੇ ਇਕ ਪੈਸਾ ਨਹੀਂ ਖ਼ਰਚਿਆ ਹੁੰਦਾ, ਉਹ ਮੁਫ਼ਤੋ-ਮੁਫ਼ਤੀ ਕੈਨੇਡਾ ਪਹੁੰਚ ਜਾਂਦਾ ਹੈ।

ਇਹ ਧੋਖਾ ਇਕੱਲੇ ਆਈਲੈਟਸ ਵਾਲਿਆਂ ਨਾਲ ਹੀ ਨਹੀਂ, ਸਗੋਂ ਕੈਨੇਡਾ ਦੇ ਪੱਕੇ ਵਸਨੀਕਾਂ ਨਾਲ ਵੀ ਹੋ ਰਿਹਾ ਹੈ। ਕੈਨੇਡਾ ਦੇ ਪੱਕੇ ਸਿਟੀਜ਼ਨ ਕਈ ਲਾੜੇ ਕੈਨੇਡਾ ਦੀਆਂ ਤੇਜ਼-ਤਰਾਰ ਲੜਕੀਆਂ ਨਾਲ ਵਿਆਹ ਕਰਵਾਉਣ ਦੀ ਬਜਾਏ ਪੰਜਾਬ ਵਿਚ ਵਿਆਹ ਕਰਵਾਉਣਾ ਪਸੰਦ ਕਰਦੇ ਹਨ ਤਾਂ ਜੋ ਲੜਕੀ ਕੈਨੇਡਾ ਪਹੁੰਚ ਕੇ ਇਕ ਤਾਂ ਉਨਾਂ ਦੇ ਅਹਿਸਾਨ ਥੱਲੇ ਦੱਬੀ ਰਹੇ ਅਤੇ ਦੂਸਰਾ ਉਨਾਂ ਦੇ ਮਾਂ-ਬਾਪ ਦੀ ਸੇਵਾ ਕਰੇ।

ਪਰ ਅਨੇਕਾਂ ਅਜਿਹੇ ਕੇਸ ਹੋਏ ਹਨ ਕਿ ਲੜਕਾ ਟੋਰਾਂਟੋ ਏਅਰਪੋਰਟ 'ਤੇ ਉਡੀਕ ਰਿਹਾ ਹੁੰਦਾ ਹੈ ਅਤੇ ਲੜਕੀ ਵੈਨਕੂਵਰ ਉੱਤਰ ਕੇ ਕਿਸੇ ਹੋਰ ਨਾਲ ਚਲੀ ਜਾਂਦੀ ਹੈ। ਇਸੇ ਕਾਰਨ ਹੁਣ ਕੈਨੇਡਾ ਸਰਕਾਰ ਨੇ ਕਾਨੂੰਨ ਸਖ਼ਤ ਕਰ ਦਿੱਤੇ ਹਨ। ਸਿਟੀਜ਼ਨਸ਼ਿਪ ਲੈਣ ਲਈ ਲੜਕੇ-ਲੜਕੀ ਦਾ ਤਿੰਨ ਸਾਲ ਤਕ ਇਕੱਠੇ ਰਹਿਣਾ ਜ਼ਰੂਰੀ ਹੈ, ਨਹੀਂ ਵਾਪਸੀ ਦੀ ਟਿਕਟ ਕੱਟ ਸਕਦੀ ਹੈ।

ਪਰ ਸਟੱਡੀ ਵੀਜ਼ੇ 'ਤੇ ਗਏ ਲੜਕੇ-ਲੜਕੀ ਉੱਪਰ ਇਹ ਕਾਨੂੰਨ ਲਾਗੂ ਨਹੀਂ ਹੁੰਦਾ। ਧੋਖੇਬਾਜ਼ ਲਾੜਿਆਂ ਦੇ ਖ਼ਿਲਾਫ਼ ਕਾਰਵਾਈ ਕਰਵਾਉਣ ਲਈ ਪੰਜਾਬ ਵਿਚ ਅਨੇਕਾਂ ਸੰਸਥਾਵਾਂ ਸਰਗਰਮ ਹਨ ਪਰ ਧੋਖੇਬਾਜ਼ ਲਾੜੀਆਂ ਵਿਰੁੱਧ ਕਾਰਵਾਈ ਕਰਵਾਉਣ ਲਈ ਇਕ ਵੀ ਅਜਿਹੀ ਸੰਸਥਾ ਨਹੀਂ ਹੈ। ਲੜਕਿਆਂ ਨੂੰ ਹਮਦਰਦੀ ਦੀ ਬਜਾਏ ਮਖੌਲਾਂ-ਟਿੱਚਰਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਸੱਥ ਵਿਚ ਬੈਠੇ ਵਿਹਲੜ 'ਹਾਂ ਭਾਈ, ਫਿਰ ਗਿਆ ਨਹੀਂ ਕੈਨੇਡਾ' ਕਹਿ ਕੇ ਮਖੌਲ ਉਡਾਉਂਦੇ ਹਨ। ਥਾਣਿਆਂ ਵਿਚ ਵੀ ਬਹੁਤੀ ਸੁਣਵਾਈ ਨਹੀਂ ਹੁੰਦੀ।

ਵੱਧ ਤੋਂ ਵੱਧ ਲੜਕੀ ਅਤੇ ਉਸ ਦੇ ਪਰਿਵਾਰ ਵਿਰੁੱਧ ਠੱਗੀ ਮਾਰਨ ਦਾ ਮੁਕੱਦਮਾ ਦਰਜ ਕੀਤਾ ਜਾਂਦਾ ਹੈ ਜੋ ਸਾਲਾਂਬੱਧੀ ਲਟਕਿਆ ਰਹਿੰਦਾ ਹੈ। ਲੜਕੀ ਵਾਪਸ ਨਹੀਂ ਆਉਂਦੀ ਅਤੇ ਲੜਕੇ ਵਾਲਿਆਂ ਨੂੰ ਅੱਧ-ਪਚੱਧ ਪੈਸੇ ਲੈ ਕੇ ਰਾਜ਼ੀਨਾਮਾ ਕਰਨਾ ਪੈਂਦਾ ਹੈ। ਇਕ ਸਰਵੇ ਮੁਤਾਬਕ ਹਰ ਸਾਲ ਪੰਜਾਬ ਵਿਚ 1500 ਤੋਂ ਵੱਧ ਅਜਿਹੀਆਂ ਧੋਖੇਬਾਜ਼ੀਆਂ ਹੋ ਰਹੀਆਂ ਹਨ। ਲੜਕੀਆਂ ਕੈਨੇਡਾ ਪਹੁੰਚ ਕੇ ਲੜਕੇ ਨਾਲ ਛੋਟੀ-ਛੋਟੀ ਗੱਲ 'ਤੇ ਝਗੜਨਾ ਸ਼ੁਰੂ ਕਰ ਦਿੰਦੀਆਂ ਹਨ।

ਇਕ ਕੇਸ ਵਿਚ ਤਾਂ ਲੜਕੀ ਨੇ ਆਪਣੇ ਨਾਲ ਲਿਵ ਇਨ ਰਿਲੇਸ਼ਨ ਵਿਚ ਰਹਿ ਰਹੇ ਲੜਕੇ ਨੂੰ ਕਹਿ ਕੇ ਆਪਣੇ ਪਤੀ ਨੂੰ ਆਪਣੀਆਂ ਅੰਤਰੰਗ ਪਲਾਂ ਦੀਆਂ ਫੋਟੋਆ ਹੀ ਭੇਜ ਦਿੱਤੀਆਂ ਤਾਂ ਜੋ ਤਲਾਕ ਜਲਦੀ ਹੋ ਜਾਵੇ। ਪਰ ਇਸ ਸਬੰਧੀ ਵੀ ਕੈਨੇਡਾ ਵਿਚ ਇਕ ਕਾਨੂੰਨ ਹੈ। ਜਦੋਂ ਤੱਕ ਲੜਕੀ ਦੇ ਪਾਸਪੋਰਟ ਵਿਚ ਪਤੀ ਦੇ ਤੌਰ 'ਤੇ ਲੜਕੇ ਦਾ ਨਾਮ ਲਿਖਿਆ ਹੋਵੇ ਤਾਂ ਉਦੋਂ ਤੱਕ ਪੀਆਰ ਨਹੀਂ ਹੁੰਦੀ, ਜਿੰਨੀ ਦੇਰ ਪੰਜਾਬ ਵਿਚ ਹੋਏ ਅਦਾਲਤੀ ਤਲਾਕ ਦੀ ਕਾਪੀ ਕੈਨੇਡੀਅਨ ਇਮੀਗ੍ਰੇਸ਼ਨ ਕੋਲ ਨਹੀਂ ਪਹੁੰਚਦੀ।

ਇਸ ਲਈ ਅਸਲੀ ਜਾਂ ਨਕਲੀ ਵਿਆਹ ਤੋਂ ਬਾਅਦ ਲੜਕੇ-ਲੜਕੀ ਦੇ ਪਾਸਪੋਰਟ ਵਿਚ ਪਤੀ-ਪਤਨੀ ਦਾ ਨਾਮ ਜ਼ਰੂਰ ਲਿਖਵਾ ਲੈਣਾ ਚਾਹੀਦਾ ਹੈ। ਬਾਅਦ ਵਿਚ ਪਛਤਾਉਣ ਦੀ ਥਾਂ ਅਜਿਹਾ ਵਿਆਹ ਕਰਨ ਤੋਂ ਪਹਿਲਾਂ ਠੋਕ ਵਜਾ ਕੇ ਵੇਖ ਲੈਣਾ ਚਾਹੀਦਾ ਹੈ। ਕਦੇ ਵੀ ਏਜੰਟਾਂ ਦੇ ਢਾਹੇ ਚੜ ਕੇ ਅਨਜਾਣ ਲੜਕੇ-ਲੜਕੀ ਨਾਲ ਰਿਸ਼ਤਾ ਨਹੀਂ ਕਰਨਾ ਚਾਹੀਦਾ। ਹਮੇਸ਼ਾ ਵਾਕਿਫ ਪਰਿਵਾਰਾਂ ਵਿਚ ਹੀ ਰਿਸ਼ਤਾ ਕਰਨਾ ਚਾਹੀਦਾ ਹੈ। ਪਰ ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਕਿਸੇ ਦੇ ਮੋਢਿਆਂ 'ਤੇ ਚੜ ਕੇ ਕੈਨੇਡਾ ਜਾਣ ਦੀ ਥਾਂ ਖ਼ੁਦ ਮਿਹਨਤ ਕਰ ਕੇ ਅਤੇ ਜਾਇਜ਼ ਤਰੀਕੇ ਨਾਲ ਹੀ ਵਿਦੇਸ਼ ਜਾਣਾ ਚਾਹੀਦਾ ਹੈ।

# ਜੁਰਮਾਂ ਦਾ ਮਿਊਜ਼ੀਅਮ ਯੂ.ਪੀ.

## ਐਡਵੋਕੇਟ ਸਿੰਘ ਸ਼ੁਗਲੀ

ਅਸੀਂ ਪਿਛਲੇ ਸਾਲ ਸਤੰਬਰ ਵਿੱਚ ਹਾਥਰਸ ਇਲਾਕੇ ਵਿੱਚ ਇੱਕ ਅਤਿ ਭਿਆਨਕ, ਘਿਨਾਉਣੀ ਵਾਪਰੀ ਘਟਨਾ ਦਾ ਜ਼ਿਕਰ ਚਾਰ ਅਕਤੂਬਰ 2020 ਨੂੰ 'ਜੁਰਮਾਂ ਦਾ ਮਿਊਜ਼ੀਅਮ ਯੂ.ਪੀ.' ਸਿਰਲੇਖ ਹੇਠ ਆਪਣੇ ਕਾਲਮ ਵਿੱਚ ਕੀਤਾ ਸੀ, ਜਿਸ ਵਿੱਚ ਘਰਦਿਆਂ ਦੀ ਪ੍ਰਵਾਨਗੀ ਤੋਂ ਬਿਨਾਂ ਜਦ ਯੋਗੀ ਦੀ ਲਾਡਲੀ ਪੁਲਿਸ ਨੇ ਉੱਚ ਅਧਿਕਾਰੀਆਂ ਦੀਆਂ ਹਦਾਇਤਾਂ ਮੁਤਾਬਕ ਅੱਧੀ ਰਾਤ ਤੋਂ ਬਾਅਦ ਕੋਈ ਢਾਈ ਤਿੰਨ ਵਜੇ ਤੜਕੇ ਹਾਥਰਸ ਦੀ ਨਿਰਭੈਆ ਨੂੰ ਬਿਨਾਂ ਘਰਦਿਆਂ ਦੀ ਆਗਿਆ ਤੋਂ ਜਲਦੀ-ਜਲਦੀ ਅਗਨੀ ਭੇਂਟ ਕਰ ਦਿੱਤਾ ਗਿਆ ਸੀ, ਤਾਂ ਉਸ ਵਕਤ ਪੀੜਤਾ ਦੀ ਮਾਂ, ਭੈਣ, ਪਿਓ ਅਤੇ ਭਰਾ 'ਤੇ ਕੀ ਬੀਤੀ ਹੋਵੇਗੀ। ਇਸ ਬਾਰੇ ਤਾਂ ਕੋਈ ਔਲਾਦ ਵਾਲਾ ਹੀ ਅਨੁਭਵ ਕਰ ਸਕਦਾ ਹੈ ਨਾ ਕਿ ਕੋਈ ਬੇ-ਔਲਾਦ। ਭਾਵੇਂ ਕਿ ਉਹ ਸੂਬੇ ਦਾ ਬੇ-ਔਲਾਦ ਮੁਖੀ ਹੋਵੇ, ਜਿਸ ਵਿੱਚ ਪਰਿਵਾਰ ਤੋਂ ਉਹ ਅਧਿਕਾਰ ਵੀ ਖੋਹ ਲਏ ਸਨ, ਜੋ ਮੌਤ ਤੋਂ ਬਾਅਦ ਘਰਦਿਆਂ ਪਾਸ ਹੁੰਦੇ ਹਨ।

ਯੂ.ਪੀ. ਸੂਬਾ, ਜਿੱਥੇ ਕੋਈ ਦਿਨ ਹੀ ਅਜਿਹਾ ਹੁੰਦਾ ਹੋਵੇਗਾ, ਜਿਸ ਦਿਨ ਬੇਟੀਆਂ ਨਾਲ ਅਜਿਹਾ ਨਾ ਬੀਤਦਾ ਹੋਵੇ। ਇਹ ਸੂਬਾ ਜਿਸ ਵਿੱਚ ਭਗਵਾਂਧਾਰੀ ਮੁਖੀ ਨੇ 'ਮਿਸ਼ਨ ਸ਼ਕਤੀ' ਚਲਾਇਆ, ਜਿਸ ਬਾਰੇ ਸਮੇਂ-ਸਮੇਂ ਸਿਰ ਡੀਂਗਾਂ ਮਾਰੀਆਂ, ਉਹ ਵੀ ਫੇਲ ਹੋਇਆ। ਇਸ ਕਰਕੇ ਇਸ ਸੂਬੇ ਬਾਰੇ ਆਖਿਆ ਜਾਂਦਾ ਹੈ ਕਿ ਇਹ ਉਹ ਸੂਬਾ ਹੈ, ਜਿੱਥੇ ਬੇਟੀ ਦੀ ਬਜਾਏ ਗਾਂ ਸੁਰੱਖਿਅਤ ਹੈ।

ਯੂ.ਪੀ. ਵਿੱਚ ਇੱਥੇ ਹਾਥਰਸ ਇਲਾਕੇ ਵਿੱਚ ਇਸੇ ਹਫ਼ਤੇ ਦੇ ਸ਼ੁਰੂ ਵਿੱਚ ਇੱਕ ਅਜਿਹੀ ਅਣਸੁਖਾਵੀਂ, ਭਿਆਨਕ ਅਤੇ ਅਤੀ ਨਿੰਦਣਯੋਗ ਘਟਨਾ ਵਾਪਰੀ, ਜਿਸ ਦੀ ਸ਼ੁਰੂਆਤ 2018 ਵਿੱਚ ਹੋ ਚੁੱਕੀ ਸੀ। ਜੋ ਸਰਕਾਰ ਦੇ ਧਿਆਨ ਵਿੱਚ ਸੀ। ਜੇਕਰ ਗ੍ਰਹਿ ਵਿਭਾਗ ਧਿਆਨ ਦਿੰਦਾ ਤਾਂ ਇਸ ਮੰਦਭਾਗੀ ਘਟਨਾ ਤੋਂ ਬਚਿਆ ਜਾ ਸਕਦਾ ਸੀ। ਜ਼ਰਾ ਘਟਨਾ ਵੱਲ ਧਿਆਨ ਦਿਓ, ਲਖਨਊ ਜ਼ਿਲੇ ਦੇ ਸ਼ਾਸਨੀ ਇਲਾਕੇ ਵਿਖੇ ਇੱਕ ਕਿਸਾਨ ਦੀ ਬੇਟੀ ਨਾਲ ਉੱਚ ਜਾਤੀ ਦਾ ਵਿਆਹਿਆ ਹੋਇਆ ਲਫੰਗਾ, ਗੌਰਵ ਸ਼ਰਮਾ ਨਾਂਅ ਦਾ ਵਿਅਕਤੀ ਛੇੜਛਾੜ ਕਰਦਾ ਸੀ। ਉਹਦੀ ਪਿੰਡ ਲੈਵਲ 'ਤੇ ਕਈ ਵਾਰ ਸ਼ਿਕਾਇਤ ਵੀ ਕੀਤੀ ਗਈ, ਪਰ ਜ਼ੋਰਾਵਰ ਹੋਣ ਕਰਕੇ ਜਦ ਉਹ ਬਾਜ਼ ਨਾ ਆਇਆ ਤਾਂ ਲੜਕੀ ਅਤੇ ਉਸ ਦੇ ਘਰਦਿਆਂ ਵੱਲੋਂ ਇੱਕ ਸ਼ਿਕਾਇਤ ਦਰਜ ਕਰਾਈ ਗਈ, ਜਿਸਦੇ ਅਧਾਰ 'ਤੇ ਦੋਸ਼ੀ ਗੌਰਵ ਸ਼ਰਮਾ ਨੂੰ ਕੁਝ ਸਮਾਂ ਜੇਲ ਵੀ ਜਾਣਾ ਪਿਆ। ਜ਼ਮਾਨਤ 'ਤੇ ਬਾਹਰ ਆ ਕੇ ਉਹ ਫਿਰ ਆਪਣੀਆਂ ਕਮੀਨੀਆਂ ਹਰਕਤਾਂ ਤੋਂ ਬਾਜ਼ ਨਾ ਆਇਆ, ਜਿਸ 'ਤੇ ਲੜਕੀ ਦੇ ਬਾਪ ਨੇ ਫਿਰ ਸਮਝਾਉਣ ਦੀ ਕਵਾਇਤ ਸ਼ੁਰੂ ਕੀਤੀ। ਜਿਸ ਦੀ ਪ੍ਰਵਾਹ ਨਾ ਕਰਦਿਆਂ ਹੋਇਆਂ ਦੋਸ਼ੀ ਨੇ ਆਪਣੇ ਤਿੰਨ ਨੇੜਲੇ ਸਾਥੀਆਂ ਨੂੰ ਨਾਲ ਲੈ ਕੇ ਜੋ ਉਸਦੀ ਜਾਤੀ ਨਾਲ ਹੀ ਸਬੰਧ ਰੱਖਦੇ ਸਨ, ਕਿਸਾਨ ਦੀਆਂ ਪੈਲੀਆਂ ਵਿੱਚ ਜਾ ਕੇ ਜਿੱਥੇ ਕਿਸਾਨ ਮਜ਼ਦੂਰਾਂ ਕੋਲੋਂ ਆਪਣੇ ਆਲੂਆਂ ਦੀ ਫ਼ਸਲ ਪੁਟਾਅ ਰਿਹਾ ਸੀ, ਕਿਸਾਨ ਦੀ ਲੜਕੀ ਅਤੇ ਉਸ ਦੀ ਮਾਂ ਜੋ ਰੋਟੀ ਵਗੈਰਾ ਲੈ ਕੇ ਗਈਆਂ ਸਨ ਅਤੇ ਮੌਕੇ 'ਤੇ ਮੌਜੂਦ ਸਨ, ਉਨਾਂ ਦੀ ਹਾਜ਼ਰੀ ਵਿੱਚ ਚਾਰਾਂ ਦੋਸ਼ੀਆਂ ਨੇ ਗੋਲੀਆਂ ਮਾਰ ਕੇ ਉਸ ਪੀੜਤਾ ਦੇ ਕਿਸਾਨ ਬਾਪ ਦਾ ਕਤਲ ਕਰ ਦਿੱਤਾ ਅਤੇ ਮੌਕੇ ਤੋਂ ਫਰਾਰ ਹੋ ਗਏ। ਚੌਹਾਂ ਦੋਸ਼ੀਆਂ ਵਿੱਚੋਂ ਤਿੰਨ ਦੋਸ਼ੀ ਕਾਬੂ ਕਰ ਲਏ ਗਏ ਹਨ। ਚੌਥਾ ਅਤੇ ਮੁੱਖ ਮੁਲਜ਼ਮ ਗੌਰਵ ਸ਼ਰਮਾ ਅਜੇ ਤੱਕ ਫਰਾਰ ਹੈ, ਜਿਸ 'ਤੇ ਪੁਲਿਸ ਮੁਖੀ ਰਾਜੀਵ ਕ੍ਰਿਸ਼ਨ ਨੇ ਇੱਕ ਲੱਖ ਰੁਪਏ ਦਾ ਇਨਾਮ ਐਲਾਨਿਆ ਹੈ। ਜਿਸ ਬਾਰੇ ਮ੍ਰਿਤਕ ਦੀ ਪੀੜਤ ਬੇਟੀ ਨੇ ਕਿਹਾ ਹੈ ਕਿ ਪੁਲਿਸ ਮੁੱਖ ਮੁਲਜ਼ਮ ਨੂੰ ਨਹੀਂ ਫੜ ਰਹੀ। ਉਸ ਦਾ ਐਨਕਾਊਂਟਰ ਹੋਣਾ ਚਾਹੀਦਾ ਹੈ।



ਸਾਡਾ ਸਮਾਜ

ਯਾਦ ਰੱਖਣ ਵਾਲੀ ਗੱਲ ਇਹ ਹੈ ਕਿ ਭਗਵਾਂ ਫਹਿਰਾਅ ਦੇਣ ਨਾਲ ਸਭ ਕੁਝ ਠੀਕ ਨਹੀਂ ਹੋ ਜਾਂਦਾ। ਜੇਕਰ ਅਜਿਹਾ ਹੁੰਦਾ ਤਾਂ ਯੂ.ਪੀ. ਵਿੱਚ ਐਨੀ ਹਨੇਰਗਰਦੀ ਨਾ ਹੁੰਦੀ। ਹੁਣ ਯੋਗੀ ਜੀ ਪੱਛਮੀ ਬੰਗਾਲ ਵਿੱਚ ਜਾ ਕੇ ਮਿਸ਼ਨ ਸ਼ਕਤੀ ਬਾਰੇ ਹਿੱਕ ਠੋਕ-ਠੋਕ ਕੇ ਕਹਿ ਰਹੇ ਹਨ ਕਿ ਬੰਗਾਲੀਓ ਇੱਕ ਵਾਰ ਭਾਜਪਾ ਨੂੰ ਮੌਕਾ ਦਿਓ। ਇਸ ਨੂੰ ਸੁਨਾਰ ਬੰਗਲੇ ਦੇ ਨਾਲ-ਨਾਲ ਯੂ.ਪੀ. ਵਾਂਗ 'ਮਿਸ਼ਨ ਸ਼ਕਤੀ' ਰਾਹੀਂ ਲਾਅ ਐਂਡ ਆਰਡਰ ਕਾਇਮ ਕਰਾਂਗੇ। ਤੁਸੀਂ ਦੇਖੋਗੇ ਕਿ ਸਮਾਜ ਵਿਰੋਧੀ ਅਨਸਰ ਆਪਣੇ ਗਲਾਂ ਵਿੱਚ ਤਖਤੀਆਂ ਪਾ ਕੇ ਆਪਣੀ ਜਾਨ ਦੀ ਭੀਖ ਮੰਗਣਗੇ। ਪਰ ਯੂ.ਪੀ. ਵਿੱਚ ਮਿਸ਼ਨ ਸ਼ਕਤੀ ਇੱਥੋਂ ਤੱਕ ਫੇਲ ਹੋਇਆ ਹੈ ਕਿ ਨਿੱਤ ਨਵੀਂਆਂ ਘਟਨਾਵਾਂ ਵਾਪਰ ਰਹੀਆਂ ਹਨ। ਕੋਈ ਬੇਟੀ ਕੰਮ ਕਰਦੀ-ਕਰਦੀ ਪਾਣੀ ਪੀਣ ਗਈ, ਮੁੜ ਨਹੀਂ ਪਰਤੀ। ਖੋਜ ਕੀਤੀ ਗਈ ਤਾਂ ਜਿੱਧਰ ਪਾਣੀ ਲਈ ਗਈ, ਅਚਾਨਕ ਪੈਰ ਥੱਲੇ ਨੂੰ ਗਿਆ। ਸ਼ੱਕ ਪੈਣ 'ਤੇ ਪੁੱਟਣ 'ਤੇ ਉਸ ਬੱਚੀ ਦੀ ਛੇ ਦਿਨਾਂ ਬਾਅਦ ਲਾਸ਼ ਮਿਲੀ। ਹੁਣ ਦੋਸ਼ੀ ਫੜਿਆ ਗਿਆ ਅਤੇ ਜੇਲ ਵਿੱਚ ਹੈ।

ਇਸੇ ਤਰਾਂ ਕੋਈ ਇਕਤਰਫ਼ਾ ਪਿਆਰ ਕਰਨ ਵਾਲਾ ਪਾਣੀ ਵਿੱਚ ਜ਼ਹਿਰ ਪਾ ਕੇ ਪਿਲਾ ਦਿੰਦਾ ਹੈ। ਇੱਕ ਦੀ ਬਜਾਏ ਤਿੰਨ ਜਣੀਆਂ ਉਸ ਘਟਨਾ ਦਾ ਸ਼ਿਕਾਰ ਹੋ ਜਾਂਦੀਆਂ ਹਨ। ਅਜਿਹਾ ਇਸ ਲਈ ਹੋ ਰਿਹਾ ਹੈ ਕਿ ਅਪਰਾਧੀਆਂ ਨੂੰ ਸਿਆਸੀ ਪਨਾਹ ਮਿਲ ਰਹੀ ਹੈ। ਲਗਦਾ ਹੈ ਕਿ ਨਿਆਂ ਪਾਲਿਕਾ 'ਤੇ ਵੀ ਸਿਆਸੀ ਦਬਾਅ ਹੈ। ਰਾਜ ਕਰਦੀ ਪਾਰਟੀ ਆਪਣੇ ਸਿਆਸੀ ਕਾਰਕੁੰਨਾਂ ਨੂੰ ਹਰੇਕ ਤਰਾਂ ਦੀ ਮਦਦ ਮੁਹੱਈਆ ਕਰਵਾ ਰਹੀ ਹੈ। ਇਸੇ ਕਰਕੇ ਇੱਕ ਭਾਜਪਾ ਸੰਸਦ ਮੈਂਬਰ ਦੇ ਬੇਟੇ ਨੇ ਆਪਣੇ ਸਾਲੇ ਤੋਂ ਖੁਦ 'ਤੇ ਗੋਲੀ ਚਲਵਾ ਕੇ ਵਿਰੋਧੀਆਂ ਨੂੰ ਫਸਾਉਣ ਦੀ ਕੋਸ਼ਿਸ਼ ਕੀਤੀ ਹੈ। ਇਹ ਅਧੂਰਾ ਡਰਾਮਾ ਵੀ ਬੀਤੇ ਦਿਨ ਹੋ ਨਿੱਬੜਿਆ। ਪੁਲਿਸ ਦੇ ਦੱਸਣ ਮੁਤਾਬਕ ਹੁਣ ਤੱਕ ਦੀ ਜਾਂਚ ਵਿੱਚ ਪਤਾ ਲੱਗਾ ਹੈ ਕਿ ਸੰਸਦ ਮੈਂਬਰ ਦੇ ਬੇਟੇ ਦੇ ਕਹਿਣ 'ਤੇ ਉਸ ਦੇ ਸਾਲੇ ਨੇ ਗੋਲੀ ਚਲਾਈ ਸੀ। ਇਹ ਸਭ ਉਸ ਨੇ ਕਬੂਲ ਕਰ ਲਿਆ ਹੈ। ਮੁੱਖ ਦੋਸ਼ੀ ਭਗੌੜਾ ਹੈ। ਸਾਂਸਦ ਭਾਜਪਾ ਬਾਪ ਆਖ ਰਿਹਾ ਕਿ ਅਸੀਂ ਉਸ ਨਾਲੋਂ ਉਸ ਵਕਤ ਨਾਤਾ ਤੋੜ ਲਿਆ ਸੀ, ਜਦ ਉਸ ਨੇ ਲਵ ਮੈਰਿਜ ਕੀਤੀ ਸੀ। ਕਿੰਨੀ ਹਾਸੋਹੀਣੀ ਦਲੀਲ ਦੇ ਰਿਹਾ ਹੈ। ਲਾਅ ਐਂਡ ਆਰਡਰ ਤਕਰੀਬਨ ਸਾਰੇ ਸੂਬਿਆਂ ਦੀ ਘੱਟ-ਵੱਧ ਸਮੱਸਿਆ ਹੈ, ਪਰ ਯੂ.ਪੀ. ਸਰਕਾਰ ਜਿਸ ਤਰਾਂ ਇਸ ਮਸਲੇ ਵਿੱਚ ਆਪਣੀ ਪਿੱਠ ਆਪ ਥਾਪੜ ਰਹੀ ਹੈ, ਹੋ ਇਸਦੇ ਉਲਟ ਰਿਹਾ ਹੈ। ਔਰਤਾਂ ਖ਼ਿਲਾਫ਼ ਜੋ ਅਪਰਾਧ ਹੋ ਰਹੇ ਹਨ, ਉਨਾਂ ਵਿੱਚੋਂ 14.7% ਇਕੱਲੀ ਯੂ.ਪੀ. ਵਿੱਚ ਹੋ ਰਹੇ ਹਨ।

ਯੂ.ਪੀ. ਵਿੱਚ ਕਿਤੇ ਆਪਣੇ ਪੇਸ਼ੇ ਤੋਂ ਡਾਂਸ ਕਰਕੇ ਡਾਂਸਰਾਂ ਵਾਪਸ ਆ ਰਹੀਆਂ ਹੁੰਦੀਆਂ ਹਨ ਤਾਂ ਰਸਤੇ ਵਿੱਚ ਗੁੰਡਾ ਅਨਸਰ ਉਨਾਂ ਨੂੰ ਘੇਰ ਲੈਂਦਾ ਹੈ ਅਤੇ ਜਿਸਮਾਨੀ ਜ਼ਿਆਦਤੀ ਕਰਦਾ ਹੈ। ਪੁਲਿਸ ਪਾਸ ਫਰਿਆਦ ਕੀਤੀ ਜਾਂਦੀ ਹੈ। ਕੋਈ ਐੱਫ ਆਈ ਆਰ ਦਰਜ ਨਹੀਂ ਕੀਤੀ ਜਾਂਦੀ। ਜਦ ਬਾਅਦ ਵਿੱਚ ਇਸ ਘਟਨਾ ਦੀ ਵੀਡੀਓ ਵਾਇਰਲ ਹੋ ਜਾਂਦੀ ਹੈ ਤਾਂ ਫਿਰ ਜਾ ਕੇ ਪਰਚਾ ਦਰਜ ਕੀਤਾ ਜਾਂਦਾ ਹੈ। ਕੀ ਅਜਿਹੀ ਘਟਨਾ ਤੋਂ ਇਹ ਨਹੀਂ ਜਾਪਦਾ ਕਿ ਸਮਾਜ ਵਿਰੋਧੀ ਅਨਸਰਾਂ ਅਤੇ ਪੁਲਿਸ ਹਰਕਤਾਂ ਵਿੱਚ ਕਿੰਨੀ ਨੇੜਤਾ ਲਗਦੀ ਹੈ ? ਜੇਕਰ ਉਪਰੋਕਤ ਖ਼ਬਰ ਵਾਇਰਲ ਨਾ ਹੁੰਦੀ ਤਾਂ ਐੱਫ ਆਈ ਆਰ ਵੀ ਦਰਜ ਨਹੀਂ ਸੀ ਹੋਣੀ।

ਮੁੱਕਦੀ ਗੱਲ, ਜੇਕਰ ਯੂ.ਪੀ. ਸੂਬੇ ਵਿੱਚ ਪਿਛਲੇ ਸਾਲ ਵਾਪਰੇ ਹਾਥਰਸ ਮਾਮਲੇ ਤੋਂ ਯੂ.ਪੀ. ਸਰਕਾਰ ਨੇ ਕੋਈ ਸਬਕ ਸਿੱਖਿਆ ਹੁੰਦਾ ਅਤੇ ਉਸ ਸਬਕ ਮੁਤਾਬਕ ਸੁਧਾਰ ਕੀਤਾ ਹੁੰਦਾ ਤਾਂ ਫਿਰ ਇਸ ਸਾਲ ਦੁਬਾਰਾ ਹਾਥਰਸ ਕਾਂਡ ਨਾ ਵਾਪਰਦਾ। ਅਜਿਹਾ ਇਸ ਲਈ ਹੋ ਰਿਹਾ ਹੈ, ਕਿਉਂਕਿ ਯੂ.ਪੀ. ਵਿੱਚ ਯੋਗੀ ਸਰਕਾਰ ਕਹਿ ਕੁਝ ਹੋਰ ਰਹੀ ਹੈ ਅਤੇ ਕਰ ਕੁਝ ਹੋਰ ਰਹੀ ਹੈ। ਜਦ ਤਕ ਕਹਿਣੀ ਅਤੇ ਕਰਨੀ ਵਿੱਚ ਫ਼ਰਕ ਰਹੇਗਾ, ਤਦ ਤੱਕ ਅਜਿਹਾ ਵਾਪਰਦਾ ਰਹੇਗਾ।

# ਅੰਬਾਨੀ ਦੇ ਘਰ ਅੱਗਿਓਂ ਮਿਲੀ ਕਾਰ ਫੋਰੈਂਸਿਕ ਜਾਂਚ ਲਈ ਭੇਜੀ

## ਜੇਹਾਦੀ ਸੰਗਠਨ ਨੇ ਲਿਖਿਆ- ਇਹ ਇਕ ਟ੍ਰੇਲਰ ਹੈ, ਫ਼ਿਲਮ ਜਾਰੀ ਕਰਨੀ ਅਜੇ ਬਾਕੀ ਹੈ

**ਮੁੰਬਈ/ਏ.ਟੀ.ਨਿਊਜ਼:** ਉਦਯੋਗਪਤੀ ਮੁਕੇਸ਼ ਅੰਬਾਨੀ ਦੇ ਘਰ ਦੇ ਬਾਹਰ ਪਿਛਲੇ ਮਹੀਨੇ ਮਿਲੀ ਇਕ ਕਾਰ ਅਤੇ ਜਿਲੇਟਿਨ ਦੀਆਂ ਛੜਾਂ (ਵਿਸਫ਼ੋਟਕ) ਨੂੰ ਮੁੰਬਈ ਪੁਲਸ ਨੇ ਫੋਰੈਂਸਿਕ ਜਾਂਚ ਲਈ ਭੇਜ ਦਿੱਤਾ ਹੈ। ਇਕ ਅਧਿਕਾਰੀ ਨੇ ਦੱਸਿਆ ਕਿ ਮੁੰਬਈ ਦੇ ਕਲੀਨਾ ਵਿਚ ਸਥਿਤ ਫੋਰੈਂਸਿਕ ਵਿਗਿਆਨ ਪ੍ਰਯੋਗਸ਼ਾਲਾ 'ਚ ਕਾਰ ਦੀ ਜਾਂਚ ਕੀਤੀ ਜਾਵੇਗੀ, ਜਿਸ ਨਾਲ ਉਸ 'ਚ ਮੌਜੂਦ ਖ਼ੂਨ ਦੇ ਧੱਬੇ, ਵਾਲ ਜਾਂ ਹੋਰ ਕੋਈ ਸੁਰਾਗ ਮਿਲ ਸਕੇ। ਉਨਾਂ ਕਿਹਾ ਕਿ ਜਾਂਚ ਵਿਚ ਮਿਲੇ ਕਿਸੇ ਵੀ ਸਬੂਤ ਤੋਂ ਕਾਰ ਨੂੰ ਚਲਾ ਕੇ ਅੰਬਾਨੀ ਦੇ ਘਰ ਤੱਕ ਲਿਜਾਉਣ ਵਾਲੇ ਅਤੇ ਉਸ 'ਚ ਬੈਠੇ ਲੋਕਾਂ ਬਾਰੇ ਪਤਾ ਲੱਗ ਸਕਦਾ ਹੈ। ਅਧਿਕਾਰੀ ਨੇ ਕਿਹਾ ਕਿ ਪ੍ਰਯੋਗਸ਼ਾਲਾ ਦੀ ਰਿਪੋਰਟ ਇਕ ਹਫ਼ਤੇ 'ਚ ਆ ਜਾਵੇਗੀ।

ਐੱਫ.ਐੱਸ.ਐੱਲ. ਦੇ ਇਕ ਅਧਿਕਾਰੀ ਨੇ ਕਿਹਾ ਕਿ ਪ੍ਰਯੋਗਸ਼ਾਲਾ ਵਿਚ ਇਸ ਦਾ ਪਤਾ ਲਗਾਇਆ ਜਾਵੇਗਾ ਕਿ ਛੜਾਂ 'ਚ ਜਿਲੇਟਿਨ ਦੀ ਮਾਤਰਾ ਕਿੰਨੀ ਹੈ। ਉਨਾਂ ਕਿਹਾ ਕਿ ਮਾਹਿਰਾਂ ਦੀ ਮਦਦ ਨਾਲ ਐੱਫ.ਐੱਸ.ਐੱਲ. ਇਹ ਵੀ ਜਾਣਨ ਦੀ ਕੋਸ਼ਿਸ਼ ਕਰੇਗੀ ਕਿ ਕੀ ਕਾਰ ਦਾ ਚੇਸਿਸ ਨੰਬਰ ਬਦਲਿਆ ਵੀ ਗਿਆ ਸੀ। ਇਸ ਨਾਲ ਕਾਰ ਦੇ ਅਸਲੀ ਮਾਲਕ ਅਤੇ ਕਿਸ ਦੇ ਨਾਂ 'ਤੇ ਵਾਹਨ ਰਜਿਸਟਰਡ ਸੀ, ਇਸ ਦਾ ਪਤਾ ਲਗਾਉਣ ਵਿਚ ਮਦਦ ਮਿਲੇਗੀ। ਅਧਿਕਾਰੀ ਨੇ ਕਿਹਾ ਕਿ ਫੋਰੈਂਸਿਕ ਪ੍ਰਯੋਗਸ਼ਾਲਾ ਨੇ ਇਸ ਮਾਮਲੇ ਨੂੰ ਪਹਿਲ ਦਿੱਤੀ ਹੈ ਅਤੇ ਇਕ ਹਫ਼ਤੇ 'ਚ ਰਿਪੋਰਟ ਸੌਂਪ ਦਿੱਤੀ ਜਾਵੇਗੀ। ਯਾਦ ਰਹੇ ਕਿ ਬੀਤੇ ਦਿਨੀਂ ਮੁਕੇਸ਼ ਅੰਬਾਨੀ ਦੇ ਨਿਵਾਸ ਕੋਲੋਂ ਧਮਾਕੇਦਾਰ ਸਮੱਗਰੀ ਨਾਲ ਖੜੀ ਕੀਤੀ ਸਕਾਰਪੀਓ ਵਿਚੋਂ ਇਕ ਚਿੱਠੀ ਮਿਲੀ ਹੈ, ਜਿਸ ਵਿਚ ਕਿਹਾ ਗਿਆ ਹੈ ਕਿ ਇਹ ਆਉਣ ਵਾਲੇ ਸਮੇਂ ਵਿਚ ਹੋਣ ਵਾਲੀਆਂ ਗੱਲਾਂ ਦੀ ਇਕ ਝਲਕ ਹੀ ਹੈ। ਰਿਲਾਇੰਸ ਇੰਡਸਟਰੀ ਦੇ ਮੁਖੀ ਮੁਕੇਸ਼ ਅੰਬਾਨੀ ਦੇ ਨਿਵਾਸ ਐਂਟੀਲੀਆ ਕੋਲ ਰਾਤ ਦੌਰਾਨ ਇਕ ਸ਼ੱਕੀ ਸਕਾਰਪੀਓ ਮਿਲੀ ਸੀ। ਇਸ ਸਕਾਰਪੀਓ ਕਾਰ ਵਿਚ ਜਿਲੇਟਿਨ ਦੀਆਂ ਛੜਾਂ ਸਨ। ਇਕ ਪੁਲਿਸ ਅਧਿਕਾਰੀ ਨੇ ਦੱਸਿਆ ਸੀ ਕਿ ਕਾਰ ਵਿਚੋਂ ਬਰਾਮਦ ਇਹ ਚਿੱਠੀ ਕਥਿਤ ਤੌਰ 'ਤੇ ਮੁਕੇਸ਼ ਅੰਬਾਨੀ, ਨੀਤਾ ਅੰਬਾਨੀ ਅਤੇ ਮਕੇਸ਼ ਅੰਬਾਨੀ ਦੇ ਪਰਿਵਾਰ ਨੂੰ ਸੰਬੋਧਿਤ ਹੈ। ਚਿੱਠੀ ਹਿੰਦੀ ਭਾਸ਼ਾ ਵਿਚ ਲਿਖੀ ਹੋਈ ਹੈ ਪਰ ਉਸ ਨੂੰ ਰੋਮਨ ਲਿਪੀ ਵਿਚ ਲਿਖਿਆ ਗਿਆ ਹੈ। ਚਿੱਠੀ ਵਿਚ ਕਿਹਾ ਗਿਆ ਹੈ 'ਇਹ ਇਕ ਝਲਕ ਹੀ ਹੈ ਪਰ ਅਗਲੀ ਵਾਰ ਸਮਾਨ ਪੂਰੀ ਤਰਾਂ ਤਿਆਰ ਰਹੇਗਾ।ਸੰਗਠਨ ਨੇ ਜਾਂਚ ਏਜੰਸੀ ਨੂੰ ਚੁਣੌਤੀ ਦਿੱਤੀ ਕਿ ਜੇ ਤੁਸੀਂ ਰੋਕ ਸਕਦੇ ਹੋ ਤਾਂ ਰੋਕ ਲਓ ਜਦੋਂ ਦਿੱਲੀ ਵਿਚ ਤੁਹਾਡੀ ਨੱਕ ਹੇਠਾਂ ਤੁਹਾਨੂੰ ਹਿੱਟ ਕੀਤਾ ਸੀ, ਤੁਸੀਂ ਮੋਸਾਦ ਨਾਲ ਹੱਥ ਮਿਲਾਇਆ ਪਰ ਕੁਝ ਨਹੀਂ ਹੋਇਆ। ਅਸਲ ਵਿਚ ਮੁੰਬਈ ਪੁਲਸ ਦੀ ਅਪਰਾਧ ਸ਼ਾਖਾ ਨੇ ਹੁਣ ਤੱਕ ਇਸ ਕੇਸ ਵਿਚ 25 ਲੋਕਾਂ ਦੇ ਬਿਆਨ ਦਰਜ ਕੀਤੇ ਹਨ। ਪੁਲਿਸ ਟੀਮ ਇਨੋਵਾ ਕਾਰ ਦਾ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਹੀ ਹੈ ਜਿੱਥੋਂ ਇਕ ਵਿਅਕਤੀ ਨੂੰ ਜਾਂਦੇ ਹੋਏ ਵੇਖਿਆ ਗਿਆ ਸੀ।' ਇਹ ਚਿੱਠੀ ਡਰਾਈਵਰ ਸੀਟ ਦੇ ਠੀਕ ਅੱਗੇ ਨੀਲੇ ਰੰਗ ਦੇ ਇਕ ਥੈਲੇ ਵਿਚ ਪਈ ਹੋਈ ਸੀ। ਜਿਲੇਟਿਨ ਦੀਆਂ ਛੜਾਂ ਇਕ ਵੱਖਰੇ ਪੈਕੇਟ ਵਿਚ ਪਈਆਂ ਹੋਈਆਂ ਸਨ। ਇਨਾਂ ਛੜਾਂ ਉੱਤੇ ਨਿਰਮਾਤਾ ਦਾ ਨਾਮ ਵੀ ਹੈ। ਕਾਰ ਵਿਚੋਂ 'ਮੁੰਬਈ ਇੰਡੀਅਨ' ਛਪਿਆ ਇਕ ਥੈਲਾ ਵੀ ਮਿਲਿਆ ਹੈ। ਕਾਰ ਦੇ ਮਾਲਕ ਹਿਰੇਨ ਮਨਸੁੱਖ ਨੇ ਕਿਹਾ ਕਿ ਉਸਦੀ ਸਕਾਰਪੀਓ ਚੋਰੀ ਹੋ ਗਈ ਸੀ। ਹੁਣ ਕਲਵਾ ਇਲਾਕੇ ਤੋਂ ਉਸ ਸਕਾਰਪੀਓ ਦੇ ਮਾਲਕ ਦੀ ਲਾਸ਼ ਮਿਲੀ ਹੈ। ਮਨਸੁਖ ਹਿਰੇਨ ਕਾਲਵਾ ਨੇ ਬਰਿੱਜ ਤੋਂ ਛਾਲ ਮਾਰ ਕੇ ਆਪਣੀ ਜਾਨ ਦਿੱਤੀ ਹੈ। ਸ਼ੁਰੂਆਤੀ ਜਾਂਚ 'ਚ ਪੁਲਿਸ ਨੇ ਖ਼ੁਦਕੁਸ਼ੀ ਦੀ ਗੱਲ ਕਹੀ ਹੈ ਪਰ ਦੂਜੇ ਐਂਗਲ ਤੋਂ ਵੀ ਪੁਲਿਸ ਜਾਂਚ ਕਰ ਰਹੀ ਹੈ।

ਪੁਲਿਸ ਨੇ ਹੁਣ ਤੱਕ ਦੀ ਜਾਂਚ 'ਚ ਕਿਸੇ ਵੀ ਤਰਾਂ ਦੇ ਅੱਤਵਾਦੀ ਐਂਗਲ ਨੂੰ ਖਾਰਜ ਕੀਤਾ ਹੈ।

# ਮਾਨ ਦਲ ਨੇ 5 ਸਿੰਘਾਂ ਦਾ ਜੱਥਾ ਗ੍ਰਿਫ਼ਤਾਰੀ ਦੇਣ ਲਈ ਦਿੱਲੀ ਕੀਤਾ ਰਵਾਨਾ

**ਅਨੰਦਪੁਰ ਸਾਹਿਬ/ਏ.ਟੀ.ਨਿਊਜ਼ :** ਕਿਸਾਨੀ ਸੰਘਰਸ਼ ਦੀ ਹਮਾਇਤ ਕਰਦਿਆਂ 5 ਸਿੰਘਾਂ ਦਾ ਜੱਥਾ ਗ੍ਰਿਫਤਾਰੀ ਦੇਣ ਲਈ ਸ੍ਰੀ ਅਨੰਦਪੁਰ ਸਾਹਿਬ ਤੋਂ ਦਿੱਲੀ ਰਵਾਨਾ ਹੋਇਆ। ਤਖ਼ਤ ਸ੍ਰੀ ਕੇਸਗੜ ਸਾਹਿਬ ਵਿਖੇ ਨਤਮਸਤਕ ਹੋਣ ਉਪਰੰਤ ਹੈੱਡ ਗ੍ਰੰਥੀ ਗਿਆਨੀ ਫੂਲਾ ਸਿੰਘ ਨੇ ਅਰਦਾਸ ਕਰ ਕੇ ਇਸ ਜੱਥੇ ਨੂੰ ਦਿੱਲੀ ਰਵਾਨਾ ਕੀਤਾ। ਇਸ ਸਬੰਧੀ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਕਿਹਾ ਕਿ ਕੇਂਦਰ ਸਰਕਾਰ ਕਿਸਾਨਾਂ ਨੂੰ ਖਤਮ ਕਰਨ ਦੀ ਨੀਤੀ 'ਤੇ ਚੱਲੀ ਹੋਈ ਹੈ। ਬੀਤੀ 26 ਜਨਵਰੀ ਨੂੰ ਲਾਲ ਕਿਲੇ ਤੇ ਕਿਸਾਨਾਂ ਵੱਲੋਂ ਨਿਸ਼ਾਨ ਸਾਹਿਬ ਚੜਾਉਣ ਮੌਕੇ ਤਿਰੰਗੇ ਨਾਲ ਕੋਈ ਛੇੜਛਾੜ ਨਹੀਂ ਕੀਤੀ ਗਈ ਸੀ, ਫਿਰ ਵੀ ਕੇਂਦਰ ਸਰਕਾਰ ਨਿਸ਼ਾਨ ਸਾਹਿਬ ਚੜਾਉਣ ਵਾਲੇ ਕਿਸਾਨਾਂ 'ਤੇ ਦੇਸ਼ਧ੍ਰੋਹ ਦੇ ਮਾਮਲੇ ਦਰਜ ਕਰ ਰਹੀ ਹੈ, ਜੋ ਬਹੁਤ ਨਿੰਦਾਜਨਕ ਕਾਰਵਾਈ ਹੈ। ਉਨਾਂ ਦਿੱਲੀ ਦੀਆਂ ਸਰਹੱਦਾਂ 'ਤੇ ਸੰਘਰਸ਼ ਕਰ ਰਹੀਆਂ ਕਿਸਾਨ ਜਥੇਬੰਦੀਆਂ ਨੂੰ ਕਿਹਾ ਕਿ ਉਨਾਂ ਦੀ ਪਾਰਟੀ ਇਸ ਸੰਘਰਸ਼ ਦੀ ਹਮਾਇਤ ਕਰਦੀ ਹੈ ਅਤੇ ਕਿਸਾਨ ਭਰਾਵਾਂ ਨੂੰ ਅਪੀਲ ਕਰਦੀ ਹੈ ਕਿ ਇਸ ਸੰਘਰਸ਼ ਨੂੰ ਇਸੇ ਤਰਾਂ ਜਾਰੀ ਰੱਖਿਓ ਅਤੇ ਮੋਰਚਾ ਜਿੱਤ ਕੇ ਹੀ ਮੁੜਿਓ।



## ਸੰਤ ਸੁਰਿੰਦਰ ਦਾਸ ਕਠਾਰ ਵਾਲੇ ਚਲ ਵਸੇ

**ਜਲੰਧਰ/ਏ.ਟੀ.ਨਿਊਜ਼:** ਸੰਤ ਹਰੀਦਾਸ ਉਦਾਸੀਨ ਆਸ਼ਰਮ ਕੂਪੁਰ ਢੇਪੁਰ ਅੱਡਾ ਕਠਾਰ ਦੇ ਸੰਚਾਲਕ 59 ਸਾਲਾ ਸੰਤ ਸੁਰਿੰਦਰ ਬੀਤੇ ਸੋਮਵਾਰ ਨੂੰ ਅਕਾਲ ਚਲਾਣਾ ਕਰ ਗਏ। ਉਨਾਂ ਨੂੰ ਬੀਤੇ ਐਤਵਾਰ ਨੂੰ ਦਿਲ ਦਾ ਦੌਰਾ ਪੈਣ ਕਾਰਨ ਜਲੰਧਰ ਦੇ ਪਟੇਲ ਹਸਪਤਾਲ 'ਚ ਦਾਖ਼ਲ ਕਰਵਾਇਆ ਗਿਆ ਸੀ, ਜਿੱਥੇ ਉਨਾਂ ਆਖ਼ਰੀ ਸਾਹ ਲਿਆ। ਅੱਠ ਫਰਵਰੀ 1960 ਨੂੰ ਜਨਮੇ ਸੰਤ ਸੁਰਿੰਦਰ ਦਾਸ ਦੇ ਅਕਾਲ ਚਲਾਣੇ ਦਾ ਪਤਾ ਲੱਗਦਿਆਂ ਹੀ ਡੇਰਾ ਬੱਲਾਂ ਦੇ ਗੱਦੀਨਸ਼ੀਨ ਸੰਤ ਨਿਰੰਜਣ ਦਾਸ, ਡੇਰਾ ਚੱਕਲਾਧੀਆਂ ਦੇ ਸੰਤ ਗੁਰਬਚਨ ਦਾਸ, ਡੇਰਾ ਸ਼ਾਮਚੌਰਾਸੀ ਦੇ ਸੰਤ ਹਰਚਰਨ ਦਾਸ, ਬੀਬੀ ਸ਼ਰੀਫਾਂ ਉਦੇਸੀਆਂ ਵਾਲੇ ਤੁਰੰਤ ਆਸ਼ਰਮ 'ਚ ਪੁੱਜ ਕੇ ਗਹਿਰੇ ਦੁਖ ਦਾ ਪ੍ਰਗਟਾਵਾ ਕੀਤਾ।




# ‘ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ’

**ਸਰਬਜੀਤ ਕੌਰ ਸਰਬ**

ਗੁਰੂ ਨਾਨਕ ਪਾਤਸ਼ਾਹ ਜੀ ਦੀ ਬਾਣੀ ਨਾਲ ਸ਼ੁਰੂ ਹੁੰਦਾ ਇਹ ਸ਼ਬਦ ‘ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ’ ਕੁਦਰਤ ਦਾ ਉਹ ਰੂਪ ਜਿਸ ਤੋਂ ਬਗੈਰ ਮਨੁੱਖ ਇਸ ਧਰਤੀ ਉੱਤੇ ਇੱਕ ਵੀ ਪਲ ਜਿਊਂਦਾ ਨਹੀਂ ਰਹਿ ਸਕਦਾ। ਮਨੁੱਖ ਦੇ ਜੀਵਨ ਦੀ ਸ਼ੁਰੂਆਤ, ਕਾਦਰ ਦੀ ਬਣਾਈ ਇਸ ਕੁਦਰਤ ਵਿੱਚ ਹੁੰਦੀ ਹੈ। ਜਿੱਥੇ ਰਹਿੰਦਾ ਹੋਇਆ ਮਨੁੱਖ ਆਪਣੀ ਜ਼ਿੰਦਗੀ ਦੇ ਸਫ਼ਰ ਨੂੰ ਤੈਅ ਕਰਦਾ ਹੈ ਅਤੇ ਆਖਰਕਾਰ ਉਹ ਇੱਕ ਦਿਨ ਆਪਣੇ ਸਵਾਸ ਪੂਰੇ ਕਰ ਕੇ ਇਸ ਧਰਤੀ ਤੋਂ ਚਲਾ ਜਾਂਦਾ ਹੈ। ਉਸ ਦੇ ਇਸ ਪੂਰੇ ਜੀਵਨ ਕਾਲ ਵਿੱਚ, ਕਾਦਰ ਦੀ ਬਣਾਈ ਇਸ ਕੁਦਰਤ ਨੇ ਰੱਬ ਵਾਂਗ ਸਾਥ ਦਿੱਤਾ ਪਰ ਅਜੋਕਾ ਸਮਾਂ ਇਹ ਹੈ ਕੀ ਮਨੁੱਖ ਕੇਵਲ ਆਪਣੀ ਲੋੜ ਦੀ ਪੂਰਤੀ ਲਈ ਇਸ ਕੁਦਰਤ ਨੂੰ ਨੁਕਸਾਨ ਪਹੁੰਚਾ ਰਿਹਾ ਹੈ, ਵਾਤਾਵਰਨ ਨੂੰ ਦਿਨ ਪ੍ਰਤੀ ਦਿਨ ਗੰਧਲਾ ਕਰ ਰਿਹਾ ਹੈ । ਜਿਸ ਦੇ ਨਤੀਜੇ ਸਾਹਮਣੇ ਵੀ ਆ ਰਹੇ ਹਨ ਪਰ ਇਹ ਮਨੁੱਖ ਇਕ ਅਣਜਾਣ ਬਣ ਕੇ ਵਾਤਾਵਰਨ ਨੂੰ ਦੂਸ਼ਿਤ ਕਰਨ ’ਤੇ ਲੱਗਿਆ ਹੋਇਆ ਹੈ। ਉਹ ਇਸ ਗੱਲ ਤੋਂ ਅਣਜਾਣ ਹੈ ਕੀ ਉਸ ਦੀ ਇਸ ਗਲਤੀ ਦੇ ਕਾਰਨ ਉਹ ਆਪਣੀ ਹੀ ਆਉਣ ਵਾਲੀਆਂ ਪੀੜੀਆਂ ਲਈ ਇਸ ਧਰਤੀ ਉੱਤੇ ਜ਼ਹਿਰ ਫੈਲਾ ਰਿਹਾ ਹੈ । ਸਮਾਂ ਆਪਣੀ ਚਾਲ ਚਲਦਾ ਰਹਿੰਦਾ ਹੈ ਤੇ ਮਨੁੱਖ ਦਾ ਇਸ ਧਰਤੀ ਉੱਤੇ ਆਉਣਾ ਜਾਣਾ ਵੀ ਲੱਗਿਆ ਰਹਿੰਦਾ ਹੈ, ਜੋ ਇੱਥੇ ਸਦੀਵੀ ਰਹਿੰਦਾ ਹੈ ਉਹ ਹੈ ਅਕਾਲ ਦਾ ਨਾਮ, ਇਸ ਨਾਮ ਨੂੰ ਇਸ ਕੁਦਰਤ ਵਿੱਚ ਰਹਿ ਕੇ ਹੀ ਪਾਇਆ ਜਾਂਦਾ ਹੈ ਜਿਸ ਨੂੰ ਅੱਜ ਅਸੀਂ ਦੂਸ਼ਿਤ ਕਰ ਰਹੇ ਹਾਂ । ਪਿੰਡਾਂ ਵਿੱਚ ਪਹਿਲਾਂ ਵਾਲੀ ਰੌਣਕ ਨਾ ਰਹੀ,



ਸ਼ਹਿਰੀ ਲਿਬਾਸ ਨੇ ਉਨਾਂ ਨੂੰ ਕੁਦਰਤੀ ਰੰਗਾਂ ਤੋਂ ਦੂਰ ਕਰ ਕੇ ਰੱਖ ਦਿੱਤਾ ਹੈ । ਸ਼ਹਿਰੀ ਲੋਕਾਂ ਦੀਆਂ ਅੱਖਾਂ ਉੱਤੇ ਪੈਸੇ ਦੀ ਦੌੜ ਨੇ ਪੱਟੀ ਪਾ ਦਿੱਤੀ ਹੈ, ਜਿਸ ਕਾਰਨ ਉਹ ਲਗਾਤਾਰ ਬਿਲਡਿੰਗਾਂ ਤੇ ਬਿਲਡਿੰਗਾਂ ਦੀ ਉਸਾਰੀ ਕਰ ਰਿਹਾ ਹੈ, ਜਿਸ ਕਰ ਕੇ ਦਰੱਖਤਾਂ ਦੀ ਕਟਾਈ ਲਗਾਤਾਰ ਕੀਤੀ ਜਾ ਰਹੀ ਹੈ। ਦਰੱਖਤਾਂ ਦੀ ਇਸ ਕਟਾਈ ਨਾਲ ਮਿੱਟੀ ਦੇ ਕਣ ਧੂੜ ਬਣ ਕੇ ਹਵਾ ਵਿੱਚ ਫੈਲ ਰਹੇ ਹਨ ਅਤੇ ਇਨਾਂ ਕਣਾਂ ਦਾ ਸਭ ਤੋਂ ਵੱਡਾ ਪ੍ਰਭਾਵ ਮਨੁੱਖ ਦੀ ਸਿਹਤ ਉੱਤੇ ਹੀ ਪੈ ਰਿਹਾ ਹੈ ।

ਪੁਰਾਣੀ ਕਹਾਵਤ ‘ਜਿਹੋ ਜਿਹਾ ਬੀਜਾਂਗੇ ਉਹੋ ਜਿਹਾ ਵੱਢਾਂਗੇ’ ਅਜੋਕੇ ਸਮੇਂ ਵਿੱਚ ਬਿਲਕੁਲ ਖਰੀ ਉਤਰਦੀ ਹੈ। ਇਸ ਕਰ ਕੇ ਸਾਨੂੰ ਅੱਜ ਉਹ ਹੀ ਚੰਗਾ ਬੀਜਣਾ ਚਾਹੀਦਾ ਹੈ ਤਾਂ ਜੋ ਆਉਣ ਵਾਲੇ ਸਮੇਂ ਵਿੱਚ ਅਸੀਂ ਚੰਗਾ ਵੱਢ ਸਕੀਏ । ਇਸ ਦੀ ਸ਼ੁਰੂਆਤ ਅੱਜ ਤੋਂ ਹੀ ਕਰ ਦੇਣੀ ਚਾਹੀਦੀ ਹੈ ਤਾਂ ਜੋ ਆਉਣ ਵਾਲਾ ਸਮਾਂ ਸਭ ਲਈ ਚੰਗਾ ਹੋਵੇ । ਮਨੁੱਖ ਦਰੱਖਤਾਂ ਦੀ ਕਟਾਈ ਨਾ ਕਰੇ ਸਗੋਂ ਜੋ ਦਰੱਖਤ ਪੁਰਾਣੇ ਹੋ ਗਏ ਹਨ ਉਨਾਂ ਦੇ ਨਾਲ ਹੀ ਨਵੇਂ ਦਰੱਖਤਾਂ ਨੂੰ ਲਾਉਣ ਤਾਂ ਜੋ ਕੁਦਰਤ ਦਾ ਆਪਣਾ ਬੈਲੇਂਸ ਬਣਿਆ ਰਹੇ। ਇਸ ਕੰਮ ਦੀ ਸ਼ੁਰੂਆਤ ਸਾਨੂੰ ਆਪਣੇ ਕੋਲੋਂ ਹੀ ਕਰਨੀ ਪੈਣੀ ਹੈ ਕਿਉਂਕਿ ਇਹ ਮਸਲਾ ਕਿਸੇ ਪਾਰਟੀ ਜਾਂ ਦਾਇਰੇ ਨਾਲ ਸਬੰਧਤ ਨਹੀਂ ਹੈ ਸਗੋਂ ਇਹ ਸਾਡੀ ਆਪਣੀ ਨਿੱਜੀ ਜ਼ਿੰਦਗੀ ਦਾ ਮਸਲਾ ਹੈ ।ਜੇਕਰ ਗੱਲ ਅਸੀਂ ਪਿਛਲੇ ਸਮੇਂ ਦੀ ਕਰੀਏ ਤਦ ਉਸ ਸਮੇਂ ਮਨੁੱਖ ਦੀ ਉਮਰ ਲੰਮੀ ਹੁੰਦੀ ਸੀ, ਖੁੱਲਾ ਖਾਣਾ ਪੀਣਾ ਉਸ ਦੇ ਸੁਭਾਅ ਵਿੱਚ ਸੀ। ਸਾਡੇ ਬਜ਼ੁਰਗਾਂ ਨੇ ਕਦੀ ਵੀ ਜਿੰਮ ਵਗੈਰਾ ਜੁਆਇਨ ਨਹੀਂ ਕੀਤੇ ਸਨ, ਸਗੋਂ ਉਹ ਤਾਂ ਆਪਣੀ ਕਿਰਤ ਕਰਦੇ ਹੋਏ ਅਤੇ ਵਾਤਾਵਰਨ ਨੂੰ ਸਾਫ਼ ਸੁਥਰਾ ਰੱਖਦੇ ਹੋਏ ਜੀਵਨ ਬਤੀਤ ਕਰਦੇ ਸਨ, ਜਿਸ ਦਾ ਫਲ ਉਨਾਂ ਨੂੰ ਕੁਦਰਤ ਵੱਲੋਂ ਇਹ ਦਿੱਤਾ ਜਾਂਦਾ ਸੀ ਕਿ ਉਨਾਂ ਦੀ ਉਮਰ ਲੰਮੀ ਹੁੰਦੀ ਸੀ ਪਰ ਅੱਜ ਦੇ ਮਨੁੱਖ ਦੀ ਉਮਰ 75 ਦੇ ਦਾਇਰੇ ਵਿੱਚ ਹੀ ਰਹਿ ਗਈ ਹੈ, ਜਿਸ ਹਿਸਾਬ ਨਾਲ ਮਨੁੱਖ ਨੇ ਤਰੱਕੀ ਕਰ ਲਈ ਅਤੇ ਸਾਰੇ ਸੰਸਾਰ ਨੂੰ ਆਪਣੀ ਮੁੱਠੀ ਵਿੱਚ ਕੈਦ ਕਰ ਲਿਆ ਹੈ ਜਿਸ ਕਾਰਨ ਉਸ ਦੀ ਉਮਰ ਇਸ ਤੋਂ ਵੀ ਘੱਟ ਗਈ ਹੈ ।

ਅਜੋਕੇ ਸਮੇਂ ਵਿੱਚ ਮਨੁੱਖ ਆਪਣੀਆਂ ਲੋੜਾਂ ਦੀ ਪੂਰਤੀ ਲਈ ਕਿਸੇ ਵੀ ਹੱਦ ਤੱਕ ਜਾ ਸਕਦਾ ਹੈ, ਇਸੇ ਹੱਦੋਂ ਵੱਧ ਲੰਘਣ ਦੀ ਸੋਚ ਨੇ ਸੰਸਾਰ ਭਰ ਨੂੰ ਇੱਕ ਛੋਟੇ ਜਿਹੇ ਅਣਦਿੱਖ ਵਿਸ਼ਾਣੂ ਨੇ ਘੁੰਮਣ ਘੇਰੀ ਵਿਚ ਪਾਇਆ ਹੋਇਆ ਹੈ ਜਿਸ ਨੂੰ ਕਰੋਨਾ ਦਾ ਨਾਮ ਦਿੱਤਾ ਗਿਆ ਹੈ ।ਜੇਕਰ ਅਸੀਂ ਇਸ ਬਿਮਾਰੀ ਦੀ ਸ਼ੁਰੂਆਤ ਦੀ ਗੱਲ ਕਰੀਏ ਤਾਂ ਸਾਡੇ ਸਾਹਮਣੇ ਜੋ ਵੀ ਤੱਥ ਆਏ ਹਨ ਉਨਾਂ ਤੱਥਾਂ ਵਿੱਚ ਮਨੁੱਖ ਖ਼ੁਦ ਹੀ ਜ਼ਿੰਮੇਵਾਰ ਹੈ, ਜਿਸ ਨੇ ਇਹੋ ਜਿਹੇ ਹਾਲਾਤ ਪੈਦਾ ਕੀਤੇ ਜੋ ਮਨੁੱਖ ਦਾ ਨਾਸ਼ ਕਰ ਰਹੇ ਹਨ । ਜਦੋਂ ਮਨੁੱਖ ਇਸ ਧਰਤੀ ਉੱਤੇ ਆਇਆ ਉਸ ਨੂੰ ਕਿਸੇ ਵੀ ਚੀਜ਼ ਦੀ ਸਮਝ ਨਹੀਂ ਸੀ। ਉਹ ਕੇਵਲ ਕੁਦਰਤੀ ਰੰਗਾਂ ਵਿਚ ਰਹਿ ਕੇ ਆਪਣੇ ਆਪ ਨੂੰ ਮਹਿਫੂਜ਼ ਸਮਝਦਾ ਸੀ ਤੇ ਨਾ ਹੀ ਸਾਡੀ ਧਰਤੀ ਉੱਤੇ ਅਜਿਹੀਆਂ ਬਿਮਾਰੀਆਂ ਸਨ। ਸੋ, ਇਨਾਂ ਸਭ ਗੱਲਾਂ ਨੂੰ ਮੱਦੇਨਜ਼ਰ ਰੱਖਦੇ ਹੋਏ ਆਖਰਕਾਰ ਇਹ ਹੀ ਕਹਿ ਸਕਦੇ ਹਾਂ ਕਿ ਜੇਕਰ ਅਸੀਂ ਆਪਣੀ ਜ਼ਿੰਦਗੀ ਨੂੰ ਅਤੇ ਆਉਣ ਵਾਲੀਆਂ ਪੀੜੀਆਂ ਨੂੰ ਸਹੀ ਵਾਤਾਵਰਣ ਦੇ ਸਕਦੇ ਹਾਂ ਜਿਸ ਵਿਚ ਅਕਾਲ ਦਾ ਨਾਦ ਗੂੰਜਦਾ ਹੋਵੇ ਤਾਂ ਹੀ ਸਾਡਾ ਇਸ ਧਰਤੀ ਉੱਤੇ ਆਉਣਾ ਸਫ਼ਲ ਹੋਵੇਗਾ ਅਤੇ ਜਾਣ ਵੇਲੇ ਅਸੀਂ ਆਪਣੇ ਸਮਾਜ ਨੂੰ ਇੱਕ ਸਹੀ ਸੋਚ ਅਤੇ ਖੁੱਲਾ ਵਾਤਾਵਰਣ ਦੇ ਨਾਲ ਇਕ ਸ਼ੁੱਧ ਹਵਾ ਦੇ ਕੇ ਜਾ ਸਕਦੇ ਹਾਂ ।

## ‘ਵਾਤਾਵਰਣ’

ਵਾਤਾਵਰਣ ਨੂੰ ਰੱਖਲੋ ਸਾਫ਼,
ਏ ਕਿਸੇ ਨਈਂ ਕਰਨਾ ਆ ਕੇ,
ਕਰਨਾ ਪੈਣਾ ਸਾਨੂੰ ਆਪ,
ਵਾਤਾਵਰਣ ਨੂੰ ਰੱਖਲੋ ਸਾਫ਼ !

ਆਓ ਰਲਕੇ ਰੁੱਖ ਲਗਾਈਏ,
ਪ੍ਰਦੂਸ਼ਣ ਨੂੰ ਜੜੋਂ ਮੁਕਾਈਏ,
ਕਰੀਏ ਹਰਦਮ ਏਹੋ ਅਲਾਪ,
ਵਾਤਾਵਰਣ ਨੂੰ ਰੱਖਲੋ ਸਾਫ਼ !

ਹੋਕਾ ਦਿਓ ਵਿੱਚ ਪਿੰਡਾਂ-ਸ਼ਹਿਰਾਂ,
ਪੌਣਾਂ ਦੇ ਵਿੱਚ ਘੁਲੀਆਂ ਜ਼ਹਿਰਾਂ,
ਭੋਗ ਰਹੇ ਹੋ ਕਿਉਂ ਸੰਤਾਪ,
ਵਾਤਾਵਰਣ ਨੂੰ ਰੱਖਲੋ ਸਾਫ਼ !

ਸਾਫ਼ ਹੋਊ ਜਦ ਪੌਣ ’ਤੇ ਪਾਣੀ,
ਸਹਿਤਯਾਬ ਹਰ ਹੋਊ ਪ੍ਰਾਣੀ,
ਕੁਦਰਤ ਦੇ ਨਾਂ ਜਾਓ ਖ਼ਿਲਾਫ਼,
ਵਾਤਾਵਰਣ ਨੂੰ ਰੱਖਲੋ ਸਾਫ਼ !

ਧੂੰਏ ਦੇ ਨਾਂ ਬੱਦਲ਼ ਹੋਵਣ,
ਅੱਖਾਂ ’ਚੋਂ ਨਾਂ ਹੰਝੂ ਚੋਵਣ,
ਸੁਰਜੀਤ ਸੰਧੂ ਨਾਂ ਕਰਿਓ ਪਾਪ,
ਵਾਤਾਵਰਣ ਨੂੰ ਰੱਖਲੋ ਸਾਫ਼ !

## ‘ਯਾਦ ਰੱਖੀਂ’

ਕੜਕ ਦੀਆਂ ਧੁੱਪਾਂ ਦੇ ਵਿੱਚ ਦਿੰਦੇ ਰਹੇ ਛਾਵਾਂ ਤੈਨੂੰ,
ਯਾਦ ਨੇ ਜਾਂ ਭੁੱਲ ਗਈਆਂ ਨਹਿਰਾਂ ਤੇ ਰਾਹਵਾਂ ਤੈਨੂੰ।

ਆਪਣੇ ਸੁਆਰਥ ਦੇ ਲਈ ਕੱਟ ਕੇ ਤੂੰ ਢੇਰ ਲਾਏ,
ਚੰਗੀਆਂ ਏ ਲੱਗੀਆਂ ਨਈਂ ਠੰਡੀਆਂ ਹਵਾਵਾਂ ਤੈਨੂੰ।

ਖ਼ੁਦ ਦੇ ਹੀ ਪੈਰ ਤੇ ਕੁਹਾੜੀ ਮਾਰ ਬੈਠ ਗਿਆਂ,
ਯਾਦ ਰੱਖੀਂ ਇੱਕ ਦਿਨ ਧੋਖਾ ਦੇਣਾ ਸਾਹਵਾਂ ਤੈਨੂੰ।

ਅਸਾਂ ਤਾਂ ਵੇ ਸੋਹਣਿਆ ਮਰ ਕੇ ਵੀ ਕੰਮ ਆਉਣਾ,
ਅੰਤ ‘ਸੁਰਜੀਤ ਸੰਧੂ’ ਸਾੜਨਾ ਭਰਾਵਾਂ ਤੈਨੂੰ।

**ਗੀਤਕਾਰ-ਸੁਰਜੀਤ ਸੰਧੂ**

# “ਕੁਦਰਤ ਨਾਲ ਖਿਲਵਾੜ”

**ਸਿੱਕੀ ਝੱਜੀ ਪਿੰਡ ਵਾਲਾ (ਇਟਲੀ)**

ਕੁਦਰਤ ਦਿਆਂ ਰੰਗਾਂ ਦਾ ਕੋਈ ਹਿਸਾਬ ਨਹੀਂ ਕਿ ਕਿਹੜੇ ਰੰਗ ਚ ਕਿਹੜਾ ਰੂਪ ਦੇ ਕੇ ਕਿਸੇ ਫੁੱਲ ਬੂਟੇ ਨੂੰ ਪ੍ਰਮਾਤਮਾ ਨੇ ਆਪ ਨਿਵਾਜਿਆ ਹੈ। ਹਰਿਆਲੀਆਂ ਭਰੇ ਪਹਾੜਾਂ ਨਾਲ ਖਹਿ ਕੇ ਲੰਘਦੇ ਬੱਦਲਾਂ ਨੂੰ ਵੇਖ ਕੇ ਜੰਨਤ ਵਰਗਾ ਨਜਾਰਾ ਲੈਣ ਵਾਲੇ ਇਨਸਾਨ ਨੇ ਖ਼ੁਦ ਹੀ ਇਸ ਰੰਗ ਬਰੰਗੀ ਦੁਨੀਆਂ ਨੂੰ ਤਬਾਹ ਕਰਨਾ ਸ਼ੁਰੂ ਕਰ ਦਿੱਤਾ।

ਸਾਫ ਸੁਥਰੀਆਂ ਮਹਿਕਾਂ ਵੰਡਦੀਆਂ ਹਵਾਵਾਂ ਵਿੱਚ ਪੰਛੀਆਂ ਦੀ ਚਹਿਲ ਪਹਿਲ ਕਦੇ ਸਾਡੀ ਜਿੰਦਗੀ ਚ ਬਿਲਕੁਲ ਇਸੇ ਤਰਾਂ ਦੇ ਹੀ ਰੰਗ ਭਰਦੀ ਸੀ ਜਿਵੇਂ ਪ੍ਰਮਾਤਮਾ ਰੂਹ ਨਾਲ ਕਿਸੇ ਬੁੱਤ ਨੂੰ ਘੜ ਕੇ ਉਸ ਚ ਆਪ ਰੰਗ ਭਰਕੇ ਜਾਨ ਪਾ ਰਿਹਾ ਹੋਵੇ। ਯੁੱਗਾਂ ਯੁੱਗਾਂ ਤੋਂ ਜਿਵੇਂ ਜਿਵੇਂ ਸਮੇਂ ਚ ਤਬਦੀਲੀ ਆਈ ਮਨੁੱਖ ਨੇ ਆਪਣੀਆਂ ਲੋੜਾਂ ਅਨੁਸਾਰ ਆਪਣੀ ਜਿੰਦਗੀ ਨੂੰ ਸੌਖਾਲਾ ਬਣਾਉਣ ਦੀ ਕੋਸ਼ਿਸ਼ ਕੀਤੀ। ਧਰਤੀ ਤੋਂ ਅਸਮਾਨ ਤੱਕ ਦੀਆਂ ਉਡਾਰੀਆਂ ਮਾਰਨ ਵਾਲੇ ਇਨਸਾਨ ਨੇ ਇਹ ਸਭ ਕੁਝ ਭੁਲਾ ਦਿੱਤਾ ਕੇ ਜੇਕਰ ਕੁਦਰਤ ਨਾਲ ਖਿਲਵਾੜ ਕੀਤਾ ਤਾਂ ਭਵਿੱਖ ਚ ਇਸ ਦੇ ਨਤੀਜੇ ਵਜੋਂ ਭਿਆਨਕ ਸਿੱਟੇ ਭੁਗਤਣੇ ਪੈ ਸਕਦੇ ਹਨ।

ਉਦਾਹਰਣ ਵਜੋਂ ਜੋ ਅੱਜ ਅਸੀਂ ਵੱਖ ਵੱਖ ਬਿਮਾਰੀਆਂ ਦਾ ਸ਼ਿਕਾਰ ਹੋ ਰਹੇ ਹਾਂ ਉਸਦੇ ਪਿੱਛੇ ਸਾਫ ਸੁਥਰੇ ਵਾਤਾਵਰਣ ਦਾ ਕੀ ਮਹੱਤਵ ਹੈ ਸਮਝਣਾ ਚਾਹੀਦਾ ਹੈ। ਕਦੇ ਹੱਥੀਂ ਦਰਖਤ ਲਾਉਣ ਵਾਲੇ ਮਨੁੱਖ ਨੇ



ਅੱਜ ਉਨ੍ਹਾਂ ਦਰਖਤਾਂ ਨੂੰ ਵੱਡਣਾਂ ਸ਼ੁਰੂ ਕਰ ਦਿੱਤਾ। ਫਲਦਾਰ ਪੌਦੇ ਲਾਉਣੇ ਬੰਦ ਕਰ ਦਿੱਤੇ। ਪੁਰਾਣੇ ਸਮਿਆਂ ਚ ਮਿੱਟੀ ਦੀਆਂ ਹੱਥੀਂ ਲਿੱਪੀਆਂ ਕੰਧਾਂ ਅਤੇ ਘਰਾਂ ਦੇ ਕੱਚੇ ਵਿਹੜੇ ਜੋ ਕਿ ਗਰਮੀ ਦੀ ਰੁੱਤੇ ਵੀ ਘਰਾਂ ਨੂੰ ਠੰਡਾ ਰੱਖਦੇ ਸਨ। ਵਕਤ ਦੇ ਪਹੀਏ ਜਿਉਂ ਹੀ ਆਪਣੀ ਰਫਤਾਰ ਤੇਜ ਕਰਦੇ ਗਏ ਉਹ ਸਭ ਕੁਝ ਦੇਖੋ ਦੇਖੀ ਕੂਲਰਾਂ ਤੇ ਏਅਰ ਕੰਡੀਸਨਾਂ ਨੇ ਢਹਿ ਢੇਰੀ ਕਰ ਦਿੱਤਾ।

ਸਾਫ ਸੁਥਰਾ ਪਾਣੀ ਜੋ ਕੁਦਰਤ ਤੋਂ ਵਰਦਾਨ ਮਿਲਿਆ ਹੈ ਉਸ ਨੂੰ ਵੀ ਗੰਦਲਾ ਕਰਨ ਚ ਅੱਜ ਅਸੀਂ ਕੋਈ ਕਸਰ ਨਹੀਂ ਛੱਡੀ। ਖੂਹ ਦੀਆਂ ਟਿੰਡਾਂ ਜੋ ਕਦੇ ਸਾਡੇ ਸੱਭਿਆਚਾਰ ਦਾ ਹਿੱਸਾ ਹੁੰਦੀਆਂ ਸਨ ਉਹਨਾਂ ਦੀ ਜਗਾ ਅੱਜ ਸਬਮਰਸੀਬਲ ਮੋਟਰਾਂ ਧਰਤੀ ਦੀ ਹਿੱਕ ਪਾੜ ਕੇ ਪਾਣੀ ਤਾਂ ਭਾਵੇਂ ਕੱਢੀ ਜਾ ਰਹੀਆਂ ਪਰ ਅੱਜ ਮੀਂਹ ਦਾ ਪਾਣੀ ਨਾ ਇੱਕਠਾ ਕਰਨ ਵਾਲੇ ਇਨਸਾਨ ਨੇ ਧਰਤੀ ਨੂੰ ਖੋਖਲਾ ਕਰਨਾ ਸ਼ੁਰੂ ਕਰ ਦਿੱਤਾ। ਕੈਂਸਰ ਵਰਗੀ ਬਿਮਾਰੀ ਦਾ ਲਗਾਤਾਰ ਤੇਜੀ ਨਾਲ ਵਧਣਾ ਖਰਾਬ ਪਾਣੀ ਦੀ ਹੀ ਵਜ੍ਹਾ ਹੈ।

ਰਿਹਾਇਸੀ ਇਲਾਕਿਆਂ ਦੇ ਨੇੜੇ ਦੀਆਂ ਫੈਕਟਰੀਆਂ ਚੋਂ ਨਿਕਲਦਾ ਧੂੰਆਂ ਜੋ ਸਾਫ ਸੁਥਰੇ ਵਾਤਾਵਰਣ ਨੂੰ ਗੰਦਾ ਕਰ ਰਿਹਾ ਤੇ ਉਹਨਾਂ ਫੈਕਟਰੀਆਂ ਚੋਂ ਨਿਕਲ ਰਿਹਾ ਗੰਦਾ ਪਾਣੀ ਜੋ ਨਾਲ ਲਗਦੇ ਸੂਏ ਅਤੇ ਨਹਿਰਾਂ ਚੋਂ ਹੁੰਦਾ ਹੋਇਆ ਵਗਦੇ ਦਰਿਆਵਾਂ ਚ ਜਾ ਰਲਦਾ ਹੈ, ਅੱਜ ਜਹਿਰ ਬਣਕੇ ਘੁਲ ਰਿਹਾ, ਜੋ ਹਜਾਰਾਂ ਲੱਖਾਂ ਲੋਕਾਂ ਦੀ ਅੱਜ ਬਿਮਾਰੀ ਦਾ ਕਾਰਣ ਬਣਦਾ ਜਾ ਰਿਹਾ। ਕੁਦਰਤ ਕੀ ਕਹਿਣਾ ਚਾਹੁੰਦੀ ਏ ਉਸ ਦੇ ਰੰਗਾਂ ਨੂੰ ਸਮਝਣਾ ਪਵੇਗਾ। ਆਓ ਪਾਣੀ ਨੂੰ ਬਚਾਈਏ, ਵਾਤਾਵਰਣ ਨੂੰ ਸਾਫ ਸੁਥਰਾ ਬਣਾਉਣ ਅਤੇ ਰੁੱਖਾਂ ਨੂੰ ਲਗਾਉਣ ਦਾ ਵਾਅਦਾ ਕਰੀਏ।

ਇਸ ਸਭ ਕੁਝ ਦੀ ਚਿੰਤਾ ਅੱਜ ਲੇਖਕ ਦੀ ਕਲਮ ਨੂੰ ਵੀ ਹੈ ਜੋ ਅਪਣਾ ਫਰਜ ਨਿਭਾਉਂਦੇ ਹੋਏ ਸੁਨੇਹੇ ਦੇ ਰੂਪ ਚ ਕਾਗਜਾਂ ਤੇ ਝਰੀਟਾਂ ਮਾਰ ਕੇ ਕਹਿ ਰਹੀ ਏ ਕਿ

**ਬੂੰਦ - ਬੂੰਦ ਕੀਮਤੀ ਪਾਣੀ ਦੀ ਚੇਤੇ ਰੱਖੋ,
ਵਾਤਾਵਰਣ ਸ਼ੁੱਧ ਰੱਖਣੇ ਨੂੰ ਰੁੱਖਾਂ ਨੂੰ ਲਗਾਓ।**

ਹੱਥੀਂ ਰੁੱਖ ਲਾਉਣ ਵਾਲਾ ਇਨਸਾਨ ਜੋ ਅੱਜ ਜੰਗਲਾਂ ਨੂੰ ਵੱਢ ਰਿਹਾ। ਜੇਕਰ ਸਮੇਂ ਦੀ ਨਿਯਾਕਤ ਨੂੰ ਨਾ ਸਮਝਿਆ ਤਾਂ ਯਾਦ ਰੱਖਿਓ ਉਹ ਦਿਨ ਦੂਰ ਨਹੀਂ ਅੱਜ ਸੌਖਾ ਸਾਹ ਲੈਣ ਵਾਲਾ ਇਨਸਾਨ ਆਉਣ ਵਾਲੇ ਕੱਲ੍ਹ ਨੂੰ ਬਣਾਉਟੀ ਸਾਹਾਂ ਤੇ ਜਿੰਦਗੀ ਜਿਉਣ ਲਈ ਮਜਬੂਰ ਹੋ ਜਾਵੇਗਾ।

**ਹਵਾ ਪਾਣੀ ਸਭ ਗੰਦਲਾ ਹੋਇਆ,
ਮਾਂ ਧਰਤੀ ਪਈ ਕੁਰਲਾਉਂਦੀ ਏ,
ਕੁਦਰਤ ਨਾਲ ਖਿਲਵਾੜ ਕਰੋ ਨਾ,
ਅੱਜ ਰੂਹ ਧਰਤੀ ਦੀ ਪਈ ਰੌਂਦੀ ਏ,
ਰੁੱਖਾਂ ਵਾਜੋਂ ਸਾਹ ਲੈਣਾ ਔਖਾ ਹੋ ਜਾਣਾ,
ਆਪਣੇ ਹੱਥੀਂ ਆਪਣੇ ਆਪ ਨਾਲ,
ਇੱਕ ਦਿਨ ਵੇਖਿਓ ਧੌਖਾ ਹੋ ਜਾਣਾ,
ਸੁਣ ਤਾਂ ਲੈ ਝੱਜੀ ਪਿੰਡ ਵਾਲਿਆ,
ਕੁਦਰਤ ਕੀ ਕਹਿਣਾ ਚਾਹੁੰਦੀ ਏ,
ਹਵਾ ਪਾਣੀ ਸਭ ਗੰਦਲਾ ਹੋਇਆ,
ਮਾਂ ਧਰਤੀ ਪਈ ਕੁਰਲਾਉਂਦੀ ਏ।**

# "ਸੜ ਰਹੇ ਰੋਮ ਉੱਪਰ ਨੀਰੋ ਦੀ ਬੰਸਰੀ"

**ਹੈਪੀ ਚੌਧਰੀ "ਟਰਾਂਟੋ"**

ਦੋਸਤੋ ਐਮੇਜੋਨ ਦੇ ਜੰਗਲ ਦੁਨੀਆ ਭਰ ਵਿੱਚ ਵਰਖਾ ਜੰਗਲਾਂ ਵਜੋਂ ਮਸਹੂਰ ਹਨ, ਅਤੇ ਇਹਨਾ ਦਾ ਦੁਨੀਆਂ ਭਰ ਦੇ ਵਾਤਾਵਰਨ ਦੀ ਇਕਸਾਰਤਾ, ਅਤੇ ਸੁਧਤਾ ਬਨਾਉਣ ਵਿਚ ਬਹੁਤ ਵੱਡਾ ਹੱਥ ਐ ...! ਅਤੇ ਇਹ ਇਸ ਸਾਲ 2019 ਵਿੱਚ ਜਨਵਰੀ ਤੋਂ ਹੁਣ ਤਕ 73000 ਅੱਗ ਦੀਆਂ ਘਟਨਾਵਾਂ ਹੋਣ ਕਾਰਨ ਬਹੁਤ ਵੱਡੀ ਅਣਗਹਿਲੀ, ਲਾਪਰਵਾਹੀ ਦਾ ਸ਼ਿਕਾਰ ਬਣ ਗਏ ਜਾਪ ਰਹੇ ਹਨ .. ਇਹ ਸਾਰਾ ਡਾਟਾ ਸਾਲ 2018 ਤੋਂ 83% ਵੱਧ ਹੈ ..ਅਤੇ ਸਿਤਮ ਜਰੀਫੀ ਇਹ ਐ ਕਿ ਦੁਨੀਆਂ ਭਰ ਦੇ ਮੀਡੀਆ ਨੇ ਇਕ ਰੱਤੀ ਭਰ ਦੀ ਜੁੰਮੇਵਾਰੀ ਨਹੀਂ ਸਮਝੀ ਕਿ ਇਸ ਮਸਲੇ ਲਈ ਹਾਅ ਦਾ ਨਾਅਰਾ ਮਾਰੀਏ ।

ਇਸ ਕੁਦਰਤ ਦੇ ਅਣਮੁੱਲੇ ਵਰਦਾਨ ਨੂੰ ਭਿਆਨਕ ਅਤੇ ਬੇਕਾਬੂ ਅੱਗ ਲੱਗਣ ਕਾਰਨ ਹਰ ਸੈਅ ਖਤਰੇ ਵਿੱਚ ਐ..।

ਜਿਕਰਯੋਗ ਹੈ ਕਿ ਤਿੰਨ ਮਿਲੀਅਨ ਤੋਂ ਵੱਧ ਜਾਨਵਰਾਂ ਅਤੇ ਰੁੱਖਾਂ ਦੀਆਂ ਪ੍ਰਜਾਤੀਆਂ ਨੂੰ ਰੈਣ ਬਸੇਰਾ ਦੇ ਕੇ ਆਵਦੇ ਵਿੱਚ ਸਮੋਈ ਬੈਠੇ ਇਹ, ਬਰਾਜੀਲ ਵਿਖੇ ਸਥਿਤ ਐਮੇਜੋਨ ਜੰਗਲ ਸਾਰੀ ਦੁਨੀਆਂ ਦੀ 20% ਆਕਸੀਜਨ ਦੇਣ ਕਾਰਨ ਇਸ "ਗ੍ਰਹਿ" ਧਰਤੀ ਦੇ ਫੇਫੜੇ ਕਹੇ ਜਾਂਦੇ ਹਨ ਅਤੇ ਹੁਣ ਇੱਥੋ ਉਠ ਰਿਹਾ ਧੂੰਆਂ ਨਾਸਾ ਦੇ ਸੈਟੇਲਾਇਟ ਵੀ ਸੋਅ ਕਰ ਰਹੇ ਹਨ ।ਬਰਾਜੀਲ ਦਾ ਦਿਲ ਕਹੇ ਜਾਣ ਵਾਲੇ ਸਹਿਰ ਸਾਓ ਪਾਓਲੋ ਨੂੰ ਧੂੰਏ ਦੇ ਹਨੇਰ ਨੇ ਢੱਕ ਦਿੱਤਾ ਹੈ । ਹੁਣ ਵੀ ਵਕਤ ਕਿ ਇਸ ਅਵੇਸਲੇ ਨਿਜਾਮ ਨੂੰ ਜਗਾਉਣ ਲਈ ਭੋਰਾ ਹਲੂਣਾ ਮਾਰ ਲਈਏ ।ਨਹੀਂ ਤਾਂ ਕੁਦਰਤ ਦੀ ਅਮੁੱਲੀ, ਨੇਅਮਤ ਸਾਡੇ ਸਾਹ ਲੈਣ ਜਰੂਰੀ ਤਾਜੀ ਹਵਾ ਨੂੰ ਦੂਸ਼ਿਤ ਹੋਣ ਵਿੱਚ ਵਕਤ ਨਹੀਂ ਲੱਗਣਾ.... ਅਤੇ ਭਿਆਨਕ ਬਿਮਾਰੀਆਂ, ਖਾਸ ਕਰ



ਸਾਹ ਰੋਗ, ਚਮੜੀ ਰੋਗ, ਅਤੇ ਹੋਰ ਮਾਰੂ ਬਿਮਾਰੀਆਂ ਦਾ ਦੈਂਤ ਮੂੰਹ ਅੱਡ ਕੇ ਸਾਨੂੰ ਨਿਗਲਣ ਲਈ ਤਿਆਰ ਖੜਾ ਸਮਝੋ ।

ਉਧਰ ਜਮਾਨੇ ਭਰ ਦੇ ਹਰ ਵਿਕਾਊ ਮਸਲੇ ਨੂੰ ਮਸਾਲੇ ਲਾ ਲਾ ਕੇ ਦੁਨੀਆ ਅੱਗੇ ਪਰੋਸਣ ਵਾਲੇ ਸੰਸਾਰ ਦੇ ਮੀਡੀਆ ਦੀ ਚੁੱਪ ਵੀ ਨਿਰਸੰਦੇਹ ਸੱਕ ਦੇ ਘੇਰੇ ਵਿੱਚ ਆ..।

ਪਹਿਲਾਂ ਆਉ ਵਿਚਾਰ ਕਰੀਏ ਕਿ ਮੁੱਦਾ,ਕਿਵੇਂ ਤੇ ਕਿੱਥੋਂ ਤੁਰਦਾ ਐ ... ਬਹੁਤੇਰੇ ਪ੍ਰਭਾਵਿਤ ਲੋਕਾਂ ਮੁਤਾਬਕ ਜਨਵਰੀ 2019 ਵਿੱਚ ਹੁਣ ਦੇ ਬਰਾਜੀਲੀਅਨ ਰਾਸਟਰਪਤੀ "ਜਾਇਰ ਬੋਲਜਾਨਾਰੋ" ਨੇ ਅਹੁਦਾ ਸੰਭਾਲਦਿਆਂ ਹੀ ਮੂਲ ਨਿਵਾਸੀ ਲੋਕਾਂ ਦੇ ਹੱਕਾਂ-ਹਿੱਤਾਂ ਨੂੰ ਛਿੱਕੇ ਟੰਗ ਕੇ ਆਮ ਕਿਸਾਨਾਂ ਨੂੰ ਅਖੌਤੀ ਆਰਥਿਕ ਤਰੱਕੀਆਂ ਦੇ ਸੁਪਨੇ ਵਿਖਾ ਜੰਗਲਾਂ ਦੀ ਕਟਾਈ, ਅਤੇ ਕੁਦਰਤੀ ਸਾਧਨਾਂ ਨੂੰ ਕੱਟ ਵੱਢ ਕਰਨ ਦੀ ਖੁੱਲ੍ਹ ਦੇ ਦਿੱਤੀ ,

ਸੋ ਇਸ ਦਾ ਨਤੀਜਾ ਬੇਕਾਬੂ ਜੰਗਲੀ ਅੱਗਾਂ ਦੇ ਰੂਪ ਵਿੱਚ ਸਾਹਮਣੇ ਆ ਰਿਹਾ ..!

ਸੋ ਦੋਸਤੋ ਵਕਤ ਦੀ ਮੰਗ ਐ ਇਸ ਹੱਥਲੀ ਜਾਣਕਾਰੀ ਤੋ ਮਹਿਰੂਮ ਦੁਨੀਆ ਭਰ ਦੇ ਬਹੁਗਿਣਤੀ ਲੋਕਾਂ ਨੂੰ ਇਸ ਵਡਮੁੱਲੇ ਆਕਸੀਜਨ ਅਤੇ ਹੋਰ ਕੁਦਰਤੀ ਸਾਧਨ ਪ੍ਰਦਾਨ ਕਰਨ ਵਾਲੇ ਖਿੱਤੇ ਦੇ ਹੱਕ ਵਿੱਚ ਜਾਗਰੂਕ ਕਰਨ ਦੀ।

ਅਤੇ ਉਥੋਂ ਦੇ ਮੂਲਨਿਵਾਸੀ ਵੀ ਇਸ ਵਕਤ ਦੁਨੀਆ ਭਰ ਤੋ ਤਵੱਕੋਂ ਦੀ ਆਸ ਰੱਖਦੇ ਹਨ। ਕਿਉਂਕਿ ਸਮਾਜ ਦਾ ਇਕ ਅਮੁੱਲ ਹਿੱਸਾ ਉਹ ਮੂਲ ਨਿਵਾਸੀ ਲੋਕ ਵੀ ਹੋਰ ਸੈਆਂ ਵਾਂਗ ਖਤਰੇ ਦੀ ਕਗਾਰ ਤੇ ਪੁੱਜ ਗਏ ਹਨ.!

ਪਰ ਹੁਣ ਤੱਕ ਸਿਰਫ ਕੁਝ ਇਕ ਸੈਲੀਬਰਿਟੀਜ , ਅਤੇ ਚੀਦਾ ਚੀਦਾ ਐਨ.ਜੀ.ਓ. ਨੇ ਹੀ ਇਹ ਮੁੱਦਾ ਚੁੱਕਣ ਦੀ ਕੋਸ਼ਿਸ਼ ਕੀਤੀ ਐ..

ਚਲੋ ਰਲ ਮਿਲ ਕੇ ਇਕ ਹਾਅ ਦਾ ਨਾਅਰਾ ਮਾਰੀਏ ਤਾਂ ਜੋ ਇਸ ਗ੍ਰਹਿ ਦੇ ਭਲੇ ਲਈ ਤੁਰੇ ਕਦਮਾਂ ਵਿੱਚ ਕਿਤੇ ਇੱਕ ਪੈੜ ਸਾਡੀ ਵੀ ਹੋਵੇ ..!

ਸਾਇਦ ਦੁਨੀਆ ਭਰ ਦੇ ਅਖੌਤੀ ਜਾਗਰੂਕ ਪਰ ਵਿਕਾਊ ਮੀਡੀਆ ਨੂੰ ਕੁਝ ਤਰਸ ਆ ਜਾਵੇ ..ਉਹਨਾਂ ਸੜ ਰਹੇ , ਰੁੱਖਾਂ , ਜਾਨਵਰਾਂ ਅਤੇ ਸਭ ਤੋ ਵੱਧ ਉੱਥੇ ਦੇ ਮੂਲ ਲੋਕਾਂ ਉੱਪਰ ..।

ਜਿਉਂਦੇ ਵਸਦੇ ਰਹੋ .. ਨਾਲ ਹੀ ਆਵਦੇ ਆਸ ਪਾਸ ਘੱਟੋ ਘੱਟ ਕਿਸੇ ਇਕ ਬੰਦੇ ਨੂੰ ਜਰੂਰ ਇਸ ਫੈਲ ਰਹੀ ਅੱਗ (ਮਹਾਂਮਾਰੀ)ਵਾਰੇ ਜਾਣਕਾਰੀ ਦੇਣ ਦੀ ਕੋਸ਼ਿਸ਼ ਕਰੋ ।

## ਕੁਦਰਤ ਦੀ ਆਵਾਜ਼



ਇੱਕ ਅੱਖੀਂ ਵੇਖਿਆ ਮੰਜ਼ਰ ,ਵਿੱਚ ਮੰਜ਼ਰ ਦੇ ਕਾਇਨਾਤ
ਕਾਇਨਾਤ ਵਿਚ ਵਸਦਾ ਖ਼ੁਦਾ ,ਖ਼ੁਦਾ ਵਿੱਚ ਦੀਦਾਰ ਏ ਆਕਾਰ
ਕੀ ਹੋਇਆ ਅੱਜ ਹਵਾ ਦਾ , ਬੰਨ੍ਹ ਮਾਸਕ ਤੁਰਦੀ ਦੁਨੀਆਂ ।
ਨਾ ਆਵੇ ਸਮਝ ਕਿਸੇ ਨੂੰ ,ਅੱਜ ਬਣਿਆ ਕੀ ਸੰਸਾਰ ।
ਕਿਉਂ ਦੇਈਏ ਦੋਸ਼ ਖ਼ੁਦਾ ਨੂੰ ,ਜਿਸ ਨੇ ਸਿਰਜਿਆ ਏ ਘਰ ਬਾਰ ।
ਕਿਤੇ ਬੈਠੋ ਸੋਚ ਵਿਚਾਰਨ ਦੇ ਲਈ , ਖ਼ੁਦ ਕੀਤੀ ਗੰਧਲੀ ਇਹ ਕਾਇਨਾਤ ।
ਕਿਉਂ ਲਾਈਏ ਦੋਸ਼ ਕਿਸੇ ਤੇ , ਅਸੀਂ ਬਰਾਬਰ ਹਾਂ ਹੱਕਦਾਰ ।
ਬੈਠੀ 'ਸਰਬ' ਸੋਚ ਏ ਲਾਈ , ਕੀ ਬਣੂੰਗਾ ਕੱਲ ਦਾ ਇਹ ਸੰਸਾਰ ।
ਅਰਜ਼ ਗੁਜ਼ਾਰਾਂ ਕੁਦਰਤ ਨੂੰ , ਤੂੰ ਆਪੇ ਕਰ ਇਨਸਾਫ ।
ਨਾ ਸਮਝਣ ਲੋਕ ਕਿਸੇ ਦੀ , ਵਿਚ ਸੋਚੀਂ ਪਿਆ ਏ ਸੱਚ ਕਰਤਾਰ ।
ਕਿੱਥੋਂ ਆਣ ਮੇਲਾ ਵੇ ਸੱਚ ਨੂੰ , ਤਾਂ ਹੋ ਜਾਵੇ ਵਾਰੋ ਵਾਰ ।
ਅੱਜ ਫਿਰ ਆਵਾਜ਼ ਮਾਰੀ ਏ ਕੁਦਰਤ ਨੇ ,ਭਲਿਆ ਕਰ ਸੋਚ ਵਿਚਾਰ ।

**ਸਰਬਜੀਤ ਕੌਰ ਸਰਬ**

# ਕਰੋਨਾ ਵਾਇਰਸ ਦਾ ਕਹਿਰ ਬਨਾਮ ਸਾਡਾ ਸਮਾਜ

**ਡਾ. ਗੁਰਬਖ਼ਸ਼ ਸਿੰਘ ਭੰਡਾਲ**

ਕਰੋਨਾ ਵਾਇਰਸ ਦੇ ਕਹਿਰ ਨੇ ਸਾਰੀ ਦੁਨੀਆਂ ਨੂੰ ਆਪਣੀ ਲਪੇਟ ਵਿਚ ਲੈ ਲਿਆ ਹੈ। ਹਰ ਦੇਸ਼ ਆਪਣੇ ਸਾਧਨਾਂ ਅਤੇ ਸਮਰੱਥਾ ਅਨੁਸਾਰ ਇਸ ਦਾ ਸਾਹਮਣਾ ਕਰ ਰਿਹਾ ਹੈ ਤਾਂ ਕਿ ਆਪਣੇ ਨਾਗਰਕਿਾਂ ਨੂੰ ਸਿਹਤਮੰਦ ਰੱਖਿਆ ਜਾ ਸਕੇ। ਇਤਹਿਆਤ ਵਰਤਣ ਦੀਆਂ ਨਸੀਹਤਾਂ ਦਿੱਤੀਆਂ ਜਾ ਰਹੀਆਂ ਹਨ। ਸੰਸਾਰ ਦੀ ਅਰਥ-ਵਿਵਸਥਾ ਡਾਵਾਂ ਡੋਲ ਹੋ ਗਈ ਹੈ। ਇਕ ਪਿੰਡ ਬਣੀ ਦੁਨੀਆਂ ਫਿਰ ਆਪੋ-ਆਪਣਿਆਂ ਦਾਇਰਿਆਂ ਵਿਚ ਸੀਮਤ ਹੋ ਗਈ ਹੈ। ਅੰਤਰ-ਰਾਸ਼ਟਰੀ ਸਰਹੱਦਾਂ ਬੰਦ, ਹਵਾਈ ਉਡਾਣਾਂ ਬੰਦ ਹਨ। ਸਮੁੱਚੀ ਆਵਾਜਾਈ ਬੰਦ ਹੋਣ ਨਾਲ ਲੋਕ ਆਪੋ-ਆਪਣੇ ਘਰਾਂ ਵਿਚ ਰਹਿਣ ਲਈ ਮਜ਼ਬੂਰ। ਵਿਦਿਅਕ ਅਦਾਰੇ, ਖੇਡ ਮੈਦਾਨ, ਮਨੋਰੰਜਨ ਦੇ ਕੇਂਦਰ, ਵਪਾਰਕ ਅਦਾਰੇ ਜਾਂ ਹੋਟਲ/ਰੈਸਟੋਰੈਂਟ ਬੰਦ ਹੋ ਗਏ ਨੇ ਅਤੇ ਸਿਮਟ ਗਈ ਹੈ ਮਨੁੱਖੀ ਭਟਕਣਾ।

ਕਰੋਨਾ ਵਾਇਰਸ ਦੇ ਹੋਣ ਵਾਲੇ ਪ੍ਰਭਾਵਾਂ ਬਾਰੇ ਕਿਆਸ ਵੀ ਨਹੀਂ ਕੀਤਾ ਜਾ ਸਕਦਾ ਕਿ ਸਮੁੱਚੀ ਦੁਨੀਆਂ ਹੀ ਰੁੱਕ ਜਾਵੇਗੀ, ਸਿਸਟਮ ਸਥਿਲ ਹੋ ਜਾਵੇਗਾ। ਸਮੁੱਚੀ ਦੁਨੀਆਂ ਘਰਾਂ ਵਿਚ ਬੰਦ। ਲੋਕ ਬਿਮਾਰ ਹੋ ਰਹੇ ਨੇ। ਕੁਝ ਇਕਾਂਤਵਾਸ ਵਿਚ ਰਹਿਣ ਲਈ ਮਜ਼ਬੂਰ। ਜ਼ਿਆਦਾ ਗੰਭੀਰ ਮਰੀਜ਼ ਹਸਪਤਾਲਾਂ ਵਿਚ ਵੱਖਰੇ ਰੱਖੇ ਜਾ ਰਹੇ ਨੇ।

ਪਰ ਕਰੋਨਾ ਵਾਇਰਸ ਨੇ ਮਨੁੱਖ ਨੂੰ ਇਹ ਵੀ ਸਮਝਾ ਦਿਤਾ ਕਿ ਮਨੁੱਖ ਕਿੰਨਾ ਵੀ ਵੱਡਾ ਹੋ ਜਾਵੇ, ਕੁਦਰਤੀ ਭਿਆਨਤਾ ਸਾਹਵੇਂ ਬਹੁਤ ਹੀ ਨਿਗੂਣਾ ਏ। ਇਸ ਕੁਦਰਤੀ ਮਹਾਂਮਾਰੀ ਨੇ ਐਟਮੀ ਤੇ ਬਾਇਓਲੋਜੀਕਲ ਯੁੱਧ ਦੀ ਤਿਆਰੀ ਵਿਚ ਰੁੱਝਿਆਂ ਦੇਸ਼ਾਂ ਨੂੰ ਵੀ ਇਹ ਦਰਸਾ ਦਿੱਤਾ ਕਿ ਅਜੇਹੇ ਹਥਿਆਰਾਂ ਨਾਲ ਲੜੀ ਜਾਣ ਵਾਲੀ ਭਵਿੱਖੀ ਜੰਗ ਦੌਰਾਨ ਮਨੁੱਖਤਾ ਦਾ ਕੀ ਹਾਸ਼ਰ ਹੋਵੇਗਾ?

ਕਰੋਨਾ ਦੇ ਕਹਿਰ ਕਾਰਨ ਸੜਕਾਂ ਸੁੰਨਸਾਨ ਹਨ। ਸੜਕਾਂ ਨੂੰ ਆਰਾਮ ਮਿਲੇਗਾ, ਕੁਝ ਰਾਹਤ ਜ਼ਰੂਰ ਮਹਿਸੂਸ ਕਰਨਗੀਆਂ। ਹਵਾ ਦੇ ਪ੍ਰਦੂਸ਼ਣ ਕਾਰਨ ਅਸਮਾਨ ਕਦੇ ਵੀ ਨੀਲਾ ਦਿਖਾਈ ਨਹੀਂ ਸੀ ਦਿੰਦਾ। ਹੁਣ ਪਲੀਤਪੁਣੇ ਦੇ ਘਟਣ ਨਾਲ ਅੰਬਰ ਅਤੇ ਇਸਦੇ ਵਿਹੜੇ ਵਿਚ ਜਗਦੇ ਤਾਰਿਆਂ ਨੂੰ ਮਿਲਣ ਅਤੇ ਇਨਾਂ ਨਾਲ ਸੰਵਾਦ ਰਚਾਉਣ ਦੀ ਤਮੰਨਾ, ਮਨੁੱਖੀ ਮਨ ਵਿਚ ਜ਼ਰੂਰ ਪੈਦਾ ਹੋਵੇਗੀ। ਮਨੁੱਖ ਨੂੰ ਸ਼ਾਇਦ ਪਤਾ ਲੱਗੇ ਕਿ ਅੰਬਰ ਦੀ ਸੁੰਦਰਤਾ ਨੂੰ ਨਿਹਾਰਨ ਅਤੇ ਇਸ ਨੂੰ ਅੰਤਰੀਵ ਵਿਚ ਵਸਾਉਣ ਤੋਂ ਕਿੰਨੇ ਦੂਰ ਚਲੇ ਗਏ ਸਾਂ?

ਦੁਨੀਆਂ ਦੇ ਭੀੜ-ਭੜੱਕੇ ਤੇ ਸ਼ੋਰ-ਗੁੱਲ ਵਿਚ ਗਵਾਚ ਗਿਆ ਚਿੜੀਆਂ ਦਾ ਚਹਿਕਣਾ, ਪਰਿੰਦਿਆਂ ਦੇ ਬੋਲ, ਪੱਤਿਆਂ ਦੀ ਸੰਗੀਤਕਤਾ ਅਤੇ ਹਵਾ ਦੀ ਰੁੰਮਕਣੀ ਨੂੰ ਮਨੁੱਖ ਹੁਣ ਜ਼ਰੂਰ ਸੁਣਦਾ ਹੋਵੇਗਾ ਜਿਨਾਂ ਦੀ ਮਧੁਰਤਾ ਤੋਂ ਮਹਿਰੂਮ ਹੋਇਆ ਬੰਦਾ, ਖੁਦ ਤੋਂ ਹੀ ਬੇਮੁੱਖੀ ਦੀ ਜੂਨ ਹੰਢਾ ਰਿਹਾ ਸੀ। ਆਦਮੀ ਨੂੰ ਜ਼ਰੂਰ ਸੁਣਦਾ ਹੋਵੇਗਾ ਮਨ ਵਿਚੋਂ ਉਠੀਆਂ ਭਾਵ-ਤਰੰਗਾਂ ਦਾ ਗੁਣਗਾਣ ਅਤੇ ਸਕੂਨਤਾ ਦਾ ਅਭਾਵ।

ਘਰ ਨੂੰ ਸਿਰਫ਼ ਰੈਣ-ਬਸੇਰਾ ਸਮਝਣ ਵਾਲੇ ਮਨੁੱਖ ਨੂੰ ਘਰ ਵਿਚ ਰਹਿੰਦਿਆਂ, ਘਰ ਦੀਆਂ ਕੰਧਾਂ 'ਚ ਸਿਮਟੀ ਖਾਮੋਸ਼ੀ ਦੇ ਮੁਖਾਤਬ ਹੋਣਾ ਪੈਂਦਾ ਹੋਵੇਗਾ। ਉਹ ਮਕਾਨ ਨੂੰ ਘਰ ਸਮਝ, ਇਸਦੇ ਨਿੱਘੜੇ ਅਹਿਸਾਸਾਂ ਨਾਲ ਲਬਰੇਜ਼ ਹੋਇਆ, ਸੁੱਖਨਤਾ ਨੂੰ ਮਾਣ ਕੇ ਸ਼ਰਸ਼ਾਰ ਹੁੰਦਾ ਹੋਵੇਗਾ। ਉਹ ਬੀਤੇ ਵਕਤ ਨੂੰ ਜਰੂਰ ਕੋਸਦਾ ਹੋਵੇਗਾ ਜਦ ਉਹ ਖੁਦ ਤੋਂ ਹੀ ਬਹੁਤ ਦੂਰ ਜਾ ਚੁੱਕਿਆ ਸੀ। ਸ਼ਾਇਦ ਉਸਨੂੰ ਪਤਾ ਲੱਗ ਜਾਵੇ ਕਿ ਉਸਦੇ ਬੱਚੇ ਕਿਹੜੇ ਸਕੂਲ ਅਤੇ ਕਿਸ ਕਲਾਸ ਵਿਚ ਪੜਦੇ ਨੇ? ਬੱਚਿਆਂ ਨੂੰ ਆਪਣੇ ਮਾਪਿਆਂ ਨੂੰ ਮਿਲਣ ਅਤੇ ਉਨਾਂ ਨਾਲ ਪਿਆਰ ਕਰਨ ਤੇ ਅਪਣੱਤ ਭਰੇ ਪਲਾਂ ਨੂੰ ਜਿਊਣ ਦਾ ਮੌਕਾ ਜ਼ਰੂਰ ਮਿਲੇਗਾ। ਦੁਨੀਆਂ ਦੀ ਭੱਜ-ਦੌੜ ਵਿਚ ਗਵਾਚ ਗਿਆ ਮਨੁੱਖ ਅਜਿਹੀ ਮਹਾਂਮਾਰੀ ਦੇ ਸਮੇਂ ਹੀ ਆਪਣੇ ਆਪ ਦੇ ਸਭ ਤੋਂ ਕਰੀਬ ਹੁੰਦਾ ਕਿਉਂਕਿ ਉਸਨੂੰ ਆਪਣੇ ਬਾਰੇ ਸੋਚਣ ਅਤੇ ਖੁਦ ਦਾ ਮੁਲਾਂਕਣ ਕਰਨ ਦਾ ਮੌਕਾ ਜੋ ਮਿਲਦਾ।

ਕਰੋਨਾ ਕਾਰਨ ਆਲੇ-ਦੁਆਲੇ ਸੁੰਨ ਹੈ। ਮਨੁੱਖ ਇਕਾਂਤਵਾਸ ਵਿਚ ਹੈ। ਪਰ ਇਹ ਇਕੱਲਤਾ ਨਹੀਂ ਕਿਉਂਕਿ ਇਕੱਲਤਾ ਹੰਢਾਉਣਾ ਮਜ਼ਬੂਰੀ ਹੁੰਦੀ ਹੈ। ਇਹ ਇਕਾਂਤਵਾਸ ਹਾਲਾਤ ਦੀ ਮਜ਼ਬੂਰੀ ਕਾਰਨ ਹੈ, ਬੰਦੇ ਦੀ ਮਜ਼ਬੂਰੀ ਨਹੀਂ। ਇਕਾਂਤਵਾਸ ਨੂੰ ਇਕਾਗਰਤਾ ਅਤੇ ਆਤਮਿਕ ਵਿਕਾਸ ਲਈ ਵਰਤ ਕੇ ਮਨੁੱਖ ਇਸ ਮੌਕੇ ਦੀ ਨਜ਼ਾਕਤ ਨੂੰ ਆਪਣਾ ਹਾਸਲ ਬਣਾ ਸਕਦਾ ਹੈ। ਇਸ ਇਕਾਂਤਵਾਸ ਦੌਰਾਨ ਕਿਤਾਬਾਂ ਨਾਲ ਦੋਸਤੀ ਪਾਓ। ਸੋਹਣੀ ਜ਼ਿੰਦਗੀ ਦੀਆਂ ਤਰਕੀਬਾਂ ਨੂੰ ਜੀਵਨ-ਜਾਚ ਬਣਾਓ। ਮਨ ਵਿਚ ਦੱਬੀਆਂ ਕਲਾਵਾਂ ਨੂੰ ਮੁੜ ਤੋਂ ਜਗਾਉਣ ਦਾ ਇਹ ਹੈ ਸੁੰਦਰ ਮੌਕਾ ਹੈ ਜਦ ਮਨੁੱਖ ਕੋਲ ਸਮਾਂ ਹੀ ਸਮਾਂ ਹੈ। ਖ਼ੈਰ-ਸੁੱਖ ਪੁੱਛਣ ਦੇ ਬਹਾਨੇ, ਰੁੱਸ ਗਏ ਮਿੱਤਰਾਂ ਨੂੰ ਫ਼ੋਨ ਕਰੋ। ਪੁਰਾਣੀਆਂ ਸਾਝਾਂ ਨੂੰ ਪੁਨਰ-ਸੰਜੀਵ ਕਰੋ।

ਕਰੋਨਾ ਨਾਲ ਲੋਕ ਤਾਂ ਮਰ ਰਹੇ ਨੇ ਪਰ ਪੁਨਰ-ਸੰਜੀਵ ਹੋ ਰਿਹਾ ਹੈ ਭਰਾਤਰੀ ਭਾਵ, ਆਪਸੀ ਮਿਲਵਰਤਣ, ਪੀੜਤ ਦੀ ਸਾਰ ਲੈਣ ਦੀ ਕਾਹਲ, ਲੋੜਵੰਦਾਂ ਦੀ ਮਦਦ ਕਰਨ ਦੀ ਤਮੰਨਾ, ਸਰਬੱਤ ਦੇ ਭਲੇ ਦੀ ਲੋਚਾ, ਵੰਡ ਕੇ ਛੱਕਣ ਵਾਲਾ ਵਰਤਾਰਾ ਅਤੇ ਆਪਣੀ ਸਿਹਤਯਾਬੀ ਵਿਚੋਂ ਕਿਸੇ ਰੋਗੀ ਦੀ ਤੰਦਰੁਸਤੀ ਨੂੰ ਕਿਆਸਣ ਦਾ ਹੁੱਨਰ। ਦੁੱਖ ਤਾਂ ਵੱਧ ਰਹੇ ਨੇ ਪਰ ਸੁੱਖਾਂ ਮੰਗਣ ਵਾਲਿਆਂ ਦੀ ਗਿਣਤੀ ਜ਼ਿਆਦਾ ਵੱਧ ਰਹੀ ਹੈ। ਖਾਣ ਪੀਣ ਦੀਆਂ ਵਸਤਾਂ ਖਰੀਦੋ ਪਰ ਖਰੀਦ ਵਿਚ ਲਾਲਚ ਨਾ ਹੋਵੇ।

ਇਸ ਮਹਾਂਮਾਰੀ ਨੇ ਇਹ ਵੀ ਦਰਸਾ ਦਿੱਤਾ ਕਿ ਜ਼ਿਆਦਾਤਰ ਵਪਾਰੀ ਲੋਕ ਆਪਣੇ ਮੁਨਾਫ਼ੇ ਤੀਕ ਹੀ ਸੀਮਤ ਹੁੰਦੇ। ਉਨਾਂ ਦਾ ਲੋਭ ਇਸ ਹੱਦ ਤੱਕ ਗਰਕ ਜਾਂਦਾ ਕਿ ਉਹ ਸੰਕਟ ਦੇ ਸਮੇਂ ਵਿਚ ਲੋੜ ਦੀਆਂ ਵਸਤਾਂ ਦੀ ਮਨਸੂਈ ਘਾਟ ਪੈਦਾ ਕਰਕੇ, ਦੁੱਗਣੇ/ਤਿੱਗਣੇ ਭਾਅ 'ਤੇ ਵਸਤਾਂ ਵੇਚਦੇ। ਸ਼ਾਇਦ ਉਹ ਭੁੱਲ ਜਾਂਦੇ ਨੇ ਕਿ ਜਦ ਅਜਿਹੀ ਮਹਾਂਮਾਰੀ ਸਾਹਮਣੇ ਵਿਸ਼ਵ ਹੀ ਨਿਤਾਣਾ ਅਤੇ ਨਿਰਬਲ ਮਹਿਸੂਸ ਕਰੇ ਤਾਂ ਇਨਾਂ ਦੇ ਦੌਲਤ-ਅੰਬਾਰ, ਉਨਾਂ ਨੂੰ ਸੰਕਟ-ਕਾਲੀਨ ਵਕਤ ਤੋਂ ਕਿਵੇਂ ਬਚਾਉਣਗੇ? ਹਰ ਵਿਅਕਤੀ ਦਾ ਮਰਨਾ ਨਿਸ਼ਚਿਤ ਹੈ। ਮੌਤ ਤੋਂ ਬਾਅਦ ਵਿਅਕਤੀ ਨੂੰ ਜੀਵਨ ਵਿਚ ਕਮਾਈ ਹੋਈ ਭਲਾਈ ਅਤੇ ਚੰਗਿਆਈ ਕਾਰਨ ਯਾਦ ਕੀਤਾ ਜਾਂਦਾ ਹੈ। ਲੋਭੀ ਅਤੇ ਕਮੀਨੇ ਲੋਕ ਬਹੁਤ ਜਲਦੀ ਲੋਕ-ਚੇਤਿਆਂ ਵਿਚੋਂ ਵਿਸਰ ਜਾਂਦੇ ਨੇ।

ਇਸ ਨਾਜ਼ਕ ਮੌਕੇ ਵਿਚ ਇਹ ਵੀ ਸਪੱਸ਼ਟ ਹੋ ਗਿਆ ਕਿ ਲੱਖਾਂ-ਕਰੋੜਾਂ ਕਮਾਉਣ ਵਾਲੇ ਜ਼ਿਆਦਾਤਰ ਫ਼ਿਲਮੀ ਕਲਾਕਾਰਾਂ, ਗਾਇਕਾਂ, ਖਿਡਾਰੀਆਂ, ਰਾਜਨੇਤਾਵਾਂ, ਦੌਲਤਮੰਦਾਂ ਅਤੇ ਵਪਾਰਕ ਘਰਾਣਿਆਂ 'ਤੇ ਕਾਬਜ਼ ਲੋਕਾਂ ਵਿਚ ਮਾਨਵਤਾ ਦਾ ਦਰਦ ਬਿਲਕੁਲ ਹੀ ਨਹੀਂ। ਉਹਨਾਂ ਦੀ ਆਤਮਾ ਮਰ ਚੁੱਕੀ ਹੈ ਅਤੇ ਉਹ ਕਦੇ ਵੀ ਦੁਖੀ ਮਨੁੱਖਤਾ ਦਾ ਦਰਦ ਵੰਡਾਉਣ ਵਿਚ ਪਹਿਲ ਨਹੀਂ ਕਰਦੇ। ਉਹ ਸਿਰਫ਼ ਨਿੱਜ ਤੱਕ ਸੀਮਤ। ਆਪਣੀਆਂ ਸਲਤਨਤਾਂ ਨੂੰ ਉਸਾਰਨ ਤੱਕ ਹੀ ਹਨ ਉਨਾਂ ਦੀ ਸੋਚ ਦੇ ਦਿਸਹੱਦੇ। ਆਪਣੇ ਤੋਂ ਇਲਾਵਾ ਕੁਝ ਵੀ ਨਜ਼ਰ ਨਹੀਂ ਆਉਂਦਾ। ਵੱਡੇ ਡੇਰੇਦਾਰ ਅਤੇ ਧਾਰਮਿਕ ਸਥਾਨਾਂ 'ਤੇ ਕਾਬਜ਼ ਲੋਕ ਵੀ ਲੋਕ-ਚੜਾਵੇ ਦੇ ਖਜ਼ਾਨੇ ਵਿਚੋਂ ਵਖਤਾਂ ਮਾਰੇ ਸ਼ਰਧਾਲੂਆਂ ਲਈ ਕੁਝ ਵੀ ਕਰਨ ਤੋਂ ਖੱਚਰੀ ਖਾਮੋਸ਼ੀ ਧਾਰੀ ਬੈਠੇ ਨੇ। ਕੀ ਕੋਠੀਆਂ ਵਾਲਿਆਂ ਨੇ ਕਦੇ ਝੁੱਗੀਆਂ ਵਿਚ ਰਹਿੰਦੇ ਲੋਕਾਂ ਦੀ ਅਜਿਹੇ ਸਮੇਂ 'ਚ ਸਾਰ ਲਈ ਹੈ? ਕੀ ਡੇਰਿਆਂ ਅਤੇ ਧਾਰਮਿਕ ਸੰਸਥਾਵਾਂ ਨੇ ਪੀੜਤ ਲੋਕਾਂ ਲਈ ਦਰ ਖੋਲੇ ਨੇ ਤਾਂ ਕਿ ਇਸ ਸਮੇਂ ਉਨਾਂ ਨੂੰ ਠਾਹਰ ਅਤੇ ਖਾਣ ਲਈ ਕੁਝ ਮਿਲ ਸਕੇ? ਲੋਕਾਂ ਨੂੰ ਹੁਣ ਸੋਝੀ ਆ ਜਾਵੇਗੀ ਕਿ ਇਹ ਸਟਾਰ, ਗਾਇਕ, ਰਾਜਨੇਤਾ ਜਾਂ ਬਾਬੇ ਸਿਰਫ਼ ਆਮ ਲੋਕਾਈ ਨੂੰ ਭਰਮਾ ਕੇ, ਉਨਾਂ ਦੀ ਕਮਾਈ ਨੂੰ ਹੜੱਪਣ ਤੱਕ ਹੀ ਸੀਮਤ ਹਨ। ਉਹ ਭੋਲੇ ਭਾਲੇ ਲੋਕਾਂ ਦੀ ਮਾਨਸਿਕਤਾ ਨੂੰ ਵਰਗਲਾ ਕੇ ਨਿੱਜੀ ਮੁਫ਼ਾਦ ਦੀ ਹੀ ਪੂਰਤੀ ਕਰਦੇ ਹਨ।

ਇਨਾਂ ਹਾਲਾਤਾਂ ਵਿਚ ਸਭ ਤੋਂ ਵਧੀਆ ਇਹ ਹੋਇਆ ਕਿ ਮਨੁੱਖ ਆਪਣੇ ਵੱਲ ਮੁੜਿਆ ਹੈ। ਅੰਦਰ ਨੂੰ ਪਰਤਣਾ ਅਤੇ ਖੁਦ ਦੀ ਜਾਮਾ-ਤਲਾਸ਼ੀ ਕਰਨੀ ਬਹੁਤ ਅਹਿਮ ਹੁੰਦੀ। ਇਸ ਵਿਚੋਂ ਹੀ ਇਕ ਨਵੇਂ ਮਨੁੱਖ ਦਾ ਜਨਮ ਹੁੰਦਾ। ਮਨੁੱਖ ਜੋ ਇਨਸਾਨੀਅਤ ਦਾ ਮੁਹਾਂਦਰਾ ਬਣਨ ਵੱਲ ਅਹੁਲਦਾ ਐ। ਕਰੋਨਾ ਵਾਇਰਸ ਨੇ ਇਹ ਵੀ ਦਰਸਾ ਦਿਤਾ ਕਿ ਸ਼ੋਰਗੁੱਲ ਤੋਂ ਅੱਕਿਆਂ ਲਈ ਚੁੱਪ ਕਿੰਨੀ ਜ਼ਰੂਰੀ ਹੁੰਦੀ ਹੈ। ਸਮੁੱਚੀ ਕਾਇਨਾਤ ਨੂੰ ਨਿਹਾਰਨਾ ਅਤੇ ਇਸਦੀ ਅਸੀਮਤਾ ਵਿਚੋਂ ਆਪਣੀ ਔਕਾਤ ਨੂੰ ਪਰਿਭਾਸ਼ਤ ਕਰਨਾ ਬਹੁਤ ਅਹਿਮ ਹੁੰਦਾ। ਬੰਦੇ ਨੂੰ ਪਤਾ ਲੱਗਦਾ ਕਿ ਪਰਿਵਾਰ ਕੀ ਏ? ਆਂਢ-ਗੁਆਂਢ ਵਿਚ ਕਿਹੜੇ ਲੋਕ ਵੱਸਦੇ ਨੇ? ਸਮਾਜਿਕ ਸਬੰਧਾਂ ਦੀ ਕੀ ਮਹੱਤਤਾ ਹੈ? ਗਵਾਂਢੀਆਂ ਨਾਲ ਬੋਲ-ਸਾਂਝ ਦੇ ਕੀ ਅਰਥ ਨੇ? ਚੌਗਿਰਦੇ ਵਿਚ ਕੀ ਵਾਪਰ ਰਿਹਾ ਏ? ਕੌਣ ਨੇ ਉਹ ਲੋਕ ਜਿਹੜੇ ਮੇਰੇ ਕੋਲ ਰਹਿੰਦੇ ਹੋਵੇ ਵੀ ਮੇਰੇ ਤੋਂ ਬਹੁਤ ਦੂਰ ਸਨ?

ਬਾਕੀ ਸਫ਼ਾ 30 'ਤੇ



jus
HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE
THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish
sling
TELEVISION
CALL TO ADVERTISE + 1-718-752-9293 | CALL TO SUBSCRIBE +1-800-246-6242
www.jusbroadcasting.com

# ਖੱਬੇਪੱਖੀ ਸਿਆਸਤ ਦਾ ਸੰਕਟ ਬੰਗਾਲ ਵਿਚ ਮੋਦੀਵਾਦ ਦਾ ਉਭਾਰ

## ✪ ਦੇਸ਼ ਨੇ ਅੱਜ ਤੱਕ ਏਨਾ ਵੱਡਾ ਝੂਠਾ ਪ੍ਰਧਾਨ ਮੰਤਰੀ ਨਹੀਂ ਦੇਖਿਆ : ਮਮਤਾ ਬੈਨਰਜੀ

## ✪ ਮਮਤਾ ਨੇ 10 ਸਾਲਾਂ ਵਿਚ ਲੋਕਤੰਤਰ ਨੂੰ ਲੁੱਟਤੰਤਰ 'ਚ ਬਦਲਿਆ-ਮੋਦੀ

**ਪ੍ਰੋਫੈਸਰ ਬਲਵਿੰਦਰ ਪਾਲ ਸਿੰਘ**



ਪਿਛਲੇ ਇਕ ਦਹਾਕੇ ਤੋਂ ਖੱਬੇਪੱਖੀ ਸਿਆਸਤ ਦਾ ਸੂਰਜ ਪੱਛਮ ਵੱਲ ਡੁਬਦਾ ਜਾ ਰਿਹਾ ਹੈ। ਜਦੋਂ ਤੋਂ ਹਰਕਿਸ਼ਨ ਸਿੰਘ ਸੁਰਜੀਤ, ਜੋਤੀ ਬਾਸੂ ਅਤੇ ਏ ਬੀ ਵਰਦਾਨ ਵਰਗੇ ਲੋਕ ਚਲ ਵਸੇ ਹਨ ਉਦੋਂ ਤੋਂ ਨਾ ਤਾਂ ਮਾਰਕਸਵਾਦੀ ਕਮਿਊਨਿਸਟ ਪਾਰਟੀ ਆਫ਼ ਇੰਡੀਆ (ਸੀ ਪੀ ਆਈ ਐਮ) ਅਤੇ ਨਾ ਹੀ ਭਾਰਤੀ ਕਮਿਊਨਿਸਟ ਪਾਰਟੀ ਆਫ਼ ਇੰਡੀਆ (ਸੀ ਪੀ ਆਈ) ਨੂੰ ਕੋਈ ਸੰਭਾਲ ਸਕਿਆ। ਵੈਸੇ ਵੀ, ਭਾਰਤ ਵਿਚ ਕਮਿਊਨਿਸਟ ਆਗੂ ਸਹੀ ਸਮੇਂ ਉਪਰ ਗਲਤ ਫੈਸਲੇ ਲੈਣ ਲਈ ਮਸ਼ਹੂਰ ਹਨ। ਪੰਜਾਬ ਸੰਤਾਪ ਦੌਰਾਨ ਇਨਾਂ ਦਾ ਸਿੱਖ ਪੰਥ ਤੇ ਪੰਜਾਬ ਹੱਕਾਂ ਪ੍ਰਤੀ ਟੀਹਰਾ ਨਜ਼ਰੀਆ ਰੱਖਣਾ ਇਨਾਂ ਦੀ ਵੱਡੀ ਗਲਤੀ ਸੀ। ਨਕਸਲਵਾਦੀ ਜਾਂ ਮਾਓਵਾਦੀ ਖੱਬੇਪੱਖੀ ਸ਼੍ਰੇਣੀ ਵਿੱਚ ਆਉਂਦੇ ਹਨ। ਉਹ ਕਈ ਵਾਰ ਹਥਿਆਰਬੰਦ ਇਨਕਲਾਬ ਦੀ ਗੱਲ ਕਰਦੇ ਹਨ ਅਤੇ ਕਈ ਵਾਰ ਉਹ ਲੋਕਤੰਤਰੀ ਪ੍ਰਣਾਲੀ ਦਾ ਹਿੱਸਾ ਬਣਨਾ ਚਾਹੁੰਦੇ ਹਨ। ਉਹ ਖੁਦ ਨਹੀਂ ਜਾਣਦੇ ਕਿ ਉਹ ਕੀ ਕਰਨਾ ਚਾਹੁੰਦੇ ਹਨ ਤੇ ਲੋਕਾਂ ਨੂੰ ਕਿਸ ਦਿਸ਼ਾ ਵਲ ਲਿਜਾਣਾ ਚਾਹੁੰਦੇ ਹਨ। ਜਿਨਾਂ ਕੋਲ ਮਾਰਗ ਸਪੱਸ਼ਟ ਨਹੀਂ, ਉਹ ਲੋਕਾਂ ਦੀ ਅਗਵਾਈ ਕਰਨ ਦੇ ਕਿਵੇਂ ਸਮਰਥ ਹੋ ਸਕਦੇ ਹਨ।

ਪੱਛਮੀ ਬੰਗਾਲ ਇਤਿਹਾਸਕ ਤੌਰ 'ਤੇ ਕਮਿਊਨਿਸਟ ਵਿਚਾਰਧਾਰਾ ਦਾ ਗੜ ਰਿਹਾ ਹੈ। 1977 ਤੋਂ 2011 ਤੱਕ, ਬੰਗਾਲ ਵਿਖੇ ਖੱਬੇ ਮੋਰਚੇ ਦਾ ਰਾਜ ਰਿਹਾ ਸੀ, ਪਰ ਹੁਣ ਅਜਿਹਾ ਲੱਗਦਾ ਹੈ ਕਿ ਸੀਪੀਆਈ.ਐਮ. ਆਪਣੇ ਕਾਡਰ ਨੂੰ ਪੂੰਜੀਵਾਦੀ ਪ੍ਰਬੰਧ ਦੀਆਂ ਕਮਜ਼ੋਰੀਆਂ ਤੋਂ ਬਚਾ ਨਹੀਂ ਸਕੀ । ਉਸ ਨੇ ਉਹੀ ਨੀਤੀਆਂ ਕਿਰਤੀਆਂ, ਕਿਸਾਨਾਂ ਵਿਰੁਧ ਅਪਣਾ ਲਈਆਂ ਜੋ ਭਾਜਪਾ ਤੇ ਕਾਂਗਰਸ ਦੀਆਂ ਸਨ। ਕਾਰਪੋਰੇਟਾਂ ਨਾਲ ਸਿਆਸੀ ਤੇ ਪੂੰਜੀਵਾਦੀ ਸਾਂਝ ਨੇ ਇਨਾਂ ਨੂੰ ਮੜੀਆਂ ਦੇ ਰਾਹੇ ਪਾ ਦਿੱਤਾ। ਇਸ ਵਿਚ ਕੋਈ ਸ਼ੱਕ ਨਹੀਂ ਕਿ ਜ਼ਮੀਨੀ ਸੁਧਾਰ ਖੱਬੇ ਪਾਸੇ ਦਾ ਸਭ ਤੋਂ ਵੱਡਾ ਕਦਮ ਸੀ। ਇਸ ਤੋਂ ਇਲਾਵਾ ਖੱਬੇਪੱਖੀ ਮੋਰਚੇ ਨੇ ਪੰਚਾਇਤੀ ਰਾਜ ਨੂੰ ਮਜ਼ਬੂਤ ਬਣਾਇਆ । ਇਸ ਦੇ ਨਾਲ ਹੀ ਜੋਤੀ ਬਾਸੂ ਤੇ ਪ੍ਰਮੋਦ ਦਾਸ ਗੁਪਤਾ, ਵਰਗੇ ਮਜਬੂਤ ਨੇਤਾ ਪਾਰਟੀ ਨੂੰ ਸੰਭਾਲਣ ਵਿਚ ਲੱਗੇ ਹੋਏ ਸਨ। ਪਾਰਟੀ ਨੂੰ ਨਵੀਆਂ ਉਚਾਈਆਂ 'ਤੇ ਲਿਆਉਣ ਲਈ ਜੋਤੀ ਬਾਸੂ ਨੇ ਮਹੱਤਵਪੂਰਨ ਯੋਗਦਾਨ ਪਾਇਆ। ਪਰ ਇਨਾਂ ਨੇ ਕਦੇ ਵੀ ਪਾਰਟੀ ਦੇ ਵਾਜੂਦ ਵੱਲ ਧਿਆਨ ਨਹੀਂ ਦਿੱਤਾ ਕਿ ਪਾਰਟੀ ਵਿਚ ਕੀ ਵਾਪਰ ਰਿਹਾ ਹੈ। ਨਤੀਜਾ ਇਹ ਹੋਇਆ ਕਿ ਪਿੰਡਾਂ ਵਿਚ ਉਹ ਨੇਤਾ ਲੋਕ ਖੱਬੇ-ਪੱਖੀ ਨੁਮਾਇੰਦੇ ਬਣ ਗਏ, ਜਿਨਾਂ ਦਾ ਕਿਰਦਾਰ ਪਿੰਡ ਦੇ ਲੋਕਾਂ ਤੇ ਕਿਰਤੀਆਂ ਨਾਲੋਂ ਕਿਤੇ ਵੱਖਰਾ ਸੀ । 2009 ਦੀਆਂ ਪੰਚਾਇਤੀ ਚੋਣਾਂ ਵਿਚ ਇਹ ਸਾਬਤ ਹੋ ਗਿਆ ਕਿ ਤ੍ਰਿਣਮੂਲ ਕਾਂਗਰਸ ਆਪਣੇ ਪੈਰ ਜਮਾ ਰਹੀ ਸੀ, ਪਰ ਸੀ.ਪੀ.ਆਈ. ਐਮ. ਲੀਡਰਸ਼ਿਪ ਨੇ ਇਸ ਵੱਲ ਧਿਆਨ ਵੀ ਨਹੀਂ ਦਿੱਤਾ । ਇਸ ਦੇ ਨਤੀਜੇ ਵਜੋਂ 2011 ਵਿਚ ਸਤਾ ਉਪਰ ਮਮਤਾ ਬੈਨਰਜੀ ਦਾ ਕਬਜਾ ਹੋ ਗਿਆ। ਇਸ ਤੋਂ ਬਾਅਦ ਲੋਕਾਂ ਨੇ ਗੁੱਸੇ ਵਿਚ ਆ ਕੇ ਸੀ.ਪੀ.ਆਈ. ਐਮ. ਦੇ ਦਫ਼ਤਰ ਫੂਕ ਦਿਤੇ ਗਏ। ਕਾਮਰੇਡ ਵਰਕਰਾਂ ਨੂੰ ਕੁੱਟਿਆ ਗਿਆ ਅਤੇ ਕੁਝ ਨੂੰ ਕਤਲ ਕਰ ਦਿੱਤਾ ਗਿਆ। ਚੋਣਾਂ ਵਿਚ ਹਾਰ ਜਿੱਤ ਹੁੰਦੀ ਰਹਿੰਦੀ ਹੈ, ਪਰ 35 ਸਾਲਾਂ ਤੋਂ ਸੱਤਾ ਵਿਚ ਰਹੀ ਪਾਰਟੀ ਇੰਝ ਬਿਖਰੇਗੀ ਇਹ ਆਪਣੇ ਆਪ ਵਿਚ ਇਤਿਹਾਸ ਹੈ।

ਅੱਜ ਬੰਗਾਲ ਦੀ ਸਥਿਤੀ ਇਹ ਹੈ ਕਿ ਖੱਬੇਪੱਖੀ ਲੀਡਰਸ਼ਿਪ ਉਪਰ ਦੋਸ਼ ਲਗੇ ਹਨ ਕਿ ਇਹਨਾਂ ਨੇ ਮਮਤਾ ਦੇ ਜ਼ੁਲਮਾਂ ਤੋਂ ਬਚਣ ਲਈ ਖੱਬੇਪੱਖੀ ਕਾਡਰ ਭਾਜਪਾ ਵਰਗੀ ਫਿਰਕੂ ਪਾਰਟੀ ਦੀ ਝੋਲੀ ਵਿਚ ਪਾ ਦਿਤਾ। ਅੱਜ ਖੱਬੇਪੱਖੀਆਂ ਦੀ ਗੈਰ ਉਸਾਰੂ ਤੇ ਲੋਕ ਵਿਰੋਧੀ ਰਾਜਨੀਤੀ ਕਾਰਨ ਭਾਜਪਾ ਦੀਆਂ ਜੜਾਂ ਬੰਗਾਲ ਵਿਚ ਲੱਗੀਆਂ ਹਨ। ਇਸੇ ਗੈਰ ਉਸਾਰੂ ਸਿਆਸਤ ਕਾਰਨ ਬੰਗਾਲ ਹੀ ਨਹੀਂ, ਬਿਹਾਰ, ਪੰਜਾਬ, ਆਂਧਰਾ ਪ੍ਰਦੇਸ਼, ਤਾਮਿਲਨਾਡੂ ਵਿਖੇ ਕਮਿਊਨਿਸਟ ਪਾਰਟੀਆਂ ਦਾ ਆਧਾਰ ਖੁਸ ਚੁਕਾ ਹੈ। ਪੰਜਾਬ ਵਰਗਾ ਇੱਕ ਅਜਿਹਾ ਸੂਬਾ ਜਿੱਥੇ 1972 ਵਿੱਚ ਕਮਿਊਨਿਸਟ ਪਾਰਟੀਆਂ ਦੇ 11 ਵਿਧਾਇਕ ਰਹੇ ਹਨ। ਇਨਾਂ ਵਿਚੋਂ 10 ਸੀ.ਪੀ. ਆਈ. ਅਤੇ ਇਕ ਸੀ.ਪੀ.ਆਈ. ਐਮ. ਦਾ ਸੀ। 1977 ਵਿਚ ਸੀ.ਪੀ.ਆਈ. ਐਮ. ਨੇ ਅੱਠ ਤੇ ਸੀ.ਪੀ.ਆਈ. ਨੂੰ ਸੱਤ ਸੀਟਾਂ ਜਿੱਤੀਆਂ। ਇਸ ਤਰਾਂ ਖੱਬੇਪੱਖੀ 15 ਵਿਧਾਇਕ ਸਨ। ਸੱਤਿਆਪਾਲ ਡਾਂਗ ਚੌਥੀ ਵਾਰ ਆਪਣੀ ਸੀਟ ਜਿੱਤ ਗਿਆ। 1980 ਵਿੱਚ ਸੀ.ਪੀ.ਆਈ. ਨੂੰ ਨੌ ਅਤੇ ਸੀ.ਪੀ. ਆਈ. ਐਮ. ਨੂੰ ਪੰਜ ਸੀਟਾਂ ਮਿਲੀਆਂ।

ਪੰਜਾਬ ਵਿਚ ਚੋਣਾਂ 1985 ਵਿਚ ਰਾਜੀਵ-ਲੌਂਗੋਵਾਲ ਸਮਝੌਤੇ ਤੋਂ ਬਾਅਦ ਹੋਈਆਂ ਤੇ ਕਮਿਊਨਿਸਟ ਪਾਰਟੀਆਂ ਉਪਰ ਇਸ ਦਾ ਡੂੰਘਾ ਪ੍ਰਭਾਵ ਪਿਆ। ਸੀ.ਪੀ.ਆਈ. ਸਿਰਫ਼ ਇੱਕ ਸੀਟ ਹੀ ਜਿੱਤ ਨਾ ਸਕੀ।ਕਾਰਨ ਇਹੀ ਸੀ ਕਿ ਇਨਾਂ ਨੇ ਪੰਜਾਬ ਦੇ ਹੱਕਾਂ ਵਿਰੋਧੀ ਭੂਮਿਕਾ ਨਿਭਾ ਕੇ ਇੰਦਰਾ ਰਾਜੀਵ ਦੀਆਂ ਕੇਂਦਰੀ ਜਾਲਮਾਨਾ ਨੀਤੀਆਂ ਦਾ ਸਾਥ ਦਿਤਾ। 1992 ਵਿਚ ਖ਼ਾਲਿਸਤਾਨ ਅੰਦੋਲਨ ਦੌਰਾਨ ਅਕਾਲੀਆਂ ਨੇ ਚੋਣ ਦਾ ਬਾਈਕਾਟ ਕੀਤਾ ਅਤੇ ਕਾਂਗਰਸ ਨੂੰ ਬਿਨਾਂ ਵਿਰੋਧ ਦੇ ਚੋਣ ਲੜਨ ਦਾ ਮੌਕਾ ਮਿਲਿਆ। ਖਾੜਕੂਆਂ ਦੇ ਨਿਸ਼ਾਨੇ ਉਪਰ ਕਮਿਊਨਿਸਟ ਆਗੂ ਰਹੇ । ਫਿਰ ਵੀ ਇਨਾਂ ਚੋਣਾਂ ਵਿਚ ਸੀ.ਪੀ.ਆਈ. ਨੂੰ ਚਾਰ ਤੇ ਸੀ.ਪੀ.ਆਈ. ਐਮ. ਨੂੰ ਇਕ ਸੀਟ ਮਿਲੀ।ਸਭ ਤੋਂ ਵਧੀਆ ਪ੍ਰਦਰਸ਼ਨ ਬਸਪਾ ਦਾ ਰਿਹਾ, ਕਿਉਂਕਿ ਬਾਬਾ ਕਾਸ਼ੀਰਾਮ ਜੋ ਬਸਪਾ ਦੇ ਬਾਨੀ ਸਨ ਉਨਾਂ ਦੀ ਭੂਮਿਕਾ ਸਿੱਖ ਪੰਥ ਤੇ ਪੰਜਾਬ ਪੱਖੀ ਸੀ। 1992 ਵਿੱਚ ਬਸਪਾ ਨੇ 16.32 ਫੀਸਦੀ ਵੋਟ ਲੈ ਕੇ ਨੌਂ ਵਿਧਾਨ ਸਭਾ ਸੀਟਾਂ ਜਿੱਤੀਆਂ।

ਖੱਬੇਪੱਖੀਆਂ ਲਈ ਜਾਤੀਵਾਦੀ ਸਿਆਸਤ ਦਾ ਹਾਵੀ ਹੋਣਾ ਅਤੇ ਸ਼ਹਿਰਾਂ ਵਿਚ ਟਰੇਡ ਯੂਨੀਅਨ ਲਹਿਰ ਦਾ ਕਮਜ਼ੋਰ ਹੋਣਾ ਬਹੁਤ ਨੁਕਸਾਨਦਾਇਕ ਸੀ। ਇਸੇ ਕਰਕੇ 1990 ਤੋਂ ਬਾਅਦ, ਖੱਬੇਪੱਖੀਆਂ ਦਾ ਆਧਾਰ ਸਾਰੇ ਭਾਰਤ ਵਿੱਚ ਸੁੰਗੜਿਆ । ਬਿਹਾਰ ਵਿਚ ਵੀ, ਜਿੱਥੇ ਕੁਝ ਖੇਤਰਾਂ ਨੂੰ ਕਮਿਊਨਿਸਟਾਂ ਦਾ ਗੜ ਕਿਹਾ ਜਾਂਦਾ ਸੀ, ਜਾਤ ਅਤੇ ਫਿਰਕਾਪ੍ਰਸਤੀ ਨੇ ਉਨਾਂ ਨੂੰ ਕਮਜ਼ੋਰ ਕਰ ਦਿੱਤਾ । ਅੱਜ, ਕਮਿਊਨਿਸਟਾਂ ਦੀ ਪਛਾਣ ਖੁਰ ਰਹੀ ਹੈ । ਮਹਿੰਗਾਈ ਦੇ ਤੇਜ਼ੀ ਨਾਲ ਵਾਧੇ, ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਅਤੇ ਬੇਰੁਜ਼ਗਾਰੀ ਦੀ ਸਿਖਰ ਦੇ ਬਾਵਜੂਦ ਖੱਬੀਆਂ ਪਾਰਟੀਆਂ ਇਸ ਨੂੰ ਲੋਕਾਂ ਦੀ ਲੜਾਈ ਬਣਾਉਣ ਵਿਚ ਅਸਮਰੱਥ ਰਹੀਆਂ ਹਨ। ਲੋਕਤੰਤਰ ਵਿਚ ਚੋਣਾਂ ਜਿੱਤਣਾ ਵੀ ਓਨਾ ਹੀ ਮਹੱਤਵਪੂਰਨ ਹੈ ਜਿੰਨਾ ਕਿ ਅੰਦੋਲਨ ਨੂੰ ਚਲਾਉਣਾ ਤੇ ਜਿਤਣਾ। ਖੱਬੀਆਂ ਪਾਰਟੀਆਂ ਅਜੇ ਵੀ ਪ੍ਰਦਰਸ਼ਨਾਂ ਲਈ 10 ਤੋਂ 15 ਲੱਖ ਦੀ ਅਨੁਸ਼ਾਸਿਤ ਅਵਾਮ ਸਿਰਜ ਸਕਦੀਆਂ ਹਨ ਪਰ ਉਹ ਇਸ ਨੂੰ ਵੋਟਾਂ ਵਿਚ ਨਹੀਂ ਬਦਲ ਸਕਦੀਆਂ। ਬੰਗਾਲ ਦੇ ਨੰਦੀਗਰਾਮ ਵਿਚ ਖੱਬੇਪੱਖੀ ਸਰਕਾਰ ਵਲੋਂ ਕਿਸਾਨਾਂ ਤੇ ਗੋਲੀਆਂ ਚਲਾਉਣੀਆਂ, ਉਨਾਂ ਦੀ ਜ਼ਮੀਨ ਤੇ ਕਾਰਪੋਰੇਟ ਦਾ ਕਬਜ਼ਾ ਕਰਾਉਣਾ ਕਮਿਊਨਿਸਟ ਵਿਚਾਰਧਾਰਾ ਦੇ ਅਨੁਸਾਰ ਨਹੀਂ ਸੀ । ਹੁਣ ਬੰਗਾਲ ਦੀਆਂ ਚੋਣਾ ਵਿਚ ਖੱਬੇਪੱਖੀਆਂ ਨੇ ਕਾਂਗਰਸ ਨਾਲ ਗਠਜੋੜ ਬਣਾਇਆ ਹੋਇਆ ਹੈ। ਇਨਾਂ ਦੀ ਰਾਜਨੀਤੀ ਮਮਤਾ ਨੂੰ ਹਰਾਉਣ ਉਪਰ ਟਿਕੀ ਹੋਈ ਹੈ। ਉਹ ਪੁਰਾਣੀਆਂ ਗਲਤੀਆਂ ਫਿਰ ਦੁਹਰਾ ਰਹੇ ਹਨ।

ਪੱਛਮ ਬੰਗਾਲ ਵਿੱਚ ਭਾਜਪਾ ਦੇ ਅਤਿ ਵਿਸ਼ਵਾਸ ਦਾ ਮੁਖ ਕਾਰਨ ਇਹੀ ਖੱਬੇਪੱਖੀ ਗਠਜੋੜ ਹੈ।ਲੰਘੀਆਂ ਲੋਕ ਸਭਾ ਚੋਣਾਂ ਵਿੱਚ ਭਾਜਪਾ ਨੂੰ ਪੱਛਮੀ ਬੰਗਾਲ ਵਿੱਚ ਵੱਡੀ ਜਿੱਤ ਮਿਲੀ ਸੀ। ਸੂਬੇ ਅੰਦਰ ਹਿੰਦੂ-ਮੁਸਲਮਾਨ ਵੰਡ ਨੇ ਭਾਜਪਾ ਦਾ ਵੋਟ ਗ੍ਰਾਫ਼ ਇੱਕ ਦਮ ਵਧਾ ਦਿੱਤਾ ਸੀ।ਇਹੀ ਉਮੀਦ ਇਸ ਵਾਰ ਵੀ ਭਾਜਪਾ ਨੂੰ ਹੌਂਸਲਾ ਦੇ ਰਹੀ ਹੈ। ਭਾਜਪਾ ਨੂੰ ਤ੍ਰਿਣਮੂਲ ਕਾਂਗਰਸ ਤੋਂ ਟੁੱਟ ਕੇ ਆਏ ਆਗੂਆਂ 'ਤੇ ਵੀ ਭਰੋਸਾ ਹੈ। ਉੱਥੇ ਹੀ ਨਾਗਰਿਕਤਾ ਸੋਧ ਕਾਨੂੰਨ ਨੇ ਵੀ ਭਾਜਪਾ ਦਾ ਆਤਮ-ਵਿਸ਼ਵਾਸ ਵਧਾਇਆ ਹੈ। ਭਾਜਪਾ ਨੂੰ ਲੱਗਦਾ ਹੈ ਕਿ ਇਸ ਕਾਰਨ ਪੱਛਮੀ ਬੰਗਾਲ ਦਾ ਮਜ਼ਬੂਤ ਮਤੂਆ ਭਾਈਚਾਰਾ ਉਸ ਨੂੰ ਵੋਟ ਪਾਵੇਗਾ। ਪੱਛਮੀ ਬੰਗਾਲ ਵਿੱਚ ਭਾਜਪਾ ਪੂਰੀ ਤਰਾਂ ਨਾਲ ਧਾਰਮਿਕ ਅਤੇ ਜਾਤੀ ਵੰਡ ਦੇ ਆਧਾਰ 'ਤੇ ਚੋਣ ਲੜ ਰਹੀ ਹੈ ।

2019 ਦੀਆਂ ਲੋਕ ਸਭਾ ਚੋਣਾਂ ਵਿੱਚ ਪੱਛਮੀ ਬੰਗਾਲ ਵਿੱਚ ਭਾਜਪਾ ਨੂੰ ਲੋਕ ਸਭਾ ਦੀਆਂ 18 ਸੀਟਾਂ 'ਤੇ ਜਿੱਤ ਮਿਲੀ ਸੀ।ਭਾਜਪਾ ਨੂੰ ਇਸ ਲੋਕ ਸਭਾ ਚੋਣਾਂ ਵਿੱਚ 128 ਵਿਧਾਨ ਸਭਾ ਸੀਟਾਂ 'ਤੇ ਬੜਤ ਮਿਲੀ ਸੀ। 2014 ਦੀਆਂ ਲੋਕ ਸਭਾ ਚੋਣਾਂ ਦੇ ਮੁਕਾਬਲੇ ਇਹ ਸਫ਼ਲਤਾ ਵੱਡੀ ਸੀ। 2014 ਵਿੱਚ ਭਾਜਪਾ ਨੂੰ ਲੋਕ ਸਭਾ ਚੋਣਾਂ ਵਿੱਚ ਸਿਰਫ਼ 28 ਵਿਧਾਨ ਸਭਾ ਸੀਟਾਂ ਦਾ ਵਾਧਾ ਹੋਇਆ ਸੀ। ਵੈਸੇ 2019 ਦੀਆਂ ਲੋਕ ਸਭਾ ਚੋਣਾਂ ਦੇ ਨਤੀਜੇ ਪੱਛਮੀ ਬੰਗਾਲ ਦੀ ਪ੍ਰਕਿਰਤੀ ਦੇ ਉਲਟ ਸਨ। ਪੱਛਮੀ ਬੰਗਾਲ ਵਿੱਚ ਭਾਜਪਾ ਦੀ ਇੰਨੀ ਵੱਡੀ ਜਿੱਤ ਹੈਰਾਨੀਜਨਕ ਸੀ। ਪਹਿਲੀ ਵਾਰ ਪੱਛਮੀ ਬੰਗਾਲ ਵਿੱਚ ਹਿੰਦੂਵਾਦ ਦਾ ਉਭਾਰ ਵੇਖਣ ਨੂੰ ਮਿਲਿਆ ਸੀ।ਆਮ ਤੌਰ 'ਤੇ ਵਿਅਕਤੀਗਤ ਜੀਵਨ ਵਿੱਚ ਘੋਰ ਧਾਰਮਿਕ ਬੰਗਾਲੀ ਲੋਕ ਰਾਜਨੀਤਕ ਜੀਵਨ ਵਿੱਚ ਸੈਕੂਲਰ ਵਿਚਾਰਧਾਰਾ ਪੱਖੀ ਰਹੇ ਹਨ ਪਰ 2019 ਵਿੱਚ ਇਹ ਧਾਰਨਾ ਖ਼ਤਮ ਹੋ ਗਈ। ਬਹੁਤੇ ਮਾਹਿਰਾਂ ਦਾ ਵਿਚਾਰ ਹੈ ਕਿ ਖੱਬੇਪੱਖੀਆਂ ਦਾ ਕੇਡਰ ਭਾਜਪਾ ਦੇ ਹੱਕ ਵਿਚ ਮਮਤਾ ਬੈਨਰਜੀ ਨੂੰ ਹਰਾਉਣ ਲਈ ਭੁਗਤਾਇਆ ।

**ਬੰਗਾਲ ਵਿਚ ਕੌਣ ਭਾਰ**

ਚੋਣ ਕਮਿਸ਼ਨ ਨੇ ਪੰਜ ਰਾਜਾਂ-ਪੱਛਮੀ ਬੰਗਾਲ, ਕੇਰਲ, ਤਾਮਿਲਨਾਡੂ, ਅਸਾਮ ਅਤੇ ਪੁੱਡੂਚੇਰੀ ਦੀਆਂ ਵਿਧਾਨ ਸਭਾ ਚੋਣਾਂ ਦਾ ਐਲਾਨ ਕੀਤਾ ਹੈ ਪਰ ਸਭ ਦੀਆਂ ਨਜ਼ਰਾਂ ਪੱਛਮੀ ਬੰਗਾਲ ਦੀਆਂ ਚੋਣਾਂ ਉੱਤੇ ਲੱਗੀਆਂ ਹੋਈਆਂ ਹਨ। 294 ਸੀਟਾਂ ਵਾਲੀ ਵਿਧਾਨ ਸਭਾ ਲਈ 27 ਮਾਰਚ ਤੋਂ 29 ਅਪ੍ਰੈਲ ਤੱਕ ਅੱਠ ਗੇੜਾਂ ਵਿਚ ਵੋਟਾਂ ਪੈਣਗੀਆਂ। ਭਾਰਤੀ ਜਨਤਾ ਪਾਰਟੀ ਮਮਤਾ ਬੈਨਰਜੀ ਦੀ ਅਗਵਾਈ ਵਾਲੀ ਦਸ ਸਾਲ ਤੋਂ ਬਣੀ ਤ੍ਰਿਣਮੂਲ ਕਾਂਗਰਸ ਦੀ ਸਰਕਾਰ ਦਾ ਪਾਸਾ ਪਲਟਣ ਲਈ ਹਰ ਹਰਬਾ ਵਰਤਣ ਦੀ ਕੋਸ਼ਿਸ਼ ਕਰ ਰਹੀ ਹੈ। ਪ੍ਰਧਾਨ ਮੰਤਰੀ ਮੋਦੀ ਨੇ ਕੋਲਕਾਤਾ ਵਿਚ ਪਹਿਲੀ ਵੱਡੀ ਰੈਲੀ ਕਰਦਿਆਂ ਪੂਰਨ ਬਦਲਾਓ ਦਾ ਸੱਦਾ ਦਿੱਤਾ ਹੈ। ਫਿਲਮੀ ਕਲਾਕਾਰ ਮਿਥੁਨ ਚੱਕਰਵਰਤੀ ਨੂੰ ਭਾਜਪਾ ਵਿਚ ਸ਼ਾਮਲ ਕੀਤਾ ਹੈ। ਉਧਰ, ਮਮਤਾ ਬੈਨਰਜੀ ਨੇ ਸਿਲੀਗੁੜੀ ਵਿਚ ਪੈਦਲ ਮਾਰਚ ਦੀ ਅਗਵਾਈ ਕਰਦਿਆਂ ਮਹਿੰਗਾਈ ਦਾ ਮੁੱਦਾ ਉਠਾਇਆ ਅਤੇ ਕੇਂਦਰ ਸਰਕਾਰ ਵਿਚ ਤਬਦੀਲੀ ਦੀ ਗੱਲ ਕੀਤੀ। ਪਿਛਲੇ ਲੰਮੇ ਸਮੇਂ ਤੋਂ ਕੇਂਦਰ ਅਤੇ ਰਾਜ ਸਰਕਾਰਾਂ ਦਰਮਿਆਨ ਆਪੋ-ਆਪਣੇ ਅਧਿਕਾਰਾਂ ਨੂੰ ਲੈ ਕੇ ਟਕਰਾਅ ਦਾ ਮਾਹੌਲ ਬਣਿਆ ਹੋਇਆ ਹੈ।

ਭਾਜਪਾ ਉੱਤੇ ਇਹ ਦੋਸ਼ ਵੀ ਲੱਗਦਾ ਹੈ ਕਿ ਇਹ ਕੇਂਦਰੀ ਏਜੰਸੀਆਂ ਦੀ ਖੁੱਲ ਕੇ ਵਰਤੋਂ ਕਰ ਰਹੀ ਹੈ ਜਿਸ ਕਾਰਨ ਡਰ ਅਤੇ ਲਾਲਚ, ਦੋਵਾਂ ਪੱਖਾਂ ਤੋਂ ਤ੍ਰਿਣਮੂਲ ਦੇ ਆਗੂਆਂ ਤੋਂ ਦਲ-ਬਦਲੀ ਕਰਵਾਈ ਜਾ ਰਹੀ ਹੈ। ਇਸ ਦੌਰਾਨ ਦੇਸ਼ ਵਿਚ ਕਿਸਾਨ ਅੰਦੋਲਨ ਲਗਾਤਾਰ ਹੋਰਾਂ ਰਾਜਾਂ ਵਿਚ ਫੈਲ ਰਿਹਾ ਹੈ। ਭਾਜਪਾ ਸਰਕਾਰ ਤਿੰਨ ਖੇਤੀ ਕਾਨੂੰਨਾਂ ਅਤੇ ਫ਼ਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ ਨੂੰ ਲੈ ਕੇ ਵੱਡੇ ਅੰਦੋਲਨ ਦਾ ਸਾਹਮਣਾ ਕਰ ਰਹੀ ਹੈ। ਇਸੇ ਰਣਨੀਤੀ ਤਹਿਤ ਮਮਤਾ ਬੈਨਰਜੀ ਨੇ ਨੰਦੀਗ੍ਰਾਮ ਤੋਂ ਚੋਣ ਲੜਨ ਦਾ ਫ਼ੈਸਲਾ ਕੀਤਾ ਹੈ। ਭਾਜਪਾ ਹਿੰਦੂ-ਮੁਸਲਿਮ ਪੱਤਾ ਉਭਾਰਨ ਦੀ ਕੋਸ਼ਿਸ਼ ਵਿਚ ਹੈ, ਉੱਥੇ ਮਮਤਾ ਬੈਨਰਜੀ ਨੇ ਆਪਣੇ ਪੁਰਾਣੇ ਨਾਅਰੇ 'ਮਾ, ਮਾਟੀ ਤੇ ਮਾਨੁਸ਼' (ਮਾਂ, ਮਾਂ ਭੂਮੀ ਅਤੇ ਲੋਕ) ਉੱਤੇ ਚੋਣ ਲੜਨ ਦੀ ਰਣਨੀਤੀ ਬਣਾਈ ਹੈ। ਸਿੰਗੂਰ ਅਤੇ ਨੰਦੀਗ੍ਰਾਮ ਦੇ ਇਲਾਕੇ 2007 ਵਿਚ ਦੁਨੀਆ ਭਰ ਵਿਚ ਚਰਚਿਤ ਹੋਏ ਸਨ ਜਦੋਂ ਤੱਤਕਾਲੀ ਸਰਕਾਰ ਨੇ ਵਿਸ਼ੇਸ਼ ਆਰਥਿਕ ਜ਼ੋਨ ਦੀ ਨੀਤੀ ਤਹਿਤ ਕੰਪਨੀ ਨੂੰ ਹਜ਼ਾਰਾਂ ਏਕੜ ਜ਼ਮੀਨ ਐਕੁਆਇਰ ਕਰ ਕੇ ਦਿੱਤੀ ਸੀ। ਉਦੋਂ ਇਹ ਅਜਿਹਾ ਕਿਸਾਨ ਅੰਦੋਲਨ ਹੋ ਨਿੱਬੜਿਆ ਸੀ ਜਿਸ ਕਾਰਨ 34 ਸਾਲ ਪੁਰਾਣੀ ਖੱਬੇ-ਪੱਖੀ ਸਰਕਾਰ ਚਲੀ ਗਈ ਅਤੇ 2011 ਵਿਚ ਤ੍ਰਿਣਮੂਲ ਕਾਂਗਰਸ ਸੱਤਾ ਵਿਚ ਆਈ ਜੋ ਅਜੇ ਤੱਕ ਜਾਰੀ ਹੈ। ਪੱਛਮੀ ਬੰਗਾਲ ਵਿਚ ਭਾਜਪਾ, ਤ੍ਰਿਣਮੂਲ ਤੋਂ ਇਲਾਵਾ ਖੱਬੇ-ਪੱਖੀ ਧਿਰਾਂ ਅਤੇ ਕਾਂਗਰਸ ਸਾਂਝੇ ਤੌਰ ਉੱਤੇ ਚੋਣ ਲੜ ਰਹੇ ਹਨ। ਭਾਜਪਾ ਤ੍ਰਿਣਮੂਲ ਆਗੂਆਂ ਦੀਆਂ ਦਲ-ਬਦਲੀਆਂ ਦੇ ਨਾਲ ਨਾਲ ਕਈ ਅਜਿਹੀਆਂ ਪਾਰਟੀਆਂ ਨੂੰ ਸ਼ਹਿ ਦੇਣ ਦੀ ਕੋਸ਼ਿਸ਼ ਵੀ ਕਰ ਰਹੀ ਹੈ ਜੋ ਮਮਤਾ ਦੇ ਵੋਟ ਬੈਂਕ ਨੂੰ ਨੁਕਸਾਨ ਪਹੁੰਚਾ ਸਕਣ। ਇਸੇ ਦੌਰਾਨ ਦੇਸ਼ ਵਿਚ ਚੱਲ ਰਹੇ ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਨੇ ਵੀ 12 ਮਾਰਚ ਤੋਂ ਪੱਛਮੀ ਬੰਗਾਲ ਸਮੇਤ ਸਾਰੇ ਰਾਜਾਂ ਵਿਚ ਕਾਫ਼ਲੇ ਭੇਜ ਕੇ ਭਾਜਪਾ ਨੂੰ ਹਰਾਉਣ ਦਾ ਸੱਦਾ ਦੇਣ ਦਾ ਐਲਾਨ ਕੀਤਾ ਹੈ। ਜੇਕਰ ਮਮਤਾ ਦੇ ਫ਼ੈਸਲੇ ਨੂੰ ਜ਼ਮੀਨੀ ਹਕੀਕਤ ਮੰਨ ਲਿਆ ਜਾਵੇ ਤਾਂ ਦੇਸ਼ ਦਾ ਕਿਸਾਨੀ ਸੰਘਰਸ਼ ਭਾਜਪਾ ਲਈ ਬੰਗਾਲ ਵਿਚ ਵੀ ਨੁਕਸਾਨਦੇਹ ਹੋ ਸਕਦਾ ਹੈ। ਪਰ ਭਾਜਪਾ ਨੂੰ ਉਮੀਦ ਹੈ ਕਿ ਉੱਤਰ ਬੰਗਾਲ ਵਿੱਚ ਭਾਜਪਾ ਹਿੰਦੂ-ਮੁਸਲਮ ਵੰਡ ਦੇ ਜ਼ੋਰ 'ਤੇ ਵੱਡੀ ਗਿਣਤੀ ਵਿੱਚ ਸੀਟਾਂ ਹਾਸਲ ਕਰ ਲਵੇਗੀ। ਭਾਜਪਾ ਨੂੰ ਟੀ.ਐਮ.ਸੀ. ਤੋਂ ਟੁੱਟ ਕੇ ਆਏ ਆਗੂਆਂ ਤੋਂ ਵੀ ਵੱਡੀਆਂ ਉਮੀਦਾਂ ਹਨ। ਹਾਲਾਂਕਿ ਇਹ ਨੇਤਾ ਮਮਤਾ ਬੈਨਰਜੀ ਦੇ ਕਿਲੇ ਨੂੰ ਕਿੰਨੀ ਕੁ ਸੰਨ ਲਾ ਪਾਉਣਗੇ ਇਹ ਤਾਂ ਸਮਾਂ ਹੀ ਦੱਸੇਗਾ। ਪਰ ਮਮਤਾ ਬੈਨਰਜੀ ਦੇ ਮੁਕਾਬਲੇ ਦਾ ਕੋਈ ਨੇਤਾ ਭਾਜਪਾ ਜਾਂ ਕਾਂਗਰਸ ਕੋਲ ਨਹੀਂ ਹੈ। ਮਮਤਾ ਇਸ ਸਮੇਂ ਉਨਾਂ ਕੁਝ ਕੁ ਨੇਤਾਵਾਂ ਵਿੱਚੋਂ ਇੱਕ ਹੈ ਜੋ ਸੀਬੀਆਈ, ਈਡੀ ਵਰਗੀਆਂ ਕੇਂਦਰੀ ਜਾਂਚ ਏਜੰਸੀਆਂ ਨਾਲ ਟਕਰਾਉਣ ਦੀ ਹਿੰਮਤ ਰੱਖਦੀ ਹੈ। ਨਿਸ਼ਚਿਤ ਤੌਰ 'ਤੇ ਭਾਜਪਾ ਮਮਤਾ ਦੀ ਜੁਝਾਰੂ ਪ੍ਰਵਿਰਤੀ ਤੋਂ ਡਰੀ ਹੋਈ ਹੈ। ਚੋਣ ਕਮਿਸ਼ਨ ਵੱਲੋਂ ਚੋਣਾਂ ਦੇ ਐਲਾਨ ਕਰਨ ਮਗਰੋਂ ਹੀ ਮਮਤਾ ਨੇ ਸ਼ਰੇਆਮ ਕਿਹਾ ਕਿ ਚੋਣ ਕਮਿਸ਼ਨ ਭਾਜਪਾ ਦੇ ਦਬਾਅ ਹੇਠ ਕੰਮ ਕਰ ਰਿਹਾ ਹੈ।ਇਸੇ ਕਰਕੇ 8 ਗੇੜਾਂ ਵਿੱਚ ਚੋਣਾਂ ਦਾ ਐਲਾਨ ਕੀਤਾ ਗਿਆ ਹੈ।

ਸਿਆਸੀ ਮਾਹਿਰ ਆਖ ਰਹੇ ਹਨ ਕਿ ਲੋਕ ਸਭਾ ਵਿੱਚ ਭਾਜਪਾ ਨੂੰ ਜੋ ਸਫ਼ਲਤਾ ਮਿਲੀ ਸੀ ਉਹ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਨਹੀਂ ਹਾਸਲ ਹੋਵੇਗੀ । ਨਾਗਰਿਕਤਾ ਕਾਨੂੰਨ ਦੀ ਹਕੀਕਤ ਮਤੂਆ ਸਮੁਦਾਏ ਦੇ ਲੋਕ ਸਮਝ ਗਏ ਹਨ।ਮਤੂਆ ਸਮੁਦਾਏ ਨੂੰ ਇਸਦਾ ਲਾਭ ਨਹੀਂ ਮਿਲਣਾ।

ਬਾਕੀ ਸਫ਼ਾ 30 'ਤੇ

# ਵਤਨ ਪਰਤਣ ਦਾ ਚਾਅ ਤੇ ਉਦਾਸੀ



**ਸੰਤੋਖ ਮਿਨਹਾਸ**

ਘਰ ਮਨੁੱਖ ਦਾ ਸੁਨਹਿਰੀ ਸੁਪਨਾ। ਘਰ ਸਾਡੇ ਚਾਵਾਂ, ਖੁਸ਼ੀਆਂ, ਉਮੀਦਾਂ ਦਾ ਬਸੇਰਾ। ਘਰ ਸਾਡਾ ਚੈਨ, ਸਕੂਨ, ਸਾਡੇ ਕਰਮ ਦਾ ਫਲ। ਜੋ ਅਸੀਂ ਬੀਜਦੇ ਹਾਂ, ਵੱਢਦੇ ਹਾਂ, ਫਿਰ ਪੂਰਤੀ ਦਾ ਆਨੰਦ ਮਾਣਦੇ ਹਾਂ। ਘਰ ਰਿਸ਼ਤਿਆਂ ਦੀ ਨਰਸਰੀ, ਜਿੱਥੇ ਰਿਸ਼ਤੇ ਪ੍ਰਵਾਨ ਚੜ੍ਹਦੇ ਹਨ। ਘਰ ਸਾਡੀ ਪਹਿਲੀ ਮੰਜ਼ਿਲ ਦੀ ਪਗਡੰਡੀ। ਘਰ ਸਾਡੀ ਰੂਹ ਦਾ ਮੰਦਰ। ਸਾਡੀਆਂ ਅਰਦਾਸਾਂ, ਅਰਜੋਈਆਂ ਤੇ ਸੁੱਚੀ ਕਿਰਤ ਦੀ ਬਰਕਤ। ਘਰ ਥੱਕੇ ਟੁੱਟੇ ਬੰਦੇ ਦੀ ਆਖਰੀ ਢੋਈ।

ਘਰ ਸੁਰੱਖਿਅਤਾ ਦੀ ਕਵਚ। ਘਰ ਬਾਹਰੀ ਅਲਾਮਤਾਂ ਤੋਂ ਆਖਰੀ ਆਸਰਾ। ਘਰ ਚੇਤਿਆਂ ਦੀ ਸਿਰਜਣਾ ਦੀ ਮਮਟੀ। ਘਰ ਸ਼ਾਮ ਨੂੰ ਪਰਤਣ ਦੀ ਹਾਕ। ਸੱਚ-ਮੁੱਚ ਕਿਸੇ ਨੇ ਕਿਹਾ ਹੈ, ‘ਜੋ ਸ਼ਖਸ ਸ਼ਾਮ ਪਈ ਘਰ ਨਹੀਂ ਪਰਤਿਆ, ਸਮਝੋ ਉਸ ਦਾ ਕੋਈ ਸੁਪਨਾ ਮਰ ਗਿਆ।’ ਘਰ ਕੁਦਰਤ ਦੀਆਂ ਝੋਲੀ ਪਾਈਆਂ ਬਰਕਤਾਂ ਦਾ ਸ਼ੁਕਰਾਨਾ। ਘਰ ਭਟਕੇ ਰਾਹੀਆਂ ਦੀ ਵਾਪਸ ਪਰਤਣ ਦੀ ਉਮੀਦ। ਘਰ ਪਿਉ ਦਾਦੇ ਦੀ ਮਿਹਨਤ-ਮੁਸ਼ਕਤ ਦੇ ਪਸੀਨੇ ਦੀ ਮਹਿਕ। ਘਰ ਵੱਡੇਰਿਆਂ ਦੀ ਅਸੀਸ ਦਾ ਖੁਸ਼ਨੁਮਾ ਖਤ। ਘਰ ਉਹ ਥਾਂ ਹੈ, ਜਿਸ ਸਦਕਾ ਬੰਦਾ ਵਸਦਾ ਹੈ। ਵਸਣਾ ਕਿਸੇ ਥਾਂ ਨਾਲ ਜੁੜਿਆ ਹੁੰਦਾ ਹੈ, ਘਰ ਉਸੇ ਥਾਂ ’ਤੇ ਬਣਿਆ ਹੁੰਦਾ ਹੈ।

ਮੈਂ ਇੰਡੀਆ ਜਾਣ ਵਾਲੇ ਜਹਾਜ਼ ਵਿੱਚ ਬੈਠਾ ਸੋਚ ਰਿਹਾ ਸਾਂ। ਕੁਝ ਹਫਤੇ ਪਹਿਲਾਂ ਜਦੋਂ ਮੈਂ ਛੁੱਟੀ ਲਈ ਅਪਲਾਈ ਕੀਤਾ ਸੀ ਤਾਂ ਮੇਰੇ ਨਾਲ ਕੰਮ ਕਰਦੇ ਅਮਰੀਕੀ ਦੋਸਤਾਂ ਨੇ ਪੁੱਛਿਆ ਸੀ, ‘ਕਿੱਥੈ ਜਾ ਰਿਹਾਂ ?’ ਮੈਂ ਕਿਹਾ, ‘ਆਪਣੇ ਘਰ।’ ‘ਘਰ ਤਾਂ ਤੇਰਾ ਇੱਥੇ ਐ।’ ਮੈਂ ਇੱਕ ਦਮ ਝੰਜੋੜਿਆ ਗਿਆ ਸਾਂ। ਸਚਮੁੱਚ ਘਰ ਤਾਂ ਮੇਰਾ ਇੱਥੇ ਵੀ ਹੈ। ਉਹ ਕਿਹੜੀ ਗੱਲ ਹੈ, ਉਸ ਘਰ ਵਿੱਚ ਜਿਹੜੀ ਹਰ ਸਾਲ ਮੈਨੂੰ ਖਿੱਚ ਕੇ ਲੈ ਕੇ ਜਾਂਦੀ ਹੈ।

ਮੈਨੂੰ ਯਾਦ ਆ ਰਿਹਾ ਸੀ, ਬਾਬਾ ਉਜਾਗਰ ਸਿੰਹੁ, ਜੋ ਰੋਜ਼ ਮੈਨੂੰ ਪਾਰਕ ਵਿੱਚ ਮਿਲਦਾ। ਉਹ ਹਾਣੀਆਂ ਦੀ ਢਾਣੀ ਵਿੱਚ ਬੈਠਾ ਜਦੋਂ ਵੀ ਕੋਈ ਗੱਲ ਕਰਦਾ, ਪਾਕਿਸਤਾਨ ਵਿੱਚ ਛੱਡੇ ਘਰ ਦੀ ਗੱਲ ਕਰਦਾ। ਉਸ ਦੀ ਹਰ ਗੱਲ ਦਾ ਮੁੱਢ ਜਾਂ ਅੰਤ ਲਾਇਲਪੁਰ ਵਿੱਚ ਛੱਡੇ ਘਰ ਤੇ ਆ ਕੇ ਹੁੰਦਾ। ਚੇਤਿਆਂ ਵਿੱਚ ਵਸਿਆ ਉਹ ਘਰ, ਅਜੇ ਵੀ ਉਹ ਆਪਣੇ ਨਾਲ ਲਈ ਫਿਰਦਾ ਹੈ, ਭਾਵੇਂ ਅਮਰੀਕਾ ਵਿੱਚ ਉਸ ਕੋਲ ਸਾਰੀਆਂ ਸੁਖ ਸਹੂਲਤਾਂ ਹਨ।

ਪਾਕਿਸਤਾਨ ਦੇ ਉਜਾੜੇ ਤੋਂ ਬਾਅਦ ਇੰਡੀਆ ਵਿੱਚ ਲੰਮੀਆਂ ਟੱਕਰਾਂ ਤੇ ਸਖਤ ਮਿਹਨਤ ਨਾਲ ਸੋਹਣੀ ਜਾਇਦਾਦ ਤੇ ਘਰ ਦਾ ਮਾਲਕ ਬਣ ਗਿਆ ਸੀ, ਪਰ ਬੱਚਿਆਂ ਦੇ ਇਹ ਪੰਜਾਬ ਵਿੱਚਲਾ ਘਰ ਮੇਚ ਨਹੀਂ ਆਇਆ। ਉਨਾਂ ਹੋਰ ਚੰਗੇਰੇ ਭਵਿੱਖ ਦੀ ਤਲਾਸ਼ ਵਿੱਚ ਵਿਦੇਸ਼ ਵਲ ਮੂੰਹ ਕਰ ਲਿਆ।

ਪਾਕਿਸਤਾਨ ਤੋਂ ਉਜਾੜਾ ਮਜਬੂਰਨ ਸੀ, ਪਰ ਇਹ ਦੇਸ਼ ਤੋਂ ਪ੍ਰਦੇਸ ਹੋਣਾ ਬੱਚਿਆਂ ਦੀ ਚੋਣ ਸੀ। ਪਰ ਉਜਾਗਰ ਸਿੰਹੁ ਲਈ ਘਰ ਛੱਡਣਾ, ਉਜਾੜੇ ਤੋਂ ਘੱਟ ਨਹੀਂ ਸੀ। ਬਾਪੂ ਫਿਰ ਮਜ਼ਬੂਰੀ ਵੱਸ ਪ੍ਰਦੇਸੀ ਹੋ ਗਿਆ। ਉਜਾੜਾ ਦਰ ਉਜਾੜਾ। ਇਹ ਹੋਣੀ ਇਕੱਲੇ ਉਜਾਗਰ ਸਿੰਹੁ ਦੀ ਹੀ ਨਹੀਂ, ਸਗੋਂ ਹੋਰ ਹਜ਼ਾਰਾਂ ਲੱਖਾਂ ਲੋਕਾਂ ਦੀ ਵੀ ਹੈ। ਕਿਤੇ ਮਜ਼ਬੂਰੀ, ਕਿਤੇ ਹੋਰ ਚੰਗੇਰੇ ਭਵਿੱਖ ਦੀ ਲਾਲਸਾ, ਪਰ ਮਨੁੱਖੀ ਹਿਰਦਿਆਂ ਵਿੱਚ ਵਸੇ ਘਰਾਂ ਦਾ ਮੋਹ ਤੇ ਹੇਰਵਾ ਸਾਰੀ ਉਮਰ ਨਹੀਂ ਗਵਾਚਦਾ।

**ਪਰਵਾਸੀ ਪੰਜਾਬ**

ਜਦੋਂ ਮੈਂ ਆਪਣੇ ਬਾਰੇ ਸੋਚਦਾ, ਮੈਨੂੰ ਕਿਸ ਗੱਲ ਦੀ ਥੁੜ ਸੀ ਕਿ ਮੈਂ ਆਪਣਾ ਹੱਸਦਾ-ਵਸਦਾ ਘਰ ਛੱਡ ਪ੍ਰਦੇਸੀਂ ਚਾਲੇ ਪਾ ਦਿੱਤੇ। ਕਈ ਵਾਰੀ ਘਰ ਛੱਡਣਾ ਮਜਬੂਰੀ ਤੇ ਲਾਲਸਾ ਦੋਵੇਂ ਗੱਲਾਂ ਵੀ ਹੋ ਸਕਦੀਆਂ ਹਨ। ਮੈਂ ਤੇ ਮੇਰੀ ਪਤਨੀ ਦੋਵੇਂ ਚੰਗੀ ਸਰਕਾਰੀ ਨੌਕਰੀ ’ਤੇ ਸਾਂ। ਸੋਹਣਾ ਘਰ-ਬਾਰ ਸੀ, ਸਾਰੀਆਂ ਮਾਡਰਨ ਸੁਖ ਸਹੂਲਤਾਂ ਪ੍ਰਾਪਤ ਸਨ। ਮੈਂ ਵੀ ਬੱਚਿਆਂ ਦੇ ਚੰਗੇਰੇ ਭਵਿੱਖ ਲਈ ਚੰਗੀਆਂ ਨੌਕਰੀਆਂ ਛੱਡ ਉਨਾਂ ਲੋਕਾਂ ਵਿੱਚ ਸ਼ਾਮਲ ਹੋ ਗਿਆ, ਜੋ ਕਿਸੇ ਥੁੜ ਕਾਰਨ ਨਹੀਂ, ਸਗੋਂ ਮਿਰਗ ਤ੍ਰਿਸ਼ਨਾ ਦੀ ਭਟਕਣ ਨਿਆਈਂ ਘਰ ਛੱਡ ਤੁਰਦੇ ਹਨ। ਪਤਨੀ ਨੇ ਘਰ ਛੱਡਣ ਵੇਲੇ ਕਿਹਾ ਸੀ, ‘ਬੱਚਿਆਂ ਦੀ ਜ਼ਿੰਦਗੀ ਬਾਰੇ ਤਾਂ ਪਤਾ ਨਹੀਂ ਚੰਗੇਰੀ ਬਣੂ ਕਿ ਨਾ, ਆਪਣੀ ਬਾਰੇ ਤਾਂ ਪਤਾ ਹੈ ਕਿ ਅਸੀਂ ਆਪਣੀ ਤਾਂ ਗਵਾ ਲਈ।’

ਅਮਰੀਕਾ ਆ ਕੇ ਜ਼ਿੰਦਗੀ ਫਿਰ ਸਿਫਰ ਤੋਂ ਸ਼ੁਰੂ ਕਰਨੀ ਪਈ। ਬੜੀਆਂ ਤੰਗੀਆਂ ਤਰੁਸ਼ੀਆਂ ਸਹਿ ਕੇ ਸਖਤ ਮਿਹਨਤ ਕਰਕੇ ਫਿਰ ਘਰ ਬਣਾ ਲਿਆ ਹੈ। ਬੱਚੇ ਪੜ੍ਹ ਲਿਖ ਗਏ ਹਨ। ਪਹਿਲਾਂ ਨਾਲੋਂ ਕੁਝ ਸੌਖਾ ਵੀ ਹੋ ਗਿਆ ਹਾਂ ਪਰ ਪੰਜਾਬ ਵਾਲਾ ਜੱਦੀ ਘਰ ਹੱਡਾਂ ਵਿੱਚੋਂ ਨਹੀਂ ਗਿਆ। ਜਦੋਂ ਵੀ ਕਦੇ ਕੋਈ ਸੁਪਨਾ ਆਉਂਦਾ ਹੈ, ਪੰਜਾਬ ਛੱਡੇ ਘਰ ਦਾ ਆਉਂਦਾ ਹੈ।

ਹਰ ਸਾਲ ਲੱਖਾਂ ਦੀ ਗਿਣਤੀ ਵਿੱਚ ਲੋਕ ਪ੍ਰਦੇਸਾਂ ਵਿੱਚੋਂ ਆਪਣੇ ਵਤਨੀ ਗੇੜਾ ਮਾਰਨ ਜਾਂਦੇ ਹਨ। ਉਹ ਕਿਹੜੀ ਖਿੱਚ ਹੈ ਜਿਹੜੀ ਉਨਾਂ ਨੂੰ ਆਪਣੇ ਘਰ, ਗਲੀਆਂ, ਖੇਤਾਂ ਨੂੰ ਵੇਖਣ ਲਈ ਬੁਲਾਉਂਦੀ ਹੈ। ਅਸਲ ਵਿੱਚ ਜਦੋਂ ਮਨੁੱਖ ਘਰੋਂ ਤੁਰਦਾ ਹੈ, ਬੜਾ ਕੁਝ ਮਗਰ ਛੱਡ ਆਉਂਦਾ ਹੈ। ਭਾਵੇਂ ਸਰੀਰਕ ਤੌਰ ’ਤੇ ਉਹ ਸਬੂਤਾ ਘਰੋਂ ਤੁਰਦਾ ਹੈ, ਪਰ ਮਾਨਸਿਕ ਤੌਰ ’ਤੇ ਉਸ ਦਾ ਇੱਕ ਹਿੱਸਾ ਪਿੱਛੇ ਰਹਿ ਜਾਂਦਾ ਹੈ। ਸ਼ਾਇਦ ਇਹ ਪਿੱਛੇ ਰਹਿ ਗਿਆ ਹਿੱਸਾ ਹੀ ਸਾਨੂੰ ਵਾਰ ਵਾਰ ਬੁਲਾਉਂਦਾ ਹੈ। ਇੱਕ ਘਰ ਬਾਹਰ ਉੱਸਰਿਆ ਹੁੰਦਾ ਹੈ, ਇੱਕ ਘਰ ਮਨੁੱਖ ਦੇ ਅੰਦਰ ਵਸਿਆ ਹੁੰਦਾ ਹੈ। ਬਾਹਰਲੀ ਸਿਰਜਣਾ ਦਾ ਦਮ-ਗਮ ਦਿਖਾਵੇ ਦੀ ਨਿਆਈਂ ਦਾ ਭਰਮ ਹੁੰਦਾ ਹੈ। ਇਸ ਲਈ ਅਜੋਕੇ ਯੁਗ ਵਿੱਚ ਘਰ ਦੀ ਮਹੱਤਤਾ ਗਵਾਚਦੀ ਜਾ ਰਹੀ ਹੈ। ਪੈਸੇ ਨੇ ਘਰ ਨੂੰ ਵਸਤੂ ਬਣਾ ਦਿੱਤਾ ਹੈ। ਵਸਤੂ ਦਾ ਮੁੱਲ ਸਥਿਰ ਨਹੀਂ ਹੁੰਦਾ ਤੇ ਨਾ ਹੀ ਮੋਹ ਸਦੀਵੀ ਹੁੰਦਾ ਹੈ। ਹੁਣ ਮੋਹ ਨਾਲੋਂ ਮੁੱਲ ਬਲਵਾਨ ਹੈ।

ਮਨ ਵਿੱਚ ਬੜਾ ਚਾਅ ਹੁੰਦਾ ਹੈ, ਜਦੋਂ ਇੰਡੀਆ ਜਾਣ ਦੀ ਟਿਕਟ ਬੁੱਕ ਕਰਾਈਦੀ ਹੈ। ਕਈ ਹਫਤਿਆਂ ਤੋਂ ਤਿਆਰੀਆਂ ਸ਼ੁਰੂ ਹੋ ਜਾਂਦੀਆਂ ਹਨ। ਯਾਰਾਂ ਮਿੱਤਰਾਂ ਨੂੰ ਫੋਨ ਘੁਮਾਈਦੇ ਹਨ ਕਿ ਫਲਾਣੀ ਤਰੀਕ ਨੂੰ ਆ ਰਹੇ ਹਾਂ। ਸੱਚ-ਮੁੱਚ ਵਿਆਹ ਜਿੰਨਾ ਚਾਅ ਹੁੰਦਾ ਹੈ। ਇਹ ਉਮਾਹ, ਖੁਸ਼ੀ, ਖੇੜਾ ਆਪ ਮੁਹਾਰੇ ਮਨੁੱਖ ਦੇ ਅੰਦਰੋਂ ਉਪਜਦਾ ਹੈ। ਇਸ ਵੇਗ ਦੀ ਤਲਾਸ਼ ਹੀ ਬੰਦੇ ਨੂੰ ਪਿੱਛੇ ਵੱਲ ਝਾਤੀ ਮਾਰਨ ਲਈ ਖੌਰੂ ਪਾਉਂਦੀ ਹੈ। ਇਸੇ ਲਈ ਪ੍ਰਦੇਸੀਂ ਬਣਾਏ ਰੈਣ-ਬਸੇਰੇ ਛੱਡ ਵਤਨੀਂ ਖਾਲੀ ਪਏ ਘਰਾਂ ਦੇ ਬੂਹਿਆਂ ’ਤੇ ਦਸਤਕ ਦੇਣ ਨੂੰ ਦਿਲ ਅਹੁਲਦਾ ਰਹਿੰਦਾ ਹੈ। ਕਦੇ ਕਦੇ ਐਂ ਲੱਗਦਾ, ਜਿਵੇਂ ਛੋਟੇ ਹੁੰਦੇ ਘਰ ਘਰ ਬਣਾਉਣ ਖੇਡਦੇ ਹੁੰਦੇ ਸਾਂ, ਆਪੇ ਹੀ ਬਣਾ ਕੇ ਆਪੇ ਹੀ ਢਾਹ ਦਿੰਦੇ ਸਾਂ। ਇਹ ਘਰ ਬਣਾਉਣ ਤੇ ਢਾਹੁਣ ਦੀ ਖੇਡ ਮਨੁੱਖ ਸਾਰੀ ਉਮਰ ਖੇਡਦਾ ਰਹਿੰਦਾ ਹੈ। ਇਸੇ ਲਈ ਬੰਦਾ ਜਿੱਥੇ ਵੀ ਜਾਂਦਾ ਹੈ, ਘਰ ਨਾਲ ਸਫਰ ਕਰਦਾ ਹੈ।

ਪਰ ਘਰ ਪਹੁੰਚਦਿਆਂ ਸਾਰ ਹੀ ਮਨ ਉਦਾਸ ਹੋ ਜਾਂਦਾ ਹੈ। ਘਰ ਦਾ ਹਾਲ ਚਾਲ ਵੇਖਕੇ। ਘਰ ਦਾ ਹਰ ਰੰਗ ਉਦਾਸ। ਵਿਹੜੇ ਦੇ ਫਰਸ਼ ਤੇ ਕਲਰ। ਬੂਹੇ-ਬਾਰੀਆਂ ਮਿੱਟੀ-ਜਾਲੇ ਨਾਲ ਭਰੀਆਂ। ਘਰ ਦੀ ਹਰ ਚੀਜ਼ ਜਿਵੇਂ ਮਿਹਣਾ ਮਾਰ ਰਹੀ ਹੋਵੇ, ਸਾਨੂੰ ਕਿਸ ਆਸਰੇ ਛੱਡ ਗਿਆ ਸੈਂ ? ਘਰ ਦੇ ਰੁੱਖ ਵੀ ਪਿਉ-ਦਾਦੇ ਵਾਂਗ ਬੁੱਢੇ ਹੋ ਗਏ ਲੱਗਦੇ। ਬੂਹਿਆਂ ਨੂੰ ਵੱਜੇ ਜੰਗਾਲੇ ਜਿੰਦਰੇ ਤੁਰ ਗਿਆਂ ਦੀ ਕਹਾਣੀ ਮੂੰਹ ਜ਼ੁਬਾਨੀ ਦੱਸਦੇ ਲੱਗਦੇ। ਇੱਕ ਵਾਰ ਤਾਂ ਬੰਦਾ ਝੰਜੋੜਿਆ ਜਾਂਦਾ ਹੈ। ਇਹ ਹੋ ਕੀ ਗਿਆ ਇਸ ਰੌਣਕਾਂ ਭਰੇ ਘਰ ਨੂੰ, ਜਿੱਥੇ ਪਹਿਲਾਂ ਹਾਸੇ ਗੂੰਜਦੇ ਸਨ, ਅੱਜ ਸੁੰਨਸਾਨ ਦਿਖਾਈ ਦਿੰਦੀ ਹੈ। ਪਰ ਕੁਝ ਦਿਨਾਂ ਬਾਦ ਘਰ ਦੀ ਉਦਾਸੀ ਕੁਝ ਕੁ ਘਟਣ ਲਗਦੀ ਹੈ। ਫਿਰ ਉਹੀ ਸਾਂਝ ਹਰ ਚੀਜ਼ ਨਾਲ ਪਨਪਣ ਲਗਦੀ ਹੈ। ਮੋਹ ਅਪਣੱਤ ਦੀਆਂ ਕਰੂੰਬਲਾਂ ਫਿਰ ਫੁੱਟਣ ਲੱਗਦੀਆਂ ਹਨ। ਗਵਾਂਢੀਆਂ ਦੀ ਦੁਆ ਸਲਾਮ ਮਨ ਨੂੰ ਹੌਸਲਾ ਬਖਸ਼ਦੀ ਹੈ। ਗਲੀਆਂ ਦੀ ਚਹਿਲ-ਪਹਿਲ, ਬੋਲਾਂ ਦੀ ਪਛਾਣ, ਦੋਸਤਾਂ ਮਿੱਤਰਾਂ ਦੀ ਆਮਦ ਆਲੇ ਦੁਆਲੇ ਨੂੰ ਭਰਪੂਰ ਬਣਾ ਦਿੰਦੀ ਹੈ।

ਇਹ ਸੱਚ ਹੈ ਕਿ ਪਰਵਾਸ ਹੰਢਾਉਂਦਿਆਂ ਅਸੀਂ ਭਾਵੇਂ ਜਿੰਨੇ ਮਰਜ਼ੀ ਸੌਖੇ ਹੋ ਜਾਈਏ, ਪਰ ਆਂਢ ਗਵਾਂਢ ਅਸੀਂ ਅਜਨਬੀਆਂ ਵਾਂਗ ਹੀ ਵਿਚਰਦੇ ਹਾਂ। ਸਾਡੀ ਉਨਾਂ ਨਾਲ ਕੋਈ ਸਾਂਝ ਨਹੀਂ ਬਣਦੀ। ਉਨਾਂ ਦੇ ਮੋਹ-ਮਿਲਾਪ ਤੋਂ ਸੱਖਣੇ ਰਹਿੰਦੇ ਹਾਂ, ਪਰ ਆਪਣੇ ਜੱਦੀ ਗਲੀ-ਮੁਹੱਲੇ ਦੇ ਪਿਆਰ ਦਾ ਕੋਈ ਮੁੱਲ ਨਹੀਂ। ਬੱਸ ਇਸੇ ਪਿਆਰ ਦੀ ਤਲਾਸ਼ ਸਾਨੂੰ ਖਿੱਚ ਕੇ ਪ੍ਰਦੇਸਾਂ ਵਿੱਚੋਂ ਮੁੜ ਘਰ ਨੂੰ ਮੋੜਦੀ ਹੈ। ਪ੍ਰਦੇਸ ਵੱਸਦਿਆਂ ਜਿਹੜਾ ਮਨ ਅੰਦਰ ਖਲਾਅ ਪੈਦਾ ਹੁੰਦਾ ਹੈ, ਉਸੇ ਦੀ ਪੂਰਤੀ ਲਈ ਅਸੀਂ ਭੱਜੇ ਵਤਨੀ ਗੇੜਾ ਮਾਰਦੇ ਹਾਂ। ਇਹੀ ਪ੍ਰਦੇਸੀਆਂ ਦੀ ਤ੍ਰਾਸਦੀ ਹੈ। ਜੰਮਣ-ਭੋਏਂ ਦਾ ਹੇਰਵਾ ਸਾਰੀ ਉਮਰ ਮਨੁੱਖ ਦੇ ਹੱਡਾਂ ਵਿੱਚੋਂ ਨਹੀਂ ਜਾਂਦਾ। ਇਸੇ ਲਈ ਕਈ ਲੋਕ ਪਰਵਾਸ ਨੂੰ ਮਿੱਠੀ ਜੇਲ ਆਖਦੇ ਹਨ। ਸਾਡਾ ਹਾਲ ਤਾਂ ਕੈਮਲੂਪਸ ਦੀਆਂ ਮੱਛੀਆਂ ਵਰਗਾ ਹੈ, ਜਿਹੜੀਆਂ ਪਹਿਲਾਂ ਤਾਂ ਪਾਣੀ ਦੇ ਵਹਾ ਦੇ ਰੁਖ ਦੂਰ ਨਿਕਲ ਜਾਂਦੀਆਂ ਹਨ, ਫਿਰ ਆਪਣੀ ਘਰ ਵਾਪਸੀ ਲਈ ਪਾਣੀ ਦੇ ਵਹਾ ਦੇ ਉਲਟ ਜੱਦੋ-ਜਹਿਦ ਕਰਦੀਆਂ ਹਨ। ਪੰਛੀ ਵੀ ਹਜ਼ਾਰਾਂ ਮੀਲ ਤੈਅ ਕਰਕੇ ਆਪਣੇ ਆਪਣੇ ਦੇਸ਼ ਤੋਂ ਹੋਰ ਦੇਸ਼ਾਂ ਨੂੰ ਪਰਵਾਸ ਕਰਦੇ ਹਨ। ਪਰ ਮੌਸਮ ਬਦਲਣ ’ਤੇ ਆਪਣੇ ਵਤਨਾਂ ਨੂੰ ਚਾਲੇ ਪਾ ਦਿੰਦੇ ਹਨ। ਇਸੇ ਲਈ ਬਹੁਤੇ ਲੋਕ ਮਜ਼ਾਕ ਵਜੋਂ ਵਤਨੀਂ ਪਰਤੇ ਪ੍ਰਦੇਸੀਆਂ ਨੂੰ ਪਰਵਾਸੀ ਪੰਛੀ ਵੀ ਆਖ ਦਿੰਦੇ ਹਨ।

ਛੱਜੂ ਅਮੀਰ ਵਪਾਰੀ ਸੀ। ਵਪਾਰ ਲਈ ਦੇਸ਼ ਪ੍ਰਦੇਸ ਗਾਹੇ। ਬਲਖ਼ ਬੁਖ਼ਾਰੇ ਵਰਗੇ ਸੁੰਦਰ ਸ਼ਹਿਰਾਂ ਵਿੱਚ ਵੀ ਰਿਹਾ। ਸਾਰੀਆਂ ਸੁਖ-ਸਹੂਲਤਾਂ ਦਾ ਨਜ਼ਾਰਾ ਵੀ ਵੇਖਿਆ। ਮਨ ਫਿਰ ਵੀ ਉਚਾਟ ਰਿਹਾ। ਆਖਰ ਘਰ ਪਰਤਿਆ। ਘਰ ਦਾ ਸਕੂਨ ਮੇਚ ਆਇਆ। ਆਪ-ਮੁਹਾਰੇ ਮੂੰਹੋਂ ਨਿਕਲਿਆ, ‘ਜੋ ਸੁਖ ਛੱਜੂ ਦੇ ਚੁਬਾਰੇ, ਨਾ ਉਹ ਬਲਖ਼ ਨਾ ਬੁਖ਼ਾਰੇ।’ ਪਲਿਨੀ ਦਿ ਯੰਗਰ ਆਖਦਾ ਹੈ, ‘ਘਰ ਉਹ ਹੁੰਦਾ ਹੈ ਜਿੱਥੇ ਦਿਲ ਹੁੰਦਾ ਹੈ।’

# ਆਨਲਾਈਨ ਬੈਂਕਿੰਗ ਠੱਗੀਆਂ ਦੇ ਨਿੱਤ ਬਦਲਦੇ ਤਰੀਕੇ

## ਕੀ ਤੁਸੀਂ ਸੋਚ ਸਕਦੇ ਹੋ ਕਿ ਗੂਗਲ ਸਰਚ ਦੀ ਵਰਤੋਂ ਵੀ ਖ਼ਾਲੀ ਕਰ ਸਕਦੀ ਹੈ ਤੁਹਾਡਾ ਬੈਂਕ ਖਾਤਾ



**ਚਾਨਣ ਦੀਪ ਸਿੰਘ ਔਲਖ,**
**ਪਿੰਡ ਗੁਰਨੇ ਖੁਰਦ (ਮਾਨਸਾ)**
**ਸੰਪਰਕ : ੯੮੭੬੪੪੪੧੭੭**

ਪਿਛਲੇ ਮਹੀਨੇ ਬਲਿਊ ਡਾਰਟ (ਕੋਰੀਅਰ ਕੰਪਨੀ) ਦਾ ਮੇਰਾ ਇੱਕ ਕੋਰੀਅਰ ਕੁਝ ਲੇਟ ਹੋ ਗਿਆ। ਕਾਰਨ ਜਾਨਣ ਲਈ ਮੈਂ ਆਪਣੇ ਸ਼ਹਿਰ ਦੇ ਬਲਿਊ ਡਾਰਟ ਦਫ਼ਤਰ ਨਾਲ ਸੰਪਰਕ ਕਰਨ ਦੀ ਗੱਲ ਸੋਚੀ। ਪਰ ਦਫ਼ਤਰ ਦਾ ਨੰਬਰ ਕੋਲ ਨਾ ਹੋਣ ਕਰਕੇ ਮੈਂ ਗੂਗਲ ਸਰਚ ਇੰਜਨ ਤੇ ਕੋਰੀਅਰ ਕੰਪਨੀ ਦਾ ਕਸਟਮਰ ਕੇਅਰ ਸੰਪਰਕ ਨੰਬਰ ਸਰਚ ਕੀਤਾ। 2 ਸੈਕਿੰਡ ਬਾਅਦ ਹੀ ਕੋਰੀਅਰ ਕੰਪਨੀ ਦਾ ਕਸਟਮਰ ਕੇਅਰ ਨੰਬਰ ਮੇਰੇ ਸਮਾਰਟ ਫੋਨ ਦੀ ਸਕਰੀਨ ’ਤੇ ਸੀ। ਬਿਨਾਂ ਦੇਰੀ ਕਰਦਿਆਂ ਅਗਲੇ ਹੀ ਪਲ ਮੈਂ ਉਹ ਨੰਬਰ ਡਾਇਲ ਕੀਤਾ ਤਾਂ ਅੱਗੋਂ ਇਕ ਭੱਦਰ ਪੁਰਸ਼ ਨੇ ਬੜੇ ਹੀ ਮਦਦਗਾਰ ਲਹਿਜ਼ੇ ਵਿੱਚ ਗੱਲਬਾਤ ਕਰਦਿਆਂ ਕਿਹਾ ਕਿ ਤੁਹਾਡਾ ਕੋਰੀਅਰ ਸਹੀ ਐਡਰੈੱਸ ਨਾ ਮਿਲਣ ਕਾਰਨ ਵਾਪਸ ਆ ਗਿਆ ਹੈ ਅਤੇ ਦੁਬਾਰਾ ਮੰਗਵਾਉਣ ਲਈ ਤੁਹਾਨੂੰ ਚਾਰਜਿਜ਼ ਦੇਣੇ ਹੋਣਗੇ। ਮੈਂ ਡਰਦਿਆਂ ਪੁਛਿਆ ਕਿੰਨੇ ਪੈਸੇ ਦੇਣੇ ਹੋਣਗੇ ? ਤਾਂ ਅੱਗੋਂ ਜਵਾਬ ਆਇਆ 5 ਰੁਪਏ। ਮੈਂ ਪੁਛਿਆ ਕਿ ਮੈਂ ਤੁਹਾਡੇ ਦਫ਼ਤਰ ਪੈਸੇ ਦੇ ਜਾਵਾਂ ? ਉਸ ਨੇ ਕਿਹਾ ਨਹੀਂ ਤੁਹਾਨੂੰ ਆਨਲਾਈਨ ਪੇਮੈਂਟ ਕਰਨੀ ਪਵੇਗੀ। ਅੱਗੋਂ ਮੈਂ ਕਿਹਾ ਕਿ ਮੈਂ ਪੇਟੀਐਮ ਕਰ ਦਿੰਦਾ ਹਾਂ ਪਰ ਉਸ ਨੇ ਕਿਹਾ ਕਿ ਮੈਂ ਤੁਹਾਨੂੰ ਐਸ. ਐਮ. ਐਸ. ਦੁਆਰਾ ਇੱਕ ਲਿੰਕ ਭੇਜ ਦਿੱਤਾ ਹੈ ਤੁਸੀਂ ਉਸ ਤੇ ਕਲਿਕ ਕਰਕੇ ਯੂ. ਪੀ. ਆਈ. ਪੇਮੈਂਟ (ਆਪਣੇ ਖਾਤੇ ਵਿੱਚੋਂ ਸਿੱਧੀ ਅਦਾਇਗੀ) ਕਰਨੀ ਹੈ। ਪੰਜ ਰੁਪਏ ਸੁਣ ਕੇ ਭਾਵੇਂ ਮੈਨੂੰ ਗੱਲ ਮਾਮੂਲੀ ਹੀ ਲੱਗੀ ਪਰ ਲਿੰਕ ਤੇ ਕਲਿਕ ਕਰਕੇ ਯੂ. ਪੀ. ਆਈ. ਪੇਮੈਂਟ ਵਾਲੀ ਗੱਲ ਤੇ ਮੈਨੂੰ ਸ਼ੱਕ ਜਿਹਾ ਹੋਇਆ ਅਤੇ ਮੈਂ ਉਸਦੀ ਕਾਲ ਕੱਟ ਦਿੱਤੀ। ਉਸ ਤੋਂ ਬਾਅਦ ਵੀ ਉਸ ਵਿਅਕਤੀ ਨੇ ਦੋ ਵਾਰ ਕਾਲ ਕਰਕੇ ਪੇਮੈਂਟ ਕਰਨ ਲਈ ਕਿਹਾ ਤਾਂ ਮੇਰਾ ਸ਼ੱਕ ਯਕੀਨ ਵਿੱਚ ਬਦਲ ਗਿਆ। ਇਸ ਘਟਨਾ ਮਗਰੋਂ ਇਸ ਪ੍ਰਤੀ ਖੋਜ਼ ਪੜਤਾਲ ਕੀਤੀ ਤਾਂ ਪਤਾ ਲੱਗਾ ਕਿ ਆਨਲਾਈਨ ਬੈਂਕਿੰਗ ਠੱਗੀਆਂ ਦੇ ਤਰੀਕੇ ਨਿੱਤ ਦਿਨ ਬਦਲ ਰਹੇ ਹਨ। ਜਿੰਨੀ ਜਾਣਕਾਰੀ ਮੈਨੂੰ ਹਾਸਲ ਹੋਈ ਮੈਂ ਪਾਠਕਾਂ ਨਾਲ ਸਾਂਝੀ ਕਰ ਰਿਹਾ ਹਾਂ ਤਾਂ ਕਿ ਇਸ ਤਰਾਂ ਦੀਆਂ ਠੱਗੀਆਂ ਤੋਂ ਸੁਚੇਤ ਹੋ ਸਕੀਏ।

ਭਾਰਤ ਵਿੱਚ ਸਸਤੇ ਇੰਟਰਨੈੱਟ ਦੇ ਆਗਮਨ ਨਾਲ ਇੰਟਰਨੈੱਟ ਦੀ ਵਰਤੋਂ ਬਹੁਤ ਵੱਧ ਗਈ ਹੈ। ਨੋਟ ਬੰਦੀ ਅਤੇ ਤਾਲਾਬੰਦੀ ਤੋਂ ਬਾਅਦ ਇੰਟਰਨੈੱਟ ਬੈਂਕਿੰਗ ਅਤੇ ਆਨਲਾਈਨ ਟਰਾਂਜ਼ੈਕਸ਼ਨ ਦੀ ਵਰਤੋਂ ਵੀ ਆਮ ਹੋ ਗਈ ਹੈ। ਡਿਜੀਟਲ ਇੰਡੀਆ ਤਹਿਤ ਬੈਂਕਾਂ ਵੀ ਆਪਣੇ ਗਾਹਕਾਂ ਲਈ ਡਿਜ਼ੀਟਲ ਪੇਮੈਂਟ ਢੰਗਾਂ ਦੀ ਵਰਤੋਂ ’ਤੇ ਜ਼ੋਰ ਦੇ ਰਹੀਆਂ ਹਨ। ਜਿਵੇਂ ਜਿਵੇਂ ਇੰਟਰਨੈੱਟ ਬੈਂਕਿੰਗ ਦੀ ਵਰਤੋਂ ਵੱਧ ਰਹੀ ਹੈ ਓਵੇਂ ਓਵੇਂ ਆਨਲਾਈਨ ਠੱਗ ਵੀ ਸਰਗਰਮ ਹੋ ਗਏ ਹਨ। ਪਹਿਲਾਂ ਪਹਿਲ ਏ. ਟੀ. ਐਮ. ਕਾਰਡ ਬਦਲ ਕੇ ਪੈਸੇ ਚੋਰੀ ਕਰਨ ਦੇ ਚਰਚੇ ਸੁਣਨ ਨੂੰ ਮਿਲਦੇ ਸਨ। ਪਰ ਸਮੇਂ ਦੇ ਨਾਲ ਨਾਲ ਚੋਰ ਵੀ ਆਪਣੇ ਤਰੀਕੇ ਅਪਡੇਟ ਕਰ ਰਹੇ ਹਨ। ਪਿਛਲੇ ਕੁਝ ਸਮੇਂ ਤੋਂ ਫੋਨ ਕਾਲ ਕਰਕੇ ਬੈਂਕ ਜਾਣਕਾਰੀ ਹਾਸਲ ਕਰ ਪੈਸੇ ਠੱਗਣ ਦੀਆਂ ਖਬਰਾਂ ਵੀ ਆਮ ਸੁਣਨ




ਨੂੰ ਮਿਲੀਆਂ। ਜਿਸ ਵਿੱਚ ਕਾਲ ਕਰਨ ਵਾਲੇ ਸ਼ਾਤਰ ਦਿਮਾਗ ਵਿਅਕਤੀ ਕਿਸੇ ਲਾਟਰੀ ਨਿਕਲਣ, ਏ. ਟੀ. ਐਮ. ਕਾਰਡ ਬਲਾਕ ਹੋਣ ਆਦਿ ਦੀ ਗੱਲ ਕਹਿ ਕੇ ਏ. ਟੀ. ਐਮ. ਨੰਬਰ, ਪਿਨ ਨੰਬਰ ਅਤੇ ਖਾਤੇ ਸਬੰਧੀ ਹੋਰ ਜਾਣਕਾਰੀ ਲੈ ਲੈਂਦੇ ਹਨ ਅਤੇ ਉਸ ਜਾਣਕਾਰੀ ਨੂੰ ਵਰਤ ਕੇ ਖਾਤਾ ਸਾਫ਼ ਕਰ ਦਿੰਦੇ ਹਨ। ਪਰ ਅੱਜ ਕੱਲ ਇਹ ਆਨਲਾਈਨ ਠੱਗ ਆਪਣੇ ਮਕਸਦ ਦੀ ਪੂਰਤੀ ਲਈ ਗੂਗਲ ਸਰਚ ਇੰਜਣ ਵਰਗੇ ਪਲੇਟਫਾਰਮਾਂ ਦੀ ਵਰਤੋਂ ਕਰਨ ਲੱਗੇ ਹਨ। ਇਹ ਲੋਕ ਮੁੱਖ ਬੈਂਕਾਂ, ਕੋਰੀਅਰ ਕੰਪਨੀਆਂ ਅਤੇ ਹੋਰ ਸੰਸਥਾਵਾਂ ਦੀਆਂ ਅਸਲ ਵੈੱਬਸਾਈਟਾਂ ਦੀ ਨਕਲ ਕਰਕੇ ਹੂਬਹੂ ਨਕਲੀ ਵੈਬਸਾਈਟਾਂ ਬਣਾ ਲੈਂਦੇ ਹਨ ਅਤੇ ਗੂਗਲ ਸਰਚ ਤੇ ਪਬਲਿਸ਼ ਕਰ ਦਿੰਦੇ ਹਨ । ਜੇਕਰ ਅਸੀਂ ਤੁਸੀਂ ਇਸ ਤਰਾਂ ਦੀਆਂ ਅਸਲ ਵੈਬਸਾਈਟਾਂ ’ਤੇ ਜਾਣ ਲਈ ਜਾਂ ਕਸਟਮਰ ਕੇਅਰ ਨੰਬਰ ਜਾਨਣ ਲਈ ਗੂਗਲ ਤੇ ਸਰਚ ਕਰਦੇ ਹਾਂ ਤਾਂ ਕਈ ਵਾਰ ਅਣਜਾਣੇ ਵਿੱਚ ਇਨਾਂ ਵਲੋਂ ਬਣਾਈ ਨਕਲੀ ਵੈਬਸਾਈਟ ’ਤੇ ਪਹੁੰਚ ਕੇ ਆਪਣੀ ਬੈਂਕ ਜਾਣਕਾਰੀ (ਲਾਗ ਇਨ ਆਈਡੀ ਪਾਸਵਰਡ ਆਦਿ) ਭਰ ਦਿੰਦੇ ਹਾਂ ਤਾਂ ਇਹ ਸਾਡੇ ਖਾਤੇ ਵਿਚਲੇ ਪੈਸੇ ਉਡਾ ਸਕਦੇ ਹਨ। ਇਸ ਤਰਾਂ ਦੀਆਂ ਠੱਗੀਆਂ ਤੋਂ ਬਚਣ ਲਈ ਗੂਗਲ ’ਤੇ ਸਰਚ ਕੀਤੀ ਜਾਣਕਾਰੀ ਨੂੰ ਚੰਗੀ ਤਰਾਂ ਚੈਕ ਕਰ ਲੈਣਾ ਚਾਹੀਦਾ ਹੈ ਕਿਉਂਕਿ ਗੂਗਲ ਇੱਕ ਸਰਚ ਇੰਜਨ ਹੈ ਉਸ ਦੁਆਰਾ ਤਲਾਸ਼ੀ ਜਾਣਕਾਰੀ ਦੀ ਪ੍ਰਮਾਣਕਤਾ ਦੀ ਕੋਈ ਗਰੰਟੀ ਨਹੀਂ, ਉਹ ਫੇਕ ਹੋ ਸਕਦੀ ਹੈ। ਇੰਟਰਨੈੱਟ ਬੈਂਕਿੰਗ ਵਰਤਣ ਲਈ ਉਸ ਬੈਂਕ ਦੀ ਆਫੀਸ਼ਲ ਐਪ ਦੀ ਵਰਤੋਂ ਹੀ ਕਰਨੀ ਚਾਹੀਦੀ ਹੈ ਜਾਂ ਬੈਂਕ ਦੀ ਅਸਲ ਵੈਬਸਾਈਟ ਦਾ ਬੁੱਕਮਾਰਕ ਸੇਵ ਕਰ ਕੇ ਰੱਖ ਲੈਣਾ ਚਾਹੀਦਾ ਹੈ। ਵੈਬਸਾਈਟ ਦਾ ਐਡਰੈੱਸ ਜਾਂ ਕਸਟਮਰ ਕੇਅਰ ਦਾ ਨੰਬਰ ਜਾਨਣ ਲਈ ਏ. ਟੀ. ਐਮ. ਕਾਰਡ ਜਾਂ ਪਾਸਬੁੱਕ ਵੇਖੀ ਜਾ ਸਕਦੀ ਹੈ ਇਨਾਂ ਉੱਪਰ ਇਹ ਲਾਜ਼ਮੀ ਪ੍ਰਿੰਟਡ ਹੁੰਦਾ ਹੈ। ਕਦੇ ਵੀ ਕਿਸੇ ਨੂੰ ਫੋਨ ਉਤੇ ਬੈਂਕ ਖਾਤੇ ਜਾਂ ਏ. ਟੀ. ਐਮ. ਕਾਰਡ ਦੀ ਡਿਟੇਲ ਨਹੀਂ ਦੇਣੀ ਚਾਹੀਦੀ ਕਿਉਂਕਿ ਕੋਈ ਵੀ ਬੈਂਕ ਫੋਨ ਉੱਤੇ ਇਸ ਤਰਾਂ ਦੀ ਜਾਣਕਾਰੀ ਦੀ ਮੰਗ ਨਹੀਂ ਕਰਦਾ। ਇਸ ਤਰਾਂ ਨਵੀਂ ਤਕਨਾਲੋਜੀ ਦੀ ਵਰਤੋਂ ਬਹੁਤ ਹੀ ਸੰਭਲ ਕੇ ਕਰਨੀ ਚਾਹੀਦੀ ਹੈ ਕਿਤੇ ਇਹ ਨਾ ਹੋਵੇ ਕਿ ਸਾਡੀ ਮਿਹਨਤ ਦੀ ਕਮਾਈ ਪਲਾਂ ਵਿੱਚ ਲੁਟ ਜਾਵੇ ਅਤੇ ਬਾਅਦ ਵਿੱਚ ਸਿਰਫ ਪਛਤਾਵਾ ਹੀ ਪੱਲੇ ਰਹਿ ਜਾਵੇ।

# ਸਿੱਖ ਰਾਜ ਪੰਜਾਬ ਦੀ ਗੁੰਮਨਾਮ ਅਤੇ ਆਖ਼ਰੀ ਸ਼ਹਿਜ਼ਾਦੀ

**ਸਤਵੰਤ ਸਿੰਘ**

ਅੱਜ ਦੇ ਦਿਨ 10 ਮਾਰਚ 1957 ਨੂੰ ਮਹਾਰਾਜ ਦਲੀਪ ਸਿੰਘ ਦੀ ਵੱਡੀ ਸ਼ਹਿਜ਼ਾਦੀ ਬੰਬਾ ਸਦਰਲੈਂਡ ਅਕਾਲ ਚਲਾਣਾ ਕਰ ਗਈ ਸੀ। ਉਹ ਉਸ ਸਮੇਂ ਮਹਾਰਾਜਾ ਦਲੀਪ ਦੇ ਪਰਿਵਾਰ ਦਾ ਆਖ਼ਰੀ ਜੀਅ ਸੀ, ਉਸ ਤੋਂ ਪਹਿਲਾਂ ਉਸ ਦੇ ਸਾਰੇ ਭੈਣ-ਭਰਾ ਇਸ ਦੁਨੀਆਂ ਤੋਂ ਕੂਚ ਕਰ ਚੁੱਕੇ ਸਨ। ਸ਼ਹਿਜ਼ਾਦੀ ਬੰਬਾ ਦੀ ਜਿਦਗੀ ਵੀ ਆਪਣੇ ਪਿਤਾ ਮਹਾਰਾਜ ਦਲੀਪ ਸਿੰਘ ਵਾਂਗ ਬਹੁਤ ਹੀ ਸੰਘਰਸ਼ੀਲ, ਦੁੱਖਭਰੀ ਅਤੇ ਆਪਣੇ ਆਪ'ਚ ਬਹੁਤ ਦਿਲਚਸਪ ਹੈ।

ਸ਼ਹਿਜ਼ਾਦੀ ਬੰਬਾ ਦਾ ਜਨਮ 29 ਸਤੰਬਰ 1869 ਨੂੰ ਲੰਡਨ'ਚ ਹੋਇਆ। ਉਸ ਤੋਂ ਪਹਿਲਾ ਮਹਾਰਾਜਾ ਦਲੀਪ ਸਿੰਘ ਦੇ ਘਰ ਵਿਕਟਰ ਦਲੀਪ ਸਿੰਘ ਅਤੇ ਫੈਡਰਿਕ ਦਲੀਪ ਸਿੰਘ ਦਾ ਜਨਮ ਹੋ ਚੁੱਕਿਆ ਸੀ। ਸ਼ਹਿਜ਼ਾਦੀ ਦਾ ਪੂਰਾ ਨਾਮ "ਬੰਬਾ ਸੋਫੀਆ ਜਿੰਦਾ ਦਲੀਪ ਸਿੰਘ" ਰੱਖਿਆ ਗਿਆ ਜਿਹੜਾ ਕਿ ਉਸ ਦੀ ਮਾਂ,ਨਾਨੀ ਅਤੇ ਦਾਦੀ ਦੇ ਨਾਮ ਨੂੰ ਮਿਲਾ ਕੇ ਰੱਖਿਆ ਗਿਆ ਸੀ। ਸ਼ਹਿਜ਼ਾਦੀ ਬੰਬਾ ਦੀ ਛੋਟੀ ਭੈਣ ਸ਼ਹਿਜ਼ਾਦੀ ਸੋਫੀਆ ਵਲੈਤ'ਚ ਔਰਤਾਂ ਦੇ ਹੱਕਾਂ ਲਈ ਕੀਤੇ ਸੰਘਰਸ਼ ਲਈ ਜਾਣੀ ਜਾਂਦੀ ਹੈ।

ਆਪਣੇ ਪਿਤਾ ਮਹਾਰਾਜ ਦਲੀਪ ਸਿੰਘ ਵਾਂਗ ਉਹਨਾਂ ਦੀ ਮੌਤ ਤੋਂ ਬਾਅਦ ਵੀ ਸ਼ਹਿਜ਼ਾਦੀ ਬੰਬਾ ਦੇ ਮਨ 'ਚ ਆਪਣੇ ਖੁੱਸੇ ਹੋਏ ਰਾਜ-ਭਾਗ ਅਤੇ ਆਪਣੇ ਸੋਹਣੇ ਦੇਸ ਪੰਜਾਬ ਪ੍ਰਤੀ ਖਿੱਚ ਬਣੀ ਰਹੀ। ਉਸ ਨੇ ਆਪਣੀ ਧਰਤੀ'ਤੇ ਆਉਣ ਦਾ ਫੈਸਲਾ ਕੀਤਾ ਅਤੇ ਆਪਣੀ ਇੱਕ ਹੰਗਰੀ ਮੂਲ ਦੀ ਸਾਥਣ ਮੈਰੀ ਐਨਟੋਨਿਨਟੇਅ ਨਾਲ ਪੰਜਾਬ ਆ ਗਈ। ਕੁਝ ਚਿਰ ਪਿੱਛੋਂ ਸ਼ਹਿਜ਼ਾਦੀ ਦੀ ਦੋਸਤ ਮੈਰੀ ਨੇ ਇੱਕ ਸਿੱਖ ਉਮਰਾਓ ਸਿੰਘ ਸ਼ੇਰਗਿੱਲ ਨਾਲ ਵਿਆਹ ਕਰਾ ਲਿਆ ਅਤੇ ਉਹ ਵਾਪਸ ਹੰਗਰੀ ਚਲੇ ਗਏ।

ਪਰ ਸ਼ਹਿਜ਼ਾਦੀ ਬੰਬਾ ਨੇ ਆਪਣੇ ਦਾਦੇ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੀ ਰਾਜਧਾਨੀ'ਚ ਵਸਣ ਦਾ ਫੈਸਲਾ ਕਰ ਲਿਆ। ਉਸ ਨੇ ਮਾਡਨ ਟਾਊਨ ਲਾਹੌਰ'ਚ ਆਪਣੀ ਰਹਾਇਸ਼ ਲਈ ਇੱਕ ਬੰਗਲਾ ਖਰੀਦਿਆ। ਉਸ ਬੰਗਲੇ ਦਾ ਨਾਮ ਉਸ ਨੇ "ਗੁਲਜਾਰ" ਰੱਖਿਆ ਅਤੇ ਉਥੇ ਇੱਕ ਕਨਾਲ'ਚ ਗੁਲਾਬਾਂ ਦਾ ਬਾਗ ਲਗਵਾਇਆ। ਲਾਹੌਰ'ਚ ਰਹਿੰਦੇ ਹੋਏ 1915'ਚ ਸ਼ਹਿਜ਼ਾਦੀ ਬੰਬਾ ਦਾ ਕਿੰਗ ਐਡਵਰਡ ਮੈਡੀਕਲ ਕਾਲਜ ਦੇ ਪ੍ਰਿੰਸੀਪਲ ਡਾ: ਡੈਵਿਡ ਵਾਟਰਜ ਸਦਰਲੈਂਡ ਨਾਲ ਵਿਆਹ ਹੋ ਗਿਆ।

ਮਹਾਰਾਣੀ ਜਿੰਦਾ ਦੀ ਜਿਹੜੀ ਇੱਛਾ ਮਹਾਰਾਜਾ ਦਲੀਪ ਸਿੰਘ ਨਹੀਂ ਪੂਰੀ ਕਰ ਸਕੇ ਸਨ ਉਹ ਉਹਨਾਂ ਦੀ ਪੁੱਤਰੀ ਸ਼ਹਿਜ਼ਾਦੀ ਬੰਬਾ ਨੇ ਪੂਰੀ ਕੀਤੀ। ਜਦੋਂ ਮਹਾਰਾਜਾ ਦਲੀਪ ਸਿੰਘ ਨੂੰ ਅੰਗਰੇਜਾਂ ਨੇ ਪੰਜਾਬ ਆਉਣ ਦੀ ਆਗਿਆ ਨਾ ਦਿੱਤੀ ਤਾਂ ਉਹ ਬੰਬੇ'ਚ ਨਾਸਿਕ ਨਾਮ ਦੇ ਅਸਥਾਨ ਤੇ ਮਹਾਰਾਣੀ ਜਿੰਦਾ ਦੀਆਂ ਅਸਥੀਆਂ ਪਾ ਕੇ ਵਾਪਸ ਚਲੇ ਗਏ ਅਤੇ ਉੱਥੇ ਮਹਾਰਾਣੀ ਜਿੰਦਾ ਦੀ ਯਾਦ'ਚ ਇੱਕ ਸਮਾਧ ਵੀ ਬਣਾਈ ਗਈ। ਪਰ ਸ਼ਹਿਜ਼ਾਦੀ ਬੰਬਾ ਨੇ ਨਾਸਿਕ ਜਾ ਕੇ ਮਹਾਰਾਣੀ ਜਿੰਦਾ ਦੀ ਸਮਾਧ ਪੁੱਟੀ ਅਤੇ ਉੱਥੋਂ ਉਹਨਾਂ ਦੀਆਂ ਅਸਥੀਆਂ ਲਿਆ ਕੇ ਲਾਹੌਰ'ਚ ਮਹਾਰਾਜਾ ਰਣਜੀਤ ਸਿੰਘ ਦੀ ਸਮਾਧ'ਚ ਉਹਨਾਂ ਦੇ ਨਾਲ ਦਫਨਾ ਦਿੱਤੀਆਂ।

ਸ਼ਹਿਜ਼ਾਦੀ ਬੰਬਾ ਆਪਣੇ ਆਖ਼ਰੀ ਸਾਹ ਤੱਕ ਖਾਲਸਾ ਰਾਜ ਦੀ ਰਾਜਧਾਨੀ ਲਾਹੌਰ'ਚ ਰਹਿੰਦੀ ਰਹੀ। ਉਹ ਲਾਹੌਰ ਦੀਆਂ ਗਲੀਆਂ'ਚ ਘੁੰਮਦੀ ਹੋਈ ਸੌ ਸਾਲ ਪਿੱਛੇ ਜਾ ਕੇ ਆਪਣੇ ਦਾਦੇ ਸ਼ੇਰੇ ਪੰਜਾਬ ਦੇ ਰਾਜ ਸਮੇਂ ਦੀਆਂ ਹਵਾਵਾਂ ਨੂੰ ਮਹਿਸੂਸ ਕਰਦੀ। ਉਹ ਉਸ ਕਿਲੇ ਨੂੰ ਦੇਖਦੀ ਜਿੱਥੇ ਪੰਜ ਦਰਿਆਵਾਂ ਦਾ ਮਹਾਰਾਜਾ ਆਪਣਾ ਦਰਬਾਰ ਸਜਾਉਂਦਾ ਸੀ। ਉਸ ਨੂੰ ਬਾਦਸ਼ਾਹੀ ਮਸੀਤ'ਚ ਖਾਲਸਾ ਰਾਜ ਸਮੇਂ ਦੀ ਚਹਿਲ ਪਹਿਲ ਦਿਖਦੀ। ਫਿਰ ਉਹ ਮਹਾਰਾਜਾ ਰਣਜੀਤ ਸਿੰਘ ਦੀ ਸਮਾਧ ਵੱਲ ਦੇਖ ਅੱਖਾਂ ਭਰ ਲੈਂਦੀ।



ਸ਼ਹਿਜ਼ਾਦੀ ਦੇ ਪਤੀ ਡਾ: ਸਦਰਲੈਂਡ ਦੀ ਮੌਤ 1939'ਚ ਹੋ ਗਈ ਸੀ ਪਰ ਉਸ ਤੋਂ ਬਾਅਦ ਵੀ ਉਹ ਇੱਕਲੀ ਹੀ ਲਾਹੌਰ'ਚ ਇੱਕ ਗੁੰਮਨਾਮ ਵਾਂਗ ਰਹਿੰਦੀ ਰਹੀ। ਉਸ ਸ਼ਹਿਰ'ਚ ਜਿੱਥੇ ਹਲੇ ਕੁਝ ਦਿਹਾੜੇ ਪਹਿਲਾਂ ਉਸ ਦੇ ਪਰਿਵਾਰ ਦੀ ਬਾਦਸ਼ਾਹਤ ਕਾਇਮ ਸੀ। ਅੰਤ ਆਪਣੇ ਪਿਤਾ ਮਹਾਰਾਜਾ ਦਲੀਪ ਸਿੰਘ ਵਾਂਗ ਆਪਣੇ ਲੁੱਟੇ ਹੋਏ ਦੇਸ ਪੰਜਾਬ ਨੂੰ ਆਜ਼ਾਦ ਦੇਖਣ ਦੀ ਤਾਂਘ'ਚ 10 ਮਾਰਚ 1957 ਨੂੰ ਸ਼ਹਿਜ਼ਾਦੀ ਬੰਬਾ ਨੇ ਲਾਹੌਰ'ਚ ਸਰੀਰ ਛੱਡ ਦਿੱਤਾ। ਉਸ ਸਮੇਂ ਇਸ ਖਿੱਤੇ'ਚ ਭਾਰਤ-ਪਾਕਿਸਤਾਨ ਨਾਮ ਦੇ ਦੋ ਮੁਲਕ ਨਵੇਂ ਬਣਨ ਕਰਨ ਕਾਫੀ ਤਣਾਅ ਦਾ ਮਾਹੌਲ ਸੀ। ਸਿੱਖ ਲਾਹੌਰ ਛੱਡ ਕੇ ਚੜਦੇ ਪਾਸੇ ਆ ਚੁੱਕੇ ਸਨ। ਅਫਸੋਸ ਦੀ ਗੱਲ ਕਿ ਦੋ ਮੁਲਕਾਂ ਦੇ ਕਲੇਸ਼ ਕਾਰਨ ਸ਼ਹਿਜ਼ਾਦੀ ਦੇ ਅੰਤਿਮ ਸੰਸਕਾਰ'ਚ ਇੱਕ ਵੀ ਸਿੱਖ ਸ਼ਾਮਲ ਨਹੀਂ ਹੋ ਸਕਿਆ। ਸ਼ਹਿਜ਼ਾਦੀ ਬੰਬਾ ਦਾ ਸੰਸਕਾਰ ਵਲੈਤ ਦੀ ਅੰਬੈਸੀ ਵੱਲੋਂ ਲਾਹੌਰ'ਚ ਗੋਰਾ ਕਬਰਸਥਾਨ'ਚ ਕੀਤਾ ਗਿਆ ਜਿਥੇ ਉਸ ਦੀ ਯਾਦਗਾਰ ਮੌਜੂਦ ਹੈ।

ਭਾਵੇਂ ਸ਼ਹਿਜ਼ਾਦੀ ਬੰਬਾ ਦੇ ਕੋਈ ਸੰਨਤਾਨ ਤਾਂ ਨਹੀ ਸੀ ਪਰ ਉਹ ਆਪਣੇ ਪਿੱਛੇ ਸ਼ਾਹੀ ਪਰਿਵਾਰ ਨਾਲ ਸਬੰਧਤ ਕੀਮਤੀ ਵਿਰਾਸਤ ਛੱਡ ਗਈ ਜਿਨ੍ਹਾਂ 18 ਲਾਹੌਰ ਦਰਬਾਰ ਨਾਲ ਸਬੰਧਤ ਤੇਲ ਨਾਲ ਬਣਾਏ ਚਿੱਤਰ, 14 ਪਾਣੀ ਵਾਲੇ ਰੰਗਾਂ ਨਾਲ, 12 ਆਈਵੌਰੀ ਚਿੱਤਰ, 17 ਮਹਾਰਾਜੇ ਦੇ ਪਰਿਵਾਰ ਨਾਲ ਸਬੰਧਤ ਤਸਵੀਰਾਂ, 10 ਧਾਂਤ ਦੀਆਂ ਬਣੀਆਂ ਕੀਮਤੀ ਵਸਤਾਂ ਅਤੇ 7 ਹੋਰ ਸ਼ਾਹੀ ਪਰਿਵਾਰ ਨਾਲ ਸਬੰਧਤ ਚੀਜਾਂ ਸ਼ਾਮਲ ਹਨ। ਇਸ ਵਿਰਾਸਤ ਨੂੰ ਸ਼ਹਿਜ਼ਾਦੀ ਆਪਣੇ ਇੱਕ ਭਰੋਸੇਮੰਦ ਪੀਰ ਕਰੀਮ ਬਖਸ਼ ਸੁਪਰਾ ਕੋਲ ਰੱਖ ਗਈ। ਬਾਅਦ'ਚ ਕਰੀਮ ਬਖਸ਼ ਤੋਂ ਪਾਕਿਸਤਾਨ ਸਰਕਾਰ ਨੇ ਇਹ ਸਭ ਚੀਜਾਂ ਖਰੀਦ ਕੇ ਸਾਂਭ ਸੰਭਾਲ ਸਹਿਤ ਸਿੱਖ ਰਾਜ ਨਾਲ ਸਬੰਧਤ ਅਜਾਇਬ ਘਰਾਂ'ਚ ਰੱਖ ਦਿੱਤੀਆਂ।

ਭਾਵੇਂ ਕੋਈ ਸਿੱਖ ਇਸ ਸ਼ਹਿਜ਼ਾਦੀ ਦੇ ਅੰਤਿਮ ਸੰਸਕਾਰ'ਚ ਸ਼ਾਮਲ ਨਾ ਹੋ ਸਕਿਆ ਹੋਵੇ ਪਰ ਅੱਜ 10 ਮਾਰਚ ਦੇ ਦਿਨ ਆਪਣੇ ਖੁੱਸੇ ਰਾਜ ਦੀ ਚਾਹਤ ਰੱਖਣ ਵਾਲੀ ਇਸ ਗੁੰਮਨਾਮ ਸ਼ਹਿਜ਼ਾਦੀ ਨੂੰ ਅਸੀ ਪ੍ਰਣਾਮ ਕਰਦੇ ਹਾਂ, ਧੁਰ ਅੰਦਰੋਂ ਸਤਿਕਾਰ ਸਹਿਤ ਯਾਦ ਕਰਦੇ ਹਾਂ।

# ਕੀ ਭਾਰਤ ਸਰਕਾਰ ਨੇ ਸਿੱਖਾਂ ਨੂੰ ਦੇਸ਼ ਦੇ ਭਰੋਸੇਯੋਗ ਸ਼ਹਿਰੀ ਮੰਨਿਆ ਹੈ ?



**ਪ੍ਰਿਥੀਪਾਲ ਸਿੰਘ ਕਪੂਰ**

1947 ਈ: ਵਿਚ ਭਾਰਤ ਵਿਚੋਂ ਬਰਤਾਨਵੀ ਬਸਤੀਵਾਦੀ ਰਾਜ-ਕਾਲ ਦੇ ਅੰਤ ਸਮੇਂ ਪਾਕਿਸਤਾਨ ਦੀ ਸਿਰਜਣਾ ਅਤੇ ਬਰਤਾਨਵੀ ਪੰਜਾਬ ਦੀ ਵੰਡ ਨੇ ਸਿੱਖਾਂ ਦੀ ਹੋਣੀ ਉੱਪਰ ਦੂਰਰਸ਼ੀ ਪ੍ਰਭਾਵ ਛੱਡੇ। ਇਸੇ ਅਮਲ ਵਿਚ ਦੱਖਣੀ ਏਸ਼ੀਆ ਦੀਆਂ ਕੂਟਨੀਤਕ ਤਰਜੀਹਾਂ ਵਿਚ ਵੱਡੀ ਤਬਦੀਲੀ ਆਈ। ਇਹ ਹਕੀਕਤਾਂ ਪਾਕਿਸਤਾਨ ਦੇ ਵਿਚਾਰ ਦੀ ਕਲਪਨਾ ਕਰਨ ਵਾਲੇ ਚਿੰਤਕਾਂ ਅਲਾਮਾ ਇਕਬਾਲ ਅਤੇ ਮੁਹੰਮਦ ਅਲੀ ਜਿਨਾਹ ਵਲੋਂ ਚਿਤਵੇ ਸੰਕਲਪ ਨਾਲ ਮੇਲ ਨਹੀਂ ਖਾਂਦੀਆਂ ਸਨ। ਉਨ੍ਹਾਂ ਨੇ ਸੋਚਿਆ ਸੀ ਕਿ ਮਹਾਰਾਜਾ ਰਣਜੀਤ ਸਿੰਘ ਦੀ ਖ਼ੁਦਮੁਖਤਿਆਰ ਸਲਤਨਤ ਦੇ ਸਾਰੇ ਇਲਾਕੇ ਅਤੇ ਸਤਲੁਜ-ਬਿਆਸ ਤੱਕ ਦੇ ਇਲਾਕਿਆਂ ਤੋਂ ਇਲਾਵਾ ਮਾਲਵੇ ਵਿਚ ਬਰਤਾਨਵੀ ਬਸਤੀਵਾਦੀ ਸ਼ਾਸਨ ਦੀ ਪ੍ਰਮੁੱਖਤਾ ਅਧੀਨ ਰਹੀਆਂ ਸਿੱਖ ਰਿਆਸਤਾਂ ਅਤੇ ਜਾਗੀਰਦਾਰੀਆਂ ਆਦਿ ਸਾਰੇ ਇਲਾਕੇ ਪਾਕਿਸਤਾਨ ਵਿਚ ਸ਼ਾਮਿਲ ਹੋਣਗੇ। ਅਜਿਹੀ ਹਾਲਤ ਵਿਚ ਪਾਕਿਸਤਾਨ ਜਮਨਾ ਤੋਂ ਖ਼ੈਬਰ ਤੱਕ ਦੇ ਵਿਸ਼ਾਲ ਮੈਦਾਨ ਵਿਚ ਭਾਰਤ ਦੇ ਬਰਾਬਰ ਬਣ ਕੇ ਕੂਟਨੀਤਕ ਦ੍ਰਿਸ਼ਟੀ ਤੋਂ ਵਧੇਰੇ ਪ੍ਰਭਾਵੀ ਬਣ ਸਕੇਗਾ। ਅਜਿਹੀ ਹਾਲਤ ਵਿਚ ਸਿੱਖਾਂ ਨੂੰ ਪਾਕਿਸਤਾਨ ਵਿਚ ਹੀ ਇਕ ਘੱਟ ਗਿਣਤੀ ਧਿਰ ਬਣ ਕੇ ਜਾਬਰ ਮੁਸਲਿਮ ਬਹੁਗਿਣਤੀ ਅਧੀਨ ਵਿਚਰਨਾ ਪੈਣਾ ਸੀ।

ਪਾਕਿਸਤਾਨ ਦੀ ਬਕਾਇਦਾ ਮੰਗ ਮੁਸਲਿਮ ਲੀਗ ਨੇ 1940 ਈ: ਵਿਚ ਆਪਣੇ ਲਾਹੌਰ ਵਿਖੇ ਆਯੋਜਤ ਸੈਸ਼ਨ ਵਿਚ ਉਠਾ ਦਿੱਤੀ ਸੀ। ਸਿੱਖਾਂ ਵਲੋਂ ਇਸ ਮੰਗ ਦਾ ਤੁਰੰਤ ਵਿਰੋਧ ਕੀਤਾ ਗਿਆ। ਇਸ ਮੰਗ ਨੂੰ ਰੱਦ ਕਰਨ ਵਿਚ ਮੁਹਰੈਲ ਸਿੱਖ ਨੇਤਾ ਸ: ਸੁੰਦਰ ਸਿੰਘ ਮਜੀਠੀਆ ਸਨ। ਸਮੂਹ ਪ੍ਰਭਾਵੀ ਸਿੱਖ ਨੇਤਾਵਾਂ ਨੇ ਇਸ ਮੰਗ ਨੂੰ ਸਿੱਖ ਪੰਥ ਦੀ ਸਲਾਮਤੀ ਲਈ ਮਾਰੂ ਚੁਣੌਤੀ ਦੱਸਿਆ ਸੀ। ਇਸ ਪ੍ਰਕਾਰ ਪਾਕਿਸਤਾਨ ਦੇ ਸਮਰਥਕਾਂ ਨੂੰ ਸਿੱਖਾਂ ਵਲੋਂ ਪਾਕਿਸਤਾਨ ਦੀ ਮੰਗ ਦੇ ਲਗਾਤਾਰ ਤਕੜੇ ਵਿਰੋਧ ਦਾ ਸਾਹਮਣਾ ਕਰਨਾ ਪਿਆ। ਪੰਜਾਬ ਵਿਚ ਭਾਵੇਂ ਸਿੱਖਾਂ ਦੀ ਗਿਣਤੀ ਇਕ ਘਟ ਗਿਣਤੀ ਗੁੱਟ ਵਾਲੀ ਹੀ ਸੀ ਪਰ ਦੋ ਵਿਸ਼ਵ ਜੰਗਾਂ ਵਿਚ ਉਨਾਂ ਦੀ ਅਸਾਧਾਰਨ ਭੂਮਿਕਾ ਅਤੇ ਬਹਾਦਰੀ ਦੀ ਉਚੇਚੀ ਚਰਚਾ ਸਦਕਾ ਉਨਾਂ ਨੂੰ ਸੰਸਾਰ ਵਿਆਪੀ ਮਹੱਤਵ ਵਾਲੀ ਅਲਪ ਸੰਖਿਅਕ ਕੌਮ ਮੰਨਿਆ ਜਾਣ ਲੱਗ ਪਿਆ ਸੀ। ਜਦੋਂ ਜਿਨਾਹ ਨੂੰ ਸਿੱਖਾਂ ਦੇ ਪੰਜਾਬ ਵਿਚ ਮਹੱਤਵ ਬਾਰੇ ਅਜਿਹੀ ਜਾਣਕਾਰੀ ਮਿਲੀ ਤਾਂ ਉਹ ਸਿੱਖਾਂ ਨੂੰ ਪਾਕਿਸਤਾਨ ਦੀ ਸਿਰਜਣਾ ਦੇ ਰਾਹ ਵਿਚ ਇਕੋ ਇਕ ਵੱਡੀ ਰੁਕਾਵਟ ਮੰਨਣ ਲੱਗ ਪਿਆ। ਕੁਝ ਹੀ ਸਮੇਂ ਵਿਚ ਲਗਾਤਾਰ ਅਤੇ ਸਿਰੜੀ ਸਿੱਖ ਵਿਰੋਧ ਕਾਰਨ ਪੰਜਾਬ ਦੀ ਵੰਡ ਦੀ ਸੰਭਾਵਨਾ ਨਿੱਖਰ ਕੇ ਸਾਹਮਣੇ ਆ ਗਈ। ਅਜਿਹੇ ਕਠਿਨ ਹਾਲਾਤ ਵਿਚ ਸਿੱਖਾਂ ਵਲੋਂ ਰਾਵੀ ਦਰਿਆ ਨੂੰ ਸੀਮਾ ਮਿੱਥ ਕੇ ਬਰਤਾਨਵੀ ਪੰਜਾਬ ਦੀ ਵੰਡ ਦੀ ਮੰਗ ਪੇਸ਼ ਕਰ ਦਿੱਤੀ ਗਈ। ਇਸ ਦੇ ਸਨਮੁਖ, ਪਾਕਿਸਤਾਨ ਦੀ ਸਿਰਜਣਾ ਦੇ ਸਾਰੇ ਹਮਾਇਤੀ ਵਿਸ਼ੇਸ਼ ਕਰਕੇ ਬਰਤਾਨਵੀ ਬਸਤੀਵਾਦੀ ਸ਼ਾਸਨ ਦੇ ਪ੍ਰਮੁੱਖ ਅਫਸਰ ਅਤੇ ਲੀਗੀ ਨੇਤਾ, ਜਿਨਾਹ ਅਤੇ ਲਿਆਕਤ ਅਲੀ ਖ਼ਾਨ ਲਾਚਾਰ ਹੋ ਕੇ ਰਹਿ ਗਏ। ਉਧਰ ਸਿੱਖ ਨੇਤਾਵਾਂ ਨੂੰ ਪਤਾ ਤਾਂ ਭਲੀ ਭਾਂਤ ਸੀ ਕਿ ਪੰਜਾਬ ਦੀ ਵੰਡ ਬਹੁਤਾ ਕਰਕੇ ਸਿੱਖਾਂ ਲਈ ਲਾਹੇਵੰਦ ਨਹੀਂ ਰਹੇਗੀ। 150 ਤੋਂ ਵੱਧ ਗੁਰਦੁਆਰਾ ਸਾਹਿਬਾਨ ਦਾ ਪਾਕਿਸਤਾਨ ਵਿਚ ਰਹਿ ਜਾਣਾ, ਸਿੱਖਾਂ ਦੀ ਧਾਰਮਿਕ ਸ਼ਰਧਾ ਦਾ ਸਿੱਧਾ ਨਿਰਾਦਰ ਸੀ। ਸਿੱਖ ਜੱਟਾਂ ਵਲੋਂ ਕਰੜੀ ਮਿਹਨਤ ਨਾਲ ਵਿਕਸਿਤ ਕੀਤੀਆਂ ਲਾਇਲਪੁਰ-ਮਿੰਟਗੁਮਰੀ ਦੀਆਂ ਬਾਰਾਂ ਦਾ ਖੁਸ ਜਾਣਾ ਆਰਥਿਕ ਤੌਰ 'ਤੇ ਖ਼ੁਸ਼ਹਾਲ ਸਿੱਖਾਂ ਲਈ ਵੱਡਾ ਝਟਕਾ ਸੀ। ਇਨਾਂ ਨਿਰਾਸ਼ਾਜਨਕ ਤੱਥਾਂ ਦੇ ਸਨਮੁੱਖ ਪੰਜਾਬ ਦੀ ਵੰਡ (ਸੰਭਵਤਾ ਆਬਾਦੀ ਦੇ ਤਬਾਦਲੇ ਸਮੇਤ), ਸਿੱਖਾਂ ਲਈ ਇਕ ਅਨੂਠਾ ਮੌਕਾ ਵੀ ਸੀ ਜਦੋਂ ਉਹ ਆਪਣੀ ਖਿੱਲਰੀ-ਪੁੱਲਰੀ ਆਬਾਦੀ ਨੂੰ ਮਾਝੇ ਦੁਆਬੇ ਅਤੇ ਮਾਲਵੇ ਦੇ ਖੇਤਰਾਂ ਵਿਚ ਇਕੱਠੇ ਵਸਾ ਕੇ, ਪੰਜਾਬ ਦੀ ਨਵੀਂ ਰਾਜਸੀ ਬਣਤਰ ਵਿਚ ਆਪਣੀ ਪ੍ਰਸੰਗਕਤਾ ਪ੍ਰਭਾਵੀ ਬਣਾ ਸਕਦੇ ਸਨ। ਅੰਤ ਵਿਚ ਇਹੀ ਤੱਥ best of the worst ਸਮਝਿਆ ਗਿਆ। ਇਥੇ ਇਸ ਤੱਥ ਦੇ ਉਚੇਚੇ ਵਰਨਣ ਦੀ ਲੋੜ ਹੈ ਕਿ ਹਿੰਦ-ਪਾਕਿ ਦੀਆਂ ਜੋ ਸਰਹੱਦਾਂ ਆਖ਼ਰ ਵਿਚ ਨਿਰਧਾਰਤ ਹੋਈਆਂ, ਉਹ ਸਿੱਖਾਂ ਵਲੋਂ ਕੀਤੀ ਗਈ ਮੰਗ ਅਨੁਸਾਰ ਰਾਵੀ ਦਰਿਆ ਨੂੰ ਹੱਦ ਮੰਨ ਕੇ ਤੈਅ ਕੀਤੀਆਂ ਗਈਆਂ ਹਨ।

ਭਾਰਤ-ਪਾਕਿਸਤਾਨ ਕੂਟਨੀਤਕ ਸਬੰਧਾਂ ਦਾ ਆਰੰਭ ਕੁੜੱਤਣ ਅਤੇ ਭਰਮ ਭੁਲੇਖਿਆਂ ਵਾਲੇ ਮਾਹੌਲ ਵਿਚ ਹੋਇਆ। ਆਬਾਦੀ ਦੇ ਤਬਾਦਲੇ ਅਤੇ ਸਰਕਾਰੀ ਸੰਪਤੀ ਦੀ ਵੰਡ ਦੇ ਝਮੇਲਿਆਂ ਦੌਰਾਨ ਹੋਈ ਮਾਰ-ਧਾੜ ਵਿਸ਼ਵ ਦੇ ਇਤਿਹਾਸ ਦਾ ਵੱਡਾ ਦੁਖਾਂਤ ਸੀ ਜਿਸ ਵਿਚ ਦੋਵੇਂ ਪਾਸੇ ਲੱਖਾਂ ਦੀ ਗਿਣਤੀ ਵਿਚ ਲੋਕ ਮਾਰੇ ਗਏ। ਹਿੰਦੂਆਂ ਦੁਆਰਾ ਕਲਪਿਆ ਗਿਆ ਅਖੰਡ ਭਾਰਤ ਦਾ ਸੰਕਲਪ ਬਿਖਰ ਗਿਆ ਜਿਸ ਲਈ ਉਹ ਸਿੱਖਾਂ ਅਤੇ ਮੁਸਲਮਾਨਾਂ ਦੋਵਾਂ ਨੂੰ ਦੋਸ਼ੀ ਠਹਿਰਾਉਂਦੇ। ਜਿਨਾਹ ਨੂੰ 'ਲੰਗੜਾ' ਪਾਕਿਸਤਾਨ ਮਿਲਿਆ ਜਿਸ ਲਈ ਉਹ ਬਹੁਤਾ ਕਰਕੇ ਸਿੱਖਾਂ ਅਤੇ ਉਨਾਂ ਦੇ ਨੇਤਾ ਮਾਸਟਰ ਤਾਰਾ ਸਿੰਘ ਨੂੰ ਜ਼ਿੰਮੇਦਾਰ ਠਹਿਰਾਉਂਦੇ ਰਹੇ ਸਨ। ਸਿੱਖ ਆਪਣੇ ਪਵਿੱਤਰ/ਇਤਿਹਾਸਕ ਗੁਰਦੁਆਰਾ ਸਾਹਿਬਾਨ ਦੇ ਪਾਕਿਸਤਾਨ ਵਿਚ ਰਹਿ ਜਾਣ ਕਰਕੇ ਨਿਰਾਸ਼ ਸਨ। ਫਿਰ ਵੀ ਉਨਾਂ ਦੇ ਮਨਾਂ ਵਿਚ ਭੁਲੇਖਾ ਪਲਦਾ ਰਿਹਾ ਕਿ ਨਨਕਾਣਾ ਸਾਹਿਬ ਬਾਰੇ ਵੈਟੀਕਨ ਵਰਗੀ ਕੋਈ ਵਿਵਸਥਾ ਬਣ ਸਕਦੀ ਸੀ ਜਿਸ ਲਈ ਉਨਾਂ ਨੂੰ ਵਿਸ਼ਵ ਪੱਧਰ 'ਤੇ ਬਰਤਾਨੀਆ ਵਲੋਂ ਸਹਾਇਤਾ ਦੀ ਉਮੀਦ ਸੀ। ਸਾਧਾਰਨ ਸਥਿਤੀ ਪਰਤਣ ਨਾਲ ਭਾਰਤ ਤੇ ਪਾਕਿਸਤਾਨ ਦੀਆਂ ਸਰਕਾਰਾਂ ਅਤੇ ਸਿੱਖਾਂ ਸਮੇਤ ਸਾਰੀਆਂ ਧਿਰਾਂ ਨੂੰ ਹਾਲਾਤ ਨਾਲ ਸਮਝੌਤਾ ਕਰਨਾ ਪਿਆ। ਪਰ ਦੁਖਾਂਤ ਇਹ ਹੈ ਕਿ ਸਿੱਖਾਂ ਨੂੰ ਪਾਕਿਸਤਾਨ ਦੇ ਵਿਰੋਧ ਅਤੇ ਭਾਰਤ ਦੀ ਬੇਰੁਖ਼ੀ ਵਿਚ ਕੋਈ ਫ਼ਰਕ ਨਹੀਂ ਜਾਪਿਆ। ਦੋਵਾਂ ਦੇਸ਼ਾਂ ਦੇ ਕੂਟਨੀਤਕ ਸਬੰਧਾਂ ਵਿਚ ਸਿੱਖਾਂ ਦੀ ਅਣਸੁਖਾਵੀਂ/ਨਾਜ਼ੁਕ ਸਥਿਤੀ ਨੂੰ ਆਪਣੇ ਹਿਤਾਂ ਵਿਚ ਵਰਤਣ ਦੀ ਲਾਲਸਾ ਬਣੀ ਰਹੀ। ਭਾਰਤ ਦੀ ਬਹੁਗਿਣਤੀ ਨੇ ਸਿੱਖਾਂ ਨੂੰ ਦੇਸ਼ ਦੇ ਭਰੋਸੇਯੋਗ ਸ਼ਹਿਰੀ ਨਹੀਂ ਮੰਨਿਆ। ਉਨਾਂ ਦੇ ਮਨਾਂ ਵਿਚ ਖ਼ਾਲਿਸਤਾਨ ਦੀ ਮੰਗ ਦੀ ਸੰਭਾਵਨਾ ਦਾ ਭੈਅ ਬਣਿਆ ਰਿਹਾ। ਅਸਲੀਅਤ ਵਿਚ ਸਿੱਖਾਂ ਨੇ ਖਾਲਿਸਤਾਨ ਦੀ ਮੰਗ ਕਦੇ ਵੀ ਨਹੀਂ ਕੀਤੀ। ਕ੍ਰਿਪਸ ਮਿਸ਼ਨ ਦੀ ਰਿਪੋਰਟ ਆਉਣ ਸਮੇਂ ਇਕ ਅੰਗਰੇਜ਼ ਅਫਸਰ ਵਲੋਂ 'ਖਾਲਿਸਤਾਨ' ਦੀ ਸਿਰਜਣਾ ਅਸੰਭਵ ਹੋਣ ਵੱਲ ਇਸ਼ਾਰਾ ਕੀਤਾ ਗਿਆ ਸੀ। ਮਾਮਲਾ ਕਰਤਾਰਪੁਰ ਲਾਂਘੇ ਦਾ ਹੋਵੇ ਜਾਂ ਸਿੱਖ ਯਾਤਰੂਆਂ ਦੇ ਪਾਕਿਸਤਾਨ ਭੇਜਣ ਦਾ, ਸੁਰੱਖਿਆ ਪ੍ਰਬੰਧਾਂ ਜਾਂ ਪਾਕਿਸਤਾਨ ਵਲੋਂ ਅਖੌਤੀ ਅੱਤਵਾਦੀਆਂ ਦੀ ਘੁਸਪੈਠ ਦੀ ਚੂੰਢਰ ਜ਼ਰੂਰ ਸਾਹਮਣੇ ਆ ਜਾਂਦੀ ਹੈ। ਪਰ 1965 ਅਤੇ 1971 ਦੀਆਂ ਹਿੰਦ-ਪਾਕਿ ਜੰਗਾਂ ਵਿਚ ਸਿੱਖਾਂ ਦੀ ਬਹਾਦਰੀ ਜਾਂ ਦੇਸ਼ ਭਗਤੀ ਨਜ਼ਰਅੰਦਾਜ਼ ਹੀ ਰਹਿ ਜਾਂਦੀ ਹੈ। ਜਨਰਲ ਜਗਜੀਤ ਸਿੰਘ ਅਰੋੜਾ ਨੇ ਪਾਕਿਸਤਾਨੀ ਜਰਨੈਲ ਨਿਆਜ਼ੀ ਪਾਸੋਂ ਹਥਿਆਰ ਸੁਟਵਾ ਕੇ ਜ਼ਬਰਦਸਤ ਜਿੱਤ ਦਾ ਖੁੱਲਾ ਵਿਖਾਵਾ ਵੀ ਕੀਤਾ ਅਤੇ ਜਨਰਲ ਹਰਬਖ਼ਸ਼ ਸਿੰਘ ਦੀ ਲਾਹੌਰ-ਅੰਮ੍ਰਿਤਸਰ ਸੈਕਟਰ ਵਿਚ ਦਲੇਰੀ ਹੁਣ ਤੱਕ ਕੇਵਲ ਭਾਰਤ ਦੇ ਸੈਨਿਕ ਇਤਿਹਾਸ ਤੱਕ ਸੀਮਤ ਹੋ ਕੇ ਰਹਿ ਗਈ ਹੈ। ਮਾਸਟਰ ਤਾਰਾ ਸਿੰਘ ਨੇ ਭਾਰਤੀ ਨੇਤਾਵਾਂ ਵਲੋਂ ਸਿੱਖਾਂ ਵਿਰੁੱਧ ਦੇਸ਼ ਧਰੋਹ ਦੇ ਅਖੌਤੀ ਦੋਸ਼ ਲਗਾ ਕੇ ਰਾਜਸੀ ਲਾਹਾ ਪ੍ਰਾਪਤ ਕਰਨ ਦੀਆਂ ਘਟਨਾਵਾਂ ਬਾਰੇ ਅਫ਼ਸੋਸ ਪ੍ਰਗਟ ਕੀਤਾ ਸੀ। ਉਸ ਦਾ ਇਹ ਵੀ ਕਹਿਣਾ ਸੀ ਕਿ ਅਜਿਹੇ ਲਾਪ੍ਰਵਾਹ/ਬੇਧਿਆਨੀ ਨਾਲ ਵਿਚਰਨ ਵਾਲੇ/ਬਿਮਾਰ ਸੋਚਣੀ ਵਾਲੇ ਭਾਰਤੀ ਨੇਤਾਵਾਂ ਤੋਂ ਦੇਸ਼ ਨੂੰ ਬਚਾਉਣ ਦੀ ਲੋੜ ਹੈ।

ਕਰਤਾਰਪੁਰ ਲਾਂਘੇ ਦੀ ਵਿਵਸਥਾ ਦੇ ਪ੍ਰਚਲਤ ਹੋਣ ਤੋਂ ਹੀ ਭਾਰਤ ਸਰਕਾਰ ਨੇ ਸੁਰੱਖਿਆ ਨੂੰ 'ਧਿਆਨ ਵਿਚ ਰੱਖਣ' ਦੇ ਬਹਾਨੇ ਜੋ ਰੁੱਖਾ ਵਤੀਰਾ ਅਪਣਾਇਆ ਹੈ, ਉਹ ਸਿੱਖ ਸ਼ਰਧਾਲੂ ਲਈ ਵੱਡੀ ਨਿਰਾਸ਼ਾ ਵਾਲਾ ਰਿਹਾ ਹੈ। ਨਨਕਾਣਾ ਸਾਹਿਬ ਦੇ ਗੁਰਦੁਆਰਾ ਸੁਧਾਰ ਲਹਿਰ ਦੀ ਸ਼ਤਾਬਦੀ ਦੇ ਅਵਸਰ 'ਤੇ ਵਾਪਰੇ ਸ਼ਹੀਦੀ ਸਾਕੇ ਦੀ ਯਾਦ ਮਨਾਉਣ ਲਈ ਯਾਤਰੂ ਜੱਥਾ ਭੇਜਣ 'ਤੇ ਰੋਕ ਲਗਾ ਕੇ ਭਾਰਤ ਸਰਕਾਰ ਨੇ ਸਿੱਖ ਪੰਥ ਦੀਆਂ ਧਾਰਮਿਕ ਭਾਵਨਾਵਾਂ ਦਾ ਸਮੂਹਿਕ ਅਪਮਾਨ ਕੀਤਾ ਹੈ। ਸਿੱਧੇ ਤੌਰ 'ਤੇ ਇਹ ਕੂਟਨੀਤਕ ਚਾਲ ਹੀ ਹੈ। ਜਾਪਦਾ ਇਹ ਹੈ ਕਿ ਹਿੰਦ-ਪਾਕਿ ਕੂਟਨੀਤਕ ਸਬੰਧਾਂ ਦੇ ਮਾਮਲੇ ਵਿਚ ਭਾਰਤ ਸਰਕਾਰ ਨੇ ਸਿੱਖਾਂ ਨੂੰ ਰੱਖਿਆਤਮਕ ਸਥਿਤੀ ਵਿਚ ਰੱਖਣ ਦੀ ਲੰਬਾ ਸਮਾਂ ਚੱਲਣ ਵਾਲੀ ਨੀਤੀ ਅਪਣਾ ਰੱਖੀ ਹੈ। ਭਾਰਤ ਸਰਕਾਰ ਨੂੰ ਇਹ ਸੋਚਣਾ ਹੋਵੇਗਾ ਕਿ ਕੀ ਉਨਾਂ ਦਾ ਅਜਿਹਾ ਸਲੀਕਾ ਇਕ ਮਾਣਯੋਗ, ਗਤੀਸ਼ੀਲ, ਬਹਾਦਰ ਅਤੇ ਬੇਦਾਗ ਦੇਸ਼ ਭਗਤ ਘੱਟ-ਗਿਣਤੀ ਲੋਕਾਂ ਪ੍ਰਤੀ ਸਹੀ ਹੈ ?

# ਬਰਤਾਨੀਆ ਦੀ ਪਾਰਲੀਮੈਂਟ ਵਿਚ ਕਿਸਾਨ ਸੰਘਰਸ਼ ਦਾ ਮੁੱਦਾ ਵਿਚਾਰਨ ’ਤੇ ਲਾਲ-ਪੀਲਾ ਹੋਇਆ ਭਾਰਤ

**ਅੰਮ੍ਰਿਤਸਰ ਟਾਈਮਜ਼ ਬਿਊਰੋ :** ਬਰਤਾਨੀਆ ਦੀ ਸੰਸਦ ਵਿਚ ਦੇਸ਼ ਦੀਆਂ ਵੱਖ-ਵੱਖ ਸਿਆਸੀ ਪਾਰਟੀਆਂ ਦੇ ਐਮਪੀ ਕਿਸਾਨ ਸੰਘਰਸ਼ ਬਾਰੇ ਵਿਚਾਰ ਕਰਨ ਲਈ ਇਕੱਤਰ ਹੋਏ ਤੇ ਉਨਾਂ ਭਾਰਤ ਵਿਚ ਮਨੁੱਖੀ ਹੱਕਾਂ ਦੇ ਵੱਧ ਰਹੇ ਘਾਣ ਸਬੰਧੀ ਬੜੀ ਗੰਭੀਰਤਾ ਨਾਲ ਵਿਚਾਰ ਪੇਸ਼ ਕੀਤੇ। ਇਹ ਸਾਰੀ ਵਿਚਾਰ ਚਰਚਾ ਭਾਵੇਂ ਕਿ ਕਿਸਾਨ ਸੰਘਰਸ਼ ਦੇ ਦੁਆਲੇ ਘੁੰਮਦੀ ਰਹੀ ਪਰ ਇਸ ਵਿਚ ਭਾਰਤ ਅੰਦਰ ਵੱਧ ਰਹੇ ਸਰਕਾਰੀ ਜ਼ਬਰ ਦੇ ਕਈ ਪਹਿਲੂਆਂ ਨੂੰ ਛੋਹਿਆ ਗਿਆ। ਬਰਤਾਨਵੀ ਪਾਰਲੀਮੈਂਟ ਵਿਚ ਹੋਈ ਇਸ ਵਿਚਾਰ ਚਰਚਾ ’ਤੇ ਭਾਰਤ ਨਾਖੁਸ਼ ਹੈ ਅਤੇ ਭਾਰਤ ਦੀ ਕੇਂਦਰ ਸਰਕਾਰ ਨੇ ਬ੍ਰਿਟਿਸ਼ ਹਾਈ ਕਮਿਸ਼ਨਰ ਨੂੰ ਤਲਬ ਕਰ ਕੇ ਸਖ਼ਤ ਵਿਰੋਧ ਜਤਾਇਆ ਹੈ।

**ਕਿਸਾਨ ਸੰਘਰਸ਼ ’ਤੇ ਸਰਕਾਰੀ ਜ਼ਬਰ ਖਿਲਾਫ ਬਰਤਾਨਵੀ ਸਰਕਾਰ ਨੂੰ ਅਵਾਜ਼ ਚੁੱਕਣ ਲਈ ਕਿਹਾ**

ਬਰਤਾਨੀਆ ਦੇ ਸਿੱਖ ਐਮਪੀ ਤਨਮਨਜੀਤ ਸਿੰਘ ਢੇਸੀ ਅਤੇ ਪ੍ਰੀਤ ਕੌਰ ਗਿੱਲ ਸਮੇਤ ਵਰਿੰਦਰ ਸ਼ਰਮਾ ਅਤੇ ਖਾਲਿਦ ਮਹਿਮੂਦ ਨੇ ਕਿਸਾਨਾਂ ’ਤੇ ਭਾਰਤ ਸਰਕਾਰ ਵੱਲੋਂ ਕੀਤੇ ਜਾ ਰਹੇ ਜ਼ਬਰ ਦਾ ਮੁੱਦਾ ਜ਼ੋਰ-ਸ਼ੋਰ ਨਾਲ ਚੁੱਕਿਆ। ਹਲਕਾ ਸਲੋਅ ਤੋਂ ਸੰਸਦ ਮੈਂਬਰ ਤਨਮਨਜੀਤ ਸਿੰਘ ਢੇਸੀ ਨੇ ਕਿਹਾ ਕਿ ਹਰ ਕਿਸੇ ਨੂੰ ਪ੍ਰਦਰਸ਼ਨ ਕਰਨ ਦਾ ਹੱਕ ਹੈ। ਉਨਾਂ ਕਿਹਾ ਕਿ ਸੈਂਕੜੇ ਕਿਸਾਨ ਅੰਦੋਲਨ ਕਰਦੇ ਹੋਏ ਆਪਣੀ ਜਾਨ ਗਵਾ ਚੁੱਕੇ ਹਨ ਤੇ ਦਿੱਲੀ ਦੇ ਬਾਰਡਰਾਂ ’ਤੇ ਬੱਚੇ, ਔਰਤਾਂ ਅਤੇ ਬਜ਼ੁਰਗ ਵੀ ਪ੍ਰਦਰਸ਼ਨ ਦਾ ਹਿੱਸਾ ਬਣੇ ਹੋਏ ਹਨ। ਉਨਾਂ ਕਿਹਾ ਕਿ ਕਈ ਪੱਤਰਕਾਰਾਂ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ ਹੈ ਅਤੇ ਸਮਾਜਿਕ ਕਾਰਕੁੰਨਾਂ ’ਤੇ ਵੀ ਤਸ਼ੱਦਦ ਢਾਹੇ ਗਏ ਹਨ। ਸ਼ਾਂਤਮਈ ਢੰਗ ਨਾਲ ਪ੍ਰਦਰਸ਼ਨ ਕਰਨ ਵਾਲੇ ਕਿਸਾਨਾਂ ’ਤੇ ਕਈ ਤਰਾਂ ਦੇ ਇਲਜ਼ਾਮ ਵੀ ਲਗਾਏ ਜਾ ਰਹੇ ਹਨ। ਉਨਾਂ ਕਿਹਾ ਕਿ ਸਿੱਖਾਂ ਦੀ ਅੰਦੋਲਨ ਵਿਚ ਵੱਡੀ ਸ਼ਮੂਲੀਅਤ ਨੂੰ ਸਰਕਾਰ ਵੱਖਵਾਦ ਨਾਲ ਜੋੜ ਕੇ ਪੇਸ਼ ਕਰ ਰਹੀ ਹੈ। ਭਾਰਤ ਸਰਕਾਰ ਵੱਲੋਂ ਵਿਦੇਸ਼ਾਂ ਵਿਚੋਂ ਉੱਠ ਰਹੀਆਂ ਕਿਸਾਨਾਂ ਦੇ ਸਮਰਥਨ ਦੀਆਂ ਅਵਾਜ਼ਾਂ ਨੂੰ ਬਾਹਰੀ ਦਖਲਅੰਦਾਜ਼ੀ ਦਾ ਨਾਂ ਦੇਣ ਦਾ ਨੋਟਿਸ ਲੈਂਦਿਆਂ ਉਹਨਾਂ ਕਿਹਾ ਕਿ ਬ੍ਰਿਟਿਸ਼ ਸੰਸਦ ਦੀ ਇਹ ਹੀ ਖ਼ਾਸ ਗੱਲ ਹੈ ਕਿ ਅਸੀਂ ਆਪਣੇ ਦੇਸ਼ ਹੀ ਨਹੀਂ, ਦੁਨੀਆਂ ਦੇ ਮੁੱਦਿਆਂ ਦੇ ਬਾਰੇ ਵੀ ਚਰਚਾ ਕਰਦੇ ਹਾਂ। ਮਨੁੱਖੀ ਅਧਿਕਾਰਾਂ ਦੀ ਰਾਖੀ ਕਰਨਾ ਸਾਡੇ ਸਭ ਦਾ ਫਰਜ਼ ਹੈ।

**ਭਾਰਤੀ ਲੋਕਤੰਤਰ ਵਿਚ ਸਭ ਅੱਛਾ ਨਹੀਂ**

ਕੁਝ ਸੰਸਦ ਮੈਂਬਰਾਂ ਨੇ ਕਿਹਾ ਕਿ ਕੋਈ ਵੀ ਹਿੰਸਾ ਦੀ ਵਕਾਲਤ ਨਹੀਂ ਕਰਦਾ ਪਰ ਇਸ ਮਸਲੇ ਦਾ ਜਲਦ ਹੱਲ ਨਿਕਲਣਾ ਚਾਹੀਦਾ ਹੈ। ਖੇਤੀ ਕਾਨੂੰਨ ਠੀਕ ਜਾਂ ਗਲ਼ਤ ਵੱਖਰਾ ਮਾਮਲਾ ਹੈ ਪਰ ਮਨੁੱਖੀ ਹੱਕਾਂ ਲਈ ਉਹ ਕਿਸਾਨਾਂ ਨਾਲ ਹਨ। ਉਨਾਂ ਕਿਹਾ ਕਿ ਭਾਰਤ ਵਿੱਚ ਨੌਦੀਪ ਕੌਰ ਅਤੇ ਦਿਸ਼ਾ ਰਵੀ ਵਰਗੇ ਕਾਰਕੁਨਾਂ ਦੀ ਗ੍ਰਿਫਤਾਰੀ ਅਤੇ ਪੱਤਰਕਾਰਾਂ ਖ਼ਿਲਾਫ਼ ਸਖ਼ਤ ਕਾਰਵਾਈ ਭਾਰਤ ਵਿਚ ਪ੍ਰੈਸ ਦੀ ਅਜ਼ਾਦੀ ਖਤਰੇ ਵਿਚ ਹੋਣ ਦੇ ਸੰਕੇਤ ਹਨ।ਇੰਝ ਲੱਗਦਾ ਹੈ ਕਿ ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰ ਵਿਚ ਸਭ ਕੁਝ ਅੱਛਾ ਨਹੀਂ ਹੈ। ਇਸ ਲਈ ਬ੍ਰਿਟੇਨ ਸਰਕਾਰ ਨੂੰ ਦਖ਼ਲ ਦੇਣਾ ਚਾਹੀਦਾ ਹੈ ਅਤੇ ਮਸਲੇ ਦੇ ਹੱਲ ਲਈ ਭਾਰਤ ਸਰਕਾਰ ਦੀ ਮਦਦ ਕਰਨੀ ਚਾਹਦੀ ਹੈ।

**ਚਰਚਾ ’ਤੇ ਭਾਰਤੀ ਹਾਈ ਕਮਿਸ਼ਨ ਦਾ ਜਵਾਬ**

ਭਾਰਤੀ ਹਾਈ ਕਮਿਸ਼ਨ ਨੇ ਕਿਸਾਨ ਅੰਦੋਲਨ ਨਾਲ ਜੁੜੇ ਮੁੱਦੇ ’ਤੇ ਯੂ.ਕੇ. ਵਿਚ ਚਲਾਈ ਗਈ ਈ-ਪਟੀਸ਼ਨ ਮੁਹਿੰਮ ਦੇ ਜਵਾਬ ਵਿੱਚ ਕਿਹਾ ਹੈ ਕਿ ਯੂ.ਕੇ. ਦੀ ਸੰਸਦ ਵਿੱਚ ਸੰਸਦ ਮੈਂਬਰਾਂ ਵਿਚਾਲੇ ਹੋਈ ਚਰਚਾ ਇੱਕਪਾਸੜ ਹੈ। ਉਨਾਂ ਨੇ ਕਿਹਾ ਕਿ ਸਾਨੂੰ ਇਸ ਗੱਲ ’ਤੇ ਅਫਸੋਸ ਹੈ ਕਿ ਸੰਤੁਲਿਤ ਬਹਿਸ ਦੀ ਬਜਾਏ, ਝੂਠੇ ਦਾਅਵੇ, ਬਿਨਾਂ ਪੁਸ਼ਟੀ ਵਾਲੇ ਤੱਥਾਂ ਨੂੰ ਆਧਾਰ ਬਣਾ ਕੇ ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰ ਨੂੰ ਢਾਹ ਲਗਾਈ ਹੈ। ਇੱਕ ਵਾਰ ਫਿਰ ਚਿੰਤਾ ਦੀ ਗੱਲ ਹੈ ਕਿ ਬਰਤਾਨਵੀ ਭਾਰਤੀਆਂ ਨੂੰ ਗੁੰਮਰਾਹ ਕਰਨ ਲਈ ਟਿੱਪਣੀਆਂ ਕੀਤੀਆਂ ਗਈਆਂ ਹਨ। ਭਾਰਤ ਵਿੱਚ ਘੱਟ ਗਿਣਤੀਆਂ ਨਾਲ ਵਤੀਰੇ ਬਾਰੇ ਸ਼ੱਕ ਪੈਦਾ ਕੀਤਾ ਗਿਆ ਹੈ, ਕਸ਼ਮੀਰ ਵਿੱਚ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਬਾਰੇ ਇਲਜ਼ਾਮ ਲਗਾਇਆ ਗਿਆ ਹੈ। ਬਰਤਾਨੀਆ ਸਣੇ ਵਿਦੇਸ਼ੀ ਮੀਡੀਆ ਭਾਰਤ ਵਿੱਚ ਮੌਜੂਦ ਹੈ ਅਤੇ ਭਾਰਤ ਵਿੱਚ ਮੀਡੀਆ ਦੀ ਸੁਤੰਤਰਤਾ ਨੂੰ ਖ਼ਤਰੇ ਦਾ ਸਵਾਲ ਹੀ ਨਹੀਂ ਪੈਦਾ ਹੁੰਦਾ।

## ਭਾਰਤ ਵੱਲੋਂ ਬਰਤਾਨਵੀ ਸਫ਼ੀਰ ਤਲਬ ਕਰ ਕੇ ਵਿਰੋਧ ਜ਼ਾਹਿਰ

ਬਰਤਾਨਵੀ ਸੰਸਦ ਵਿਚ ਖੇਤੀ ਕਾਨੂੰਨਾਂ ਬਾਰੇ ਹੋਈ ਚਰਚਾ ਤੋਂ ਬਾਅਦ ਅੱਜ ਭਾਰਤ ਨੇ ਬ੍ਰਿਟਿਸ਼ ਹਾਈ ਕਮਿਸ਼ਨਰ ਨੂੰ ਤਲਬ ਕਰ ਕੇ ਸਖ਼ਤ ਵਿਰੋਧ ਜਤਾਇਆ। ਭਾਰਤ ਨੇ ਚਰਚਾ ਨੂੰ ‘ਬੇਲੋੜੀ ਤੇ ਪੱਖਪਾਤੀ’ ਕਰਾਰ ਦਿੱਤਾ। ਵਿਦੇਸ਼ ਸਕੱਤਰ ਹਰਸ਼ ਵਰਧਨ ਸ਼੍ਰਿੰਗਲਾ ਨੇ ਬਰਤਾਨਵੀ ਰਾਜਦੂਤ ਨੂੰ ਕਿਹਾ ਕਿ ਉਨਾਂ ਦੀ ਸੰਸਦ ਵਿਚ ਭਾਰਤੀ ਕਾਨੂੰਨਾਂ ’ਤੇ ਹੋਈ ਚਰਚਾ ‘ਕਿਸੇ ਦੂਜੇ ਲੋਕਤੰਤਰਿਕ ਮੁਲਕ ਦੀ ਸਿਆਸਤ ਵਿਚ ਗੰਭੀਰ ਦਖ਼ਲਅੰਦਾਜ਼ੀ ਹੈ।’ ਵਿਦੇਸ਼ ਮੰਤਰਾਲੇ ਨੇ ਬਿਆਨ ਵਿਚ ਕਿਹਾ ਕਿ ਰਾਜਦੂਤ ਨੂੰ ਸੁਝਾਅ ਦਿੱਤਾ ਗਿਆ ਹੈ ਕਿ ਬਰਤਾਨਵੀ ਸੰਸਦ ਮੈਂਬਰ ‘ਵੋਟ ਬੈਂਕ ਦੀ ਸਿਆਸਤ ਖਾਤਰ ਘਟਨਾਵਾਂ ਨੂੰ ਤੋੜ-ਮਰੋੜ ਕੇ ਪੇਸ਼ ਕਰਨ ਤੋਂ ਬਚਣ।’

# ਅਫਗਾਨਿਸਤਾਨ ਦੀ ਸ਼ਾਂਤੀ ਵਾਰਤਾ ਵਿਚ ਭਾਰਤ ਦੀ ਸ਼ਮੂਲੀਅਤ ਦਾ ਰਾਹ ਪੱਧਰਾ

**ਅੰਮ੍ਰਿਤਸਰ ਟਾਈਮਜ਼ ਬਿਊਰੋ:** ਅਫਗਾਨਿਸਤਾਨ ਵਿਚ ਚੱਲ ਰਹੀ ਸ਼ਾਂਤੀ ਵਾਰਤਾ ਵਿਚ ਭਾਰਤ ਦੀ ਸ਼ਮੂਲੀਅਤ ਦਾ ਰਾਹ ਪੱਧਰਾ ਹੋ ਗਿਆ ਹੈ। ਅਮਰੀਕਾ ਵੱਲੋਂ ਅਫਗਾਨਿਸਤਾਨ ਵਿਚੋਂ ਫੌਜ ਹਟਾ ਕੇ ਸੱਤਾ ਅਫਗਾਨੀ ਲੋਕਾਂ ਨੂੰ ਸੌਂਪਣ ਦੀ ਤਾਲਿਬਾਨ ਨਾਲ ਸੰਧੀ ਕੀਤੀ ਗਈ ਹੈ। ਪਰ ਸੰਧੀ ਦਾ ਅਗਲਾ ਤੇ ਅਹਿਮ ਪੜਾਅ ਇਹ ਹੈ ਕਿ ਦਹਾਕਿਆਂਬੱਧੀ ਹਥਿਆਰਬੰਦ ਲੜਾਈਆਂ ਤੋਂ ਬਾਅਦ ਜੇ ਹੁਣ ਅਫਗਾਨਿਸਤਾਨ ਵਿਚੋਂ ਅਮਰੀਕਾ ਬਾਹਰ ਜਾਂਦਾ ਹੈ ਤਾਂ ਇਸ ਖਿੱਤੇ ’ਤੇ ਸਿਆਸੀ ਕਬਜ਼ਾ ਕਿਸ ਧਿਰ ਦਾ ਹੋਵੇਗਾ। ਤਾਲਿਬਾਨ ਨੇ ਆਪਣੇ ਹਥਿਆਰਾਂ ਦੇ ਜ਼ੋਰ ’ਤੇ ਲੜਾਈ ਵਿਚ ਆਪਣਾ ਪਾਸਾ ਭਾਰਾ ਰੱਖਿਆ ਹੈ ਪਰ ਤਾਲਿਬਾਨ ਵਿਰੋਧੀ ਧਿਰਾਂ ਅਤੇ ਅਮਰੀਕਾ ਦੀ ਸਰਪ੍ਰਸਤੀ ਵਿਚ ਰਾਜ ਕਰਦੇ ਰਹੇ ਗੁੱਟ ਆਪਣੀ ਸਿਆਸੀ ਭਾਈਵਾਲੀ ਲਈ ਜ਼ੋਰ ਅਜ਼ਮਾਇਸ਼ ਕਰ ਰਹੇ ਹਨ। ਇਸ ਜ਼ੋਰ ਅਜ਼ਮਾਇਸ਼ ਵਿਚ ਅਮਰੀਕਾ ਸਮੇਤ ਚੀਨ, ਰੂਸ, ਪਾਕਿਸਤਾਨ, ਇਰਾਨ ਅਤੇ ਭਾਰਤ ਦੀ ਵੱਡੀ ਅਹਿਮੀਅਤ ਹੈ।

ਅਫਗਾਨਿਸਤਾਨ ਵਿਚ ਸਥਾਪਤ ਹੋਣ ਵਾਲੀ ਨਵੀਂ ਸੱਤਾ ਭਾਰਤ ਅਤੇ ਪਾਕਿਸਤਾਨ ’ਤੇ ਵੱਡੇ ਪ੍ਰਭਾਵ ਪਾ ਸਕਦੀ ਹੈ। ਪਾਕਿਸਤਾਨ ਦੀ ਸ਼ਮੂਲੀਅਤ ਅਤੇ ਇੱਛਾ ਤੋਂ ਬਿਨਾਂ ਅਫਗਾਨਿਸਤਾਨ ਵਿਚ ਕਿਸੇ ਵੀ ਤਰਾਂ ਦੀ ਸਿਆਸੀ ਸਥਾਪਤੀ ਸੰਭਵ ਨਹੀਂ। ਪਰ ਪਿਛਲ਼ੇ ਸਾਲਾਂ ਵਿਚ ਭਾਰਤ ਨੇ ਵੀ ਅਫਗਾਨਿਸਤਾਨ ਵਿਚ ਆਪਣੀ ਤਾਕਤ ਨੂੰ ਵਧਾਇਆ ਹੈ। ਇਸੇ ਦੇ ਸਿੱਟੇ ਵਜੋਂ ਹੁਣ ਅਫਗਾਨਿਸਤਾਨ ਦੀ ਸ਼ਾਂਤੀ ਵਾਰਤਾ ਵਿਚ ਭਾਰਤ ਨੂੰ ਸ਼ਾਮਲ ਕੀਤਾ ਜਾ ਰਿਹਾ ਹੈ।

ਅਫਗਾਨਿਸਤਾਨ ਸ਼ਾਂਤੀ ਵਾਰਤਾ ਦੇ ਮੇਜ ’ਤੇ ਅਮਰੀਕਾ, ਪਾਕਿਸਤਾਨ, ਰੂਸ, ਚੀਨ, ਇਰਾਨ ਅਤੇ ਭਾਰਤ ਬੈਠਣਗੇ। ਪਾਕਿਸਤਾਨ ਭਾਰਤ ਨੂੰ ਬੈਠਕ ਵਿਚ ਸ਼ਾਮਲ ਕਰਨ ਦਾ ਵਿਰੋਧੀ ਸੀ ਪਰ ਰੂਸ ਵੱਲੋਂ ਵੀ ਭਾਰਤ ਦੀ ਸ਼ਮੂਲੀਅਤ ਨੂੰ ਰੱਦ ਕੀਤਾ ਗਿਆ ਸੀ। ਇਸ ਦੀ ਵਜਾ ਰੂਸ ਦੀ ਚੀਨ ਨਾਲ ਵਧੀ ਸਾਂਝ ਅਤੇ ਚੀਨ ਅਤੇ ਪਾਕਿਸਤਾਨ ਦੀ ਕੂਟਨੀਤਕ ਸਾਂਝ ਨੂੰ ਮੰਨਿਆ ਜਾ ਰਿਹਾ ਸੀ।

ਭਾਰਤ ਦੀ ਵਾਰਤਾ ਵਿਚ ਸ਼ਮੂਲੀਅਤ ਸਬੰਧੀ ਵਾਸ਼ਿੰਗਟਨ ਦਾ ਇਕ ਨੀਤੀ ਪੱਤਰ ਲੀਕ ਹੋਇਆ ਹੈ। ਇਸ ਗੱਲ ਦੇ ਬਾਹਰ ਆਉਣ ਤੋਂ ਬਾਅਦ ਰੂਸ ਨੇ ਹੁਣ ਭਾਰਤ ਦੀ ਸ਼ਮੂਲੀਅਤ ਦਾ ਸਵਾਗਤ ਕਰਦਿਆਂ ਕਿਹਾ ਕਿ ਅਫਗਾਨਿਸਤਾਨ ਵਿਚ ਸ਼ਾਂਤੀ ਸਥਾਪਤ ਕਰਨ ਲਈ ਭਾਰਤ ਦੀ ਹਿੱਸੇਦਾਰੀ ਬਹੁਤ ਅਹਿਮ ਹੈ।

# ਚਹੁੰ ਦੇਸ਼ਾਂ ਦੇ ਕੁਆਡ ਸਮੂਹ ਦੀ ਅਹਿਮ ਬੈਠਕ 12 ਮਾਰਚ ਨੂੰ

**ਅੰਮ੍ਰਿਤਸਰ ਟਾਈਮਜ਼ ਬਿਊਰੋ:** ਅਮਰੀਕਾ, ਭਾਰਤ, ਜਪਾਨ ਅਤੇ ਅਸਟ੍ਰੇਲੀਆ ਵੱਲੋਂ ਹਿੰਦ-ਪ੍ਰਸ਼ਾਂਤ ਮਹਾਂਸਾਗਰ ਇਲਾਕੇ ਵਿਚ ਸੁਰੱਖਿਆ ਸਹਿਯੋਗ ਮਜ਼ਬੂਤ ਕਰਨ ਲਈ ਬਣਾਏ ਗਏ ਕੁਆਡ ਸਮੂਹ ਦੀ ਅਹਿਮ ਬੈਠਕ 12 ਮਾਰਚ ਨੂੰ ਹੋਣ ਜਾ ਰਹੀ ਹੈ। ਇਸ ਬੈਠਕ ਵਿਚ ਚਾਰਾਂ ਦੇਸ਼ਾਂ ਦੇ ਉੱਚ ਆਗੂ ਸ਼ਾਮਲ ਹੋਣਗੇ। ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਈਡਨ, ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਜਪਾਨ ਦੇ ਪ੍ਰਧਾਨ ਮੰਤਰੀ ਯੋਸ਼ਿਦੇ ਸੁਗਾ ਅਤੇ ਅਸਟ੍ਰੇਲੀਅਨ ਪ੍ਰਧਾਨ ਮੰਤਰੀ ਸਕੋਟ ਮੋਰੀਸਨ ਆਨਲਾਈਨ ਬੈਠਕ ਵਿਚ ਭਾਗ ਲੈਣਗੇ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਭਾਰਤ ਦੇ ਵਿਦੇਸ਼ ਮਹਿਕਮੇ ਨੇ ਕਿਹਾ ਕਿ ਬੈਠਕ ਵਿਚ ਚਾਰਾਂ ਦੇਸ਼ਾਂ ਦੇ ਆਗੂ ਸਾਂਝੇ ਹਿੱਤਾਂ ਵਾਲੇ ਕੌਮਾਂਤਰੀ ਮਸਲਿਆਂ ਬਾਰੇ ਗੱਲਬਾਤ ਕਰਨਗੇ ਅਤੇ ਹਿੰਦ-ਪ੍ਰਸ਼ਾਂਤ ਮਹਾਂਸਾਗਰ ਇਲਾਕੇ ਨੂੰ ਖੁੱਲਾ, ਅਜ਼ਾਦ ਅਤੇ ਸਭ ਦੀ ਵਰਤੋਂ ਯੋਗ ਰੱਖਣ ਲਈ ਵਿਚਾਰ ਸਾਂਝੇ ਕਰਨਗੇ। ਦੱਸ ਦਈਏ ਕਿ ਹਿੰਦ-ਪ੍ਰਸ਼ਾਂਤ ਮਹਾਂਸਾਗਰ ਇਲਾਕਾ ਵਿਸ਼ਵ ਵਪਾਰ ਵਿਚ ਸਮੁੰਦਰੀ ਰਾਹਦਾਰੀ ਦਾ ਅਹਿਮ ਹਿੱਸਾ ਹੈ ਅਤੇ ਚੀਨ ਇਸ ਇਲਾਕੇ ਵਿਚ ਆਪਣਾ ਦਬਦਬਾ ਲਗਾਤਾਰ ਵਧਾ ਰਿਹਾ ਹੈ। ਚੀਨ ਦੇ ਪ੍ਰਭਾਵ ਨੂੰ ਚੁਣੌਤੀ ਦੇਣ ਲਈ ਅਮਰੀਕਾ ਨੇ ਚਾਰ ਦੇਸ਼ਾਂ ਦਾ ਇਹ ਸਮੂਹ ਖੜਾ ਕੀਤਾ ਹੈ।

# ਡਿਜ਼ਨੀਲੈਂਡ ਤੇ ਹੋਰ ਪਾਰਕ ਸੀਮਿਤ ਸਮਰਥਾ ਨਾਲ ਪਹਿਲੀ ਅਪ੍ਰੈਲ ਤੋਂ ਖੁੱਲ੍ਹਣਗੇ



**ਸੈਕਰਾਮੈਂਟੋ (ਹੁਸਨ ਲੜੋਆ ਬੰਗਾ):** ਡਿਜ਼ਨੀਲੈਂਡ ਤੇ ਹੋਰ ਥੀਮ ਪਾਰਕ ਪਹਿਲੀ ਅਪ੍ਰੈਲ ਤੋਂ ਸੀਮਿਤ ਸਮਰੱਥਾ ਨਾਲ ਖੁਲ ਸਕਦੇ ਹਨ। ਗਵਰਨਰ ਗੈਵਿਨ ਨਿਊਸੋਮ ਦੇ ‘ਬਲਿਊਪ੍ਰਿੰਟ ਫਾਰ ਸੇਫਰ ਇਕਾਨਮੀ’ ਵਿਚ ਅਰਥਵਿਵਸਥਾ ਖੋਲਣ ਸਬੰਧੀ ਨਵੇਂ ਨਿਯਮਾਂ ਦਾ ਐਲਾਨ ਕੀਤਾ ਗਿਆ ਹੈ। ਕੈਲੀਫੋਰਨੀਆ ਨੇ ਕੋਰੋਨਾ ਫੈਲਣ ਨੂੰ ਮੁੱਖ ਰਖਕੇ ਆਪਣੀਆਂ ਕਾਊਂਟੀਆਂ ਨੂੰ 4 ਰੰਗਾਂ ਵਿਚ ਤਬਦੀਲ ਕੀਤਾ ਹੋਇਆ ਹੈ। ਡਿਜ਼ਨੀਲੈਂਡ ਸਮੇਤ ਹੋਰ ਥੀਮ ਪਾਰਕ ਜੋ ਲਾਲ ਰੰਗ ਦੇ ਖੇਤਰ ਵਿਚ ਆਉਂਦੇ ਹਨ, 15% ਸਮਰੱਥਾ ਨਾਲ ਖੁਲਣਗੇ ਪ੍ਰੰਤੂ ਕੇਵਲ ਕੈਲੀਫੋਰਨੀਆ ਵਿਚ ਰਹਿੰਦੇ ਲੋਕ ਹੀ ਪਾਰਕਾਂ ਵਿਚ ਆਉਣ ਲਈ ਟਿਕਟ ਖਰੀਦ ਸਕਦੇ ਹਨ। ਡਿਜ਼ਨੀਲੈਂਡ ਰਿਜ਼ਾਰਟ ਦੇ ਪ੍ਰਧਾਨ ਕੇਨ ਪੋਟਰੌਕ ਨੇ ਪਾਰਕ ਮੁੜ ਖੁਲਣ ਉਪਰ ਖੁਸ਼ੀ ਪ੍ਰਗਟ ਕਰਦਿਆਂ ਕਿਹਾ ਹੈ ਕਿ ਉਹ ਸੈਲਾਨੀਆਂ ਦੇ ਸਵਾਗਤ ਲਈ ਤਿਆਰ ਹਨ ਤੇ ਪਾਰਕ ਖੁਲਣ ਦੀ ਤਰੀਕ ਬਾਰੇ ਰਸਮੀ ਐਲਾਨ ਦੀ ਉਡੀਕ ਕਰ ਰਹੇ ਹਨ। ਉਨਾਂ ਕਿਹਾ ਕਿ ਉਹ ਉਤਸ਼ਾਹਤ ਹਨ ਕਿ ਇਸ ਬਹਾਰ ਦੀ ਰੁੱਤ ਵਿੱਚ ਪਾਰਕ ਖੁਲਣ ਲਈ ਤਿਆਰ ਹਨ। ਇਸ ਨਾਲ ਹਜ਼ਾਰਾਂ ਲੋਕ ਕੰਮ ਉਪਰ ਪਰਤਣਗੇ ਤੇ ਹੋਰ ਕਾਰੋਬਾਰਾਂ ਤੇ ਸਮੁੱਚੇ ਸਮਾਜ ਨੂੰ ਇਸ ਦਾ ਫਾਇਦਾ ਹੋਵੇਗਾ। ਕੈਲੀਫੋਰਨੀਆ ਐਟਰੈਕਸ਼ਨਜ ਐਂਡ ਪਾਰਕ ਐਸੋਸੀਏਸ਼ਨ ਦੇ ਡਾਇਰੈਕਟਰ ਏਰਿਨ ਗੁਰੇਰੋ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਰਾਜ ਦੇ ਥੀਮ ਪਾਰਕਾਂ ਬਾਰੇ ਖਬਰ ਉਤਸ਼ਾਹ ਵਧਾਉਣ ਵਾਲੀ ਹੈ।



# ਮਹਿਲਾ ਕਿਸਾਨ ਦਿਵਸ



**ਸੰਜੀਵ ਸੈਣੀ**

8 ਮਾਰਚ ਨੂੰ ਕੌਮਾਂਤਰੀ ਮਹਿਲਾ ਦਿਵਸ ਦੇ ਮੌਕੇ ਦਿੱਲੀ ਦੀਆਂ ਬਰੂਹਾਂ 'ਤੇ ਮਹਿਲਾ ਕਿਸਾਨ ਦਿਵਸ ਮਨਾਇਆ ਗਿਆ। ਪੰਜਾਬ, ਹਰਿਆਣਾ ਸੂਬਿਆਂ ਵਿੱਚ ਵੀ ਇਹ ਦਿਵਸ ਮਨਾਇਆ ਗਿਆ। ਸਟੇਜ ਸੈਕਟਰੀ ਤੋਂ ਲੈ ਕੇ ਜੋ ਵੀ ਸਟੇਜ ਤੇ ਗਤੀਵਿਧੀਆਂ ਸਨ, ਉਨਾਂ ਦੀ ਸਾਰੀ ਜ਼ਿੰਮੇਵਾਰੀ ਮਹਿਲਾਵਾਂ ਨੇ ਬਹੁਤ ਹੀ ਵਧੀਆ ਤਰੀਕੇ ਨਾਲ ਨਿਭਾਈ। ਹਰੀਆਂ ਪੀਲੀਆਂ ਚੁੰਨੀਆਂ ਲੈ ਕੇ ਮਹਿਲਾਵਾਂ ਨੇ ਮੋਰਚੇ 'ਚ ਰੰਗ ਬਿਖੇਰੇ। ਪੜੀ-ਲਿਖੀ ਮਹਿਲਾਵਾਂ ਨੇ ਬਹੁਤ ਹੀ ਵਧੀਆ ਢੰਗ ਨਾਲ ਸਟੇਜ ਦੀ ਜ਼ਿੰਮੇਵਾਰੀ ਨਿਭਾਈ।ਜੂਨ 2020 ਵਿੱਚ ਕੇਂਦਰ ਵੱਲੋਂ ਨਵੇ ਖੇਤੀਬਾੜੀ ਆਰਡੀਨੈਂਸ ਜਾਰੀ ਕੀਤੇ ਗਏ। ਕਿਸਾਨਾਂ ਨੂੰ ਡਰ ਸਤਾਉਣ ਲੱਗਾ ਕਿ ਜੇਕਰ ਖੇਤੀ ਬਿੱਲ ਲਾਗੂ ਹੋ ਜਾਂਦੇ ਹਨ, ਤਾਂ ਉਨਾਂ ਦੀਆਂ ਜਮੀਨਾਂ ਕਾਰਪੋਰੇਟ ਦੇ ਹਵਾਲੇ ਹੋ ਜਾਣਗੀਆਂ। ਜਿਸ ਕਰਕੇ ਔਰਤਾਂ ਵੱਲੋਂ ਪਿੰਡ-ਪਿੰਡ ਵਿੱਚ ਲੋਕਾਂ ਨੂੰ ਇਨਾਂ ਮਾਰੂ ਖੇਤੀ ਬਿੱਲਾਂ ਪ੍ਰਤੀ ਜਾਗਰੂਕ ਕੀਤਾ ਗਿਆ। ਤਕਰੀਬਨ ਦੋ ਮਹੀਨੇ ਰੇਲ ਚੱਕਾ ਜਾਮ ਰਿਹਾ। ਜਿਸ ਵਿਚ ਔਰਤਾਂ ਵੀ ਸ਼ਾਮਿਲ ਹੋਈਆਂ। ਰਿਲਾਇੰਸ ਸਟੋਰ, ਪੈਟਰੋਲ ਪੰਪ ਤੇ ਵੀ ਧਰਨੇ ਦਿੱਤੇ ਗਏ। ਔਰਤਾਂ ਨੇ ਮੋਢੇ ਨਾਲ ਮੋਢਾ ਜੋੜ ਕੇ ਮਰਦਾਂ ਨਾਲ ਧਰਨੇ ਦਿੱਤੇ। ਪੰਜਾਬ ਵਿਚ ਬੰਦ ਦਾ ਸੱਦਾ ਵੀ ਦਿੱਤਾ ਗਿਆ ਸੀ, ਉਸ ਵਿੱਚ ਔਰਤਾਂ ਦੀ ਸ਼ਮੂਲੀਅਤ ਵੀ ਵੱਡੇ ਪੱਧਰ ਤੇ ਹੋਈ।

ਜਦੋਂ ਕੋਈ ਸਾਰਥਿਕ ਨਤੀਜਾ ਨਾ ਨਿਕਲਿਆ ਤਾਂ ਕਿਸਾਨਾਂ ਨੇ ਨਵੰਬਰ ਮਹੀਨੇ ਦਿੱਲੀ ਵੱਲ ਕੂਚ ਕੀਤਾ, ਜਿਸ ਵਿੱਚ ਵੱਡੇ ਪੱਧਰ 'ਤੇ ਔਰਤਾਂ ਸ਼ਾਮਲ ਹੋਈਆਂ। ਹਰਿਆਣਾ ਸਰਕਾਰ ਵੱਲੋਂ ਪਹਿਲੇ ਤਾਂ ਬਹੁਤ ਸਖ਼ਤੀ ਕੀਤੀ ਗਈ। ਕਿਸਾਨਾਂ ਤੇ ਅੱਥਰੂ ਗੈਸ ਦੇ ਗੋਲੇ ਦਾਗੇ ਗਏ। ਪਾਣੀ ਦੀਆਂ ਬੁਛਾੜਾਂ ਦੀਆਂ ਪ੍ਰਵਾਹ ਕੀਤੇ ਬਿਨਾਂ ਹੀ ਕਿਸਾਨਾਂ ਨੇ ਦਿੱਲੀ ਵੱਲ ਕੂਚ ਕੀਤਾ। ਦੇਖਾ ਦੇਖੀ ਵਿੱਚ ਆਪਣੇ ਹੱਕਾਂ ਦੀ ਰਾਖੀ ਲਈ ਹੋਰ ਸੂਬਿਆਂ ਦੀਆਂ ਔਰਤਾਂ ਨੇ ਕਿਸਾਨਾਂ ਨਾਲ ਦਿੱਲੀ ਵੱਲ ਨੂੰ ਕੂਚ ਕਰਨਾ ਸ਼ੁਰੂ ਕਰ ਦਿੱਤਾ। ਹੋਰ ਸੂਬਿਆਂ ਦੀਆਂ ਔਰਤਾਂ ਜਿਵੇਂ ਰਾਜਸਥਾਨ, ਹਰਿਆਣਾ ਆਪ ਹੀ ਟਰੈਕਟਰ ਚਲਾ ਕੇ 'ਕਿਸਾਨ-ਮਜ਼ਦੂਰ ਏਕਤਾ ਜਿੰਦਾਬਾਦ' ਦਾ ਨਾਅਰਾ ਦਿੰਦੇ ਹੋਏ ਵੱਡੇ ਪੱਧਰ 'ਤੇ ਇਸ ਵਿਚ ਸ਼ਾਮਲ ਹੋ ਰਹੀਆਂ ਹਨ। ਭੁੱਖ ਹੜਤਾਲ ਵਿੱਚ ਔਰਤਾਂ ਬਰਾਬਰ ਮਰਦਾਂ ਦੇ ਨਾਲ ਧਰਨੇ 'ਤੇ ਬੈਠੀਆਂ ਹਨ। ਲੰਗਰ ਸੇਵਾ ਜਾਂ ਹੋਰ ਵੀ ਕਈ ਜ਼ਿੰਮੇਵਾਰੀਆਂ ਔਰਤਾਂ ਬਹੁਤ ਹੀ ਬਾਖ਼ੂਬੀ ਤਰੀਕੇ ਨਾਲ ਨਿਭਾ ਰਹੀਆਂ ਹਨ।ਪੰਜਾਬ ਦੀਆਂ ਔਰਤਾਂ ਦੀ ਸੰਘਰਸ਼ ਸ਼ਮੂਲੀਅਤ ਨੇ ਹਰਿਆਣਵੀ ਔਰਤਾਂ ਨੂੰ ਵੀ ਜਾਗਰੂਕ ਕਰ ਦਿੱਤਾ ਹੈ।



7 ਜਨਵਰੀ ਨੂੰ ਦਿੱਲੀ ਦੀਆਂ ਬਰੂਹਾਂ 'ਤੇ ਟਰੈਕਟਰ ਮਾਰਚ ਕੱਢਿਆ ਗਿਆ। ਜਿਸ ਵਿੱਚ ਔਰਤਾਂ ਆਪ ਹੀ ਟਰੈਕਟਰ ਚਲਾ ਕੇ ਸ਼ਾਮਿਲ ਹੋਈਆਂ । ਆਮ ਸੁਣਨ ਵਿੱਚ ਵੀ ਆਉਂਦਾ ਹੈ ਕਿ ਹਰਿਆਣੇ ਵਿਚ ਔਰਤਾਂ ਆਪਣਾ ਮੂੰਹ ਢੱਕ ਕੇ ਰੱਖਦੀਆਂ ਹਨ । ਉਹ ਕਿਸੇ ਮਰਦ ਦੇ ਮੂਹਰੇ ਵੀ ਨਹੀਂ ਆਉਂਦੀਆਂ ਤੇ ਆਪਣੇ ਨਾਲੋਂ ਵੱਡੀ ਉਮਰ ਦੇ ਮਰਦ ਨਾਲ ਗੱਲ ਵੀ ਨਹੀਂ ਕਰਦੀਆਂ। ਹਰਿਆਣਵੀ ਔਰਤ ਜੇ ਆਪਣੇ ਘਰੇਲੂ ਕੰਮਕਾਜ ਲਈ ਬਾਹਰ ਵੀ ਜਾਂਦੀਆਂ ਹਨ, ਤਾਂ ਉਹ ਹਮੇਸ਼ਾ ਘੁੰਡ ਕੱਢ ਕੇ ਹੀ ਰੱਖਦੀਆਂ ਹਨ। ਪਰ ਜਦੋਂ ਦਾ ਕਿਸਾਨੀ ਸੰਘਰਸ਼ ਸ਼ੁਰੂ ਹੋਇਆ ਹੈ ਹਰਿਆਣਾ ਦੀਆਂ ਔਰਤਾਂ ਵੀ ਆਪਣੇ ਹੱਕਾਂ ਲਈ ਜਾਗਰੂਕ ਹੋ ਗਈਆਂ ਹਨ। ਉਨਾਂ ਦਾ ਕਹਿਣਾ ਹੈ ਕਿ ਜੇ ਪੰਜਾਬ ਦੀਆਂ ਔਰਤਾਂ ਧਰਨੇ ਵਿੱਚ ਸ਼ਾਮਲ ਹੋ ਸਕਦੀਆਂ ਹਨ, ਤਾਂ ਅਸੀਂ ਕਿਸੇ ਨਾਲੋਂ ਘੱਟ ਨਹੀਂ ਹਨ। ਹਰਿਆਣੇ ਦੀਆਂ ਔਰਤਾਂ ਆਪ ਹੀ ਟਰੈਕਟਰ ਚਲਾ ਕੇ 'ਜੈ ਜਵਾਨ ਜੈ ਕਿਸਾਨ' ਦਾ ਨਾਅਰਾ ਲਾਉਂਦੇ ਹੋਏ ਇਸ ਟਰੈਕਟਰ ਮਾਰਚ ਵਿੱਚ ਸ਼ਾਮਲ ਹੋਈਆਂ। ਇੱਕ ਟਰੈਕਟਰ ਤੇ ਚਾਰ ਜਾਂ ਪੰਜ ਔਰਤਾਂ ਬੈਠੀਆਂ ਸਨ ਤੇ ਆਪ ਹੀ ਟਰੈਕਟਰ ਚਲਾ ਰਹੀਆਂ ਸਨ। ਮਹਿਲਾਵਾਂ ਨੇ ਟਰੈਕਟਰ ਚਲਾ ਕੇ ਸੰਘਰਸ਼ ਵਿਚ ਹਾਜ਼ਰੀ ਭਰੀ। ਉਨਾਂ ਦਾ ਕਹਿਣਾ ਹੈ ਕਿ ਅੱਜ ਅਸੀਂ ਆਪਣੀ ਜ਼ਮੀਨ ਬਚਾਉਣ ਲਈ ਲੜ ਰਹੀਆਂ ਹਨ। ਔਰਤਾਂ ਨੇ ਕਿਹਾ ਕਿ ਕੇਂਦਰ ਸਰਕਾਰ ਕਾਰਪੋਰੇਟ ਪੱਖੀ ਹੈ ਤੇ ਕਿਸਾਨ ਵਿਰੋਧੀ ਹੈ।

ਇਹ ਅੰਦੋਲਨ ਹੁਣ ਜਨ-ਅੰਦੋਲਨ ਬਣ ਗਿਆ। ਹਰਿਆਣਾ ਦੀਆਂ ਔਰਤਾਂ ਪੰਜਾਬ ਦੀਆਂ ਔਰਤਾਂ ਨੂੰ ਆਪਣੇ ਮਹਿਮਾਨ ਦੱਸ ਕੇ ਉਨਾਂ ਦੀ ਖੂਬ ਆਉ ਭਗਤ ਕਰ ਰਹੀਆਂ ਹਨ। ਧਰਨੇ ਤੇ ਦੁੱਧ ਦੀਆਂ ਨਦੀਆਂ ਵੱਗ ਰਹੀਆਂ ਹਨ । ਖਾਣ ਪੀਣ ਦੀ ਕੋਈ ਕਮੀ ਨਹੀਂ ਹੈ। ਸਵੇਰ ਸ਼ਾਮ ਹਰਿਆਣਵੀ ਕੁੜੀਆਂ ਬੈਡਮਿੰਟਨ ਤੇ ਕਬੱਡੀ ਖੇਡਦੀਆਂ ਹਨ। ਕੇਂਦਰ ਸਰਕਾਰ ਦਾ ਫਰਜ਼ ਬਣਦਾ ਹੈ ਕਿ ਉਹ ਸੰਸਦ ਦਾ ਦਾਮਨ ਨਾ ਛੱਡੇ ਅਤੇ ਕਿਸਾਨਾਂ ਦੀਆਂ ਮੰਗਾਂ ਮੰਨੇ। ਸਰਕਾਰ ਇਸ ਅੰਦੋਲਨ ਨੂੰ ਜਿੰਨਾ ਲੰਬਾ ਖਿੱਚੇਗੀ, ਇਹ ਹੋਰ ਪ੍ਰਚੰਡ ਹੁੰਦਾ ਜਾਵੇਗਾ ।ਇਸ ਦਾ ਸਰਕਾਰ ਨੂੰ ਹੀ ਨੁਕਸਾਨ ਹੋਵੇਗਾ।

# ਜਾਰੀ ਹੈ ਹੱਕਾਂ ਦੀ ਜੰਗ

## ਕਿਸਾਨੀ ਅੰਦੋਲਨ ਦਾ ਤੀਸਰਾ ਪੜਾਅ

**ਹਰਕੀਰਤ ਕੌਰ**
**੯੭੭੯੧੧੮੦੬੬**

ਜਾਗਦੀਆਂ ਜਮੀਰਾਂ ਵਾਲੇ ਅੱਜ ਵੀ ਆਪਣੇ ਹੱਕਾਂ ਲਈ ਆਪਣੀ ਹੋਂਦ ਲਈ ਤੇ ਆਪਣੀ ਰੋਜ਼ੀ ਰੋਟੀ ਲਈ ਦਿੱਲੀ ਦੀਆਂ ਸੜਕਾਂ ਉੱਪਰ ਜਮੀਰੀ ਤੌਰ 'ਤੇ ਮਰ ਚੁੱਕੀ ਕੇਂਦਰ ਸਰਕਾਰ ਨੂੰ ਹਲੂਣਾ ਦੇਣ ਦਾ ਯਤਨ ਕਰ ਰਹੇ ਹਨ। 14 ਸਤੰਬਰ 2020 ਤੋਂ ਅੰਦੋਲਨ ਦਾ ਪਹਿਲਾ ਪੜਾਅ ਸ਼ੁਰੂ ਹੋਇਆ, 26 ਜਨਵਰੀ ਨੂੰ ਘਟੀ ਘਟਨਾ ਦੌਰਾਨ ਅੰਦੋਲਨ ਦਾ ਦੂਸਰਾ ਪੜਾਅ ਸ਼ੁਰੂ ਹੋਇਆ ਅਤੇ ਫਰਵਰੀ ਮਹੀਨੇ ਦੇ ਅੰਤ ਵਿੱਚ ਇਹ ਅੰਦੋਲਨ ਆਪਣੇ ਤੀਸਰੇ ਪੜਾਅ ਵਿੱਚ ਕਦਮ ਰੱਖ ਚੁੱਕਿਆ ਹੈ। ਜਿਸ ਦੌਰ ਵਿਚੋਂ ਹੁਣ ਸਾਡਾ ਕਿਸਾਨੀ ਅੰਦੋਲਨ ਗੁਜ਼ਰ ਰਿਹਾ ਹੈ, ਇਸ ਵਿੱਚ ਸਾਡੇ ਕਿਸਾਨ ਵੀਰਾਂ ਦੀ ਜੰਗ ਕੁਝ ਵੱਖਰੇ ਤਰਾਂ ਦੀ ਰਹੇਗੀ। ਇਸ ਪੜਾਅ ਵਿੱਚ ਕਿਸਾਨਾਂ ਨੇ ਸਿਆਸੀ ਟੱਕਰ ਲੈਣ ਦੀ ਠਾਣ ਲਈ ਹੈ।ਅਸਲ ਵਿੱਚ ਕੇਂਦਰ ਸਰਕਾਰ ਨੇ ਸੋਚ ਰੱਖਿਆ ਸੀ ਕਿ ਅਪ੍ਰੈਲ ਦੇ ਮਹੀਨੇ ਤੋਂ ਲਗਭਗ ਹਰ ਰਾਜ ਵਿੱਚ ਫਸਲਾਂ ਦੀ ਕਟਾਈ ਸ਼ੁਰੂ ਹੋ ਜਾਵੇਗੀ ਅਤੇ ਕਿਸਾਨ ਆਪੋ ਆਪਣੇ ਘਰਾਂ ਨੂੰ ਰਵਾਨਾ ਹੋ ਜਾਣਗੇ। ਪਰ ਕਿਸਾਨ ਨੇਤਾਵਾਂ ਦੀ ਬੀਤੇ ਦਿਨੀਂ ਹੋਈ ਪ੍ਰੈਸ ਕਾਨਫਰੰਸ ਨੇ ਉਨਾਂ ਦਾ ਇਹ ਸ਼ੰਕਾ ਦੂਰ ਕਰ ਦਿੱਤਾ ਹੈ। ਜਿਸ ਵਿੱਚ ਕਿਸਾਨ ਨੇਤਾਵਾਂ ਨੇ 6 ਮਾਰਚ ਨੂੰ ਕੇ. ਐੱਮ. ਪੀ (ਕੁੰਡਲੀ, ਮਾਨੇਸਰ ਅਤੇ ਪਲਵਲ) ਨੂੰ 11:00 ਤੋਂ 4:00 ਵਜੇ ਤੱਕ ਜਾਮ ਕਰਨ ਦਾ ਫੈਸਲਾ ਲਿਆ ਹੈ। ਇਹ ਰੋਡ ਦਿੱਲੀ ਦੇ ਆਲੇ ਦੁਆਲੇ ਦੇ ਰੋਡ ਹਨ, ਇਨਾਂ ਸੜਕਾਂ 'ਤੇ ਦਿੱਲੀ ਦੀ ਸਭ ਤੋਂ ਵੱਧ ਟ੍ਰੈਫਿਕ ਦੇਖਣ ਨੂੰ ਮਿਲਦੀ ਹੈ । ਇਸ ਤੋਂ ਇਲਾਵਾ ਕਿਸਾਨ ਨੇਤਾਵਾਂ ਦੁਆਰਾ ਕਰਨਾਟਕ ਦੇ ਕਿਸਾਨਾਂ ਨਾਲ ਮਿਲ ਕੇ ਕਰਨਾਟਕ ਦੀਆਂ ਮੰਡੀਆਂ ਵਿੱਚ ਵੀ ਆਪਣੇ ਹੱਕਾਂ ਲਈ ਅਵਾਜ਼ ਉਠਾਈ ਜਾਵੇਗੀ। ਕਰਨਾਟਕ ਦੇ ਕਿਸਾਨਾਂ ਨੂੰ ਐੱਮ. ਐੱਸ. ਪੀ ਦੀ ਮੰਗ ਕਰਨ ਲਈ ਜਾਗਰੂਕ ਕੀਤਾ ਜਾਵੇਗਾ ਅਤੇ ਦੱਖਣ ਭਾਰਤ ਦੇ ਕਿਸਾਨਾਂ ਨੂੰ ਵੀ ਦਿੱਲੀ ਵਿੱਚ ਚੱਲ ਰਹੇ ਇਸ ਅੰਦੋਲਨ ਵਿੱਚ ਸ਼ਾਮਲ ਕਰਨ ਦਾ ਯਤਨ ਕੀਤਾ ਜਾਵੇਗਾ ਅਤੇ ਜੇਕਰ ਇਸ ਯੋਜਨਾ ਵਿੱਚ ਕਿਸਾਨ ਸਫਲ ਹੋ ਜਾਂਦੇ ਹਨ ਤਾਂ ਪੰਜਾਬ ਤੋਂ ਹਰਿਆਣਾ, ਹਰਿਆਣਾ ਤੋਂ ਦਿੱਲੀ, ਦਿੱਲੀ ਤੋਂ ਯੂ.ਪੀ, ਯੂ.ਪੀ ਤੋਂ ਰਾਜਸਥਾਨ ਤੋਂ ਬਾਅਦ ਸਿੱਧਾ ਪੱਛਮ ਤੋਂ ਦੱਖਣ (ਕਰਨਾਟਕ) ਤੱਕ ਇਹ ਅੰਦੋਲਨ ਆਪਣੀਆਂ ਜੜਾਂ ਪਸਾਰ ਲਵੇਗਾ। ਤੀਸਰਾ ਅਤੇ ਬਹੁਤ ਹੀ ਮਹੱਤਵਪੂਰਣ ਫੈਸਲਾ ਜੋ ਇਸ ਅੰਦੋਲਨ ਦੇ ਤੀਸਰੇ ਪੜਾਅ ਵਿੱਚ ਲਿਆ ਗਿਆ ਹੈ, ਉਹ ਭਾਰਤੀ ਜਨਤਾ ਪਾਰਟੀ ਦਾ ਵਿਰੋਧ। ਜਿਵੇਂਕਿ ਸਾਰੇ ਜਾਣਦੇ ਹਾਂ ਕਿ ਪੱਛਮੀ ਬੰਗਾਲ, ਅਸਾਮ ਵਿੱਚ ਵਿਧਾਨ ਸਭਾ ਚੋਣਾਂ ਹੋਣ ਜਾ ਰਹੀਆਂ ਹਨ । ਹਰ ਸਿਆਸੀ ਪਾਰਟੀ ਦਾ ਅੱਡੀ ਚੋਟੀ ਦਾ ਜ਼ੋਰ ਪੱਛਮੀ ਬੰਗਾਲ ਦੇ ਲੋਕਾਂ ਦਾ ਵਿਸ਼ਵਾਸ ਜਿੱਤਣ 'ਤੇ ਲੱਗਾ ਹੋਇਆ ਹੈ। ਇਸੇ ਦੌਰਾਨ ਕਿਸਾਨ ਨੇਤਾਵਾਂ ਦੁਆਰਾ ਬਹੁਤ ਹੀ ਵੱਡਾ ਫੈਸਲਾ ਲਿਆ ਗਿਆ ਕਿ ਪੱਛਮ ਬੰਗਾਲ ਦੇ ਹਰ ਖੇਤਰ, ਅਸਾਮ, ਤਾਮਿਲਨਾਡੂ, ਕੇਰਲਾ ਆਦਿ ਵਿੱਚ ਬੀ. ਜੇ. ਪੀ ਦਾ ਵਿਰੋਧ ਕੀਤਾ ਜਾਵੇਗਾ। ਕਿਸਾਨਾਂ ਦਾ ਇਹ ਬਹੁਤ ਵੱਡਾ ਸਿਆਸੀ ਫੈਸਲਾ ਹੈ, ਜੋ ਕਿਸਾਨੀ ਮੋਰਚੇ ਦੀਆਂ ਜੜਾਂ ਨੂੰ ਹੋਰ ਡੂੰਘੀਆਂ ਕਰੇਗਾ ਅਤੇ ਕੇਂਦਰ ਸਰਕਾਰ ਦੀਆਂ ਜੜਾਂ ਹਿਲਾਉਣ ਵਿੱਚ ਸਹਾਈ ਹੋਵੇਗਾ। ਇਸ ਤੋਂ ਬਾਅਦ ਗੱਲ ਕਰਦੇ ਹਾਂ ਆਖਰੀ ਪ੍ਰੋਗਰਾਮ ਦੀ ਜੋ ਕਿ 15 ਤਾਰੀਖ ਨੂੰ ਉਲੀਕਿਆ ਜਾਵੇਗਾ। ਹਰ ਸਮਾਜ ਦੇ ਤਿੰਨ ਮੁੱਖ ਵਰਗ ਹੁੰਦੇ ਹਨ ਕਿਸਾਨ, ਮਜ਼ਦੂਰ ਅਤੇ ਕਰਮਚਾਰੀ। 15 ਤਾਰੀਖ ਨੂੰ ਮਜ਼ਦੂਰਾਂ ਅਤੇ ਕਰਮਚਾਰੀਆਂ ਦੀਆਂ 10 ਯੂਨੀਅਨਾਂ ਨੇ ਸਰਕਾਰ ਦੁਆਰਾ ਹਰੇਕ ਸੰਸਥਾ ਦੇ ਹੋ ਰਹੇ ਨਿੱਜੀਕਰਨ ਵਿਰੁੱਧ ਵਿਰੋਧ ਕਰਨ ਦਾ ਫ਼ੈਸਲਾ ਲਿਆ ਹੈ। ਇਸ ਦੌਰਾਨ ਕਿਸਾਨ ਨੇਤਾਵਾਂ ਨੇ ਇਹ ਵਿਰੋਧ ਵਿੱਚ ਵੱਧ ਚੜ ਕੇ ਹਿੱਸਾ ਲੈਣ ਦਾ ਫ਼ੈਸਲਾ ਕੀਤਾ ਹੈ। ਜੇਕਰ ਅੱਜ ਕਿਸਾਨ ਮਜ਼ਦੂਰ, ਕਰਮਚਾਰੀ ਵਰਗ ਦੇ ਨਾਲ ਮੋਢੇ ਜੋੜ ਕੇ ਖੜਨਗੇ ਤਾਂ ਕੀ ਕੱਲ ਕਿਸਾਨਾਂ ਨਾਲ ਇਹ ਲੋਕ ਨਹੀਂ ਖੜਨਗੇ ? ਜਿੱਥੇ ਪਹਿਲਾਂ ਕੇਵਲ ਕਿਸਾਨ ਇਨਾਂ ਬਿੱਲਾਂ ਦਾ ਵਿਰੋਧ ਕਰ ਰਹੇ ਸਨ ਪਰ 15 ਤਾਰੀਖ ਦੇ ਇਸ ਵਿਰੋਧ ਤੋਂ ਬਾਅਦ ਮਜ਼ਦੂਰ ਅਤੇ ਕਰਮਚਾਰੀ ਵਰਗ ਦੇ ਜੁੜਨ ਦੇ ਪੂਰੇ ਅਸਾਰ ਹਨ। ਜੇਕਰ ਮਜ਼ਦੂਰ ਅਤੇ ਕਰਮਚਾਰੀ ਵਰਗ ਕਿਸਾਨੀ ਮੋਰਚੇ ਦਾ ਹਿੱਸਾ ਬਣਦੇ ਹਨ ਤਾਂ ਸਾਡਾ ਇਹ ਅੰਦੋਲਨ ਹੋਰ ਮਜ਼ਬੂਤ ਹੋਵੇਗਾ । ਇਨਾਂ ਸਾਰੇ ਫੈਸਲਿਆਂ ਨੂੰ ਗੰਭੀਰਤਾ ਨਾਲ ਵਿਚਾਰਨ ਤੋਂ ਬਾਅਦ ਸਿੱਧ ਹੁੰਦਾ ਹੈ ਕਿ ਸਾਡੇ ਕਿਸਾਨੀ ਮੋਰਚੇ ਦੀ ਵਾਗਡੋਰ ਸਹੀ ਹੱਥਾਂ ਵਿੱਚ ਹੈ। ਪਰ ਸਾਰੇ ਕਿਸਾਨ ਵੀਰਾਂ ਦਾ ਇਹ ਯਤਨ ਜ਼ਰੂਰ ਰਹਿਣਾ ਚਾਹੀਦਾ ਹੈ ਕਿ ਕਿਸੇ ਵੀ ਤਰਾਂ ਦੀ ਆਪਹੁਦਰੀ ਨਾ ਕੀਤੀ ਜਾਵੇ। ਪ੍ਰਬੰਧਕਾਂ ਦੀ ਸਲਾਹ ਅਤੇ ਯੋਜਨਾ ਅਨੁਸਾਰ ਹੀ ਕੰਮ ਕੀਤੇ ਜਾਣ। ਉਨਾਂ ਦੁਆਰਾ ਬਣਾਈ ਗਈ ਯੋਜਨਾ ਅਨੁਸਾਰ ਚੱਲਿਆ ਜਾਵੇ। ਸ਼ਰਾਰਤੀ ਅਨਸਰਾਂ ਦਾ ਧਿਆਨ ਰੱਖਿਆ ਜਾਵੇ ਤਾਂ ਜੋ ਇਸ ਯੋਜਨਾ ਨੂੰ ਸਫਲ ਬਣਾਇਆ ਜਾ ਸਕੇ। ਪ੍ਰਮਾਤਮਾ ਮੇਹਰ ਕਰੇ ਕਿ ਇਹ ਕਿਸਾਨੀ ਮੋਰਚਾ ਪੂਰੇ ਦੇਸ਼ ਵਿਚ ਜੰਗਲ ਦੀ ਅੱਗ ਵਾਂਗ ਫੈਲ ਜਾਵੇ ਤਾਂ ਜੋ ਇਸ ਦੇ ਸੇਕ ਨਾਲ ਜ਼ਾਲਮ ਸਰਕਾਰਾਂ ਦਾ ਨਾਸ਼ ਹੋ ਸਕੇ।

**ਕਿਸਾਨ ਏਕਤਾ ਜਿੰਦਾਬਾਦ !**

# ਅੱਖੀਂ ਡਿੱਠਾ ਕਿਸਾਨ ਅੰਦੋਲਨ

**ਸੰਜੀਵ ਸਿੰਘ ਸੈਣੀ, ਮੋਹਾਲੀ**

ਜੂਨ 2020 ਵਿੱਚ ਕੇਂਦਰ ਵੱਲੋਂ ਨਵੇਂ ਖੇਤੀਬਾੜੀ ਆਰਡੀਨੈਂਸ ਜਾਰੀ ਕੀਤੇ ਗਏ। ਕਿਸਾਨਾਂ ਨੂੰ ਡਰ ਸਤਾਉਣ ਲੱਗਾ ਕਿ ਜੇਕਰ ਖੇਤੀ ਬਿੱਲ ਲਾਗੂ ਹੋ ਜਾਂਦੇ ਹਨ, ਤਾਂ ਉਨ੍ਹਾਂ ਦੀਆਂ ਜ਼ਮੀਨਾਂ ਕਾਰਪੋਰੇਟ ਦੇ ਹਵਾਲੇ ਹੋ ਜਾਣਗੀਆਂ। ਜਿਸ ਕਰਕੇ ਕਿਸਾਨ ਜਥੇਬੰਦੀਆਂ ਦੇ ਨੁਮਾਇੰਦਿਆਂ ਵੱਲੋਂ ਪਿੰਡ-ਪਿੰਡ ਵਿੱਚ ਲੋਕਾਂ ਨੂੰ ਇਨ੍ਹਾਂ ਮਾਰੂ ਖੇਤੀ ਬਿੱਲਾਂ ਪ੍ਰਤੀ ਜਾਗਰੂਕ ਕੀਤਾ ਗਿਆ। ਤਕਰੀਬਨ ਦੋ ਮਹੀਨੇ ਰੇਲ ਚੱਕਾ ਜਾਮ ਰਿਹਾ। ਰਿਲਾਇੰਸ ਸਟੋਰ, ਪੈਟਰੋਲ ਪੰਪ ਤੇ ਵੀ ਧਰਨੇ ਦਿੱਤੇ ਗਏ। ਤਕਰੀਬਨ ਹਰ ਤਬਕੇ ਵੱਲੋਂ ਪੰਜਾਬ ਵਿੱਚ ਕਿਸਾਨਾਂ ਨੂੰ ਭਰਪੂਰ ਸਮਰਥਨ ਦਿੱਤਾ ਗਿਆ। ਜਦੋਂ ਕੋਈ ਸਾਰਥਕ ਨਤੀਜਾ ਨਾ ਨਿਕਲਿਆ ਤਾਂ ਕਿਸਾਨਾਂ ਨੇ ਨਵੰਬਰ ਮਹੀਨੇ ਦਿੱਲੀ ਵੱਲ ਕੂਚ ਕੀਤਾ। ਹਰਿਆਣਾ ਸਰਕਾਰ ਵੱਲੋਂ ਪਹਿਲੇ ਤਾਂ ਬਹੁਤ ਸਖ਼ਤੀ ਕੀਤੀ ਗਈ। ਕਿਸਾਨਾਂ ਤੇ ਅੱਥਰੂ ਗੈਸ ਦੇ ਗੋਲੇ ਦਾਗੇ ਗਏ। ਪਾਣੀ ਦੀਆਂ ਬੁਛਾੜਾਂ ਦੀਆਂ ਪ੍ਰਵਾਹ ਕੀਤੇ ਬਿਨਾਂ ਹੀ ਕਿਸਾਨਾਂ ਨੇ ਦਿੱਲੀ ਵੱਲ ਕੂਚ ਕੀਤਾ। ਜਿਸ ਵਿੱਚ ਵੱਡੇ ਪੱਧਰ ਤੇ ਔਰਤਾਂ, ਨੌਜਵਾਨਾਂ, ਬਜ਼ੁਰਗਾਂ, ਮਜ਼ਦੂਰ, ਲੇਖਕਾਂ, ਗੀਤਕਾਰ, ਨਾਟਕਕਾਰ ਆਦਿ ਵਰਗਾਂ ਨੇ ਸ਼ਮੂਲੀਅਤ ਕੀਤੀ। ਦੇਖਾਂ ਦੇਖੀ ਵਿੱਚ ਆਪਣੇ ਹੱਕਾਂ ਦੀ ਰਾਖੀ ਲਈ ਹੋਰ ਸੂਬਿਆਂ ਦੇ ਕਿਸਾਨਾਂ ਨੇ ਦਿੱਲੀ ਵੱਲ ਨੂੰ ਕੂਚ ਕਰਨਾ ਸ਼ੁਰੂ ਕਰ ਦਿੱਤਾ। ਜਿੱਥੇ ਵੀ ਕੇਂਦਰ ਦੇ ਵਜੀਰ ਜਾਂਦੇ ਹਨ, ਇਨ੍ਹਾਂ ਬਿੱਲਾਂ ਦੇ ਸੋਹਲੇ ਗਾਣ ਲੱਗ ਜਾਂਦੇ ਹਨ। ਹਾਲਾਂਕਿ ਪ੍ਰਧਾਨ ਮੰਤਰੀ ਨੇ ਚਾਹੇ ਇੱਕ ਵੀ ਵਾਰ ਕਿਸਾਨਾਂ ਨਾਲ ਕਿਸਾਨੀ ਮੁੱਦੇ ਤੇ ਗੱਲਬਾਤ ਨਹੀਂ ਕੀਤੀ ਹੈ,ਪਰ ਹਰ ਥਾਂ ਤੇ ਜਾ ਕੇ ਕਿਸਾਨੀ ਬਿੱਲਾਂ ਦੀ ਵਕਾਲਤ ਜਰੂਰ ਕਰਦੇ ਹਨ। ਕਿਸਾਨਾਂ ਨੂੰ ਮੰਡੀਆਂ ਖ਼ਤਮ ਹੋਣ ਦਾ ਵੀ ਡਰ ਹੈ। ਜਿਸ ਕਾਰਨ ਉਨ੍ਹਾਂ ਨੂੰ ਲੱਗ ਰਿਹਾ ਹੈ ਕਿ ਉਨ੍ਹਾਂ ਨੂੰ ਫ਼ਸਲ ਦਾ ਘੱਟੋ-ਘੱਟ ਸਮਰਥਨ ਮੁੱਲ ਵੀ ਨਹੀਂ ਮਿਲ ਸਕੇਗਾ, ਕਿਉਂਕਿ ਨਿੱਜੀ ਕੰਪਨੀਆਂ ਮਨ-ਮਰਜ਼ੀ ਦਾ ਭਾਅ ਲਾਉਣਗੀਆਂ। ਕੇਂਦਰ ਤੇ ਕਿਸਾਨਾਂ ਵਿਚਾਲੇ ਨਵੰਬਰ ਮਹੀਨੇ ਵਿਚ ਹੋਈ ਮੀਟਿੰਗ ਬੇਸਿੱਟਾ ਰਹੀ। ਕੇਂਦਰੀ ਵਜ਼ਾਰਤ ਕਹਿ ਰਹੀ ਹੈ ਕਿ ਕਾਨੂੰਨਾਂ ਵਿੱਚ ਸੋਧ ਕੀਤੀ ਜਾਵੇਗੀ , ਪਰ ਕਿਸਾਨਾਂ ਨੂੰ ਸੋਧ ਪ੍ਰਵਾਨ ਨਹੀਂ ਹੈ ਅਤੇ ਕਿਸਾਨ ਜਥੇਬੰਦੀਆਂ ਦਾ ਕਹਿਣਾ ਹੈ ਕਿ ਕਾਨੂੰਨ ਨੂੰ ਰੱਦ ਕਰੋ ਤੇ ਜੋ ਨਵੇਂ ਕਾਨੂੰਨ ਬਣਾਉਣੇ ਹਨ ਉਹ ਕਿਸਾਨਾਂ ਦੀ ਸਲਾਹ ਮਸ਼ਵਰਾ ਲੈ ਕੇ ਬਣਾਏ ਜਾਣ। ਜਮਹੂਰੀਅਤ ਵਿੱਚ ਕਿਸੇ ਵੀ ਕਾਨੂੰਨ ਤੇ ਦੁਬਾਰਾ ਵਿਚਾਰ ਕਰਨਾ ਸੰਭਵ ਹੈ।

ਅਜਿਹੀ ਕੜਾਕੇ ਦੀ ਠੰਡ ਵਿੱਚ 50 ਦੇ ਕਰੀਬ ਕਿਸਾਨਾਂ ਨੇ ਸ਼ਹੀਦੀ ਵੀ ਪਾਈ ਹੈ। ਇਹ ਅੰਦੋਲਨ ਹੁਣ ਜਨ-ਅੰਦੋਲਨ ਬਣ ਗਿਆ। ਹਰ ਵਰਗ ਦੇ ਲੋਕ ਜਾਤਾਂ-ਧਰਮਾਂ ਤੋਂ ਉੱਪਰ ਉੱਠ ਕੇ ਕਿਸਾਨ ਅੰਦੋਲਨ ਦੀ ਹਮਾਇਤ ਕਰ ਰਹੇ ਹਨ। ਇਕ ਹੀ ਜਗ੍ਹਾ ਬੈਠ ਕੇ ਧਰਨੇ ਦਿੱਤੇ ਜਾ ਰਹੇ ਹਨ ਅਤੇ ਇਕੱਠੇ ਖਾਣਾ ਬਣਾਇਆ ਤੇ ਖਾਧਾ ਜਾ ਰਿਹਾ ਹੈ। ਧਰਨੇ ਤੇ ਹੀ ਕਿਸਾਨਾਂ ਨੇ ਗੁਰੂ ਨਾਨਕ ਦੇਵ ਜੀ ਦਾ ਜਨਮ ਦਿਹਾੜਾ ਮਨਾਇਆ। ਗੁਰੂ ਗੋਬਿੰਦ ਸਿੰਘ ਜੀ ਦੇ ਬੱਚਿਆਂ ਦੀ ਸ਼ਹੀਦੀ ਨੂੰ ਵੀ ਯਾਦ ਕੀਤਾ ਗਿਆ। ਕਿਸਾਨਾਂ ਨੇ ਬਾਡਰਾਂ ਤੇ ਲਾਇਬ੍ਰੇਰੀ ਵੀ ਸਥਾਪਿਤ ਕਰ ਦਿੱਤੀ। ਜਥੇਬੰਦੀਆਂ ਵੱਲੋਂ ਟਰੈਲੀ ਟਾਈਮਜ਼ ਅਖ਼ਬਾਰ ਵੀ ਸ਼ੁਰੂ ਕਰ ਦਿੱਤਾ ਗਿਆ। ਵਰਜ਼ਿਸ਼ ਕਰਨ ਲਈ ਉੱਥੇ ਜਿੰਮ ਤੱਕ ਖੋਲ੍ਹ ਦਿੱਤੇ ਗਏ। ਹਰਿਆਣਾ ਦੇ ਲੋਕ ਪੰਜਾਬ ਦੇ ਕਿਸਾਨਾਂ ਨੂੰ ਆਪਣੇ ਮਹਿਮਾਨ ਦੱਸ ਕੇ ਉਨ੍ਹਾਂ ਦੀ ਖ਼ੂਬ ਆਉ ਭਗਤ ਕਰ ਰਹੇ ਹਨ। ਧਰਨੇ ਤੇ ਦੁੱਧ ਦੀਆਂ ਨਦੀਆਂ ਵੱਗ ਰਹੀਆਂ ਹਨ । ਖਾਣ ਪੀਣ ਦੀ ਕੋਈ ਕਮੀ ਨਹੀਂ ਹੈ। ਦੇਖਣ ਵਿੱਚ ਵੀ ਆਇਆ ਹੈ ਕਿ ਜੋ ਗ਼ਰੀਬ ਤਬਕਾ ਦਿੱਲੀ ਬਾਰਡਰ ਦੇ ਨੇੜੇ ਝੁੱਗੀ-ਝੌਂਪੜੀਆਂ ਵਿਚ ਰਹਿੰਦਾ ਹੈ ਉਹ ਕਿਸਾਨਾਂ ਨੂੰ ਦਿਲੋਂ ਅਸੀਸ ਦੇ ਰਹੇ ਹਨ। ਕਿਉਂਕਿ ਉਨ੍ਹਾਂ ਨੂੰ ਭਰ ਪੇਟ ਖਾਣ ਪੀਣ ਨੂੰ ਮਿਲ ਰਿਹਾ ਹੈ। ਕਹਿ ਵੀ ਰਹੇ ਹਨ ਕਿ ਸਰਦਾਰ ਜੀ ਯਹਾਂ ਸੇ ਮਤ ਜਾਣਾ, ਹਮਾਰਾ ਦਿਲ ਬੀ ਨਹੀਂ ਲੱਗੇਗਾ। ਸਵੇਰ ਸ਼ਾਮ ਨੌਜਵਾਨ ਮੁੰਡੇ ਕੁੜੀਆਂ ਬੈਡਮਿੰਟਨ ਤੇ ਕਬੱਡੀ ਖੇਡਦੇ ਹਨ। ਸਮੇਂ ਦੀ ਨਜ਼ਾਕਤ ਨੂੰ ਦੇਖਦੇ ਹੋਏ ਕੇਂਦਰ ਸਰਕਾਰ ਨੂੰ ਆਪਣਾ ਅੜੀਅਲ ਵਤੀਰਾ ਛੱਡ ਕੇ ਇਹ ਖੇਤੀ ਮਾਰੂ ਬਿੱਲ ਰੱਦ ਕਰ ਦੇਣੇ ਚਾਹੀਦੇ ਹਨ। ਕੇਂਦਰ ਸਰਕਾਰ ਦਾ ਫਰਜ ਬਣਦਾ ਹੈ ਕਿ ਉਹ ਸੰਸਦ ਦਾ ਦਾਮਨ ਨਾ ਛੱਡੇ ਅਤੇ ਕਿਸਾਨਾਂ ਦੀਆਂ ਮੰਗਾਂ ਮੰਨੇ। ਸਰਕਾਰ ਇਸ ਅੰਦੋਲਨ ਨੂੰ ਜਿੰਨਾ ਲੰਬਾ ਖਿੱਚੇਗੀ, ਇਹ ਹੋਰ ਪ੍ਰਚੰਡ ਹੁੰਦਾ ਜਾਵੇਗਾ। ਇਸ ਦਾ ਸਰਕਾਰ ਨੂੰ ਹੀ ਨੁਕਸਾਨ ਹੋਵੇਗਾ।

# ਇਕ ਹੋਰ ਅੰਤਰਰਾਸ਼ਟਰੀ ਔਰਤਾਂ ਦਾ ਦਿਨ ਵੀ ਲੰਘ ਗਿਆ !



**ਡਾ. ਹਰਸ਼ਿੰਦਰ ਕੌਰ, ਐਮ. ਡੀ.**
**ਫੋਨ ਨੰ: 0175-2216783**

ਔਰਤ ਜੋ ਹਰ ਜੰਮ ਚੁੱਕੇ ਤੇ ਜੰਮਣ ਵਾਲੇ ਦੀ ਮਾਂ ਹੈ। ਜੋ ਇੱਕ ਨਿਆਸਰੇ ਮਾਸ ਦੇ ਲੋਥੜੇ ਨੂੰ ਨੌਂ ਮਹੀਨੇ ਆਪਣੇ ਲਹੂ ਨਾਲ ਸਿੰਜ ਕੇ ਆਪਣਾ ਅੰਮ੍ਰਿਤ-ਰੂਪੀ ਦੁੱਧ ਪਿਆ ਕੇ ਜਵਾਨ ਕਰਦੀ ਹੈ। ਉਸ ਦੀਆਂ ਲੋਰੀਆਂ ਵਿੱਚੋਂ ਨਵਜੰਮੇਂ ਦੇ ਸੁਫ਼ਨੇ ਸਿਰਜੇ ਜਾਂਦੇ ਹਨ। ਹਰ ਮੁਸ਼ਕਲ ਤੋਂ ਢਾਲ ਬਣ ਬਚਾਉਂਦੀ ਉਹੀ ਔਰਤ ਪੁੱਤਰ ਨੂੰ ਜਵਾਨ ਕਰ ਕੇ ਅਸੀਸਾਂ ਨਾਲ ਉਸ ਲਈ ਠੰਘੀ ਸੰਘਣੀ ਛਾਂ ਬਣ ਜਾਂਦੀ ਹੈ।

ਫਿਰ ਪੁੱਤਰ ਆਪਣਾ ਕਰਜ਼ ਲਾਹੁਣ ਬਾਰੇ ਸੋਚਦਾ ਹੈ ਤੇ ਸਾਲ ਦੇ 365 ਦਿਨਾਂ ਵਿੱਚੋਂ ਇੱਕ ਦਿਨ ਉਸੇ ਮਾਂ ਦੀ ਜ਼ਾਤ ਨੂੰ ਸਮਰਪਿਤ ਕਰ ਦਿੰਦਾ ਹੈ। ਉਸੇ ਔਰਤ ਨੂੰ ਫੱਫੇ-ਕੁੱਟਣੀ, ਗੁੱਤ ਪਿੱਛੇ ਮੱਤ, ਅਰਧਾਂਗਨੀ, ਨਾਗਣ, ਡਾਇਣ, ਟੂਣੇਹਾਰੀ, ਖੇਖਣਹਾਰੀ, ਛੁੱਟੜ, ਅਧੂਰੀ, ਵਿਧਵਾ, ਮੌਲਕੀ ਆਦਿ ਨਾਵਾਂ ਨਾਲ ਨਿਵਾਜਦਾ ਹੈ।

ਉਸ ਤੋਂ ਬਾਅਦ ਅਖ਼ਬਾਰਾਂ ਉਸ ਇੱਕ ਸਮਰਪਿਤ ਕੀਤੇ ਦਿਨ ਦਾ ਲੇਖਾ ਜੋਖਾ ਕਰਦੀਆਂ ਹਨ। ਇਸ ਇੱਕ ਦਿਨ ਵਿਚ ਏਨੇ ਹਜ਼ਾਰ ਉਧਾਲੇ ਹੋਏ। ਇਸ ਇੱਕ ਦਿਨ ਵਿਚ ਏਨੀਆਂ ਬਾਲੜੀਆਂ ਨੂੰ ਸਮੂਹਕ ਜਬਰ ਜਨਾਹ ਕਰਕੇ ਸਾੜ ਦਿੱਤਾ ਗਿਆ। ਇਸ ਦਿਨ ਏਨੀਆਂ ਨੂੰਹਾਂ ਦਾਜ ਖ਼ਾਤਰ ਬਲੀ ਚੜ ਗਈਆਂ। ਇਸੇ ਇੱਕੋ ਦਿਨ ਸੈਂਕੜੇ ਜਵਾਨ ਧੀਆਂ ਤੇਜ਼ਾਬ ਨਾਲ ਪਿਘਲਾ ਦਿੱਤੀਆਂ ਗਈਆਂ। ਅਣਗਿਣਤ ਵਤਨੋਂ ਪਾਰ ਜਾਣ ਦਾ ਜ਼ਰੀਆ ਬਣ ਕੇ ਰਹਿ ਗਈਆਂ। ਹਜ਼ਾਰਾਂ ਜਿਸਮ ਫਰੋਸ਼ੀ ਦੇ ਧੰਧੇ ਵਿਚ ਧੱਕੀਆਂ ਗਈਆਂ। ਖ਼ੌਰੇ ਕਿੰਨੀਆਂ ਮਨੁੱਖੀ ਤਸਕਰੀ ਅਧੀਨ ਸਰਹੱਦੋਂ ਪਾਰ ਗ਼ਾਇਬ ਹੋ ਗਈਆਂ! ਅਣਗਿਣਤ ਘਰੇਲੂ ਹਿੰਸਾ ਦੀ ਭੇਂਟ ਚੜੀਆਂ ਤੇ ਲੱਖਾਂ ਭੱਦੀ ਛੇੜ ਛਾੜ ਦਾ ਸ਼ਿਕਾਰ ਹੋਈਆਂ!

ਇਸ ਲੇਖੇ ਜੋਖੇ ਵਿਚ ਸ਼ਾਮਲ ਕੁੱਝ ਬੇਟੀਆਂ ਦਾ ਜ਼ਿਕਰ ਕਰਨਾ ਜ਼ਰੂਰੀ ਹੈ।

1. ਜਗਰਾਉਂ ਵਿਚ ਇੱਕ ਮਾਂ-ਪਿਓ ਦੀ ਆਪਸੀ ਤਕਰਾਰ ਬਾਅਦ ਪਿਓ ਧੱਕੇ ਨਾਲ ਆਪਣੀ ਨਾਬਾਲਗ 15 ਸਾਲਾ ਧੀ ਨੂੰ ਨਾਲ ਲੈ ਗਿਆ। ਉਸ ਪਿਓ ਨੇ ਦੁਬਾਰਾ ਵਿਆਹ ਕਰਵਾ ਲਿਆ ਤੇ ਫਿਰ ਨਾਬਾਲਗ ਧੀ ਨਾਲ ਮੂੰਹ ਕਾਲਾ ਕੀਤਾ। ਉਸ ਤੋਂ ਬਾਅਦ ਮਤਰੇਆ ਵੱਡਾ ਭਰਾ ਵੀ ਭੈਣ ਦਾ ਜਿਸਮਾਨੀ ਸ਼ੋਸ਼ਣ ਕਰਨ ਲੱਗ ਪਿਆ। ਨੌਂ ਮਹੀਨੇ ਭਰਾ ਤੇ ਪਿਓ ਆਪਣੀ ਹਵਸ ਮਿਟਾਉਂਦੇ ਰਹੇ ਤੇ ਫਿਰ ਭਰਾ ਤੇ ਭਾਬੀ ਨੇ ਜਬਰੀ ਹੋਰ ਕਈ ਅਣਪਛਾਤੇ ਲੋਕਾਂ ਕੋਲੋਂ ਵੀ ਉਸ ਦਾ ਸ਼ੋਸ਼ਣ ਕਰਵਾਇਆ ਅਤੇ ਧੰਦਾ ਕਰਨ ਲਈ ਮਜਬੂਰ ਕੀਤਾ। ਅਖ਼ੀਰ ਸਕੀ ਮਾਂ ਨੂੰ ਜਦੋਂ ਧੀ ਨੇ ਆਪਣਾ ਦੁਖੜਾ ਸੁਣਾਇਆ ਤਾਂ ਮਾਂ ਨੇ ਥਾਣਾ ਸਿਟੀ ਰਿਪੋਰਟ ਦਰਜ ਕਰਵਾਈ। ਉਸ ਆਧਾਰ ਉੱਤੇ ਪਤੀ ਗੁਰਪ੍ਰੀਤ ਸਿੰਘ, ਉਸ ਦੀ ਦੂਜੀ ਪਤਨੀ ਪਿੰਕੀ, ਮਤਰੇਆ ਪੁੱਤਰ ਆਕਾਸ਼ ਤੇ ਉਸ ਦੀ ਪਤਨੀ ਪੂਜਾ ਨੂੰ ਥਾਣਾ ਸਿਟੀ ਦੇ ਮੁਖੀ ਗਗਨਦੀਪ ਸਿੰਘ ਨੇ ਗ੍ਰਿਫਤਾਰ ਕਰ ਲਿਆ।

2. ਪਿੰਡ ਖਾਲੜਾ, ਤਰਨਤਾਰਨ ਦਾ ਸ਼ਾਦੀਸ਼ੁਦਾ ਗੁਰਪ੍ਰੀਤ ਸਿੰਘ ਗੋਪਾ ਆਪਣੀ ਪਤਨੀ ਨਾਲ ਭੂਆ ਦੇ ਸਹੁਰੇ ਘਰ ਭੈਣੀ ਗੁਰਮੁਖ ਸਿੰਘ ਪਿੰਡ ਗਿਆ। ਉੱਥੇ ਛੇਵੀਂ ਵਿਚ ਪੜਦੀ ਬੱਚੀ ਵੀ ਸੀ। ਜਿਉਂ ਹੀ ਗੁਰਪ੍ਰੀਤ ਸਿੰਘ ਦੀ ਪਤਨੀ, ਭੂਆ ਤੇ ਪੀੜਤ ਲੜਕੀ ਦੀ ਮਾਂ ਨਾਲ ਦੇ ਘਰ ਗਈਆਂ ਤਾਂ ਗੁਰਪ੍ਰੀਤ ਸਿੰਘ ਨੇ ਛੇਵੀਂ ਵਿਚ ਪੜਦੀ ਬੱਚੀ ਨੂੰ ਢਾਅ ਲਿਆ ਤੇ ਬਲਾਤਕਾਰ ਕਰ ਰਹੇ ਨੂੰ ਹੀ ਪਿੱਛੋਂ ਉਸ ਲੜਕੀ ਦੀ ਮਾਂ ਤੇ ਗੁਰਪ੍ਰੀਤ ਦੀ ਪਤਨੀ ਨੇ ਫੜ ਲਿਆ। ਹੁਣ ਗੁਰਪ੍ਰੀਤ ਸਿੰਘ ਹਾਲੇ ਤੱਕ ਫਰਾਰ ਹੈ।

3. ਬਰਨਾਲਾ ਵਿਚ ਇੱਕ 22 ਸਾਲਾ ਕੁੜੀ ਨੂੰ ਬੰਦੀ ਬਣਾ ਲਿਆ ਗਿਆ। ਰਿਵਾਲਵਰ ਦੀ ਨੋਕ ਉੱਤੇ ਇੱਕੋ ਸਮੇਂ ਇਕ ਅਕਾਲੀ ਨੇਤਾ ਧਰਮਿੰਦਰ ਘੜਿਆਵਾਲਾ, ਸਬ-ਇੰਸਪੈਕਟਰ ਗੁਲਾਬ ਸਿੰਘ, ਏ.ਐਸ.ਆਈ. ਦਰਸ਼ਨ ਸਿੰਘ, ਏ.ਐਸ.ਆਈ. ਕਰਮਜੀਤ ਸਿੰਘ ਤੇ ਸੱਤ ਹੋਰ ਸ਼ਹਿਰ ਦੀਆਂ ਪ੍ਰਮੁੱਖ ਹਸਤੀਆਂ ਬਲਾਤਕਾਰ ਕਰਦੀਆਂ ਰਹੀਆਂ। ਇਹ ਸਮੂਹਕ ਬਲਾਤਕਾਰ ਨੌਂ ਮਹੀਨੇ ਤੱਕ ਚੱਲਦਾ ਰਿਹਾ।

ਇਸ ਦੌਰਾਨ ਆਪਣੇ ਆਪ ਨੂੰ ਬਚਾਉਣ ਲਈ ਇਨਾਂ ਸਾਰਿਆਂ ਨੇ ਇਕ ਨਾਬਾਲਗ ਮੁੰਡੇ ਨਾਲ ਹਥਿਆਰਾਂ ਦੇ ਜ਼ੋਰ ਨਾਲ ਉਸ ਕੁੜੀ ਦਾ ਕੋਰਟ ਵਿਚ ਵਿਆਹ ਵੀ ਕਰਵਾ ਦਿੱਤਾ। ਦੂਜੇ ਪਾਸੇ ਉਸ ਲੜਕੀ ਦੇ ਪਰਿਵਾਰ ਨੂੰ ਕਹਿ ਦਿੱਤਾ ਕਿ ਉਨਾਂ ਦੀ ਕੁੜੀ ਦਾ ਅਗਵਾਕਾਰ ਡੇਢ ਲੱਖ ਰੁਪੈ ਮੰਗ ਰਿਹਾ ਹੈ। ਉਹ ਪੈਸੇ ਵੀ ਕੁੜੀ ਦੇ ਪਰਿਵਾਰ ਕੋਲੋਂ ਠੱਗ ਕੇ ਐਸ਼ ਕਰਦੇ ਰਹੇ। ਅਖ਼ੀਰ 18 ਫਰਵਰੀ 2021 ਨੂੰ ਕਿਸੇ ਤਰਾਂ ਲੜਕੀ ਉੱਥੋਂ ਭੱਜ ਕੇ ਨਿਕਲੀ ਤਾਂ ਮਾਪਿਆਂ ਨੂੰ ਦੱਸਿਆ ਕਿ ਜਬਰੀ ਨਸ਼ੇ ਦੀਆਂ ਗੋਲੀਆ ਖੁਆ ਕੇ ਹਰ ਰੋਜ਼ ਉਸ ਦਾ ਸਮੂਹਕ ਬਲਾਤਕਾਰ ਕੀਤਾ ਜਾਂਦਾ ਰਿਹਾ ਹੈ। ਜੱਜ ਬੱਬਲਜੀਤ ਕੌਰ ਦੇ ਆਦੇਸ਼ ਤਹਿਤ ਅਖ਼ੀਰ ਕੇਸ ਦਰਜ ਕਰ ਕੇ ਮੁਲਜ਼ਮਾਂ ਨੂੰ ਫੜਨ ਦਾ ਹੁਕਮ ਜਾਰੀ ਕੀਤਾ ਗਿਆ।

4. ਮੋਗੇ ਵਿਖੇ 14 ਸਾਲਾ ਕੁੜੀ ਨੂੰ ਵਿਆਹ ਦਾ ਲਾਰਾ ਲਾ ਕੇ ਭਜਾ ਕੇ ਲੈ ਗਏ ਮੁੰਡੇ ਨੇ ਪਹਿਲਾਂ ਆਪ ਕਈ ਦਿਨ ਜਬਰ ਜ਼ਨਾਹ ਕੀਤਾ ਤੇ ਫੇਰ ਆਪਣੇ ਸਕੇ ਭਰਾ ਕੋਲੋਂ ਕਰਵਾਉਂਦਾ ਰਿਹਾ।

5. ਭੋਪਾਲ ਵਿਚ ਉਮਾਰੀਆ ਜ਼ਿਲੇ ਵਿਚ 13 ਸਾਲਾ ਬੇਟੀ ਨਾਲ 9 ਜਣਿਆਂ ਨੇ ਪੰਜ ਦਿਨਾਂ ਵਿਚ ਦੋ-ਦੋ ਵਾਰ ਬਲਾਤਕਾਰ ਕੀਤਾ। ਇਸ ਤੋਂ ਬਾਅਦ ਅਗਲੇ 6 ਦਿਨਾਂ ਵਿਚ ਚਾਰ ਹੋਰ ਨਾਬਾਲਗ ਬੇਟੀਆਂ ਨਾਲ ਸਮੂਹਕ ਬਲਾਤਕਾਰਾਂ ਦੀ ਖ਼ਬਰ ਵੀ ਛਪੀ। ਹਫ਼ਤੇ ਬਾਅਦ ਹੀ ਇੱਕ ਹੋਰ 13 ਸਾਲਾ ਲੜਕੀ ਨੂੰ ਉਸ ਦੇ ਗਵਾਂਢੀ ਮੁੰਡੇ ਨੇ 4 ਜਨਵਰੀ 2021 ਨੂੰ ਵਰਗਲਾ ਕੇ ਨਾਲ ਦੀ ਦੁਕਾਨ ਵਿਚ ਕੈਦ ਰੱਖ ਕੇ ਦੋ ਦਿਨ ਉਸ ਨੇ ਅਤੇ ਉਸ ਦੇ 6 ਹੋਰ ਦੋਸਤਾਂ ਨੇ ਦਿਨ-ਰਾਤ ਉਸ ਨਾਲ ਬਲਾਤਕਾਰ ਕੀਤਾ।

6. ਮਧੂਬਨੀ (ਬਿਹਾਰ) ਵਿਚ ਮਾਂ ਦੇ ਕੁੱਖੋਂ ਜੰਮੇ ਹੈਵਾਨਾਂ ਨੇ ਨਵੇਂ ਦਿਸਹੱਦੇ ਤਹਿ ਕਰ ਛੱਡੇ ਹਨ। ਦਿਨ ਵੇਲੇ 14 ਸਾਲਾਂ ਦੀ ਨਾਬਾਲਗ ਗੂੰਗੀ ਬੋਲੀ ਬੇਟੀ ਆਪਣੇ ਹੀ ਘਰ ਦੇ ਬਾਹਰਵਾਰ ਦੋ ਹੋਰ ਕੁੜੀਆਂ ਨਾਲ ਬਕਰੀਆਂ ਚਰਾ ਰਹੀ ਸੀ। ਪਿੰਡ ਦੇ ਹੀ ਛੇ ਆਦਮੀਆਂ ਨੇ ਉਸ ਨੂੰ ਅਗਵਾ ਕਰ ਕੇ ਪਿੰਡ ਦੇ ਬਾਹਰਵਾਰ ਲਿਜਾ ਰੱਜ ਕੇ ਸਮੂਹਕ ਬਲਾਤਕਾਰ ਕਰਨ ਬਾਅਦ ਉਸ ਦੀਆਂ ਦੋਨੋਂ ਅੱਖਾਂ ਕੱਢ ਦਿੱਤੀਆਂ ਤਾਂ ਜੋ ਉਹ ਗੂੰਗੀ ਬੋਲੀ ਧੀ ਕਿਸੇ ਨੂੰ ਵੇਖ ਕੇ ਪਛਾਣ ਵੀ ਨਾ ਸਕੇ। ਬਹੁਤਾ ਲਹੂ ਵਹਿ ਜਾਣ ਕਾਰਨ ਉਹ ਬੇਟੀ ਹਾਲੇ ਵੀ ਜ਼ਿੰਦਗੀ ਮੌਤ ਦੀ ਕੜੀ ਵਿਚਕਾਰ ਆਖ਼ਰੀ ਸਾਹਾਂ ਦੀ ਤਾਰ ਨਾਲ ਲਟਕੀ ਪਈ ਹੈ।

7. ਲੁਧਿਆਣੇ ਦੇ ਹੈਬੋਵਾਲ ਇਲਾਕੇ ਵਿਚ ਆਪਣੀ ਹੀ ਪੰਜ ਵਰਿਆਂ ਦੀ ਧੀ ਨਾਲ ਰਾਤ ਇੱਕ ਵਜੇ ਬਲਾਤਕਾਰ ਕਰਨ ਵਾਲੇ ਨੂੰ ਜਦੋਂ ਉਸ ਦੀ ਪਤਨੀ ਨੇ ਫੜਿਆ ਤਾਂ ਮੁਲਜ਼ਮ ਪਿਤਾ ਫਰਾਰ ਹੋ ਗਿਆ। ਮਾਂ ਵੱਲੋਂ ਥਾਣੇ ਵਿਚ ਰਿਪੋਰਟ ਲਿਖਵਾਉਣ ਬਾਅਦ ਵੀ ਹਾਲੇ ਤਕ ਪਿਓ ਫਰਾਰ ਹੈ।

8. ਬਰਨਾਲੇ ਵਿਖੇ ਢਾਈ ਸਾਲ ਦੀ ਬੱਚੀ ਨਾਲ ਬਲਾਤਕਾਰ ਕਰਨ ਵਾਲੇ ਹੈਵਾਨ ਨੂੰ ਪੁਲਿਸ ਨੇ ਜਦੋਂ ਰਿਹਾਅ ਕਰ ਦਿੱਤਾ ਤਾਂ ਉਸ ਹਵਸ ਦੇ ਅੰਨੇ ਨੇ ਫਿਰ 4 ਸਾਲਾ ਮਾਸੂਮ ਬੱਚੀ ਦਾ ਬਲਾਤਕਾਰ ਕਰ ਕੇ ਉਸ ਨੂੰ ਨੋਚ ਸੁੱਟਿਆ। ਇੱਕ ਸਾਬਕਾ ਐਮ.ਐਲ.ਏ. ਨੇ ਦੋਸ਼ੀ ਨੂੰ ਫੜ ਕੇ ਸਖ਼ਤ ਸਜ਼ਾ ਦਵਾਉਣ ਦੀ ਹਮਾਇਤ ਕੀਤੀ ਹੈ।

9. ਇੱਕ ਏ.ਐਸ.ਆਈ. ਦੀ ਪਤਨੀ ਨੂੰ ਬਠਿੰਡਾ ਵਿਚ ਡੀ.ਐਸ.ਪੀ. ਗੁਰਸ਼ਰਨ ਸਿੰਘ ਨੇ ਆਪਣੇ ਅਹੁਦੇ ਦਾ ਰੋਅਬ ਵਿਖਾਉਂਦਿਆਂ ਹਵਸ ਦਾ ਸ਼ਿਕਾਰ ਬਣਾਇਆ। ਗੋਨਿਆਣਾ ਰੋਡ ’ਤੇ ਹਨੂੰਮਾਨ ਚੌਂਕ ਵਿਚ ਹੋਟਲ ਆਸ਼ੀਆਨਾ ਵਿਖੇ ਅਖ਼ੀਰ ਡੀ.ਐਸ.ਪੀ. ਨੂੰ ਜਦੋਂ ਰੰਗੇ ਹੱਥੀਂ ਫੜਿਆ ਤਾਂ ਉਹ ਮੰਨਿਆ ਕਿ ਉਹ ਕਈ ਮਹੀਨਿਆਂ ਤੋਂ ਆਪਣੇ ਅਧੀਨ ਕੰਮ ਕਰਦੇ ਪੁਲਿਸ ਮੁਲਾਜ਼ਮਾਂ ਦੀਆਂ ਪਤਨੀਆਂ ਤੇ ਬੇਟੀਆਂ ਦਾ ਸ਼ੋਸ਼ਣ ਕਰਦਾ ਆ ਰਿਹਾ ਹੈ। ਉਹ ਚਿੱਟੇ ਦੇ ਝੂਠੇ ਕੇਸ ਪਾ ਕੇ, ਡਰਾ ਧਮਕਾ ਕੇ, ਅਜਿਹਾ ਕਾਰਾ ਕਰਦਾ ਰਿਹਾ ਸੀ।

10. ਟਾਂਡਾ ਉੜਮੁੜ ਵਿਖੇ ਪਿੰਡ ਜਲਾਲਪੁਰ ਦੇ ਨੌਜਵਾਨ ਨੇ ਪਿੰਡ ਦੀ ਹੀ ਇੱਕ ਛੇ ਸਾਲਾ ਬੱਚੀ ਨੂੰ ਵਰਗਲਾ ਕੇ, ਆਪਣੀ ਹਵੇਲੀ ਵਿਚ ਲਿਜਾ ਕੇ ਹਵਸ ਦਾ ਸ਼ਿਕਾਰ ਬਣਾਇਆ ਤੇ ਫਿਰ ਸਬੂਤ ਮਿਟਾਉਣ ਲਈ ਹਵੇਲੀ ਦੇ ਹੀ ਪਿਛਲੇ ਪਾਸੇ ਬੱਚੀ ਨੂੰ ਜਿਊਂਦਿਆਂ ਸਾੜ ਦਿੱਤਾ!

ਬੱਚੀ ਦੀ ਸੜੀ ਹੋਈ ਲਾਸ਼ ਤੋਂ ਮਿਲੇ ਕੁੱਝ ਸਬੂਤਾਂ ਤੋਂ ਪਤਾ ਲੱਗਿਆ ਕਿ ਹਵੇਲੀ ਦੇ ਮਾਲਕ ਸੁਰਜੀਤ ਸਿੰਘ ਤੇ ਉਸ ਦੇ ਪੋਤਰੇ ਨੇ ਵੀ ਉਸ ਨਾਲ ਮੂੰਹ ਕਾਲਾ ਕੀਤਾ ਸੀ।

11. ਰਾਤ 12 ਵਜੇ ਇੱਕ ਔਰਤ ਨੂੰ ਲੁਧਿਆਣੇ, ਮੁੰਡੀਆਂ ਕਲਾਂ ਥਾਣੇ ਲਿਜਾਇਆ ਗਿਆ ਤੇ ਸਵੇਰੇ ਚਾਰ ਵਜੇ ਤੱਕ ਪੁਲਿਸ ਕਰਮੀ ਨੇ ਆਪਣੇ ਸਾਥੀਆਂ ਸਾਹਮਣੇ ਜਬਰੀ ਸ਼ਰਾਬ ਪਿਆਉਣ ਬਾਅਦ ਪਹਿਲਾਂ ਆਪ ਉਸ ਬੇਦੋਸ਼ੀ ਔਰਤ ਨਾਲ ਬਲਾਤਕਾਰ ਕੀਤਾ ਤੇ ਫਿਰ ਸਾਥੀਆਂ ਕੋਲੋਂ ਦੱਬ ਕੇ ਉਸ ਦੀ ਕੁੱਟਮਾਰ ਕਰਵਾਈ।

12. ਫਿਰੋਜ਼ਪੁਰ ਦੀ ਧਵਨ ਕਾਲੋਨੀ ਨੇੜੇ ਹਰਪ੍ਰੀਤ ਨਗਰ ਵਿਖੇ ਜਦੋਂ ਇੱਕ ਸਹੁਰੇ ਨੇ ਆਪਣੀ ਛੋਟੀ ਨੂੰਹ ਉੱਤੇ ਮਾੜੀ ਅੱਖ ਰੱਖਣ ਵਾਲੇ ਗੁਰਮੁਖ ਚੌਧਰੀ ਨੂੰ ਤਾੜਿਆ ਤਾਂ ਉਸ ਨੇ ਹਥਿਆਰਬੰਦ ਸਾਥੀਆਂ ਨਾਲ ਰਾਤ ਨੂੰ ਹੱਲਾ ਬੋਲ ਕੇ ਸਹੁਰਾ ਤੇ ਸੱਸ ਨੂੰ ਗੋਲੀਆਂ ਮਾਰ ਦਿੱਤੀਆਂ।

13. ਸਾਹਨੇਵਾਲ (ਲੁਧਿਆਣਾ) ਦੀ ਪ੍ਰੀਤਮ ਕਾਲੋਨੀ ਵਿਚ ਪਤਨੀ ਦੇ ਅਪ੍ਰੇਸ਼ਨ ਲਈ ਪਤੀ ਨੂੰ ਸਵੇਰੇ ਕੰਮ ਉੱਤੇ ਤੇ ਸ਼ਾਮ ਹਸਪਤਾਲ ਰਹਿਣਾ ਪੈਂਦਾ ਸੀ। ਇੱਕ ਹਫ਼ਤੇ ਲਈ ਆਪਣੇ ਦੋਸਤ ਸੁਰੇਸ਼ ਨੂੰ ਮਦਦ ਲਈ ਯੂ.ਪੀ. ਤੋਂ ਬੁਲਾਇਆ ਤਾਂ ਜੋ ਪਿੱਛੇ ਬੱਚਿਆਂ ਦੀ ਦੇਖ ਭਾਲ ਹੋ ਸਕੇ। ਦੋਸਤ ਨੇ ਘਰ ਵਿਚ 14 ਵਰਿਆਂ ਦੀ ਬਾਲੜੀ ਨੂੰ ਡਰਾ ਧਮਕਾ ਕੇ ਅਤੇ ਉਸ ਦੇ ਛੋਟੇ ਭਰਾ ਨੂੰ ਕਮਰੇ ਵਿਚ ਬੰਦ ਕਰ ਕੇ ਪੂਰਾ ਹਫ਼ਤਾ ਜਬਰ ਜ਼ਨਾਹ ਕੀਤਾ। ਹਸਪਤਾਲ ਤੋਂ ਛੁੱਟੀ ਹੋਣ ਬਾਅਦ ਮਾਂ ਘਰ ਆਈ ਤਾਂ ਵੀ ਦਿਨੇ ਕੁੱਝ ਚਿਰ ਡਰਾ ਧਮਕਾ ਕੇ ਅਸ਼ਲੀਲ ਫੋਟੋਆਂ ਜਨਤਕ ਕਰਨ ਦਾ ਡਰਾਵਾ ਦੇ ਕੇ ਰੋਜ਼ ਨਾਬਾਲਗ ਬੱਚੀ ਦਾ ਬਲਾਤਕਾਰ ਕਰਦਾ ਰਿਹਾ। ਜਦੋਂ ਬੱਚੀ ਦਾ ਢਿੱਡ ਫੁੱਲਣ ਲੱਗਿਆ ਤਾਂ ਮਾਂ ਨੇ ਹਸਪਤਾਲ ਟੈਸਟ ਕਰਵਾਇਆ। ਪਤਾ ਲੱਗਿਆ ਕਿ ਬੱਚੀ 6 ਮਹੀਨਿਆਂ ਦੀ ਗਰਭਵਤੀ ਹੈ। ਸੁਰੇਸ਼ ਹਾਲੇ ਤੱਕ ਫਰਾਰ ਹੈ ਤੇ ਫੜਿਆ ਨਹੀਂ ਗਿਆ।

14. ਰਾਜਸਥਾਨ ਵਿਚ 14 ਦਿਨਾਂ ਤੱਕ ਜੰਗਲ ਵਿਚ ਨਿਰਵਸਤਰ ਬੰਨ ਕੇ ਰੱਖੀ 20 ਵਰਿਆਂ ਦੀ ਔਰਤ ਨਾਲ ਕਾਪਰੇਨ ਦੇ ਰਹਿਣ ਵਾਲੇ 40 ਸਾਲਾ ਹੈਵਾਨ ਨੇ ਹਰ ਰੋਜ਼ ਬਲਾਤਕਾਰ ਕੀਤਾ, ਪਰ ਹਾਲੇ ਤੱਕ ਫੜਿਆ ਨਹੀਂ ਗਿਆ। ਔਰਤ ਦਾ ਕਸੂਰ ਇਹ ਸੀ ਕਿ ਘਰ ਵਿਚ ਗੁਸਲਖ਼ਾਨਾ ਨਾ ਹੋਣ ਕਾਰਨ ਉਸ ਨੂੰ ਸ਼ਾਮ ਨੂੰ ਬਾਹਰ ਜਾਣਾ ਪਿਆ।

15. ਪਟਿਆਲੇ ਦੇ ਅਰਬਨ ਅਸਟੇਟ ਵਿਖੇ ਸ਼ਿਵ ਸੇਨਾ ਆਗੂ ਨੇ ਇੱਕ ਔਰਤ ਦਾ ਬਲਾਤਕਾਰ ਕਰਨ ਬਾਅਦ ਉਸ ਦੇ ਦੋਵਾਂ ਬੱਚਿਆਂ ਨੂੰ ਵੀ ਆਪਣੀ ਹਵਸ ਦਾ ਸ਼ਿਕਾਰ ਬਣਾ ਲਿਆ। ਸ਼ਿਵ ਸੇਨਾ ਵਿਦਿਆਰਥੀ ਵਿੰਗ ਦੇ ਪ੍ਰਧਾਨ ਰਾਜੇਸ਼ ਕੌਸ਼ਿਕ ਵਿਰੁੱਧ 13 ਸਾਲਾ ਬੱਚੇ ਤੇ 5 ਸਾਲਾ ਬੱਚੀ ਨਾਲ ਕੁਕਰਮ ਕਰਨ ਦੇ ਨਾਲ-ਨਾਲ ਮਾਂ ਦੇ ਸਰੀਰਕ ਸ਼ੋਸ਼ਣ ਦਾ ਮਾਮਲਾ ਦਰਜ ਕੀਤਾ ਗਿਆ ਹੈ।

ਇੱਕ ਆਖ਼ਰੀ ਘਟਨਾ ਲਿਖਦਿਆਂ ਮੇਰੀ ਕਲਮ ਵੀ ਕੰਬਦੀ ਹੈ ਤੇ ਕਲੇਜਾ ਮੂੰਹ ਨੂੰ ਆ ਜਾਂਦਾ ਹੈ, ਬਾਰੇ ਲਿਖਣਾ ਜ਼ਰੂਰੀ ਹੈ। ਇਹ ਘਟਨਾ ਪੂਰੇ ਦੇਸ਼ ਅੰਦਰਲੀ ਮਾਨਸਿਕਤਾ ਤੇ ਔਰਤ ਪ੍ਰਤੀ ਦੋਗਲੇਪਨ ਨੂੰ ਜੱਗ ਜ਼ਾਹਿਰ ਕਰ ਦਿੰਦੀ ਹੈ। ਭਾਰਤ ਦੀਆਂ ਕਈ ਟੀ.ਵੀ. ਚੈਨਲਾਂ ਉੱਤੇ ਇਹ ਖ਼ਬਰ ਪ੍ਰਸਾਰਿਤ ਕੀਤੀ ਗਈ ਤੇ ਉਸ ਪਿਤਾ ਦੀ ਇੰਟਰਵਿਊ ਵੀ ਵਿਖਾਈ ਗਈ ਸੀ।

ਸੰਨ 2002 ਗੁਜਰਾਤ ਗੋਧਰਾ ਕਾਂਡ ਵਿਚ ਜੋ ਇੱਕ ਬਜ਼ੁਰਗ ਮਜੀਦ ਭਾਈ ਮੁਸਲਮਾਨ ਪਿਤਾ ਨਾਲ ਵਾਪਰਿਆ, ਉਸ ਨੇ ਆਪਣਾ ਦੁਖੜਾ ਟੀ.ਵੀ. ਉੱਤੇ ਤਿੰਨ ਮਿੰਟ ਵਿਚ ਜਿਸ ਤਰਾਂ ਸੁਣਾਇਆ, ਇੰਨ-ਬਿੰਨ ਉਹੀ ਦੁਹਰਾਉਣ ਲੱਗੀ ਹਾਂ, ‘ਯੇ ਭਾਰਤ ਮਾਤਾ ਹੈ! ਹਮਾਰੀ ਮਾਂ ਕੇ ਸਮਾਨ! ਇਸਮੇਂ ਰਾਖ਼ਸ਼ ਰਹਿਤੇ ਹੈਂ! ਇਨਸਾਨ ਥੋੜਾ ਐਸੇ ਕਰ ਸਕਤੇ ਹੈਂ! ਮੇਰੀ ਆਂਖੋਂ ਕੇ ਸਾਮਨੇ ਮੇਰੀ ਬੇਟੀ ਕੇ ਪੇਟ ਕੋ ਤਲਵਾਰ ਸੇ ਚੀਰ ਕਰ ਉਸ ਮੇਂ ਸੇ ਬੱਚਾ ਨਿਕਾਲ ਕਰ ਤਲਵਾਰ ਸੇ ਦੋ ਟੁਕੜੇ ਕਰ ਦੀਏ। ਪਾਂਚ-ਪਾਂਚ ਸਾਲ ਕੀ, 12 ਸਾਲ, 14 ਸਾਲ ਕੀ ਬੱਚੀਓਂ ਕੋ ਨੰਗਾ ਕਰ ਕੇ ਸੜਕੋਂ ਪੇ 18 ਸਾਲ, 20 ਸਾਲ ਕੇ ਲੜਕੇ ਰੇਪ ਕਰ ਰਹੇ ਥੇ! ਬੱਚੀਆਂ ਚਿੱਲਾ ਰਹੀਂ ਥੀਂ-ਅੱਬਾ ਅੰਮਾ ਬਚਾ ਲੋ! ਮਜੀਦ ਭਾਈ, ਚਾਚਾ, ਮੇਰੇ ਕੋ ਬਚਾ ਲੋ। ਕੌਣ ਬਚਾਤਾ? ਸਭ ਕੋ ਮਾਰ ਕਾਟ ਰਹੇ ਥੇ! ਮੇਰੀ ਬੀਵੀ, ਤੀਨ ਲੜਕੇ, ਤੀਨ ਲੜਕੀਓਂ ਕੋ ਕਾਟ ਕਰ ਜਲਾ ਦੀਆ। ਲੜਕਾ ਯਾਸੀਨ ਤੋ ਮੇਰੇ ਸੇ ਜਲਤਾ ਦੇਖਾ ਨਹੀਂ ਗਿਆ। ਉਸ ਦਿਨ ਸੇ ਨਾ ਰੋਟੀ ਖਾਈ ਜਾਤੀ ਹੈ ਨਾ ਸੋਇਆ ਜਾਤਾ ਹੈ। ਆਂਖ ਬੰਦ ਕਰਤਾ ਹੂੰ ਤੋਂ ਵਹੀ ਨਜ਼ਾਰਾ ਦਿਖਤਾ ਹੈ। ਸ਼ਿਕਾਇਤ ਕਰਨੇ ਗਯਾ ਤੋਂ ਦੋ ਬਾਰ ਮੇਰੇ ਪੇ ਜਾਨਲੇਵਾ ਹਮਲਾ ਹੂਆ। ਏਕ ਬਾਰ ਘਰ ਪੇ ਆ ਕੇ ਪੀਟਾ। ਮੇਰੇ ਕੋ ਕਹਾ ਅਗਰ ਮੈਨੇ ਕਿਸੀ ਦੰਗਾ ਕਰਨੇ ਵਾਲੇ ਕੀ ਪਹਿਚਾਨ ਬਤਾ ਦੀ ਤੋ ਮੇਰੇ ਕੋ ਭੀ ਜਲਾ ਦੇਂਗੇ। ਮੈਨੇ ਫਿਰ ਭੀ ਕੋਰਟ ਮੇਂ ਨਾਮ ਬਤਾ ਦੀਆ। ਅਬ ਇਸ ਜਾਨ ਕਾ ਕਿਆ ਕਰਨਾ ਹੈ। ਜਜ ਭੀ ਪਤਾ ਨਹੀਂ ਕਿਉਂ ਕਿਸੀ ਕੇ ਡਰ ਕੇ ਕਾਰਨ ਕੁਛ ਨਹੀਂ ਕਰ ਰਹੇ। ਹਮਾਰੇ ਆਸ-ਪਾਸ ਰਹਿਨੇ ਵਾਲੇ ਹਿੰਦੂ ਭੀ ਪਤਾ ਨਹੀਂ ਕਿਉਂ ਦੰਗਾ ਕਰਨੇ ਵਾਲੋਂ ਸੇ ਮਿਲ ਗਏ? ਵੋ ਭੀ ਮੇਰੇ ਬੱਚੋਂ ਕੋ ਜ਼ਿੰਦਾ ਜਲਾਨੇ ਮੇਂ ਸਾਥ ਜੁਟ ਗਏ ਥੇ। ਹਮਨੇ ਕਹਾ ਭੀ-ਗੁੱਡੂ ਬੇਟਾ ਤੂ ਤੋ ਮੇਰੇ ਬੇਟੇ ਜੈਸਾ ਹੀ ਹੈ, ਐਸਾ ਕਿਉਂ ਕਰ ਰਹਾ ਹੈ? ਅਬ ਤੋ ਕਭੀ ਕਭੀ ਸੋਚਤੇ ਹੈਂ ਕਿ ਮਰ ਹੀ ਜਾਤੇ। ਅਬ ਭੀ ਤੋਂ ਰੋਜ਼ ਰੋਜ਼ ਮਰਤੇ ਹੈਂ। ਇਸ ਸੇ ਤੋ ਏਕ ਬਾਰ ਮਰਨਾ ਹੀ ਬਿਹਤਰ ਥਾ!’

ਇਹ ਇੰਟਰਵਿਊ ਸੁਣਦਿਆਂ ਬਦੋਬਦੀ ਅੱਖਾਂ ਵਿੱਚੋਂ ਹੰਝੂ ਟਿਪ ਟਿਪ ਕਰ ਕੇ ਡਿੱਗਣੇ ਸ਼ੁਰੂ ਹੋ ਜਾਂਦੇ ਹਨ, ਵਿਚਾਰਗੀ ਦਬੋਚ ਲੈਂਦੀ ਹੈ ਤੇ ਕੁੱਝ ਨਾ ਕਰ ਸਕਣ ਦਾ ਇਹਸਾਸ ਮਨ ਨੂੰ ਕਚੋਟਦਾ ਹੈ।

ਹਰਿਆਣੇ ਦੇ ਸਹਾਰਾ ਘਰਾਂ ਵਿਚ ਨਾਬਾਲਗ ਬੱਚੀਆਂ ਦੇ ਜਿਸਮਾਂ ਨੂੰ ਮਾਣਨ ਪਹੁੰਚੇ ਮਾਣਯੋਗ ਜੱਜ ਸਾਹਿਬਾਨ, ਵੱਡੇ ਘਰਾਣਿਆਂ ਦੇ ਕਾਕੇ, ਪੁਲਿਸ ਦੇ ਵੱਡੇ ਅਫ਼ਸਰ ਤੇ ਵੱਡੇ ਸਿਆਸਤਦਾਨਾਂ ਦੇ ਚਸਕਿਆਂ ਦੇ ਕਿੱਸੇ ਅਖ਼ਬਾਰਾਂ ਦੇ ਮੁੱਖ ਪੰਨਿਆਂ ਦੀ ਸ਼ੋਭਾ ਵਧਾ ਚੁੱਕੇ ਹੋਏ ਹਨ।

ਜੇ ਇਸ ਸਾਰੇ ਵਰਤਾਰੇ ਵੱਲ ਝਾਤ ਮਾਰੀਏ ਤਾਂ ਕਿਸ ਪਾਸਿਓਂ ਕੋਈ ਦਿਨ ਮਨਾਉਣ ਦਾ ਜੀਅ ਕਰਦਾ ਹੈ? ਕੀ 365 ਦਿਨਾਂ ਵਿੱਚੋਂ ਇੱਕ ਦਿਨ ਔਰਤ ਦੇ ਲੇਖੇ ਲਾਉਣ ਦਾ ਇਹ ਮਤਲਬ ਹੈ ਕਿ ਸਾਲ ਦੇ ਬਾਕੀ ਦੇ 364 ਦਿਨਾਂ ਵਿਚ ਔਰਤਾਂ ਤੇ ਬਾਲੜੀਆਂ ਦੇ ਕੀਤੇ ਸ਼ਿਕਾਰ ਦਾ ਜਸ਼ਨ ਮਨਾਇਆ ਜਾਏ? ਛਾਤੀ ਉੱਤੇ ਹੱਥ ਮਾਰ ਮਾਰ ਟੀ.ਵੀ. ਸਾਹਮਣੇ ਮਾਈਕ ਫੜ ਕੇ ਇਹੀ ਹੈਵਾਨ ਉੱਚੀ-ਉੱਚੀ ਚੀਕਦੇ ਵੇਖੇ ਜਾ ਸਕਦੇ ਹਨ-‘ਔਰਤ ਹੀ ਔਰਤ ਦੀ ਦੁਸ਼ਮਨ ਹੈ। ਔਰਤ ਉੱਤੇ ਹੁੰਦੇ ਤਸ਼ੱਦਦ ਲਈ 100 ਫੀਸਦੀ ਔਰਤ ਹੀ ਜ਼ਿੰਮੇਵਾਰ ਹੈ! ਮਰਦ ਤਾਂ ਔਰਤ ਦੇ ਜ਼ੁਲਮ ਦਾ ਸ਼ਿਕਾਰ ਹੋਇਆ ਪਿਆ ਹੈ!’

ਸ਼ਾਬਾਸ਼! ਬੱਲੇ ਓਏ ਰਾਖ਼ਸ਼ੋ! ਹੈਵਾਨੀਅਤ ਦੀਆਂ ਹੱਦਾਂ ਪਾਰ ਕਰਦਿਆਂ ਔਰਤ ਜ਼ਾਤ ਨੂੰ ਹਵਸ ਦਾ ਸ਼ਿਕਾਰ ਬਣਾ ਕੇ ਉਸੇ ਨੂੰ ਹੋਰ ਪੀਸੇ ਜਾਣ ਲਈ ਮਜਬੂਰ ਕਰ ਦੇਣਾ ਹੀ ਕੀ ਮਰਦਾਨਗੀ ਕਹਾਈ ਜਾਂਦੀ ਹੈ?

ਇਸ ਜਿਸਮਾਂ ਦੀ ਮੰਡੀ ਵਿਚ ਸਿਰਫ਼ ਇਹੋ ਕਹਿਣਾ ਬਾਕੀ ਹੈ ਕਿ 8 ਮਾਰਚ ਨੂੰ ਅੰਤਰਰਾਸ਼ਟਰੀ ਔਰਤਾਂ ਦਾ ਦਿਨ ਮਨਾਉਂਦਿਆਂ ਇਹ ਤਾਂ ਪੱਕਾ ਕਰ ਸਕੀਏ ਕਿ ਸਿਰਫ਼ ਇਸ ਇੱਕ ਦਿਨ ਕਿਸੇ ਬਾਲੜੀ ਦਾ ਚੀਰ ਹਰਣ ਨਹੀਂ ਹੋਵੇਗਾ, ਕਿਸੇ ਨਾਲ ਭੱਦੀ ਛੇੜ ਛਾੜ ਨਹੀਂ ਕੀਤੀ ਜਾਵੇਗੀ, ਦਾਜ ਦੇ ਲੋਭੀਆਂ ਨੂੰ ਨੂੰਹ ਸਾੜਨ ਕਰਕੇ ਅੱਜ ਦੇ ਦਿਨ ਫਾਸਟ ਟਰੈਕ ਕੋਰਟ ਰਾਹੀਂ ਜੇਲ ਵਿਚ ਡਕ ਦਿੱਤਾ ਜਾਵੇਗਾ, ਤੇਜ਼ਾਬ ਸੁੱਟਣ ਵਾਲਿਆਂ ਉੱਤੇ ਸਜ਼ਾਏ ਮੌਤ ਦਾ ਮੁਕੱਦਮਾ ਚਲਾਇਆ ਜਾਵੇਗਾ, ਇਸ ਇੱਕ ਦਿਨ ਕਿਸੇ ਬਾਲੜੀ ਨੂੰ ਮਨੁੱਖੀ ਤਸਕਰੀ ਵਿਚ ਫਸ ਜਾਣ ਤੋਂ ਬਚਾ ਲਿਆ ਜਾਵੇਗਾ ਤੇ ਘੱਟੋ ਘੱਟ ਇੱਕ ਦਿਨ ਘਰੇਲੂ ਹਿੰਸਾ ਤੋਂ ਬਚਾਓ ਰਹੇਗਾ, ਫਿਰ ਤਾਂ ਇਹ ਦਿਨ ਮਨਾਉਣ ਦਾ ਫ਼ਾਇਦਾ ਹੈ, ਵਰਨਾ ਇਹ ਦਿਨ ਵੀ 364 ਹੋਰ ਦਿਨਾਂ ਤੋਂ ਵੱਖ ਕੀ ਹੈ? ਅਸੀਂ ਤਾਂ ਏਨਾ ਵੀ ਨਹੀਂ ਕਰ ਸਕਦੇ ਕਿ ਸਿਰਫ਼ ਇੱਕ ਦਿਨ ਕੋਈ ਬੇਟੀ ਕੁੱਖ ਵਿਚ ਮਾਰੇ ਜਾਣ ਤੋਂ ਬਚਾਅ ਲਈਏ!

ਅਖ਼ੀਰ ਵਿਚ ਏਨਾ ਹੀ ਕਹਿਣਾ ਹੈ ਕਿ ਜੇ ਹੋਰ ਕੁੱਝ ਵੀ ਨਹੀਂ ਕੀਤਾ ਜਾ ਸਕਦਾ ਤਾਂ ਘੱਟੋ-ਘੱਟ ਕੁੱਝ ਅਣਖੀਲੇ ਪੁੱਤਰ, ਪਿਓ, ਭਰਾ, ਪਤੀ ਹੀ ਆਪਣੀ ਜ਼ਮੀਰ ਨੂੰ ਝੰਜੋੜ ਕੇ ਚੁੱਪੀ ਤੋੜ ਦੇਣ ਤੇ ਕੁਕਰਮ ਕਰਨ ਵਾਲਿਆਂ ਵਿਰੁੱਧ ਜ਼ੋਰਦਾਰ ਆਵਾਜ਼ ਚੁੱਕਣ, ਤਾਂ ਵੀ ਇਸ ਦਿਨ ਦੀ ਮਹੱਤਾ ਵੱਧ ਜਾਏਗੀ! ਇਹੋ ਢੰਗ ਹੈ ਮਾਂ ਦੇ ਦੁੱਧ ਦਾ ਕਰਜ਼ਾ ਲਾਹੁਣ ਦਾ! ਫਿਰ ਉਡੀਕਦੇ ਕੀ ਹਾਂ? ਬਾਲੜੀਆਂ ਦੇ ਬਲਾਤਕਾਰੀਆਂ ਲਈ ਤਾਂ ਫਾਂਸੀ ਦੀ ਸਜ਼ਾ ਜਾਂ ਅੰਗ ਵੱਢ ਕੇ ਉਮਰ ਭਰ ਲਈ ਸਜ਼ਾ ਭੁਗਤਣ ਲਈ ਕੈਦ ਕਰ ਦਿੱਤਾ ਜਾਵੇ, ਏਨੇ ਵਾਸਤੇ ਹੀ ਰਲ ਮਿਲ ਜੇਹਾਦ ਸ਼ੁਰੂ ਕਰ ਲਈਏ!

ਪੰਛੀਆਂ ਦੇ ਗੀਤ ਸੁਣਨ ਲਈ ਵੀ ਪਿੰਜਰਿਆਂ ਦੀ ਨਹੀਂ ਰੁੱਖ ਲਾਉਣ ਦੀ ਲੋੜ ਹੁੰਦੀ ਹੈ। ਇੰਜ ਹੀ ਚੁਫ਼ੇਰਾ ਮਹਿਕਾਉਣਾ ਹੈ ਤੇ ਇਸ ਧਰਤੀ ਉੱਤੇ ਪਤਨੀ ਜਾਂ ਪ੍ਰੇਮਿਕਾ ਦੇ ਗੁਟਕਦੇ ਬੋਲਾਂ, ਟੁਣਕਦੇ ਹਾਸਿਆਂ ਤੇ ਵੀਣੀਆਂ ਉੱਤੇ ਰੰਗਲੀਆਂ ਚੂੜੀਆਂ ਨੂੰ ਖਣਕਦੇ ਸੁਣਨਾ ਹੈ ਅਤੇ ਪਿਆਰ ਦੀਆਂ ਪੀਂਘਾਂ ਚੜਾਉਣੀਆਂ ਹਨ ਤਾਂ ਹਵਸ ਦੇ ਪੁਜਾਰੀਆਂ ਨੂੰ ਕੈਦ ਕਰਨਾ ਹੀ ਪੈਣਾ ਹੈ।

# ਜੰਮੂ ਕਸ਼ਮੀਰ ਵਿਚ ਪੰਜਾਬੀ ਭਾਸ਼ਾ ਦਾ ਦੁਖਾਂਤ

**ਡਾ. ਪਰਮਜੀਤ ਸਿੰਘ ਢੀਂਗਰਾ**

ਕਸ਼ਮੀਰ ਨੂੰ ਦੁਨੀਆ ਦੀ ਜੰਨਤ ਕਿਹਾ ਜਾਂਦਾ ਹੈ ਪਰ ਦੇਸ਼ ਵੰਡ ਤੋਂ ਬਾਅਦ ਇਸ ਕਸ਼ਮੀਰ ਨੂੰ ਨਰਕ ਵਿਚ ਬਦਲਣ ਲਈ ਜਿਹੜੇ ਹੱਥਕੰਡੇ ਵਰਤੇ ਗਏ, ਉਨਾਂ ਨੇ ਇਸ ਜੰਨਤ ਨੂੰ ਲਹੂ-ਲੁਹਾਨ ਕਰ ਦਿੱਤਾ ਹੈ। ਵੰਡ ਤੋਂ ਬਾਅਦ ਕਬਾਇਲੀ ਹਮਲੇ ਵਿਚ ਕਸ਼ਮੀਰ ਦਾ ਕਾਫੀ ਵੱਡਾ ਹਿੱਸਾ ਪਾਕਿਸਤਾਨ ਦੇ ਕਬਜ਼ੇ ਵਿਚ ਚਲਾ ਗਿਆ। ਜੇ ਇਤਿਹਾਸਕ ਤੌਰ ’ਤੇ ਦੇਖੀਏ ਤਾਂ ਕਸ਼ਮੀਰ ’ਤੇ ਮਹਾਰਾਜਾ ਰਣਜੀਤ ਸਿੰਘ ਨੇ ਰਾਜ ਸਥਾਪਤ ਕਰਕੇ ਇਸ ਨੂੰ ਵਿਸ਼ਾਲ ਖਾਲਸਾ ਰਾਜ ਦਾ ਅੰਗ ਬਣਾਇਆ ਸੀ। ਉਦੋਂ ਤੋਂ ਪੰਜਾਬੀ ਜ਼ੁਬਾਨ ਰਿਆਸਤ ਦੀ ਜ਼ੁਬਾਨ ਦੇ ਤੌਰ ’ਤੇ ਚਲੀ ਆ ਰਹੀ ਹੈ। ਪਰ ਸੌੜੀ ਰਾਜਨੀਤੀ ਨੇ ਸਦਾ ਪੰਜਾਬੀ ਨੂੰ ਢਾਹ ਲਾਈ ਹੈ। ਜੰਮੂ-ਕਸ਼ਮੀਰ ਨੂੰ ਇਕ ਰਿਆਇਤ ਵਜੋਂ ਧਾਰਾ 370 ਨਾਲ ਜੋੜਿਆ ਗਿਆ ਸੀ। ਇਸ ਨਾਲ ਕਸ਼ਮੀਰੀਅਤ ਦੀ ਇਕ ਵੱਖਰੀ ਪਛਾਣ ਬਣੀ ਹੋਈ ਸੀ ਪਰ ਰਾਜਨੀਤਕ ਕਾਰਨਾਂ ਤੇ ਸੰਪਰਦਾਇਕ ਏਜੰਡੇ ਨੇ ਉਸ ਨੂੰ ਤੋੜ ਕੇ ਕਸ਼ਮੀਰ ਨੂੰ ਦੋ ਕੇਂਦਰੀ ਸ਼ਾਸਤ ਪ੍ਰਦੇਸ਼ਾਂ ਵਿਚ ਬਦਲ ਦਿੱਤਾ ਹੈ। ਹੁਣ ਕਸ਼ਮੀਰ, ਲੱਦਾਖ ਤੇ ਜੰਮੂ ਚੰਡੀਗੜ ਵਾਂਗ ਕੇਂਦਰ ਦੀਆਂ ਬਸਤੀਆਂ ਹਨ। ਉਥੋਂ ਦੇ ਸਾਰੇ ਪ੍ਰਸ਼ਾਸਨਿਕ, ਭਾਸ਼ਾਈ ਤੇ ਕਾਨੂੰਨੀ ਫ਼ੈਸਲੇ ਕੇਂਦਰ ਸਰਕਾਰ ਕਰਦੀ ਹੈ।

ਪਹਿਲਾਂ ਭਾਰਤ ਸਰਕਾਰ ਦਾ ਕੋਈ ਵੀ ਫ਼ੈਸਲਾ ਓਨੀ ਦੇਰ ਤੱਕ ਰਿਆਸਤ ਵਿਚ ਲਾਗੂ ਨਹੀਂ ਸੀ ਹੁੰਦਾ ਜਿੰਨੀ ਦੇਰ ਉਥੋਂ ਦੀ ਅਸੈਂਬਲੀ ਵਿਚ ਉਸੇ ਪ੍ਰਕਾਰ ਦਾ ਬਿੱਲ ਪਾਸ ਨਾ ਹੋਵੇ। 1953 ਤੋਂ ਪਹਿਲਾਂ ਕੁਝ ਦੇਰ ਰਿਆਸਤ ਦਾ ਆਪਣਾ ਰਾਸ਼ਟਰਪਤੀ ਤੇ ਪ੍ਰਧਾਨ ਮੰਤਰੀ ਵੀ ਸੀ। ਭਾਵੇਂ ਧਾਰਾ 370 ਅਧੀਨ ਰਿਆਸਤ ਨੂੰ ਕੁਝ ਵਿਸ਼ੇਸ਼ ਅਧਿਕਾਰ ਮਿਲੇ ਹੋਏ ਸਨ ਪਰ ਆਮ ਤੌਰ ’ਤੇ ਆਰਥਿਕ, ਰਾਜਨੀਤਕ, ਸਿੱਖਿਆ ਤੇ ਕਾਰਜਕਾਰੀ ਪੱਧਰ ’ਤੇ ਇਥੇ ਵੀ ਭਾਰਤ ਸਰਕਾਰ ਜਾਂ ਗੁਆਂਢੀ ਰਾਜਾਂ ਦੀਆਂ ਨੀਤੀਆਂ ਨੂੰ ਹੀ ਆਧਾਰ ਬਣਾਇਆ ਜਾਂਦਾ ਸੀ। ਇਥੋਂ ਦੇ ਸੰਵਿਧਾਨ ਵਿਚ ਰਿਆਸਤ ਦੀ ਭਾਸ਼ਾ ਨੀਤੀ ਵੀ ਸ਼ਾਮਿਲ ਸੀ। ਪੰਜਾਬੀ ਰਿਆਸਤੀ ਸੰਵਿਧਾਨ ਦੀ ਧਾਰਾ 146 ਦੀ ਛੇਵੀਂ ਅਨੁਸੂਚੀ ਵਿਚ ਦਰਜ ਸੱਤ ਮਾਨਤਾ ਪ੍ਰਾਪਤ ਬੋਲੀਆਂ ਵਿਚੋਂ ਇਕ ਸੀ। ਰਿਆਸਤ ਦੀ ਭਾਸ਼ਾ ਨੀਤੀ ਅਨੁਸਾਰ ਰਿਆਸਤੀ ਸਰਕਾਰ ਇਥੇ ਬੋਲੀਆਂ ਜਾਣ ਵਾਲੀਆਂ ਬੋਲੀਆਂ ਦੀ ਉੱਨਤੀ ਤੇ ਰਾਖੀ ਲਈ ਵਚਨਬੱਧ ਸੀ। ਰਿਆਸਤੀ ਭਾਸ਼ਾਵਾਂ ਦੀ ਪ੍ਰਫੁੱਲਤਾ ਲਈ ਹੀ 1962 ਵਿਚ ਇਕ ਅਰਧ ਸਰਕਾਰੀ ਸੰਸਥਾ ‘ਜੰਮੂ-ਕਸ਼ਮੀਰ ਅਕੈਡਮੀ ਆਫ ਆਰਟ, ਕਲਚਰ ਐਂਡ ਲੈਂਗੂਇਜਜ਼’ ਬਣਾਈ ਗਈ ਜਿਸ ਦਾ ਉਦੇਸ਼ ਸੀ, ਏਥੇ ਬੋਲੀਆਂ ਜਾਂਦੀਆਂ ਬੋਲੀਆਂ ਲੱਦਾਖੀ, ਬਲਤੀ, ਦਰਦੀ, ਪਹਾੜੀ, ਡੋਗਰੀ, ਕਸ਼ਮੀਰੀ ਤੇ ਪੰਜਾਬੀ ਦੀ ਉੱਨਤੀ ਲਈ ਯਤਨ ਕਰਨੇ। ਪੰਜਾਬੀ ਤੇ ਡੋਗਰੀ ਨੂੰ ਛੱਡ ਕੇ ਬਾਕੀ ਬੋਲੀਆਂ ਇੰਡੋ-ਭਾਰਤੀ ਪਰਿਵਾਰ ਤੋਂ ਵੱਖਰੀਆਂ ਸਨ ਪਰ ਇਨਾਂ ਵਿਚ ਸਮਤੋਲ ਬਣਾਈ ਰੱਖਿਆ ਗਿਆ ਸੀ।

ਜੇ ਜੰਮੂ-ਕਸ਼ਮੀਰ ਦੇ ਖਿੱਤੇ ਨੂੰ ਭਾਸ਼ਾਈ ਤੌਰ ’ਤੇ ਵੰਡਿਆ ਜਾਵੇ ਤਾਂ ਤਿੰਨ ਖੇਤਰ ਬਣਦੇ ਹਨ। ਲੱਦਾਖ ਖੇਤਰ ਦੀ ਭਾਸ਼ਾ ਲੱਦਾਖੀ ਹੈ। ਕਸ਼ਮੀਰ ਦੀ ਕਸ਼ਮੀਰੀ ਤੇ ਜੰਮੂ ਦੀ ਡੋਗਰੀ। ਪਰ ਬੋਲਣਹਾਰਿਆਂ ਦੇ ਪੱਖੋਂ ਇਥੇ ਵੀ ਭਾਰਤ ਵਾਂਗ ਬਹੁ-ਭਾਸ਼ਾਈ ਸਥਿਤੀ ਨਜ਼ਰ ਆਉਂਦੀ ਹੈ। ਮਸਲਨ ਰਿਆਸਤ ਦੀ ਸਰਕਾਰੀ ਭਾਸ਼ਾ ਉਰਦੂ ਹੈ। ਹਾਲਾਂਕਿ ਇਹ ਕਿਸੇ ਵੀ ਖਿੱਤੇ ਦੀ ਮਾਤ ਭਾਸ਼ਾ ਨਹੀਂ ਤੇ ਇਸ ਨੂੰ ਬੋਲਣ ਵਾਲੇ ਸਿਰਫ਼ 0.16 ਫ਼ੀਸਦੀ ਹਨ। ਸਰਕਾਰੀ ਭਾਸ਼ਾ ਹੋਣ ਕਰਕੇ ਇਥੋਂ ਦੇ ਹਰ ਨਿਵਾਸੀ ਲਈ ਉਰਦੂ ਦਾ ਗਿਆਨ ਲਾਜ਼ਮੀ ਹੈ। ਹਿੰਦੀ ਨੂੰ ਉਹ ਕੇਂਦਰ ਦੀ ਭਾਸ਼ਾ ਹੋਣ ਕਰਕੇ ਸਿੱਖਦੇ ਹਨ ਹਾਲਾਂਕਿ ਹਿੰਦੀ ਭਾਸ਼ੀਆਂ ਦੀ ਗਿਣਤੀ ਵੀ ਕੋਈ ਬਹੁਤ ਜ਼ਿਆਦਾ ਨਹੀਂ। ਉਰਦੂ, ਹਿੰਦੀ ਤੋਂ ਇਲਾਵਾ ਮਾਨਤਾ ਪ੍ਰਾਪਤ ਬਾਕੀ ਸੱਤ ਭਾਸ਼ਾਵਾਂ ਨੂੰ ਵੀ ਬੋਲਣ/ਪੜਨ/ਲਿਖਣ ਦਾ ਮੌਕਾ ਮਿਲਣਾ ਸੁਭਾਵਿਕ ਸੀ। ਪਰ ਇਸ ਭਾਸ਼ਾ ਨੀਤੀ ਵਿਚ ਕਾਣ ਵੀ ਹੈ ਕਿ ਵੱਖਰੀਆਂ ਭਾਸ਼ਾਵਾਂ, ਜੋ ਕਿ ਮਾਨਤਾ ਪ੍ਰਾਪਤ ਹਨ ਤੇ ਵੱਡੀ ਗਿਣਤੀ ਵਿਚ ਬੋਲਣ ਵਾਲਿਆਂ ਦੀਆਂ ਮਾਤ ਭਾਸ਼ਾਵਾਂ ਵੀ ਹਨ, ਉਨਾਂ ਵਿਚ ਸਿੱਖਿਆ ਦੇ ਮੌਕੇ ਬਹੁਤ ਘੱਟ ਹਨ। ਸਿੱਖਿਆ ਦਾ ਮਾਧਿਅਮ ਅੰਗਰੇਜ਼ੀ, ਉਰਦੂ ਜਾਂ ਹਿੰਦੀ ਹੈ। ਸਿੱਖਿਆ ਪ੍ਰਣਾਲੀ ਵਿਚ ਇਨਾਂ ਤਿੰਨਾਂ ਭਾਸ਼ਾਵਾਂ ਨੂੰ ਵਿਸ਼ੇਸ਼ ਮਹੱਤਵ ਹਾਸਲ ਹੈ। ਭਾਸ਼ਾ ਵਿਗਿਆਨੀ ਜੰਮੂ ਵਿਚ ਬੋਲੀ ਜਾਣ ਵਾਲੀ ਡੋਗਰੀ ਤੇ ਇਸ ਦੇ ਆਲੇ ਦੁਆਲੇ ਦੀ ਪਹਾੜੀ ਨੂੰ ਪੰਜਾਬੀ ਦੀਆਂ ਉਪ ਬੋਲੀਆਂ ਮੰਨਦੇ ਹਨ, ਪਰ ਅਜੋਕੇ ਦੌਰ ਵਿਚ ਡੋਗਰੀ ਨੂੰ ਪੰਜਾਬੀ ਨਾਲੋਂ ਤੋੜ ਕੇ ਭਾਸ਼ਾ ਦਾ ਦਰਜਾ ਦੇ ਕੇ ਭਾਰਤੀ ਸਾਹਿਤ ਅਕਾਦਮੀ ਵਲੋਂ ਪ੍ਰਵਾਨਗੀ ਦੇ ਦਿੱਤੀ ਗਈ ਹੈ। ਇਸ ਵਿਚ ਕੋਈ ਹਰਜ ਵੀ ਨਹੀਂ ਕਿ ਕਿਸੇ ਬੋਲੀ ਨੇ ਇਕ ਦਿਨ ਭਾਸ਼ਾ ਦਾ ਦਰਜਾ ਹਾਸਲ ਕਰਨਾ ਹੀ ਹੁੰਦਾ ਹੈ। ਇਸ ਦਾ ਸਬੰਧ ਉਥੋਂ ਦੇ ਬੋਲਣਹਾਰਿਆਂ ਨਾਲ ਹੈ। ਪਰ ਡੋਗਰੀ ਵਾਲਿਆਂ ਨੇ ਆਪਣਾ ਵਿਸਥਾਰ ਵਧੇਰੇ ਦੱਸਣ ਲਈ ਹਿਮਾਚਲ ਵਿਚ ਵੀ ਇਹ ਬੋਲੀ ਬੋਲੇ ਜਾਣ ਦਾ ਦਾਅਵਾ ਕੀਤਾ ਹੈ। ਦੂਜੀ ਗੱਲ ਲੰਮੇ ਸਮੇਂ ਤੋਂ ਡੋਗਰੀ ਲਿਖਣ ਲਈ ਟਾਕਰੀ ਲਿੱਪੀ ਦੀ ਵਰਤੋਂ ਹੁੰਦੀ ਸੀ ਪਰ ਇਸ ਨੂੰ ਉਸ ਨਾਲੋਂ ਤੋੜ ਕੇ ਦੇਵਨਾਗਰੀ ਲਿੱਪੀ ਨਾਲ ਜੋੜ ਦਿੱਤਾ ਗਿਆ ਹੈ। ਭਾਸ਼ਾ ਤੇ ਲਿੱਪੀ ਦਾ ਸਬੰਧ ਬੜਾ ਡੂੰਘਾ ਹੁੰਦਾ ਹੈ। ਟਾਕਰੀ ਦਾ ਗੁਰਮੁਖੀ ਲਿੱਪੀ ਨਾਲ ਵੀ ਇਤਿਹਾਸਕ ਤੇ ਜੋੜਵਾਂ ਸਬੰਧ ਰਿਹਾ ਹੈ। ਇਸ ਦੇ ਨਾਲ ਹੀ ਪਹਾੜੀ ਪੰਜਾਬੀ ਬੋਲੀਆਂ ਨੂੰ ਪੰਜਾਬੀ ਨਾਲੋਂ ਤੋੜ ਕੇ ਡੋਗਰੀ ਨਾਲ ਜੋੜਨ ਦੇ ਕੋਝੇ ਯਤਨ ਵੀ ਕੀਤੇ ਗਏ ਹਨ। ਇਨਾਂ ਬੋਲੀਆਂ ਨੂੰ ਸੁਤੰਤਰ ਭਾਸ਼ਾਵਾਂ ਵਜੋਂ ਸਥਾਪਤ ਕਰਨ ਦੀਆਂ ਚਾਲਾਂ ਚੱਲੀਆਂ ਗਈਆਂ ਹਨ। ਇਸ ਸਾਰੀ ਰਣਨੀਤੀ ਦਾ ਇਕੋ ਇਕ ਮਕਸਦ ਸੀ ਕਿ ਕਿਸੇ ਨਾ ਕਿਸੇ ਤਰਾਂ ਪੰਜਾਬੀ ਨੂੰ ਹਾਸ਼ੀਏ ’ਤੇ ਧੱਕ ਦਿੱਤਾ ਜਾਵੇ। ਹਾਲਾਂਕਿ ਭਾਰਤੀ ਸੰਵਿਧਾਨ ਦੀ ਅੱਠਵੀਂ ਅਨੁਸੂਚੀ ਵਿਚ ਮਾਨਤਾ ਪ੍ਰਾਪਤ ਕੌਮੀ ਭਾਸ਼ਾਵਾਂ ਦੋ ਹੀ ਸਨ ਕਸ਼ਮੀਰੀ ਤੇ ਪੰਜਾਬੀ।

ਰਿਆਸਤ ਵਿਚ ਪੰਜਾਬੀ ਦਾ ਰੁਤਬਾ ਇਤਿਹਾਸਕ ਮਹੱਤਵ ਵਾਲਾ ਹੈ। ਸਮੁੱਚੀ ਰਿਆਸਤ ਵਿਚ ਇਹ ਭਾਸ਼ਾ ਬੋਲੀ ਤੇ ਸਮਝੀ ਜਾਂਦੀ ਹੈ। ਇਸ ਨੂੰ ਬੋਲਣ ਵਾਲੇ ਹਿੰਦੂ, ਮੁਸਲਿਮ, ਸਿੱਖ ਤੇ ਇਸਾਈ ਸਾਰੇ ਹਨ ਜੋ ਇਥੋਂ ਦੇ ਵਸਨੀਕ ਹਨ। ਇਨਾਂ ਦੀਆਂ ਸਕੀਰੀਆਂ ਗੁਆਂਢੀ ਪੰਜਾਬ ਨਾਲ ਬੜੀਆਂ ਪੀਡੀਆਂ ਹਨ। ਜੇ ਗੌਰ ਨਾਲ ਦੇਖੀਏ ਤਾਂ ਸਮੁੱਚੀ ਰਿਆਸਤ ਵਿਚ ਕਸ਼ਮੀਰੀ ਤੇ ਪੰਜਾਬੀ ਹੀ ਬੋਲੀ ਦੇ ਪੱਧਰ ’ਤੇ ਦੋ ਪ੍ਰਮੁੱਖ ਭਾਸ਼ਾਵਾਂ ਨਜ਼ਰ ਆਉਂਦੀਆਂ ਹਨ। ਜਿਥੋਂ ਤੱਕ ਸਿੱਖਿਆ ਵਿਚ ਭਾਸ਼ਾ ਦਾ ਸਬੰਧ ਹੈ ਇਹ ਮਾਮਲਾ ਬੜਾ ਸੰਵੇਦਨਸ਼ੀਲ ਹੈ। ਦੁਨੀਆ ਭਰ ਦੇ ਭਾਸ਼ਾ ਵਿਗਿਆਨੀਆਂ ਨੇ ਇਸ ਮਤ ਨੂੰ ਵਾਰ-ਵਾਰ ਦੁਹਰਾਇਆ ਹੈ ਕਿ ਜੇ ਤੁਸੀਂ ਸਿਆਣੇ, ਸੂਝਵਾਨ ਤੇ ਅਕਲਮੰਦ ਨਾਗਰਿਕ ਪੈਦਾ ਕਰਨੇ ਹਨ ਤਾਂ ਉਨਾਂ ਨੂੰ ਸਿੱਖਿਆ ਉਨਾਂ ਦੀ ਮਾਂ ਬੋਲੀ ਵਿਚ ਦਿਓ। ਜੇ ਕਿਸੇ ਹੋਰ ਭਾਸ਼ਾ ਵਿਚ ਦਿਓਗੇ ਤਾਂ ਉਹ ਬੱਚੇ ਬੌਧਿਕ ਤੌਰ ’ਤੇ ਊਣੇ ਤੇ ਚੱਜ ਅਚਾਰਾਂ ਵਿਚ ਕਮਜ਼ੋਰ ਰਹਿ ਜਾਣਗੇ, ਜਿਸ ਦਾ ਅਸਰ ਭਵਿੱਖੀ ਪੀੜੀਆਂ ’ਤੇ ਪਏਗਾ। ਇਸ ਕਰਕੇ ਰਿਆਸਤੀ ਸਿੱਖਿਆ ਪ੍ਰਬੰਧ ਨੇ ਗੁਆਂਢੀ ਰਾਜਾਂ ਦੀ ਭਾਸ਼ਾ ਨੀਤੀ ਦਾ ਅਨੁਸਰਨ ਕੀਤਾ। ਰਿਆਸਤ ਵਿਚ ਪੰਜਾਬੀ ਭਾਸ਼ਾ ਲਈ ਪੰਜਾਬ ਵਿਚਲੇ ਸਿੱਖਿਆ ਪੈਟਰਨਾਂ ਨੂੰ ਹੀ ਅਪਣਾਇਆ ਗਿਆ। ਪੰਜਾਬੀ ਜ਼ਬਾਨ ਦੀ ਸਥਿਤੀ ਅਨੁਸਾਰ ਇਸ ਨੂੰ ਪ੍ਰਾਇਮਰੀ, ਮਿਡਲ ਮੈਟ੍ਰਿਕ ਤੇ ਕਾਲਜ ਪੱਧਰ ’ਤੇ ਅਪਣਾਇਆ ਗਿਆ। ਇਸ ਨੀਤੀ ਅਨੁਸਾਰ ਪੰਜਾਬੀ ਨੂੰ ਉਰਦੂ, ਹਿੰਦੀ ਦੇ ਬਰਾਬਰ ਦਾ ਦਰਜਾ ਦਿੱਤਾ ਗਿਆ। ਪ੍ਰਾਇਮਰੀ ਪੱਧਰ ’ਤੇ ਪੰਜਾਬੀ ਪੜਨ/ਪੜਾਉਣ ਦੀ ਸਹੂਲਤ ਦਿੱਤੀ ਗਈ ਅਤੇ ਮੈਟ੍ਰਿਕ ਤੇ ਕਾਲਜ ਪੱਧਰ ’ਤੇ ਇਸ ਨੂੰ ਚੋਣਵੇਂ ਵਿਸ਼ੇ ਵਜੋਂ ਮਾਨਤਾ ਪ੍ਰਾਪਤ ਸੀ। ਇਸ ਸਥਿਤੀ ਵਿਚ ਪੰਜਾਬੀ ਨੂੰ ਲਗਭਗ ਦੂਸਰੀ ਭਾਸ਼ਾ ਦਾ ਦਰਜਾ ਪ੍ਰਾਪਤ ਸੀ।

**ਬਾਕੀ ਸਫ਼ਾ 30 ’ਤੇ**

# ਮਾਂ-ਬੋਲੀ ਅਪਣਾ ਕੇ ਹੀ ਬਚੇਗੀ ਪੰਜਾਬੀਅਤ

**ਡਾ. ਰਣਜੀਤ ਸਿੰਘ**

ਪੰਜਾਬੀ ਇਕ ਬਹੁਤ ਹੀ ਪੁਰਾਣੀ ਅਤੇ ਸਮਰੱਥ ਭਾਸ਼ਾ ਹੈ ਪਰ ਇਸ ਨੂੰ ਕਦੇ ਕਿਸੇ ਸਰਕਾਰ ਦੀ ਸਰਪ੍ਰਸਤੀ ਹਾਸਲ ਨਹੀਂ ਹੋਈ। ਇਹ ਖ਼ੁਸ਼ਕਿਸਮਤੀ ਹੈ ਕਿ ਪੰਜਾਬੀ ਨੂੰ ਪੀਰਾਂ, ਫ਼ਕੀਰਾਂ, ਪੈਗੰਬਰਾਂ ਤੇ ਗੁਰੂਆਂ ਦੀ ਸਰਪ੍ਰਸਤੀ ਪ੍ਰਾਪਤ ਹੋਈ ਹੈ। ਸ਼ਾਇਦ ਇਸੇ ਲਈ ਆਪਣਿਆਂ ਦੇ ਨਕਾਰਨ ਪਿੱਛੋਂ ਵੀ ਇਹ ਵਧਦੀ-ਫੁੱਲਦੀ ਰਹੀ ਹੈ।

ਇਹ ਵੀ ਸੱਚ ਹੈ ਕਿ ਬੋਲੀ ਅਤੇ ਪੰਜਾਬੀ ਸੱਭਿਆਚਾਰ ਨੂੰ ਪੰਜਾਬ ਦੇ ਪਿੰਡਾਂ ਨੇ ਹੀ ਸੰਭਾਲਿਆ ਸੀ। ਆਰਥਿਕ ਵਿਕਾਸ ਨਾਲ ਪੰਜਾਬ ਦੇ ਪਿੰਡਾਂ ਅਤੇ ਸ਼ਹਿਰਾਂ ਵਿਚਲੀ ਦੂਰੀ ਲਗਭਗ ਖ਼ਤਮ ਹੀ ਹੋ ਗਈ ਹੈ। ਇਸੇ ਸ਼ਹਿਰੀ ਪ੍ਰਭਾਵ ਹੇਠ ਅਤੇ ਵਿਦੇਸ਼ਾਂ ਦੀ ਖਿੱਚ ਕਾਰਨ ਹੁਣ ਪਿੰਡ ਵਾਸੀਆਂ ਨੇ ਵੀ ਪੰਜਾਬੀ ਤੇ ਪੰਜਾਬੀ ਸੱਭਿਆਚਾਰ ਤੋਂ ਦੂਰ ਹੋਣਾ ਸ਼ੁਰੂ ਕਰ ਦਿੱਤਾ ਹੈ।

ਹੁਣ ਪਿੰਡਾਂ ਵਿਚ ਵੀ ਥਾਂ-ਥਾਂ ਅਖੌਤੀ ਅੰਗਰੇਜ਼ੀ ਸਕੂਲ ਖੁੱਲ ਗਏ ਹਨ। ਪਿੰਡ ਵਾਸੀਆਂ ਨੇ ਵੀ ਸਰਕਾਰੀ ਸਕੂਲਾਂ ਦੀ ਥਾਂ ਇਨਾਂ ਵਿਚ ਆਪਣੇ ਬੱਚੇ ਭੇਜਣੇ ਸ਼ੁਰੂ ਕਰ ਦਿੱਤੇ ਹਨ। ਮੈਰਿਜ ਪੈਲੇਸ ਕਲਚਰ ਹੁਣ ਪਿੰਡਾਂ ਵਿਚ ਵੀ ਪਹੁੰਚ ਗਿਆ ਹੈ। ਵਿਆਹਾਂ ’ਚੋਂ ਆਪਸੀ ਪ੍ਰੇਮ, ਖ਼ੁਸ਼ੀ ਅਤੇ ਉਤਸ਼ਾਹ ਖ਼ਤਮ ਹੋ ਰਿਹਾ ਹੈ, ਪਰ ਵਿਖਾਵਾ ਵੱਧ ਰਿਹਾ ਹੈ। ਆਪਣੀ ਪੁਸਤਕ ‘ਪੰਜਾਬੀ ਸਦੀ’ ਵਿਚ ਟੰਡਨ ਲਿਖਦਾ ਹੈ ਕਿ ਪੰਜਾਬ ਦੇ ਵਾਸੀ ਅਜੀਬ ਲੋਕ ਹਨ, ਜਿਹੜੇ ਗੱਲਬਾਤ ਪੰਜਾਬੀ ਵਿਚ ਕਰਦੇ ਹਨ, ਸਰਕਾਰੀ ਕੰਮਕਾਜ ਉਰਦੂ ਵਿਚ ਤੇ ਨਿੱਜੀ ਲਿਖਤ-ਪੜਤ ਹਿੰਦੀ ਵਿਚ ਕਰਦੇ ਹਨ।

ਪੰਜਾਬੀਆਂ ਦਾ ਇਕ ਹਿੱਸਾ ਹੁਣ ਵੀ ਲਿਖਤ-ਪੜਤ, ਧਾਰਮਿਕ ਰਸਮੋ-ਰਿਵਾਜ ਅਤੇ ਆਪਣੇ ਧਾਰਮਿਕ ਅਸਥਾਨਾਂ ’ਤੇ ਹਿੰਦੀ ਦੀ ਹੀ ਵਰਤੋਂ ਕਰਦਾ ਹੈ। ਅਸਲ ’ਚ ਅਸੀਂ ਪੰਜਾਬੀ ਬੋਲਣ ਦੀ ਥਾਂ ਟੁੱਟੀ-ਫੁੱਟੀ ਹਿੰਦੁਸਤਾਨੀ ਬੋਲਣ ਵਿਚ ਮਾਣ ਮਹਿਸੂਸ ਕਰਦੇ ਹਾਂ। ਸਾਡੇ ਗੁਆਂਢ ਵਿਚ ਯੂ.ਪੀ. ਤੋਂ ਆ ਕੇ ਇਕ ਵਿਅਕਤੀ ਨੇ ਕੋਈ ਪਿਛਲੇ ਚਾਰ ਦਹਾਕਿਆਂ ਤੋਂ ਸਬਜ਼ੀ ਦੀ ਦੁਕਾਨ ਪਾਈ ਹੋਈ ਹੈ। ਇਕ ਦਿਨ ਮੈਂ ਸਬਜ਼ੀ ਲੈਣ ਗਿਆ ਤਾਂ ਉਸ ਦਾ ਪੋਤਾ ਪੰਜਾਬੀ ਦਾ ਹੋਮ ਵਰਕ ਕਰ ਰਿਹਾ ਸੀ।

ਮੈਂ ਆਖਿਆ ਕਿ ਹੁਣ ਤਾਂ ਤੁਸੀਂ ਚੰਗੀ ਤਰਾਂ ਪੰਜਾਬੀ ਬੋਲ ਲੈਂਦੇ ਹੋਣੇ ਹੋ। ਉਸ ਦਾ ਉੱਤਰ ਸੀ, ‘ਅਸੀਂ ਤਾਂ ਪੰਜਾਬੀ ਬੋਲਦੇ ਹਾਂ ਪਰ ਸਾਡੇ ਨਾਲ ਕੋਈ ਪੰਜਾਬੀ ਨਹੀਂ ਬੋਲਦਾ।’

ਸਾਰੇ ਦੇਸ਼ ਵਿਚ ਸੂਬਿਆਂ ਦੀ ਹੱਦਬੰਦੀ ਬੋਲੀ ’ਤੇ ਆਧਾਰਤ ਹੋਈ ਸੀ, ਪਰ ਪੰਜਾਬੀ ਸੂਬੇ ਦੀ ਪ੍ਰਾਪਤੀ ਲਈ ਲੰਬਾ ਸਮਾਂ ਸੰਘਰਸ਼ ਕਰਨਾ ਪਿਆ ਅਤੇ ਬਹੁਤ ਕੁਰਬਾਨੀਆਂ ਦੇਣੀਆਂ ਪਈਆਂ।

ਇਸ ਦੇ ਨਾਲ ਹੀ ਆਪਣੀ ਚੋਖੀ ਧਰਤੀ ਵੀ ਦੇਣੀ ਪਈ। ਪਰ ਹੁਣ ਵੀ ਪੰਜਾਬ ਵਿਚ ਪੰਜਾਬੀ ਨੂੰ ਬਣਦਾ ਮਾਣ-ਸਨਮਾਨ ਦਿਵਾਉਣ ਲਈ ਵਿਦਵਾਨ ਤੇ ਪੰਜਾਬੀ ਹਿਤੈਸ਼ੀਆਂ ਨੂੰ ਧਰਨੇ ਮਾਰਨੇ ਪੈ ਰਹੇ ਹਨ ਤੇ ਸੈਮੀਨਾਰਾਂ ਦੀ ਭਰਮਾਰ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਬੋਲੀ ਅਤੇ ਸੱਭਿਆਚਾਰ ਦੇ ਵਿਕਾਸ ਲਈ ਸਰਕਾਰੀ ਸਰਪ੍ਰਸਤੀ ਦੀ ਲੋੜ ਹੈ, ਪਰ ਇਹ ਵੀ ਜ਼ਰੂਰੀ ਹੈ ਕਿ ਲੋਕ ਆਪਣੀ ਭਾਸ਼ਾ ਨੂੰ ਅਪਨਾਉਣ ਲਈ ਆਪ ਪਹਿਲ ਕਰਨ।

ਇਹ ਪੰਜਾਬ ਹੀ ਹੈ ਜਿੱਥੇ ਘਰਾਂ, ਦੁਕਾਨਾਂ ਤੇ ਦਫ਼ਤਰਾਂ ਦੇ ਬਾਹਰ ਬੋਰਡ ਅੰਗਰੇਜ਼ੀ ਵਿਚ ਲੱਗੇ ਹੋਏ ਹਨ। ਸਰਕਾਰ ਨਾਲ ਚਿੱਠੀ-ਪੱਤਰ ਲਈ ਅਸੀਂ ਅੰਗਰੇਜ਼ੀ ਦੀ ਵਰਤੋਂ ਕਰਦੇ ਹਾਂ। ਬੈਂਕਾਂ, ਡਾਕਘਰਾਂ ਤੇ ਦਫ਼ਤਰਾਂ ਵਿਚ ਫਾਰਮ ਅੰਗਰੇਜ਼ੀ ਵਿਚ ਭਰਦੇ ਹਾਂ। ਫਿਰ ਭਲਾ ਅਸੀਂ ਸਰਕਾਰ ਨੂੰ ਕਿਵੇਂ ਦੋਸ਼ੀ ਆਖ ਸਕਦੇ ਹਾਂ। ਰੱਜਵੀਂ ਰੋਟੀ ਖਾਣ ਵਾਲੇ ਘਰਾਂ ਦੇ ਬੱਚੇ ਪੰਜਾਬੀ ਪੜਦੇ ਹੀ ਨਹੀਂ।

ਉਨਾਂ ਨਾਲ ਅਸੀਂ ਘਰ ਤੇ ਸਕੂਲ ਅੰਦਰ ਅੰਗਰੇਜ਼ੀ ਜਾਂ ਹਿੰਦੀ ਵਿਚ ਗੱਲ ਕਰਨ ਦੀ ਕੋਸ਼ਿਸ਼ ਕਰਦੇ ਹਾਂ। ਅਸਲ ਵਿਚ ਅੰਗਰੇਜ਼ੀ ਦੇ ਪ੍ਰਭਾਵ ਵਿਚ ਆਏ ਮਾਪੇ, ਬੱਚਿਆਂ ਦਾ ਮਾਨਸਿਕ ਅਤੇ ਸਰੀਰਕ ਵਿਕਾਸ ਹੋਣ ਹੀ ਨਹੀਂ ਦਿੰਦੇ। ਦੋ ਸਾਲ ਦੇ ਬੱਚੇ ਨੂੰ ਹੀ ਅਖੌਤੀ ਨਰਸਰੀ ਸਕੂਲਾਂ ਵਿਚ ਭੇਜ ਦਿੰਦੇ ਹਾਂ। ਖੇਡਣ ਤੇ ਮਾਪਿਆਂ ਨਾਲ ਘੁਲਣ-ਮਿਲਣ ਦੀ ਉਮਰ ਵਿਚ ਉਹ ਸਕੂਲੀ ਅਨੁਸ਼ਾਸਨ ਵਿਚ ਬੰਨੇ ਜਾਂਦੇ ਹਨ ਅਤੇ ਧੱਕੇ ਨਾਲ ਉਨਾਂ ਨੂੰ ਅੰਗਰੇਜ਼ੀ ਰਟਾਈ ਜਾਂਦੀ ਹੈ।

ਇੰਜ ਉਨਾਂ ਦੀ ਆਪਣੀ ਸੋਚ ਅਤੇ ਬੌਧਿਕਤਾ ਨੂੰ ਬੰਨ ਦਿੱਤਾ ਜਾਂਦਾ ਹੈ। ਸੋਚ ਦੀਆਂ ਉਡਾਰੀਆਂ ਤੇ ਮੁੱਢਲਾ ਗਿਆਨ ਕੇਵਲ ਆਪਣੀ ਮਾਂ-ਬੋਲੀ ਰਾਹੀਂ ਹੀ ਪ੍ਰਾਪਤ ਹੋ ਸਕਦਾ ਹੈ। ਪੰਜਵੀਂ ਜਮਾਤ ਵਿਚ ਪਹੁੰਚ ਕੇ ਬੱਚੇ ਨੂੰ ਸੋਝੀ ਆ ਜਾਂਦੀ ਹੈ ਅਤੇ ਵਿਦੇਸ਼ੀ ਭਾਸ਼ਾ ਉਹ ਸਹਿਜ ਨਾਲ ਸਿੱਖ ਸਕਦਾ ਹੈ। ਡਾ. ਕਲਾਮ, ਡਾ. ਮਨਮੋਹਨ ਸਿੰਘ, ਮੋਦੀ ਆਦਿ ਤੱਪੜਾਂ ਵਾਲੇ ਪੇਂਡੂ ਸਕੂਲਾਂ ਵਿਚ ਪੜੇ ਹਨ। ਉਨਾਂ ਨੇ ਅੰਗਰੇਜ਼ੀ ਪੰਜਵੀਂ ਜਮਾਤ ਵਿਚ ਆ ਕੇ ਹੀ ਸਿੱਖਣੀ ਸ਼ੁਰੂ ਕੀਤੀ ਸੀ ਪਰ ਉਹ ਇਸ ਵਿਚ ਕਿਸੇ ਪਾਸਿਉਂ ਘੱਟ ਨਹੀਂ ਹਨ। ਅੱਜ ਦੇ ਅੰਗਰੇਜ਼ੀ ਸਕੂਲਾਂ ਵਿਚ ਪੜੇ ਬੱਚੇ ਅੰਗਰੇਜ਼ੀ ਬੋਲ ਤਾਂ ਭਾਵੇਂ ਸਕਦੇ ਹੋਣ, ਪਰ ਸ਼ੁੱਧ ਅੰਗਰੇਜ਼ੀ ਲਿਖਣ ਤੋਂ ਅਸਮਰਥ ਹਨ। ਅਸਲ ਵਿਚ ਉਹ ਆਪਣੀਆਂ ਸੋਚਾਂ ਤੇ ਭਾਵਨਾਵਾਂ ਨੂੰ ਉਜਾਗਰ ਕਰ ਹੀ ਨਹੀਂ ਸਕਦੇ ਕਿਉਂਕਿ ਅੰਗਰੇਜ਼ੀ ਵਿਚ ਇਹ ਹੋਣਾ ਔਖਾ ਹੈ।

ਆਪਣੀ ਬੋਲੀ ਉਨਾਂ ਨੂੰ ਆਉਂਦੀ ਨਹੀਂ ਹੈ। ਇਸੇ ਲਈ ਅਸੀਂ ਜੁਗਾੜੀ ਤਾਂ ਬਣ ਗਏ ਹਾਂ ਪਰ ਵਧੀਆ ਵਿਗਿਆਨੀ ਨਹੀਂ ਬਣ ਸਕੇ। ਸੂਬੇ ਦੀਆਂ ਬਹੁਤੀਆਂ ਮੁਸ਼ਕਲਾਂ ਦਾ ਇਕ ਕਾਰਨ ਇਹ ਵੀ ਹੈ ਕਿ ਅਸੀਂ ਆਪਣੀਆਂ ਸਮੱਸਿਆਵਾਂ ਨੂੰ ਸੁਲਝਾਉਣ ਲਈ ਢੁਕਵੇਂ ਵਿਗਿਆਨਕ ਢੰਗ ਵਿਕਸਤ ਹੀ ਨਹੀਂ ਕਰ ਸਕੇ। ਪੰਜਾਬ ਨੂੰ ਵਿਕਾਸ ਦੇ ਅਗਲੇ ਪੜਾਅ ’ਤੇ ਲੈ ਕੇ ਜਾਣ ਲਈ ਜ਼ਰੂਰੀ ਹੈ ਕਿ ਅਸੀਂ ਆਪਣੀ ਬੋਲੀ ਵਿਚ ਸੋਚੀਏ ਤੇ ਆਪਣੇ ਸੱਭਿਆਚਾਰ ਆਧਾਰਤ ਵਿਕਾਸ ਦੀਆਂ ਯੋਜਨਾਵਾਂ ਉਲੀਕੀਏ। ਇਸ ਵਿਚ ਕੋਈ ਸ਼ੱਕ ਨਹੀਂ ਕਿ ਬੋਲੀ ’ਤੇ ਆਧਾਰਤ ਬਣੇ ਸੂਬੇ ਦੀ ਸਰਕਾਰ ਦਾ ਫ਼ਰਜ਼ ਬਣਦਾ ਹੈ ਕਿ ਉਹ ਪੰਜਾਬੀ ਬੋਲੀ ਅਤੇ ਸੱਭਿਆਚਾਰ ਨੂੰ ਵਿਕਸਿਤ ਕਰੇ।

ਸਾਰੇ ਸਰਕਾਰੀ ਕੰਮਕਾਜ ਪੰਜਾਬੀ ਵਿਚ ਕੀਤੇ ਜਾਣ ਅਤੇ ਪੰਜਾਬੀ ਗੀਤ-ਸੰਗੀਤ ਵਿਚ ਵੱਧ ਰਹੇ ਲੱਚਰਪੁਣੇ ਨੂੰ ਠੱਲ ਪਾਈ ਜਾਵੇ, ਪਰ ਬੋਲੀ ਅਤੇ ਸੱਭਿਆਚਾਰ ਉਦੋਂ ਹੀ ਵਿਕਸਿਤ ਹੋ ਸਕਣਗੇ ਜਦੋਂ ਪੰਜਾਬੀ ਆਪ ਆਪਣੀ ਬੋਲੀ ਅਤੇ ਸੱਭਿਆਚਾਰ ਨੂੰ ਅਪਣਾਉਣਗੇ ਅਤੇ ਇਸ ’ਤੇ ਮਾਣ ਕਰਨਗੇ। ਆਪਣੇ ਰੋਜ਼ਾਨਾ ਦੇ ਕੰਮਕਾਜ ਵਿਚ ਪੰਜਾਬੀ ਦੀ ਵਰਤੋਂ ਕਰੀਏ। ਘਰਾਂ, ਦਫ਼ਤਰਾਂ ਅਤੇ ਦੁਕਾਨਾਂ ਦੇ ਬਾਹਰ ਬੋਰਡ ਪੰਜਾਬੀ ਵਿਚ ਲਗਾਏ ਜਾਣ। ਸਰਕਾਰੀ ਫਾਰਮ ਅਤੇ ਹੋਰ ਚਿੱਠੀ-ਪੱਤਰ ਪੰਜਾਬੀ ਵਿਚ ਕੀਤਾ ਜਾਵੇ।

ਬੈਂਕਾਂ ਅਤੇ ਡਾਕਘਰਾਂ ਵਿਚ ਫਾਰਮ ਤੇ ਚੈੱਕ ਪੰਜਾਬੀ ਵਿਚ ਲਿਖੇ ਜਾਣ। ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿਚ ਭੇਜੀਏ। ਬੇਸ਼ੱਕ ਇਨਾਂ ਸਕੂਲਾਂ ਵਿਚ ਸਹੂਲਤਾਂ ਦੀ ਘਾਟ ਹੈ ਪਰ ਅਧਿਆਪਕ ਵੱਧ ਪੜੇ-ਲਿਖੇ ਅਤੇ ਵੱਧ ਤਨਖ਼ਾਹ ਲੈਂਦੇ ਹਨ। ਜੇਕਰ ਵੱਡੇ ਘਰਾਂ ਦੇ ਬੱਚੇ ਇਨਾਂ ਸਕੂਲਾਂ ਵਿਚ ਜਾਣਗੇ ਤਾਂ ਅਧਿਆਪਕ ਵੀ ਪੂਰੀ ਸੰਜੀਦਗੀ ਨਾਲ ਆਪਣੀ ਡਿਊਟੀ ਨਿਭਾਉਣਗੇ। ਲੋੜ ਤੋਂ ਵੱਧ ਬੱਚਿਆਂ ਨੂੰ ਦਿੱਤੀਆਂ ਸਹੂਲਤਾਂ ਵੀ ਠੀਕ ਨਹੀਂ, ਉਹ ਸੋਹਲ ਬਣ ਰਹੇ ਹਨ ਤੇ ਮਿਹਨਤ ਕਰਨ ਤੋਂ ਕੰਨੀ ਕਤਰਾਉਣ ਲੱਗ ਪਏ ਹਨ।

ਸਰਕਾਰ ਨੂੰ ਵੀ ਚਾਹੀਦਾ ਹੈ ਕਿ ਸਰਕਾਰੀ ਸਕੂਲਾਂ ਵੱਲ ਵਿਸ਼ੇਸ਼ ਧਿਆਨ ਦੇਵੇ ਤਾਂ ਜੋ ਅਖੌਤੀ ਅੰਗਰੇਜ਼ੀ ਸਕੂਲਾਂ ਤੋਂ ਮਾਪਿਆਂ ਦਾ ਮੁੱਖ ਮੋੜਿਆ ਜਾ ਸਕੇ। ਹੁਣ ਸਥਿਤੀ ਇਹ ਬਣ ਗਈ ਹੈ ਕਿ ਸਰਕਾਰੀ ਸਕੂਲਾਂ ਵਿਚ ਠੀਕ ਢੰਗ ਨਾਲ ਪੜਾਈ ਹੁੰਦੀ ਨਹੀਂ। ਕੋਈ ਤਿੰਨ ਤਿਹਾਈ ਬੱਚੇ ਦਸਵੀਂ ਪਾਸ ਕਰਨ ਤੋਂ ਪਹਿਲਾਂ ਹੀ ਸਕੂਲ ਛੱਡ ਜਾਂਦੇ ਹਨ। ਜਦੋਂ ਕਿ ਅਖੌਤੀ ਸਕੂਲ ਬੱਚਿਆਂ ਨੂੰ ਚੰਗੇ ਨਾਗਰਿਕ ਬਣਾਉਣ ਦੀ ਥਾਂ ਘਟੀਆ ਵਪਾਰੀ ਬਣਾ ਰਹੇ ਹਨ। ਬੱਚੇ ਹਊਮੈ ’ਚ ਗ੍ਰਸੇ ਜਾ ਰਹੇ ਹਨ।

ਉਹ ਸਵੇਰੇ 7 ਵਜੇ ਤੋਂ ਸ਼ਾਮ ਦੇ ਸੱਤ ਵਜੇ ਤੱਕ ਸਕੂਲ ਅਤੇ ਟਿਊਸ਼ਨਾਂ ਦੇ ਚੱਕਰ ਵਿਚ ਹੀ ਘੁੰਮਦੇ ਹਨ। ਜਦੋਂ ਕੁਝ ਵਿਹਲ ਮਿਲਦੀ ਹੈ ਤਾਂ ਆਪਣੇ ਮੋਬਾਈਲ ਨਾਲ ਖੇਡਦੇ ਹਨ। ਖੇਡਣਾ, ਸਾਥੀਆਂ ਨਾਲ ਠੱਠਾ ਮਖ਼ੌਲ, ਮਾਪਿਆਂ ਨਾਲ ਗੱਲਬਾਤ ਦਾ ਮੌਕਾ ਹੀ ਨਹੀਂ ਮਿਲਦਾ। ਉਹ ਕੇਵਲ ਆਪਣੀ ਬੋਲੀ ਤੇ ਸੱਭਿਆਚਾਰ ਤੋਂ ਹੀ ਦੂਰ ਨਹੀਂ ਹੋ ਰਹੇ ਸਗੋਂ ਸਮਾਜਿਕ ਰਿਸ਼ਤਿਆਂ ਦੇ ਨਿੱਘ ਤੋਂ ਵੀ ਅਣਜਾਣ ਬਣ ਰਹੇ ਹਨ। ਕਿਸੇ ਵੀ ਭਾਸ਼ਾ ਨੂੰ ਕਿਸੇ ਧਰਮ ਨਾਲ ਜੋੜਨਾ ਉਚਿਤ ਨਹੀਂ ਹੈ। ਪੰਜਾਬੀ ਤਾਂ ਸਾਰੇ ਪੰਜਾਬੀਆਂ ਦੀ ਭਾਸ਼ਾ ਹੈ। ਸਾਨੂੰ ਆਪਣੀ ਬੋਲੀ ਅਤੇ ਸੱਭਿਆਚਾਰ ’ਤੇ ਮਾਣ ਕਰਨਾ ਚਾਹੀਦਾ ਹੈ।

ਜਦੋਂ ਤੱਕ ਕੋਈ ਆਪਣੀ ਬੋਲੀ ਅਤੇ ਸੱਭਿਆਚਾਰ ’ਤੇ ਮਾਣ ਨਹੀਂ ਕਰਦਾ, ਉਸ ਵਿਚ ਆਤਮ ਵਿਸ਼ਵਾਸ ਨਹੀਂ ਆਉਂਦਾ। ਉਹ ਨਕਲ ਤਾਂ ਚੰਗੀ ਮਾਰ ਸਕਦਾ ਹੈ ਪਰ ਆਪਣੀ ਲੋੜ ਅਨੁਸਾਰ ਨਵੀਆਂ ਕਾਢਾਂ ਨਹੀਂ ਵਿਕਸਤ ਕਰ ਸਕਦਾ। ਮੌਜੂਦਾ ਕਿਸਾਨ ਸੰਘਰਸ਼ ਜਿੱਥੇ ਕਿਸਾਨਾਂ ਦੇ ਹੱਕਾਂ ਦੀ ਰਾਖੀ ਲਈ ਕੀਤਾ ਜਾ ਰਿਹਾ ਹੈ ਉੱਥੇ ਹੀ ਇਹ ਪੰਜਾਬੀ ਬੋਲੀ ਤੇ ਸੱਭਿਆਚਾਰ ਦੀ ਮੁੜ-ਸੁਰਜੀਤੀ ’ਚ ਵੀ ਅਹਿਮ ਭੂਮਿਕਾ ਨਿਭਾ ਰਿਹਾ ਹੈ। ਪੰਜਾਬੀ ਦੇ ਲਗਭਗ ਸਾਰੇ ਗਾਇਕਾਂ ਨੇ ਇਸ ਅੰਦੋਲਨ ’ਚ ਹਾਜ਼ਰੀ ਲੁਆਈ ਹੈ।

ਉਨਾਂ ਨੇ ਲੱਚਰ ਗਾਇਕੀ ਤੋਂ ਤੌਬਾ ਕਰ ਕੇ ਅੰਨਦਾਤੇ ਦੀ ਸਿਫ਼ਤ-ਸਲਾਹ ਵਾਲੇ ਤੇ ਪੰਜਾਬੀ ਸੱਭਿਆਚਾਰ ਦੇ ਗੁਣਗਾਨ ਵਾਲੇ ਗੀਤਾਂ ਦੀ ਪੇਸ਼ਕਾਰੀ ਕੀਤੀ ਹੈ। ਨੌਜਵਾਨ ਜੋ ਰਾਜਸੀ ਆਗੂਆਂ ਜਾਂ ਧਾਰਮਿਕ ਡੇਰਿਆਂ ਜਾਂ ਨਸ਼ਿਆਂ ਦਾ ਸਹਾਰਾ ਭਾਲਦੇ ਸਨ, ਉਨਾਂ ਨੂੰ ਆਪਣੀ ਸ਼ਕਤੀ ਦੀ ਵਰਤੋਂ ਦਾ ਪਤਾ ਵੀ ਲੱਗ ਗਿਆ ਹੈ ਅਤੇ ਆਪਣੇ ਹੱਕਾਂ ਦੀ ਰਾਖੀ ਲਈ ਵਰਤੋਂ ਕਰਨ ਦੀ ਜਾਚ ਵੀ ਆ ਗਈ ਹੈ। ਨਿੱਜਵਾਦ ਤੇ ਵਿਖਾਵੇ ਨੂੰ ਠੱਲ ਪਈ ਹੈ। ਮੋਰਚੇ ’ਤੇ ਸਾਰੇ ਸਾਂਝੀਆਂ ਜ਼ਿੰਮੇਵਾਰੀਆਂ ਨਿਭਾ ਰਹੇ ਹਨ। ਦਾਰੂ ਪੀਣ ਲਈ ਬਦਨਾਮ ਹੋਏ ਪੰਜਾਬੀਆਂ ਨੇ ਮੋਰਚੇ ’ਚ ਕਈ ਮਹੀਨਿਆਂ ਤੋਂ ਬੈਠਿਆਂ ਹੋਇਆਂ ਦਾਰੂ ਨੂੰ ਹੱਥ ਨਹੀਂ ਲਗਾਇਆ ਹੈ। ਮੋਰਚਾ ਜਿੱਤਣ ਪਿੱਛੋਂ ਵੀ ਇਸ ਮਾਹੌਲ ਨੂੰ ਬਣਾਈ ਰੱਖਣ ਦੀ ਲੋੜ ਹੈ ਤਾਂ ਜੋ ਪੰਜਾਬ ਦੀ ਸ਼ਾਨ ਨੂੰ ਮੁੜ ਬੁਲੰਦੀਆਂ ’ਤੇ ਪਹੁੰਚਾਇਆ ਜਾ ਸਕੇ।

# ਆਪਾਂ ਕੀ ਵੰਡਣਾ ਹੈ



ਸੁਰਿੰਦਰ ਗੀਤ

ਪੰਜਾਬ ਵਿੱਚ ਉਹ ਪਰਵਾਸੀ ਸੀ। ਉੱਤਰ ਪਰਦੇਸ ਵਿੱਚੋਂ ਆਇਆ ਸੀ। ਪੰਜਾਬ ਵਿੱਚ ਮਿਹਨਤ ਮਜ਼ਦੂਰੀ ਕਰਕੇ ਭਵਿੱਖ ਨੂੰ ਬਿਹਤਰ ਬਣਾਉਣ ਲਈ। ਬਿਲਕੁਲ ਇਸੇ ਤਰਾਂ ਜਿਸ ਤਰਾਂ ਅਸੀਂ ਪੰਜਾਬ ਛੱਡ ਕੇ ਕੈਨੇਡਾ ਅਮਰੀਕਾ ਆਉਂਦੇ ਹਾਂ। ਮੇਰੇ ਪਿੰਡ ਲਾਗਲੇ ਛੋਟੇ ਜੇਹੇ ਕਸਬੇ ਵਿੱਚ ਉਹ ਅਤੇ ਉਸਦਾ ਛੋਟਾ ਭਰਾ ਕਿਰਾਏ ਦੇ ਤੰਗ ਜਿਹੇ ਮਕਾਨ ਵਿੱਚ ਰਹਿੰਦੇ ਸਨ। ਸਿਲਾਈ ਕਢਾਈ ਦਾ ਕੰਮ ਕਰਕੇ ਪੇਟ ਪਾਲਦੇ ਸਨ। ਛੋਟਾ ਮੁੰਡਾ ਕਿਸੇ ਨਾਲ ਬਹੁਤੀ ਗੱਲਬਾਤ ਨਹੀਂ ਸੀ ਕਰਦਾ। ਸਾਰਾ ਦਿਨ ਸਿਲਾਈ ਕਰਦਾ ਰਹਿੰਦਾ ਅਤੇ ਵੱਡਾ ਭਰਾ ਕੱਪੜਿਆਂ ਦੀ ਕਟਾਈ ਕਰਦਾ, ਲੋਕਾਂ ਨਾਲ ਲੈਣ ਦੇਣ ਕਰਦਾ ਤੇ ਹੋਰ ਅੰਦਰਲੇ ਬਾਹਰਲੇ ਕੰਮ ਕਰਦਾ। ਛੋਟੇ ਦਾ ਨਾਮ ਤਾਂ ਮੈਨੂੰ ਪਤਾ ਨਹੀਂ, ਪਰ ਹਾਂ, ਵੱਡੇ ਦਾ ਨਾਮ ਅਮਜਦ ਸੀ।

ਮੈਂ ਵੀ ਸਿਲਾਈ ਕਢਾਈ ਕਰਵਾਉਣ ਲਈ ਅਮਜਦ ਕੋਲ ਜਾਣ ਲੱਗ ਪਈ। ਪਿੰਡ ਦੇ ਨਜ਼ਦੀਕ ਹੋਣ ਕਰਕੇ ਮੇਰੇ ਲਈ ਬਹੁਤ ਸੌਖਾ ਸੀ। ਸਾਡੀ ਪਰਵਾਸੀਆਂ ਦੀ ਆਦਤ ਹੀ ਹੈ ਕਿ ਅਸੀਂ ਜਦੋਂ ਵੀ ਪੰਜਾਬ ਜਾਂਦੇ ਹਾਂ ਤਾਂ ਬਹੁਤ ਸਾਰੇ ਪੰਜਾਬੀ ਸੂਟ, ਸਾੜੀਆਂ ਤਿਆਰ ਕਰਵਾ ਲਿਆਉਂਦੇ ਹਾਂ। ਆਪਣੇ ਕੱਪੜਿਆਂ ਦੇ ਨਾਲ ਨਾਲ ਸਹੇਲੀਆਂ ਅਤੇ ਰਿਸ਼ਤੇਦਾਰਾਂ ਦੇ ਕੱਪੜੇ ਵੀ ਹੁੰਦੇ ਹਨ। ਖੈਰ ਇਸ ਸਿਲਸਿਲੇ ਅਧੀਨ ਮੇਰਾ ਅਮਜਦ ਦੀ ਦੁਕਾਨ ’ਤੇ ਆਉਣਾ ਜਾਣਾ ਬਹੁਤ ਹੀ ਆਮ ਜਿਹਾ ਹੋ ਗਿਆ।

ਹੋਇਆ ਕੀ ਕਿ ਇੱਕ ਦਿਨ ਸਵੇਰੇ ਸਵੇਰੇ ਅਮਜਦ ਦਾ ਫੋਨ ਆਇਆ। ਉਸਦੀ ਆਵਾਜ਼ ਵਿੱਚ ਘਬਰਾਹਟ ਅਤੇ ਸਹਿਮ ਸੀ। ਮੈਂ ਵੀ ਘਬਰਾ ਗਈ। ਉਹ ਆਖ ਰਿਹਾ ਸੀ, ‘ਦੀਦੀ, ਮੈਨੂੰ ਇੱਥੇ ਖਤਰਾ ਹੈ। ਮੇਰੀ ਕਿਸੇ ਹੋਰ ਟੇਲਰ ਨਾਲ ਤੂੰ-ਤੂੰ ਮੈਂ-ਮੈਂ ਹੋ ਗਈ ਹੈ। ਮੈਂ ਜਦੋਂ ਦਾ ਇੱਥੇ ਆਇਆ ਹਾਂ, ਉਹ ਮੈਨੂੰ ਚੰਗਾ ਨਹੀਂ ਸਮਝਦਾ। ਘੂਰ ਘੂਰ ਕੇ ਵੇਖਦਾ ਹੈ। ਅੱਜ ਤਾਂ ਉਸਨੇ ਹੱਦ ਹੀ ਕਰ ਦਿੱਤੀ। ਜਦੋਂ ਮੈਂ ਉਸ ਦੀ ਦੁਕਾਨ ਦੇ ਅੱਗੋਂ ਦੀ ਲੰਘਿਆ ਤਾਂ ਗਾਲਾਂ ਕੱਢਣ ਲੱਗ ਪਿਆ। ਅਖੇ ਪਤਾ ਨੀ ਕਿੱਥੋਂ ਆ ਜਾਂਦੇ ਆ ਇਹ ਮੁਸਲੇ। ਉਹ ਮੈਨੂੰ ਮਾਰਨ ਦੀਆਂ ਧਮਕੀਆਂ ਦਿੰਦਾ ਹੈ ਅਤੇ ਕਹਿੰਦਾ ਹੈ ਸ਼ਹਿਰ ਛੱਡ ਕੇ ਚਲਾ ਜਾ, ਨਹੀਂ ਤਾਂ ਤੇਰੀ ਖੈਰ ਨਹੀਂ। ਦੀਦੀ! ਮੇਰਾ ਇੱਥੇ ਕੋਈ ਨਹੀਂ। ਮੇਰੀ ਸਹਇਤਾ ਕਰੋ। ਆ ਕੇ ਉਸ ਨਾਲ ਗੱਲਬਾਤ ਕਰੋ।’

ਮੈਂ ਕਿਹਾ, ‘ਅਮਜਦ ਤੂੰ ਫਿਕਰ ਨਾ ਕਰ। ਕੁਝ ਨਹੀਂ ਹੋਣ ਲੱਗਾ। ਮੈਂ ਥੋੜੀ ਦੇਰ ਤੱਕ ਆਉਂਦੀ ਹਾਂ।’

ਇੰਨਾ ਕਹਿ ਕੇ ਫੋਨ ਰੱਖ ਦਿੱਤਾ। ਮੈਂ ਸੋਚਣ ਲੱਗ ਪਈ ਕਿ ਮੈਂ ਆਖ ਤਾਂ ਦਿੱਤਾ ਹੈ ਕਿ ਮੈਂ ਆਉਂਦੀ ਹਾਂ, ਪਰ ਜਾ ਕੇ ਕੀ ਕਰਾਂਗੀ। ਪਤਾ ਨਹੀਂ ਕੌਣ ਹੈ, ਜਿਸ ਨਾਲ ਇਸਦੀ ਲੜਾਈ ਹੈ। ਉਹ ਕਿਹੋ ਜਿਹਾ ਹੈ। ਇਹ ਨਾ ਹੋਵੇ ਉਹ ਮੇਰੇ ਪਿੱਛੇ ਹੀ ਪੈ ਜਾਵੇ! ਪਰ ਇਸਦੀ ਮਦਦ ਕਰਨਾ ਵੀ ਫਰਜ਼ ਹੈ। ਇਹਨਾਂ ਸੋਚਾਂ ਵਿੱਚ ਡੁੱਬੀ ਮੈਂ ਨਹਾ ਧੋ ਤਿਆਰ ਹੋ ਗਈ ਅਤੇ ਦੋ ਘੰਟਿਆਂ ਵਿੱਚ ਅਮਜਦ ਦੀ ਦੁਕਾਨ ’ਤੇ ਪੁੱਜ ਗਈ। ਮੈਨੂੰ ਤੇ ਮੇਰੇ ਨਾਲ ਪਿੰਡੋਂ ਆਏ ਇੱਕ ਆਦਮੀ ਨੂੰ ਦੇਖ ਕੇ ਅਮਜਦ ਦੇ ਚਿਹਰੇ ’ਤੇ ਰੌਣਕ ਜਿਹੀ ਆ ਗਈ। ਜਿਵੇਂ ਉਸ ਨੂੰ ਸਹਾਰਾ ਜਿਹਾ ਮਿਲ ਗਿਆ ਹੋਵੇ।

ਮੈਂ, ਅਮਜਦ ਤੇ ਮੇਰੇ ਨਾਲ ਪਿੰਡੋਂ ਆਇਆ ਭਰਾ ਲਗਦਾ ਮੁੰਡਾ, ਤਿੰਨੇ ਜਾਣੇ ਉਸ ਆਦਮੀ ਦੀ ਦੁਕਾਨ ਵੱਲ ਨੂੰ ਤੁਰ ਪਏ ਜਿਸ ਨਾਲ ਅਮਜਦ ਦੀ ਲੜਾਈ ਸੀ। ਪੰਜ ਸੱਤ ਮਿੰਟਾਂ ਵਿੱਚ ਅਸੀਂ ਤਿੰਨੇ ਜਾਣੇ ਉਸਦੀ ਦੁਕਾਨ ਤੇ ਪੁੱਜ ਗਏ। ਸਾਨੂੰ ਅਮਜਦ ਨਾਲ ਦੇਖ ਕੇ ਉਹ ਹੈਰਾਨ ਜਿਹਾ ਹੋਇਆ ਅਤੇ ਸਾਡੇ ਮੂੰਹ ਵੱਲ ਤੱਕਣ ਲੱਗ ਪਿਆ, ਜਿਵੇਂ ਕਿਸੇ ਫੁਰਮਾਨ ਦੀ ਉਡੀਕ ਕਰ ਰਿਹਾ ਹੋਵੇ। ਪਿੰਡੋਂ ਨਾਲ ਆਏ ਮੁੰਡੇ ਨੇ ਉਸ ਨੂੰ ਦੱਸਿਆ ਕਿ ਭੈਣ ਸਾਡੇ ਪਿੰਡੋਂ ਹੈ। ਮੇਰੇ ਬਾਪੂ ਜੀ ਦਾ ਨਾਮ ਲੈ ਕੇ ਉਹ ਕਹਿਣ ਲੱਗਾ ਕਿ ਇਹ ਤਹਿਸੀਲਦਾਰ ਸਾਹਿਬ ਦੀ ਬੇਟੀ ਹੈ ਅਤੇ ਕੈਨੇਡਾ ਰਹਿੰਦੀ ਹੈ। ਇਹ ਸੁਣ ਕੇ ਉਸਨੇ ਸਾਨੂੰ ਬੈਠਣ ਲਈ ਕਿਹਾ ਅਤੇ ਅਸੀਂ ਦੁਕਾਨ ਵਿੱਚ ਪਏ ਇੱਕ ਬੈਂਚ ਤੇ ਕੁਰਸੀ ਉੱਤੇ ਬੈਠ ਗਏ।

ਮੈਂ ਕੁਰਸੀ ’ਤੇ ਬੈਠਣ ਸਾਰ ਹੀ ਬੋਲ ਪਈ, ‘ਵੀਰੇ ਕੀ ਹੋ ਗਿਆ ਥੋਨੂੰ ਦੋਨਾਂ ਨੂੰ ?’

ਉਹ ਆਪਣੀ ਕੁਰਸੀ ਤੋਂ ਉੱਠ ਕੇ ਕਹਿਣ ਲੱਗਾ, ‘ਭੈਣ! ਇਹ ਮੇਰੇ ਗਾਹਕ ਖਰਾਬ ਕਰਦਾ ਹੈ।’

ਮੈਂ ਆਖਿਆ. ‘ਉਹ ਕਿਵੇਂ ?’

ਉਸ ਨੂੰ ਕੁਝ ਸੁੱਝ ਨਹੀਂ ਸੀ ਰਿਹਾ। ਮੈਂ ਉਸਦੇ ਚਿਹਰੇ ਤੋਂ ਤਾੜ ਗਈ ਸਾਂ ਕਿ ਲੜਾਈ ਐਵੇਂ ਖਾਹ-ਮਖਾਹ ਦੀ ਹੀ ਹੈ। ਮੇਰੇ ਜ਼ੋਰ ਦੇਣ ’ਤੇ ਉਸਨੇ ਕਹਿਣਾ ਸ਼ੁਰੂ ਕੀਤਾ, ‘ਇਸਨੇ ਇੱਥੇ ਸ਼ਹਿਰ ਵਿੱਚ ਆ ਕੇ ਦੁਕਾਨ ਖੋਲ ਲਈ। ਮੇਰਾ ਕੰਮ ਘਟ ਗਿਆ ਹੁਣ। ਇਹ ਕਿਉਂ ਆ ਕੇ ਸਾਡਾ ਧੰਦਾ ਚੌਪਟ ਕਰਦੇ ਹਨ। ਤੁਹਾਨੂੰ ਨਹੀਂ ਪਤਾ ਇਹਨਾਂ ਨੇ ਸਾਡੇ ਗੁਰੂਆਂ ਨਾਲ ਇੰਨੀਆਂ ਲੜਾਈਆਂ ਲੜੀਆਂ। ਸਾਹਿਬਜ਼ਾਦਿਆਂ ਨੂੰ ਨੀਹਾਂ ਵਿੱਚ ਚਿਣਾ ਦਿੱਤਾ ਅਤੇ ਉੱਪਰੋਂ ਇੱਧਰ ਸਾਡੇ ਪਿੰਡਾਂ ਵਿੱਚ ਆ ਕੇ ਸਾਨੂੰ ਹੋਰ ਦੁੱਖ ਦਿੰਦੇ ਹਨ।’

‘ਬੱਸ ਇਹੀ ਗੱਲ ਹੈ ?’ ਮੈਂ ਕਿਹਾ।

ਮੈਨੂੰ ਹਾਸਾ ਵੀ ਆਵੇ ਤੇ ਦੁੱਖ ਵੀ ਹੋਵੇ। ਕਿੰਨਾ ਭੋਲਾ ਹੈ ਇਹ! ਮੈਨੂੰ ਉਸਦੀ ਹਾਲਤ ’ਤੇ ਤਰਸ ਆ ਰਿਹਾ ਸੀ। ਮੈਂ ਪਿਆਰ ਨਾਲ ਉਸਦੇ ਮੋਢੇ ’ਤੇ ਹੱਥ ਰੱਖਦਿਆਂ ਕਿਹਾ, ‘ਵੀਰੇ, ਇਹ ਤਾਂ ਫਿਰ ਵੀ ਆਪਣੇ ਹੀ ਦੇਸ਼ ਵਿੱਚੋਂ ਇੱਥੇ ਆਇਆ ਹੈ। ਦੇਖ ਸਾਨੂੰ! ਅਸੀਂ ਬਿਗਾਨੇ ਮੁਲਕਾਂ ਵਿੱਚ ਜਾ ਕੇ ਕਮਾਈਆਂ ਕਰਦੇ ਹਾਂ। ਕਮਾਈਆਂ ਹੀ ਨਹੀਂ ਕਰਦੇ, ਸਗੋਂ ਉੱਥੇ ਜਾ ਕੇ ਵੱਡੇ ਵੱਡੇ ਸਰਕਾਰੀ ਅਹੁਦਿਆਂ ’ਤੇ ਬੈਠੇ ਹਾਂ। ਹੋਰ ਤਾਂ ਹੋਰ ਆਪਣੇ ਕਿੰਨੇ ਬੰਦੇ ਉੱਥੇ ਪਾਰਲੀਮੈਂਟ ਦੇ ਮੈਂਬਰ ਹਨ। ਕੈਨੇਡਾ ਦਾ ਤਾਂ ਰੱਖਿਆ ਮੰਤਰੀ ਵੀ ਸਿੱਖ ਹੈ। ਉਹ ਤਾਂ ਸਾਨੂੰ ਨਹੀਂ ਕਹਿੰਦੇ ਤੁਸੀਂ ਕਿਉਂ ਆਏ ਹੋ ? ਜੇਕਰ ਉਹ ਵੀ ਸਾਨੂੰ ਗਾਲਾਂ ਕੱਢ ਕੇ ਉੱਥੋਂ ਭਜਾ ਦੇਣ ਤਾਂ ਸਾਡਾ ਕੀ ਬਣੂੰ ?’

ਜਿਵੇਂ ਹੀ ਮੈਂ ਉਸ ਨੂੰ ਇਹ ਗੱਲ ਕਹੀ, ਇੱਕ ਸੋਚ ਉਸਦੇ ਚਿਹਰੇ ਤੇ ਸਾਫ ਦਿਖਾਈ ਦੇਣ ਲੱਗ ਪਈ। ਉਹ ਸ਼ਰਮਿੰਦਾ ਜਿਹਾ ਹੋ ਗਿਆ। ਪਰ ਹਾਰ ਮੰਨਣੀ ਨਹੀਂ ਸੀ ਚਾਹੁੰਦਾ। ਕੁਝ ਰੁਕ ਕੇ ਫਿਰ ਬੋਲ ਪਿਆ, ‘ਇਨਾਂ ਨੇ ਜਿਹੜੇ ਸਾਡੇ ਗੁਰੂਆਂ ’ਤੇ ਏਨੇ ਜ਼ੁਲਮ ਕੀਤੇ ਆ, ਉਹ ਅਸੀਂ ਕਿਵੇਂ ਭੁੱਲ ਸਕਦੇ ਹਾਂ।’

‘ਵੀਰੇ, ਤੈਨੂੰ ਪੱਕਾ ਪਤਾ ਹੈ ਇਨਾਂ ਨੇ ਜ਼ੁਲਮ ਕੀਤੇ ਆ ?’

ਮੈਂ ਅਜੇ ਵਾਕ ਮੁਕਾਇਆ ਨਹੀਂ ਸੀ ਕਿ ਉਹ ਬੋਲ ਪਿਆ, ’ਤੇ ਹੋਰ ਕਿਹਨਾਂ ਨੇ ਕੀਤਾ ਹੈ ਆ ? ਕੀ ਔਰਗਜ਼ੇਬ ਮੁਸਲਾ ਨਹੀਂ ਸੀ। ਸੂਬਾ ਸਰਹੰਦ ਵੀ ਭੈਣ ਦੇਣਾ ਤੁਰਕੂ ਹੀ ਸੀ।’

ਉਹ ਹੋਰ ਵੀ ਗਾਲਾਂ ਕੱਢਣਾ ਚਾਹੁੰਦਾ ਸੀ ਪਰ ਅਗਲੀ ਗਾਲ ਉਸਦੇ ਗਲੇ ਵਿੱਚ ਹੀ ਰੁਕ ਗਈ ਕਿਉਂਕਿ ਮੈਂ ਭੈਣ ਦੇਣਾ ਕਹਿਣ ’ਤੇ ਹੀ ਟੋਕ ਦਿੱਤਾ ਸੀ। ਹੁਣ ਤੱਕ ਅਮਜਦ ਕੁਝ ਹੌਂਸਲੇ ਵਿੱਚ ਹੋ ਗਿਆ ਸੀ। ਉਹ ਕੁਝ ਕੁਝ ਜੇਤੂ ਮਹਿਸੂਸ ਕਰਦਾ ਪ੍ਰਤੀਤ ਹੁੰਦਾ ਸੀ ਪਰ ਚੁੱਪ ਸੀ।

ਮੈਂ ਸਮਝ ਗਈ ਸਾਂ ਕਿ ਅਸਲ ਮਸਲਾ ਕੀ ਹੈ। ਮੈਂ ਪਿੰਡੋਂ ਮੇਰੇ ਨਾਲ ਆਏ ਬਾਈ ਦੇ ਚਿਹਰੇ ਵੱਲ ਤੱਕਿਆ। ਬਾਈ ਅਜੇ ਤੱਕ ਕੁਝ ਨਹੀਂ ਸੀ ਬੋਲਿਆ ਅਤੇ ਹੁਣ ਵੀ ਮੇਰੇ ਮੂੰਹੋਂ ਹੀ ਜਵਾਬ ਉਡੀਕ ਰਿਹਾ ਸੀ। ਮੈਂ ਸਮਝ ਗਈ ਸਾਂ ਕਿ ਮੈਨੂੰ ਹੀ ਬੋਲਣਾ ਪੈਣਾ ਹੈ।

‘ਨਹੀਂ! ਨਹੀਂ! ਇਨਾਂ ਨੇ ਗੁਰੂਆਂ ’ਤੇ ਜ਼ੁਲਮ ਨਹੀਂ ਕੀਤੇ। ਮੁਸਲਮਾਨਾਂ ਨੇ ਸਾਹਿਬਜ਼ਾਦਿਆਂ ਨੂੰ ਨੀਹਾਂ ਵਿੱਚ ਨਹੀਂ ਚਿਣਿਆ। ਇਹ ਤਾਂ ਉਸ ਸਮੇਂ ਦੀ ਸੱਤਾ ਸੀ, ਉਸ ਸਮੇਂ ਦੀ ਸਰਕਾਰ ਸੀ, ਉਸ ਸਮੇਂ ਦੀ ਹਕੂਮਤ ਸੀ ਜਿਸਨੇ ਗੁਰੂਆਂ ਨਾਲ ਲੜਾਈਆਂ ਲੜੀਆਂ। ਸਿੱਖਾਂ ’ਤੇ ਜ਼ੁਲਮ ਕੀਤੇ। ਗੁਰੂ ਦਾ ਚਾਂਦਨੀ ਚੌਂਕ ਵਿੱਚ ਸੀਸ ਕੱਟਿਆ। ਸਰਕਾਰ ਜਾਂ ਸੱਤਾ ਹਮੇਸ਼ਾ ਹੀ ਅੱਤਿਆਚਾਰੀ ਹੁੰਦੀ ਹੈ। ਹੁਣ ਹੀ ਦੇਖ ਲਵੋ। ਹੁਣ ਨੀ ਸਾਡੇ ’ਤੇ ਅੱਤਿਆਚਾਰ ਹੁੰਦੇ। ਹੁਣ ਵੀ ਤਾਂ ਲੋਕ ਅੱਤਿਆਚਾਰ ਦਾ ਸ਼ਿਕਾਰ ਹੁੰਦੇ ਹਨ। ਦਿਲੀ ਵਿੱਚ ਕੀ ਨਹੀਂ ਹੋਇਆ ਸਾਡੇ ਨਾਲ ਇੰਦਰਾ ਦੇ ਮਰਨ ਵੇਲੇ ? ਕੌਣ ਸਨ ਉਹ ਜਿਨਾਂ ਨੇ ਸਿੱਖਾਂ ਨੂੰ ਮਾਰਿਆ ? ਤੇ ਫਿਰ ਗੁਜਰਾਤ ਵਿੱਚ ਕਿੰਨੇ ਵਿਚਾਰੇ ਮੁਸਲਮਾਨਾਂ ਦਾ ਕਤਲ ਹੋਇਆ ? ਉਸਦੇ ਚਿਹਰੇ ’ਤੇ ਕੁਝ ਗੰਭੀਰਤਾ ਜਿਹੀ ਛਾ ਗਈ ਤੇ ਮੇਰੇ ਚਿਹਰੇ ’ਤੇ ਲਾਈ ਉਸਦੀ ਟਿਕਟਿਕੀ ਹੋਰ ਵੀ ਡੂੰਘੀ ਹੋ ਗਈ।

ਮੈਂ ਸਥਿਤੀ ਨੂੰ ਕਾਬੂ ਵਿੱਚ ਰੱਖਦਿਆਂ ਬੜੀ ਨਰਮ ਜਿਹੀ ਆਵਾਜ਼ ਵਿੱਚ ਆਖਿਆ, ਵੀਰੇ ਤੂੰ ਖਬਰਾਂ ਨਹੀਂ ਸੁਣਦਾ। ਅਖਬਾਰ ਨੀ ਪੜਦਾ ? ਦੇਖ ਪਿੱਛੇ ਜਿਹੇ ਇੱਕ ਬੰਦੇ ਨੂੰ ਹਿੰਦੂਆਂ ਦੇ ਇੱਕ ਭੜਕੇ ਟੋਲੇ ਨੇ ਕੁੱਟ ਕੁੱਟ ਮਾਰ ਦਿੱਤਾ, ਅਖੇ ਤੇਰੇ ਘਰ ਵਿੱਚ ਗਾਂ ਦਾ ਮਾਸ ਹੈ।

ਤੂੰ ਦੇਖਿਆ ਨਹੀਂ ਟਰੱਕ ਤੋਂ ਉਤਾਰ ਕੇ ਬੰਦਾ ਮਾਰ ਦਿੱਤਾ ? ਕਹਿੰਦੇ, ਤੂੰ ਗਊਆਂ ਵੱਢਣ ਲਈ ਲਿਜਾ ਰਿਹਾ ਹੈਂ। ਬਾਬਰੀ ਮਸਜਿਦ ਦਾ ਰੌਲਾ ਪਾਈ ਜਾਂਦੇ ਐ। **ਬਾਕੀ ਸਫ਼ਾ 28 ’ਤੇ**

## ਜੰਮੂ ਕਸ਼ਮੀਰ ਵਿਚ ਪੰਜਾਬੀ ਭਾਸ਼ਾ...

ਇਸੇ ਨੀਤੀ ਤਹਿਤ 1972 ਵਿਚ ਜੰਮੂ ਯੂਨੀਵਰਸਿਟੀ ਵਿਚ ਸੁਤੰਤਰ ਪੰਜਾਬੀ ਵਿਭਾਗ ਦੀ ਸਥਾਪਨਾ ਕੀਤੀ ਗਈ। 1971 ਵਿਚ ਹੀ ਕਸ਼ਮੀਰ ਯੂਨੀਵਰਸਿਟੀ ਵਿਚ ਕਸ਼ਮੀਰੀ ਦੇ ਫੈਲੋ ਤੇ ਜੰਮੂ ਯੂਨੀਵਰਸਿਟੀ ਵਿਚ ਡੋਗਰੀ ਦੇ ਫੈਲੋ ਦੀਆਂ ਅਸਾਮੀਆਂ ਨਿਰਧਾਰਤ ਕੀਤੀਆਂ ਗਈਆਂ। ਉਦੋਂ ਹੀ ਪੰਜਾਬੀ ਫੈਲੋ ਦੀ ਭਰਤੀ ਕੀਤੀ ਗਈ। ਇਹ ਤੱਥ ਸਪੱਸ਼ਟ ਕਰਦੇ ਹਨ ਕਿ ਰਿਆਸਤ ਦੀਆਂ ਪ੍ਰਧਾਨ ਬੋਲੀਆਂ ਵਿਚ ਕਸ਼ਮੀਰੀ ਤੇ ਪੰਜਾਬੀ ਸਨ। 1982 ਤੱਕ ਇਹ ਭਾਸ਼ਾ ਨੀਤੀ ਲਾਗੂ ਰਹੀ।

1982 ’ਚ ਹੀ ਸਰਕਾਰ ਨੇ ਲੰਬੇ ਸਮੇਂ ਤੋਂ ਚਲੀ ਆ ਰਹੀ ਇਸ ਭਾਸ਼ਾ ਨੀਤੀ ਵਿਚ ਤਬਦੀਲੀਆਂ ਦੀ ਗੱਲ ਕਹੀ। ਨੋਟੀਫਿਕੇਸ਼ਨ ਨੰਬਰ -6-28/1ccd45/8-/89453 ਮਿਤੀ 10 ਅਕਤੂਬਰ, 1982 ਨੂੰ ਰਿਆਸਤ ਵਿਚ ਤਿੰਨ ਭਾਸ਼ਾਈ ਫਾਰਮੂਲਾ ਲਾਗੂ ਕਰ ਦਿੱਤਾ ਗਿਆ। ਭਾਰਤੀ ਪ੍ਰਸੰਗ ਵਿਚ ਤਿੰਨ ਭਾਸ਼ਾਈ ਫਾਰਮੂਲਾ ਬੜਾ ਕਾਰਗਰ ਸੀ ਪਰ ਹੌਲੀ-ਹੌਲੀ ਇਸ ਨੂੰ ਖੋਰਾ ਲਾ ਦਿੱਤਾ ਗਿਆ। ਇਸ ਨੋਟੀਫਿਕੇਸ਼ਨ ਅਨੁਸਾਰ ਪਹਿਲੇ ਦੋ ਗਰੁੱਪਾਂ ਵਿਚੋਂ ਪੰਜਾਬੀ, ਜਿਸ ਨੂੰ ਪਹਿਲਾਂ ਦੂਜੀ ਭਾਸ਼ਾ ਦਾ ਦਰਜਾ ਪ੍ਰਾਪਤ ਸੀ, ਖਾਰਜ ਕਰ ਦਿੱਤਾ ਗਿਆ ਤੇ ਅੰਗਰੇਜ਼ੀ, ਹਿੰਦੀ ਤੇ ਉਰਦੂ ਨੂੰ ਪ੍ਰਮੁੱਖਤਾ ਦੇ ਦਿੱਤੀ ਗਈ। ਹਾਲਾਂਕਿ ਰਿਆਸਤੀ ਸੰਵਿਧਾਨ ਦੀ ਭਾਸ਼ਾ ਸੂਚੀ ਵਿਚ ਇਹ ਤਿੰਨੇ ਭਾਸ਼ਾਵਾਂ ਸ਼ਾਮਿਲ ਹੀ ਨਹੀਂ ਸਨ। ਇਸ ਨਵੀਂ ਬਣਾਈ ਗਈ ਭਾਸ਼ਾ ਨੀਤੀ ਵਿਚ ਪੰਜਾਬੀ ਨੂੰ ਕਾਫੀ ਖੋਰਾ ਲਾਇਆ ਗਿਆ। ਇਸ ਨੀਤੀ ਦੇ ਕੁਝ ਪ੍ਰਮੁੱਖ ਨੁਕਤਿਆਂ ਨੂੰ ਵਿਚਾਰਿਆ ਜਾ ਸਕਦਾ ਹੈ

ੳ. ਹਰ ਵਿਦਿਆਰਥੀ ਲਈ ਅੰਗਰੇਜ਼ੀ ਦੀ ਪੜਾਈ ਲਾਜ਼ਮੀ ਕਰ ਦਿੱਤੀ ਗਈ। ਜਿਵੇਂ ਕਿ ਬਾਅਦ ਵਿਚ ਕਈ ਸੂਬਿਆਂ ਨੇ ਵੀ ਇਹ ਨੀਤੀ ਅਪਣਾਈ। ਅਸਲ ਵਿਚ ਇਸ ਨੂੰ ਰੁਜ਼ਗਾਰ ਦੀ ਭਾਸ਼ਾ ਵਜੋਂ ਚਿਤਵਿਆ ਗਿਆ।

ਅ. ਜੇਕਰ ਕੋਈ ਵਿਦਿਆਰਥੀ ਪ੍ਰਾਇਮਰੀ ਪੱਧਰ ’ਤੇ ਹਿੰਦੀ ਪੜਦਾ ਹੈ ਤਾਂ ਪ੍ਰਾਇਮਰੀ ਤੋਂ ਬਾਅਦ ਉਹਦੇ ਲਈ ਉਰਦੂ ਲਾਜ਼ਮੀ ਕਰ ਦਿੱਤੀ ਗਈ ਤੇ ਜੇ ਕੋਈ ਵਿਦਿਆਰਥੀ ਪ੍ਰਾਇਮਰੀ ਪੱਧਰ ’ਤੇ ਉਰਦੂ ਪੜਦਾ ਹੈ ਤਾਂ ਅਗਲੇ ਪੜਾਅ ’ਤੇ ਉਹਦੇ ਲਈ ਹਿੰਦੀ ਲਾਜ਼ਮੀ ਕਰ ਦਿੱਤੀ ਗਈ। ਇੰਜ ਮਾਤ ਭਾਸ਼ਾਵਾਂ ਨੂੰ ਛੱਡ ਕੇ ਬਾਹਰਲੀਆਂ ਭਾਸ਼ਾਵਾਂ ਵਿਚ ਬੱਚੇ ਨੂੰ ਦੋ-ਭਾਸ਼ੀ ਜਾਂ ਬਹੁ-ਭਾਸ਼ੀ ਬਣਾ ਦਿੱਤਾ ਗਿਆ।

ੲ. ਇਸ ਭਾਸ਼ਾ ਨੀਤੀ ਵਿਚ ਰਿਆਸਤੀ ਸੰਵਿਧਾਨ ਦੀ ਸੂਚੀ ਵਿਚ ਮਾਨਤਾ ਪ੍ਰਾਪਤ ਭਾਸ਼ਾਵਾਂ ਨੂੰ ਦਰਕਿਨਾਰ ਕਰਕੇ ਕਿਸੇ ਵੀ ਮਾਤ ਭਾਸ਼ਾ ਨੂੰ ਪਹਿਲੀ ਜਾਂ ਦੂਜੀ ਭਾਸ਼ਾ ਵਜੋਂ ਮਾਨਤਾ ਦੇਣ ਦਾ ਭੋਗ ਪਾ ਦਿੱਤਾ ਗਿਆ।

ਸ. ਇਸ ਨਵੀਂ ਭਾਸ਼ਾ ਨੀਤੀ ਅਨੁਸਾਰ ਪੰਜਾਬੀ ਭਾਸ਼ਾ ਜੋ ਦੂਸਰੀ ਭਾਸ਼ਾ ਦਾ ਦਰਜਾ ਰੱਖਦੀ ਸੀ ਤੇ ਇਹ ਸਿੱਖਿਆ ਦਾ ਮਾਧਿਅਮ ਵੀ ਸੀ। ਇਸ ਨੂੰ ਹੁਣ ਅੱਠਵੇਂ ਗਰੁੱਪ ਵਿਚ ਸ਼ਾਮਿਲ ਕਰ ਦਿੱਤਾ ਗਿਆ। ਇਸ ਗਰੁੱਪ ਵਿਚ ਹਿੰਦੀ, ਉਰਦੂ, ਸੰਸਕ੍ਰਿਤ, ਅਰਬੀ, ਫਾਰਸੀ, ਕਸ਼ਮੀਰੀ, ਡੋਗਰੀ, ਬੋਧੀ ਤੇ ਪੰਜਾਬੀ ਸ਼ਾਮਿਲ ਸਨ। ਇਸ ਅੱਠਵੇਂ ਗਰੁੱਪ ਨੂੰ ਵਾਧੂ ਭਾਸ਼ਾਵਾਂ ਦੇ ਗਰੁੱਪ ਵਜੋਂ ਮਾਨਤਾ ਦਿੱਤੀ ਗਈ। ਪੰਜਾਬੀ ਨੂੰ ਜਾਣਬੁੱਝ ਕੇ ਕਲਾਸੀਕਲ ਭਾਸ਼ਾਵਾਂ ਨਾਲ ਨੱਥੀ ਕਰ ਦਿੱਤਾ ਗਿਆ, ਜਦ ਕਿ ਉਹ ਆਧੁਨਿਕ ਭਾਰਤੀ ਭਾਸ਼ਾਵਾਂ ਵਿਚ ਆਉਂਦੀ ਹੈ।

ਹ. ਇਸ ਗਰੁੱਪ ਦਾ ਸਿਖਿਆਰਥੀਆਂ ਨੂੰ ਕੋਈ ਫਾਇਦਾ ਨਾ ਹੋਇਆ। ਨਾ ਤਾਂ ਇਸ ਦੇ ਅੰਕ ਜੁੜਦੇ ਸਨ ਤੇ ਨਾ ਇਨਾਂ ਦਾ ਕੋਈ ਹੋਰ ਮਹੱਤਵ ਰਹਿ ਗਿਆ ਸੀ। ਅਜਿਹੀ ਸਥਿਤੀ ਵਿਚ ਸਭ ਤੋਂ ਵਧੇਰੇ ਦੁਰਗਤੀ ਪੰਜਾਬੀ ਭਾਸ਼ਾ ਦੀ ਹੋਈ ਜੋ ਕਿ ਵੱਡੀ ਗਿਣਤੀ ਵਿਚ ਸਥਾਨਕ ਬੋਲਣਹਾਰਿਆਂ ਦੀ ਜ਼ਬਾਨ ਸੀ।

ਕ. ਇਸ ਨੀਤੀ ਵਿਚ ਜਾਣਬੁੱਝ ਕੇ ਦੁਬਾਰਾ ਹਿੰਦੀ, ਉਰਦੂ ਨੂੰ ਰੱਖ ਦਿੱਤਾ ਗਿਆ ਹਾਲਾਂਕਿ ਉਹ ਗਰੁੱਪ ਇਕ ਤੇ ਦੋ ਵਿਚਲੀ ਸੂਚੀ ਵਿਚ ਸ਼ਾਮਿਲ ਸਨ। ਇਨਾਂ ਨੂੰ ਦੁਬਾਰਾ ਅੱਠਵੇਂ ਗਰੁੱਪ ਵਿਚ ਸ਼ਾਮਲ ਕਰਨ ਦਾ ਮਤਲਬ ਸੀ ਕਿ ਜਿਹੜੇ ਵਿਦਿਆਰਥੀ ਮੁਢਲੀਆਂ ਜਮਾਤਾਂ ਵਿਚ ਇਨਾਂ ਨੂੰ ਪੜਦੇ ਹਨ ਉਹ ਦੁਬਾਰਾ ਸੌਖ ਲਈ ਉੱਪਰਲੀਆਂ ਜਮਾਤਾਂ ਵਿਚ ਵੀ ਇਨਾਂ ਦੀ ਚੋਣ ਕਰ ਸਕਦੇ ਹਨ। ਇਸ ਨਾਲ ਅੱਠਵੇਂ ਗਰੁੱਪ ਦੀਆਂ ਭਾਸ਼ਾਵਾਂ ਵਿਚੋਂ ਪੰਜਾਬੀ ਦੇ ਪਰ ਕੱਟ ਕੇ ਇਸ ਨੂੰ ਹੀਣ ਭਾਸ਼ਾ ਦੇ ਦਰਜੇ ’ਤੇ ਪਹੁੰਚਾ ਦਿੱਤਾ ਗਿਆ। ਜਿਥੇ ਪਹਿਲਾਂ ਇਹ ਮੁਢਲੀਆਂ ਜਮਾਤਾਂ ਤੋਂ ਲੈ ਕੇ ਉੱਪਰਲੀਆਂ ਅਤੇ ਉੱਚ-ਜਮਾਤਾਂ ਵਿਚ ਪੜੀ/ਪੜਾਈ ਜਾਂਦੀ ਸੀ ਹੁਣ ਇਸ ਦੀ ਸਥਿਤੀ ਇਕ ਫਾਲਤੂ ਭਾਸ਼ਾ ਵਾਲੀ ਬਣ ਗਈ। ਇਸ ਬਾਰੇ ਕਾਫੀ ਜ਼ੋਰਦਾਰ ਆਵਾਜ਼ ਵੀ ਉੱਠਦੀ ਰਹੀ ਪਰ ਪੰਜਾਬੀ ਨੂੰ ਉਸ ਦਾ ਹੱਕ ਨਾ ਦਿੱਤਾ ਗਿਆ। ਸਰਕਾਰ ਨੇ 20 ਵਿਦਿਆਰਥੀਆਂ ਦੀ ਸ਼ਰਤ ਲਾ ਕੇ ਇਹਦੀ ਪੜਾਈ ਦਾ ਵਾਅਦਾ ਜ਼ਰੂਰ ਕੀਤਾ ਪਰ ਅਮਲੀ ਰੂਪ ਵਿਚ ਇਸ ਨੂੰ ਖੋਰਾ ਹੀ ਲੱਗਿਆ।

ਜੇ ਇਤਿਹਾਸਕ ਸਥਿਤੀਆਂ ਦੇਖੀਏ ਤਾਂ ਦੇਸ਼ ਵੰਡ ਵੇਲੇ ਜਿਹੜਾ ਕਸ਼ਮੀਰੀ ਇਲਾਕਾ ਪਾਕਿਸਤਾਨੀ ਕਸ਼ਮੀਰ ਵਿਚ ਚਲਾ ਗਿਆ ਉਸ ਨਾਲ ਵੀ ਪੰਜਾਬੀ ਭਾਸ਼ਾ ਨੂੰ ਨੁਕਸਾਨ ਪਹੁੰਚਿਆ। ਕੁਝ ਅੰਕੜਿਆਂ ਨਾਲ ਸਥਿਤੀ ਸਪੱਸ਼ਟ ਕੀਤੀ ਜਾ ਸਕਦੀ ਹੈ

1941 ਦੀ ਮਰਦਮਸ਼ੁਮਾਰੀ ਤੋਂ ਪਤਾ ਲਗਦਾ ਹੈ ਕਿ ਰਿਆਸਤ ਵਿਚ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ ਸਭ ਤੋਂ ਵੱਧ ਸੀ ਤੇ ਕਸ਼ਮੀਰੀ ਦੂਜੇ ਨੰਬਰ ’ਤੇ ਸੀ।

* 1947 ਦੀ ਵੰਡ ਦੌਰਾਨ ਰਿਆਸਤ ਦਾ 33,000 ਵਰਗ ਮੀਲ ਇਲਾਕਾ ਪਾਕਿਸਤਾਨ ਵਿਚ ਚਲਾ ਗਿਆ। ਇਸ ਇਲਾਕੇ ਵਿਚ ਮੁਜ਼ੱਫਰਾਬਾਦ, ਮੀਰਪੁਰ, ਭਿੰਬਰ, ਕੋਟਲੀ ਤੇ ਅੱਧਾ ਪੁਣਛ ਆਉਂਦੇ ਹਨ ਜਿਥੇ ਉਦੋਂ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ 20 ਲੱਖ ਦੇ ਨੇੜੇ ਤੇੜੇ ਸੀ।

* ਰਿਆਸਤ ਵਿਚ ਬਾਰਾਮੂਲਾ, ਸ੍ਰੀਨਗਰ, ਟਿਟਵਾਲ, ਉੜੀ, ਕਰਨਾ, ਤਰਾਲ ਆਦਿ ਇਲਾਕਿਆਂ ਵਿਚ ਵੱਡੀ ਗਿਣਤੀ ਪੰਜਾਬੀ ਬੋਲਣ ਵਾਲਿਆਂ ਦੀ ਹੈ। ਇਸ ਤੋਂ ਇਲਾਵਾ ਜੰਮੂ ਦਾ ਸਾਰਾ ਇਲਾਕਾ ਭੱਦਰਵਾਹ, ਡੋਡਾ ਤੇ ਕਿਸ਼ਤਵਾੜ ਛੱਡ ਕੇ ਪੰਜਾਬੀ ਬੋਲਦਾ ਇਲਾਕਾ ਹੈ।

* 1971 ਦੀ ਮਰਦਮਸ਼ੁਮਾਰੀ ਵਿਚ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ 13 ਲੱਖ ਦੱਸੀ ਗਈ ਹੈ ਜੋ ਲਗਾਤਾਰ ਵਧ ਰਹੀ ਹੈ ਤੇ ਇੰਜ ਕਸ਼ਮੀਰੀ ਤੋਂ ਬਾਅਦ ਬੋਲਣ ਵਾਲੀ ਦੂਜੀ ਪ੍ਰਮੁੱਖ ਬੋਲੀ ਪੰਜਾਬੀ ਹੈ।

* ਰਾਜਸੀ ਬਦਨੀਤੀਆਂ ਨੇ ਪੰਜਾਬੀ ਨੂੰ ਢਾਹ ਲਾਉਣ ਦੀ ਪੂਰੀ ਕੋਸ਼ਿਸ਼ ਕੀਤੀ ਹੈ। ਪਹਿਲਾਂ ਇਸ ਦੀ ਉਪ ਬੋਲੀ ਡੋਗਰੀ ਨੂੰ ਵੱਖ ਕੀਤਾ। ਫਿਰ ਪੰਜਾਬੀ ਦੀਆਂ ਪਹਾੜੀ ਬੋਲੀਆਂ ਨੂੰ ਤੋੜਿਆ। ਗੋਜਰੀ ਤੇ ਪਹਾੜੀ ਨੂੰ ਲਿਖਣ ਲਈ ਉਸ ਨਾਲ ਫਾਰਸੀ ਲਿੱਪੀ ਜੋੜ ਦਿੱਤੀ। ਇਸੇ ਤਰਾਂ ਜੰਮੂ ਇਲਾਕੇ ਦੇ ਰਜੌਰੀ, ਪੁਣਛ, ਕਰਨਾ, ਉੜੀ ਵਿਚ ਪੰਜਾਬੀ ਬੋਲਣ ਵਾਲਿਆਂ ਨੂੰ ਗੋਜਰੀ ਮਾਤ ਭਾਸ਼ਾ ਦਾ ਸੁਝਾਅ ਦੇ ਕੇ ਪੰਜਾਬੀ ਤੋਂ ਪਿੱਛਾ ਛੁਡਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਅਜਿਹੀਆਂ ਸਥਿਤੀਆਂ ਵਿਚ ਪੰਜਾਬੀ ਨੂੰ ਲਗਾਤਾਰ ਹਾਸ਼ੀਏ ਵੱਲ ਧੱਕ ਕੇ ਇਹਦਾ ਰਾਹ ਤੰਗ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਹੁਣ ਜਦੋਂ ਧਾਰਾ 370 ਨੂੰ ਤੋੜ ਕੇ ਰਿਆਸਤ ਦੇ ਟੋਟੇ ਕਰ ਦਿੱਤੇ ਗਏ ਹਨ ਤਾਂ ਇਨਾਂ ਲਈ ਬਣਾਈ ਗਈ ਨਵੀਂ ਭਾਸ਼ਾ ਨੀਤੀ ਵਿਚ ਪੰਜਾਬੀ ਨੂੰ ਪੂਰਨ ਰੂਪ ਵਿਚ ਖਾਰਜ ਕਰ ਦਿੱਤਾ ਗਿਆ ਹੈ। ਸਿਤਮ ਤਾਂ ਇਹ ਹੈ ਕਿ ਕੁਦਰਤੀ ਨੇਮ ਅਨੁਸਾਰ ਹਰ ਬਸ਼ਿੰਦੇ ਨੂੰ ਆਪਣੀ ਭਾਸ਼ਾ ਬੋਲਣ, ਵਰਤਣ, ਉਸ ਵਿਚ ਸਿੱਖਿਆ ਗ੍ਰਹਿਣ ਕਰਨ, ਉਸ ਨੂੰ ਪ੍ਰਫੁੱਲਤ ਕਰਨ ਦਾ ਸੰਵਿਧਾਨਕ ਹੱਕ ਹੈ। ਪਰ ਸਰਕਾਰ ਦੀ ਸੌੜੀ ਨੀਤੀ ਕਰਕੇ ਰਿਆਸਤ ਵਿਚ ਵੱਡੀ ਗਿਣਤੀ ਵਿਚ ਪੰਜਾਬੀ ਬੋਲਣ ਵਾਲੇ ਹਿੰਦੂਆਂ, ਸਿੱਖਾਂ, ਮੁਸਲਮਾਨਾਂ, ਇਸਾਈਆਂ ਤੋਂ ਉਨਾਂ ਦਾ ਇਹ ਹੱਕ ਖੋਹ ਲਿਆ ਗਿਆ। ਭਾਰਤ ਵਿਚ ਭਾਸ਼ਾ ਨੀਤੀਆਂ ਬਣਾਉਣ ਤੇ ਇਨਾਂ ਨੂੰ ਲਾਗੂ ਕਰਨ ਵਿਚ ਹਮੇਸ਼ਾ ਸੌੜੀ ਸਿਆਸਤ ਨੇ ਅੜਿੱਕੇ ਡਾਹੇ ਹਨ। ਇਹ ਸਥਿਤੀ ਬਸਤੀਵਾਦੀ ਕਾਲ ਵਿਚ ਸ਼ੁਰੂ ਕੀਤੀ ਗਈ ਸੀ ਪਰ ਆਜ਼ਾਦੀ ਮਿਲਣ ਤੋਂ ਬਾਅਦ ਵੀ ਵੱਖ-ਵੱਖ ਮਾਤ ਭਾਸ਼ਾਵਾਂ ਬੋਲਣ ਵਾਲਿਆਂ ਨੂੰ ਸਿਆਸੀ ਦਾਅ-ਪੇਚਾਂ ਰਾਹੀਂ ਫ਼ਿਰਕੂ ਫਰੇਮਾਂ ਵਿਚ ਫਿੱਟ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ। ਇਸ ਨਾਲ ਹੀ ਭਾਰਤ ਵਿਚ ਅਨੇਕਾਂ ਭਾਸ਼ਾ ਅੰਦੋਲਨ ਹੋਏ ਹਨ ਤੇ ਖ਼ੂਨ-ਖਰਾਬੇ ਵੀ ਹੋਏ। ਅੱਜ ਵੀ ਜੰਮੂ-ਕਸ਼ਮੀਰ ਵਿਚਲੇ ਪੰਜਾਬੀ ਬੋਲਣਹਾਰੇ ਆਪਣੇ ਭਾਸ਼ਾਈ ਹੱਕ ਲਈ ਆਵਾਜ਼ ਬੁਲੰਦ ਕਰ ਰਹੇ ਹਨ ਤੇ ਇਸ ਆਵਾਜ਼ ਨੂੰ ਪੂਰੀ ਦੁਨੀਆ ਵਿਚ ਹੁੰਗਾਰਾ ਮਿਲਿਆ ਹੈ। ਦੇਸ਼ ਦੀ ਸੰਸਦ ਵਿਚ ਕੁਝ ਮੈਂਬਰਾਂ ਵਲੋਂ ਇਸ ਦੇ ਹੱਕ ਵਿਚ ਜ਼ੋਰਦਾਰ ਆਵਾਜ਼ ਉਠਾਈ ਗਈ ਸੀ।

ਅੱਜ ਵੀ ਜੰਮੂ ਦੇ ਹਰ ਕੋਨੇ ਵਿਚੋਂ ਪੰਜਾਬੀ ਦੀ ਖ਼ੁਸ਼ਬੋ ਆਉਂਦੀ ਹੈ। ਘਰਾਂ, ਗਲੀਆਂ, ਮੁਹੱਲਿਆਂ, ਬਾਜ਼ਾਰਾਂ, ਦਫ਼ਤਰਾਂ, ਹਸਪਤਾਲਾਂ ਤੇ ਸਿੱਖਿਆ ਸੰਸਥਾਵਾਂ ਵਿਚ ਇਸ ਦੀ ਆਮ ਵਰਤੋਂ ਹੁੰਦੀ ਹੈ। ਰਿਆਸਤ ਦੀ ਇਹ ਇਕੋ ਇਕ ਅਜਿਹੀ ਭਾਸ਼ਾ ਹੈ ਜੋ ਪਿਛਲੇ ਲਗਪਗ ਦੋ ਸੌ ਸਾਲਾਂ ਤੋਂ ਇਥੇ ਵਰਤੀ ਜਾ ਰਹੀ ਹੈ। ਲੋੜ ਭਾਸ਼ਾਈ ਸੰਕੀਰਨਤਾ ਤੋਂ ਉੱਪਰ ਉੱਠਣ ਦੀ ਹੈ। ਲੋਕਾਂ ਨੂੰ ਭਾਸ਼ਾਈ ਅਧਿਕਾਰ ਦੇਣ ਦੀ ਹੈ। ਕਿਸੇ ਵੀ ਭਾਸ਼ਾ ਨੂੰ ਦਬਾ ਕੇ ਕਦੇ ਖ਼ਤਮ ਨਹੀਂ ਕੀਤਾ ਜਾ ਸਕਦਾ। ਪਰ ਅਫ਼ਸੋਸ ਇਸ ਗੱਲ ਦਾ ਹੈ ਕਿ ਸਰਕਾਰ ਨੇ ਰਿਆਸਤ ਦੇ ਪੰਜਾਬੀ ਆਵਾਮ ਨੂੰ ਅੱਖੋਂ ਪਰੋਖੇ ਕਰਕੇ ਨਵੀਂ ਭਾਸ਼ਾ ਨੀਤੀ ਦਾ ਖਰੜਾ ਪ੍ਰਵਾਨ ਕਰਕੇ ਉਸ ਨੂੰ ਸੰਸਦ ਵਿਚ ਪਾਸ ਕਰ ਦਿੱਤਾ ਹੈ। ਪੰਜਾਬੀ ਪਿਆਰਿਆਂ ਲਈ ਸੰਘਰਸ਼ ਬਹੁਤ ਲੰਮਾ ਹੈ ਤੇ ਆਸ ਕੀਤੀ ਜਾਣੀ ਚਾਹੀਦੀ ਹੈ ਕਿ ਸਰਕਾਰ ਦੇ ਕੰਨਾਂ ਵਿਚੋਂ ਰੂੰ ਨਿਕਲੇਗੀ ਤੇ ਉਹ ਲੋਕ-ਆਵਾਜ਼ ਨੂੰ ਸੁਣੇਗੀ। ਦੇਰ ਸਵੇਰ ਪੰਜਾਬੀ ਬੋਲਣ ਵਾਲਿਆਂ ਨੂੰ ਉਨਾਂ ਦਾ ਹੱਕ ਜ਼ਰੂਰ ਮਿਲੇਗਾ।

# ਵਿਸ਼ਵੀਕਰਨ ਦੇ ਦੌਰ 'ਚ ਪੰਜਾਬੀਅਤ ਤੇ ਪੰਜਾਬੀ ਸਭਿਆਚਾਰ ਨੂੰ ਚੁਣੌਤੀਆਂ

**ਮੁਹੰਮਦ ਅੱਬਾਸ ਧਾਲੀਵਾਲ**
**੯੮੫੫੨੫੯੬੫੦**

ਪੰਜਾਬੀਅਤ ਦਾ ਸੰਕਲਪ ਪੰਜਾਬੀ ਸੱਭਿਆਚਾਰ ਨਾਲ ਜੁੜੀ ਇਕ ਵਿਲੱਖਣ ਤੇ ਭਰਪੂਰ ਜੀਵਨ ਸ਼ੈਲੀ ਦੀ ਅਜਿਹੀ ਵਿਚਾਰਧਾਰਾ ਹੈ ਜਿਸ ਦਾ ਕੋਈ ਸਾਨੀ ਨਹੀਂ ਹੈ। ਪੰਜਾਬੀਅਤ ਅਤੇ ਪੰਜਾਬੀ ਸਭਿਆਚਾਰ ਨੂੰ ਅਸੀਂ ਅਕਸਰ ਇਕ ਦੂਜੇ ਦੇ ਸਮਾਨਾਰਥਕ ਸੰਕਲਪਾਂ ਵਜੋਂ ਵਰਤ ਲੈਂਦੇ ਹਾਂ। ਵੇਖਿਆ ਜਾਏ ਤਾਂ ਪੰਜਾਬੀ ਸੱਭਿਆਚਾਰ ਇੱਕ ਵਿਸ਼ਾਲ, ਵਿਆਪਕ ਤੇ ਬਹੁ-ਬਣਤਰੀ ਰੂਪ ਵਾਲਾ ਅਜਿਹਾ ਪ੍ਰਬੰਧ ਹੈ ਜਿਸ ਦੀ ਬੁਨਿਆਦ 'ਤੇ ਪੰਜਾਬੀਅਤ ਮਾਨਸਿਕਤਾ ਦੀ ਇਕ ਬੇਹੱਦ ਵਿਸ਼ਾਲ ਤੇ ਗੌਰਵਮਈ ਇਮਾਰਤ ਖੜੀ ਹੈ । ਦਰਅਸਲ ਪੰਜਾਬੀਅਤ ਇੱਕ ਅਜਿਹਾ ਅਹਿਸਾਸ ਹੈ ਜਿਸ ਵਿਚੋਂ ਇੱਕ ਵਿਸ਼ੇਸ਼ ਕਿਸਮ ਦੀ ਵਿਲੱਖਣਤਾ ਦੀ ਝਲਕ ਪੈਂਦੀ ਹੈ। ਪੰਜਾਬੀਅਤ ਦੀ ਇਸ ਵਿਲੱਖਣਤਾ ਦਾ ਅਰਥ ਪੰਜਾਬੀ ਜੁੱਸੇ ਅਤੇ ਰੂਹ ਦੀ ਤਾਸੀਰ ਤੋਂ ਹੈ, ਉਹ ਜੁੱਸਾ ਜੋ ਇਥੋਂ ਦੇ ਦਿਲਕਸ਼ ਪੌਣ ਪਾਣੀ ਤੇ ਵੰਗਾਰਾਂ ਭਰਪੂਰ ਹੋਣੀਆਂ ਵਿੱਚ ਉਪਜਿਆ ਹੈ।

ਪੰਜਾਬੀ ਲੋਕਾਂ ਦੇ ਸੁਭਾਅ ਸਬੰਧੀ ਪ੍ਰਿੰਸੀਪਲ ਤੇਜਾ ਸਿੰਘ ਇਕ ਥਾਂ ਆਖਦੇ ਹਨ ਕਿ 'ਪੰਜਾਬੀ ਆਚਰਣ ਪੰਜਾਬ ਦੇ ਭੂਗੋਲਿਕ ਆਲੇ ਦੁਆਲੇ ਅਤੇ ਇਤਿਹਾਸਕ ਪਿਛਵਾੜੇ ਤੋਂ ਬਣਿਆ ਹੈ। ਪੰਜਾਬੀਆਂ ਦੇ ਸੁਭਾਅ, ਇਨਾਂ ਦੇ ਦਿਲ ਪੰਜਾਬ ਦੇ ਪਹਾੜਾਂ, ਦਰਿਆਵਾਂ, ਵਾਂਗ ਡੂੰਘੇ, ਠੰਡੇ, ਲੰਮੇ ਜਿਗਰੇ ਵਾਲੇ, ਵੱਡੇ ਵੱਡੇ ਦਿਲਾਂ ਵਾਲੇ, ਛੇਤੀ-ਛੇਤੀ ਵਲ ਨਾ ਖਾਣ ਵਾਲੇ, ਦਿੱਤੇ ਵਚਨ ਤੋਂ ਨਾ ਮੁੜਨ ਵਾਲੇ, ਸਿੱਧ ਪੱਧਰੇ, ਸਾਦਗੀ ਅਪਨਾਉਣ ਵਾਲੇ ਖੁੱਲੇ ਤੇ ਚੌੜੇ ਹੁੰਦੇ ਹਨ।'

**ਪੰਜਾਬ ਅਤੇ ਸਪਤ ਸਿੰਧੂ ਦੇ ਇਤਿਹਾਸਕ ਪਹਿਲੂ**

ਪੰਜਾਬੀ ਸਭਿਆਚਾਰ ਜਾਂ ਪੰਜਾਬੀਅਤ ਨੂੰ ਸਮਝਣ ਲਈ ਪੰਜਾਬ ਦੀਆਂ ਭੂਗੋਲਿਕ ਪ੍ਰਸਥਿਤੀਆਂ ਬਾਰੇ ਜਾਣਕਾਰੀ ਹਾਸਲ ਕਰਨਾ ਜ਼ਰੂਰੀ ਹੈ। ਇਸ ਸੰਦਰਭ ਵਿੱਚ ਪੰਜਾਬ ਦੇ ਇਤਿਹਾਸ ਨੂੰ ਆਰੀਆ ਲੋਕਾਂ ਦੇ ਵਸਣ ਤੋਂ ਬਾਅਦ ਜਾਣਨਾ ਬਣਦਾ ਹੈ। ਆਰੀਆ ਲੋਕਾਂ ਦੇ ਸਮੇਂ ਦੌਰਾਨ ਪੰਜਾਬ ਦੀਆਂ ਹੱਦਾਂ ਇੱਕ ਵਾਰ ਨਹੀਂ ਸਗੋਂ ਕਈ ਵਾਰ ਬਦਲੀਆਂ। ਪੂਰਵ ਇਤਿਹਾਸ ਵਿਚ ਜਦੋਂ ਆਰੀਅਨ ਲੋਕ ਪੰਜਾਬ ਵਿੱਚ ਆਦਿ ਵਾਸੀਆਂ ਨੂੰ ਅੱਗੇ ਧੱਕ ਕੇ ਵਸੇ ਸਨ ਤਾਂ ਉਸ ਸਮੇਂ ਪੰਜਾਬ ਦਾ ਨਾਂ ਪੰਜਾਬ ਨਹੀਂ ਬਲਕਿ ਸਪਤ ਸਿੰਧੂ ਸੀ। ਉਨਾਂ ਸਮਿਆਂ ਵਿੱਚ ਪੰਜਾਬ ਨੂੰ ਸਪਤ ਸਿੰਧੂ ਇਸ ਕਰਕੇ ਕਿਹਾ ਜਾਂਦਾ ਸੀ ਕਿਉਂਕਿ ਜਮਨਾ ਤੋਂ ਲੈ ਕੇ ਅਟਕ ਤੱਕ ਦੇ ਇਲਾਕੇ ਨੂੰ ਸੱਤਾਂ ਦਰਿਆਵਾਂ ਦਾ ਇਲਾਕਾ ਸਮਝਿਆ ਜਾਂਦਾ ਸੀ।

ਮਾਨਵ ਵਿਗਿਆਨੀ ਐਡਵਰਡ ਬੀ. ਟਾਈਲਰ ਦਾ ਕਹਿਣਾ ਹੈ ਕਿ 'ਸਭਿਆਚਾਰ ਉਹ ਜਟਿਲ ਸਮੂਹ ਹੈ, ਜਿਸ ਵਿੱਚ ਗਿਆਨ, ਵਿਸ਼ਵਾਸ, ਕਲਾ, ਨੈਤਿਕਤਾ, ਕਾਨੂੰਨ, ਰੀਤੀ-ਰਿਵਾਜ ਅਤੇ ਹੋਰ ਸਭ ਸਮਰਥਾਵਾਂ ਅਤੇ ਆਦਤਾਂ ਆ ਜਾਂਦੀਆਂ ਹਨ, ਜਿਹੜੀਆਂ ਮਨੁੱਖ ਸਮਾਜ ਦਾ ਇੱਕ ਮੈਂਬਰ ਹੋਣ ਦੇ ਨਾਤੇ ਗ੍ਰਹਿਣ ਕਰਦਾ ਹੈ।'

ਜਦੋਂ ਕਦੇ ਪੰਜਾਬੀ ਸਭਿਆਚਾਰ ਦੀ ਗੱਲ ਚਲਦੀ ਹੈ ਤਾਂ ਵਧੇਰੇ ਕਰਕੇ ਅਸੀਂ ਇਸ ਨੂੰ ਗਿੱਧਾ, ਭੰਗੜਾ ਅਤੇ ਮੱਕੀ ਦੀ ਰੋਟੀ ਸਰੋਂ ਦੇ ਸਾਗ ਤੱਕ ਹੀ ਮਹਿਦੂਦ ਕਰਕੇ ਰਹਿ ਜਾਂਦੇ ਹਾਂ। ਜਦੋਂ ਕਿ ਵੇਖਿਆ ਜਾਵੇ ਤਾਂ ਪੰਜਾਬ ਦੀਆਂ ਵਿਸ਼ੇਸ਼ ਭੂਗੋਲਿਕ ਪ੍ਰਸਥਿਤੀਆਂ, ਵੱਖਰੇ ਕਿਸਮ ਦੇ ਜਲਵਾਯੂ ਤੇ ਕਿੰਨੇ ਹੀ ਇਤਿਹਾਸਕ ਉਤਰਾਵਾਂ-ਚੜ੍ਹਾਵਾਂ ਦੇ ਦੌਰ ਵਿਚੋਂ ਲੰਘਦਿਆਂ ਪੰਜਾਬੀ ਸਭਿਆਚਾਰ ਨੂੰ ਵਿਕਸਿਤ ਹੋਣ ਲਈ ਇਕ ਲੰਮਾ ਸਮਾਂ ਲੱਗਾ ਹੈ ਅਰਥਾਤ ਇਕ ਲੰਮੀ ਜੱਦੋ-ਜਹਿਦ ਤੋਂ ਬਾਅਦ ਜੋ ਪੰਜਾਬੀ ਸੱਭਿਆਚਾਰ 'ਚ ਵਜੂਦ ਵਿਚ ਆਇਆ ਹੈ ਉਹ ਨਿਰਸੰਦੇਹ ਬੇਹੱਦ ਅਮੀਰ ਤੇ ਪ੍ਰਭਾਵਸ਼ਾਲੀ ਹੈ। ਇਹੋ ਵਜਾ ਹੈ ਕਿ ਇਸ ਪੰਜਾਬੀ ਸੱਭਿਆਚਾਰ ਨੇ ਅੱਜ ਭਾਰਤ ਹੀ ਨਹੀਂ ਸਗੋਂ ਵਿਸ਼ਵ ਦੇ ਵੱਖ-ਵੱਖ ਦੇਸ਼ਾਂ ਵਿੱਚ ਆਪਣੀ ਇਕ ਅਲੱਗ ਪਹਿਚਾਣ ਤੇ ਧਾਕ ਜਮਾ ਰੱਖੀ ਹੈ । ਆਪਣੀ ਵੱਖਰੀ ਤਾਸੀਰ, ਉੱਚੇ ਚਰਿੱਤਰ, ਆਦਰਸ਼ਾਂ, ਸੇਵਾ ਭਾਵਨਾ ( ਲੰਗਰ ਪ੍ਰਥਾ) ਅਤੇ ਮਿਹਨਤੀ ਜਜ਼ਬੇ ਸਦਕਾ ਪੰਜਾਬੀਆਂ ਨੇ ਦੇਸ਼ ਹੀ ਨਹੀਂ ਸਗੋਂ ਵਿਦੇਸ਼ਾਂ 'ਚ ਵੀ ਆਪਣੀ ਹੋਂਦ ਦਾ ਡੰਕਾ ਬਜਾਇਆ ਹੈ।

**ਸਭਿਆਚਾਰ**

ਪੰਜਾਬੀ ਸਭਿਆਚਾਰ ਦੀਆਂ ਬੁਨਿਆਦੀ ਕਦਰਾਂ-ਕੀਮਤਾਂ ਵਿਚ ਬਹਾਦਰੀ, ਪ੍ਰਾਹੁਣਾਚਾਰੀ, ਸਖੀਪੁਣਾ, ਧਾਰਮਿਕਤਾ ਆਦਿ ਜਿਹੇ ਗੁਣ ਜਿਵੇਂ ਕੁੱਟ-ਕੁੱਟ ਭਰੇ ਹਨ । ਗੁਰਬਖ਼ਸ਼ ਸਿੰਘ ਫ਼ਰੈਂਕ ਮੁਤਾਬਕ ਪੰਜਾਬ ਦੇ ਇਤਿਹਾਸ, ਪੰਜਾਬ ਦੇ ਜੀਵਨ ਅਤੇ ਪੰਜਾਬੀ ਸਭਿਆਚਾਰ ਉੱਤੇ ਨਜ਼ਰ ਮਾਰ ਕੇ ਜਦੋਂ ਅਸੀਂ ਦੇਖਦੇ ਹਾਂ ਤਾਂ ਇਸ ਵਿੱਚ ਜਿਹੜੀ ਕਦਰ ਕੇਂਦਰੀ ਮਹੱਤਤਾ ਰੱਖਦੀ ਦਿੱਸਦੀ ਹੈ, ਉਹ ਉਹੀ ਹੈ ਜਿਸ ਨੂੰ ਕਦੀ ਬਾਬਾ ਸ਼ੇਖ ਫ਼ਰੀਦ ਨੇ ਇਹਨਾਂ ਸ਼ਬਦਾਂ ਵਿੱਚ ਪ੍ਰਗਟਾਇਆ ਸੀ:

**ਫਰੀਦਾਬਾਰਿਪਰਾਇਐਬੈਸਣਾਸਾਂਈਮੁਝੈਨਦੇਹਿ ॥**
**ਜੇ ਤੂ ਏਵੈ ਰਖਸੀ ਜੀਉ ਸਰੀਰਹੁ ਲੇਹਿ ॥੪੨॥**

ਇਹ 'ਬਾਰਿ ਪਰਾਇ ਬੈਸਣ' ਦਾ ਸੰਤਾਪ ਪੰਜਾਬੀ ਆਚਰਨ ਲਈ ਮੌਤ ਤੋਂ ਵੀ ਮਾੜਾ ਹੈ। ਦੂਜੇ ਦੇ ਆਸਰੇ ਜਿਊਣ ਨਾਲੋਂ ਤਾਂ ਨਾ ਜਿਉਣਾ ਵਧੇਰੇ ਚੰਗਾ ਹੈ। ਕਿਸੇ ਹੋਰ ਤਰੀਕੇ ਨਾਲ ਲੋਕ ਗੀਤ ਵੀ ਇਸ ਤਰਾਂ ਪੇਸ਼ ਕੀਤਾ ਗਿਆ ਹੈ:

**ਦੋ ਪੈਰ ਘੱਟ ਤੁਰਨਾ**
**ਪਰ ਤੁਰਨਾ ਮਟਕ ਦੇ ਨਾਲ।**



**ਪੰਜਾਬੀ ਸਭਿਆਚਾਰ 'ਚ ਬੋਲੀ ਦੀ ਮਹਾਨਤਾ**

ਸਭਿਆਚਾਰ ਜਿਸ ਦਾ ਦਾਇਰਾ ਬੜਾ ਵਿਸ਼ਾਲ ਹੈ। ਗੱਲ ਜੇਕਰ ਪੰਜਾਬੀ ਸਭਿਆਚਾਰ 'ਚ ਬੋਲੀ ਦੀ ਕਰੀਏ ਤਾਂ ਬਾਬਾ ਫ਼ਰੀਦ ਦੇ ਸ਼ਲੋਕਾਂ ਵਿਚਲੀ ਮਾਖਿਓਂ ਮਿੱਠੀ ਪੰਜਾਬੀ ਅੱਜ ਵੀ ਜਿਵੇਂ ਪੜਨ-ਸੁਣਨ ਵਾਲਿਆਂ ਦੇ ਕੰਨਾਂ ਵਿੱਚ ਰਸ ਘੋਲ, ਦਿਲਾਂ ਨੂੰ ਰਾਹਤ ਦਿੰਦੀ ਮਹਿਸੂਸ ਹੁੰਦੀ ਹੈ । ਪੰਜਾਬੀ ਸਭਿਆਚਾਰ ਵਿਚ ਜੇਕਰ ਗੱਲ ਅਧਿਆਤਮਿਕਤਾ ਦੀ ਕਰੀਏ ਤਾਂ ਗੁਰੂਆਂ ਦੀ ਬਾਣੀ ਸਾਨੂੰ ਸਭਨਾਂ ਨੂੰ ਸਾਂਝੀਵਾਲਤਾ ਦਾ ਸਬਕ ਦਿੰਦਿਆਂ ਇੱਕ ਰੱਬ ਦੀ ਉਸਤਤ ਕਰਨ ਤੇ ਮਨੁੱਖਤਾ ਦੀ ਸੇਵਾ ਲਈ ਹਰ ਵਕਤ ਸਮਰਪਿਤ ਰਹਿਣ ਦਾ ਪਾਠ ਪੜਾਉਂਦੀ ਨਜ਼ਰ ਆਉਂਦੀ ਹੈ।ਇਸੇ ਤਰਾਂ ਪੰਜਾਬੀ ਸਭਿਆਚਾਰ ਵਿਚ ਜਦੋਂ ਤਜਕਰਾ ਇਸ਼ਕ ਦਾ ਹੋਵੇ ਤਾਂ ਵਾਰਸ ਦੀ ਹੀਰ ਸਹਿਜੇ ਹੀ ਸਾਹਮਣੇ ਆ ਖਲੋਂਦੀ ਹੈ ਤੇ ਕਿੱਸਾ ਹੀਰ-ਰਾਂਝਾ ਦੇ ਕਿਰਦਾਰ ਅੱਜ ਵੀ ਸਾਡੇ ਗੀਤਾਂ ਅਤੇ ਬੋਲੀਆਂ ਦਾ ਮਹੱਤਵਪੂਰਣ ਅੰਗ ਬਣੇ ਹੋਏ ਹਨ। ਵਾਰਿਸ ਸ਼ਾਹ ਦੀ ਹੀਰ ਦੀਆਂ ਤੁਕਾਂ ਤਾਂ ਜਿਵੇਂ ਪੰਜਾਬੀ ਸਭਿਆਚਾਰ ਦੇ ਮੁਹਾਵਰੇ ਹੋ ਨਿਬੜੇ ਹਨ ਜਿਵੇਂ ਕਿ :

**ਵਾਰਿਸ ਸ਼ਾਹ ਨਾ ਆਦਤਾਂ ਜਾਂਦੀਆਂ ਨੇ**
**ਭਾਵੇਂ ਕੱਟੀਏ ਪੋਰੀਆਂ ਪੋਰੀਆਂ ਜੀ।**

**ਪੰਜਾਬੀ ਸਭਿਆਚਾਰ ਵਿਚ ਆਦਰਸ਼ ਸੂਰਮੇ**

ਪੰਜਾਬੀ ਸਭਿਆਚਾਰ 'ਚ ਗੱਲ ਬਹਾਦਰੀ ਦੀ ਹੋਵੇ ਤਾਂ ਬਾਬਾ ਬੰਦਾ ਸਿੰਘ ਬਹਾਦਰ ਅਤੇ ਬਘੇਲ ਸਿੰਘ, ਕਰਤਾਰ ਸਿੰਘ ਸਰਾਭਾ, ਭਗਤ ਸਿੰਘ ਅਤੇ ਊਧਮ ਸਿੰਘ ਵਰਗੇ ਸੂਰਮੇ ਸਾਡੇ ਦਿਲਾਂ ਤੇ ਅੱਜ ਵੀ ਰਾਜ ਕਰਦੇ ਹਨ ਅਤੇ ਇਹ ਸਭ ਸੂਰਮੇ ਸਾਡੇ ਹਕੀਕੀ ਮਾਅਨਿਆਂ ਵਿੱਚ ਆਦਰਸ਼ ਹਨ। ਇਹ ਕਿ ਜਦੋਂ ਵੀ ਅਸੀਂ ਆਪਣੇ ਆਦਰਸ਼ਾਂ ਨੂੰ ਅਖੋਂ ਪਰੋਖੇ ਕਰਦੇ ਹਾਂ ਤਾਂ ਸਾਡਾ ਹਸ਼ਰ ਸ਼ਾਹ ਮੁਹੰਮਦ ਦੀ ਵਾਰ 'ਜੰਗਨਾਮਾ ਸਿੰਘਾਂ ਤੇ ਫਰੰਗੀਆਂ' ਦੀਆਂ ਇਨਾਂ ਤੁਕਾਂ ਵਾਲਾ ਹੁੰਦਾ ਹੈ ਜਿਵੇਂ ਕਿ ਉਹ ਆਖਦੇ ਹਨ ਕਿ :

**ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ।**
**ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੇ।**

**ਵਿਸ਼ਵੀਕਰਨ ਦੇ ਅਸਰ ਹੇਠ ਪੰਜਾਬੀ ਸਭਿਆਚਾਰ**

ਵਿਸ਼ਵੀਕਰਨ ਦੇ ਅਸਰ ਨੇ ਦੁਨੀਆ ਦੇ ਲਗਭਗ ਹਰ ਸਭਿਆਚਾਰ ਨੂੰ ਪ੍ਰਭਾਵਿਤ ਕੀਤਾ ਹੈ ਇਸ ਪ੍ਰਕਾਰ ਇਸ ਪ੍ਰਭਾਵ ਤੋਂ ਪੰਜਾਬ ਵੀ ਅਛੂਤਾ ਨਹੀਂ ਰਹਿ ਸਕਿਆ। ਵਿਸ਼ਵੀਕਰਨ ਦੇ ਪ੍ਰਭਾਵ ਹੇਠ ਪੰਜਾਬ ਦੇ ਸਭਿਆਚਾਰ ਅਤੇ ਕਲਾ ਦਾ ਉਦਯੋਗੀਕਰਨ ਹੋਇਆ । ਵਿਸ਼ਵੀਕਰਨ ਨੇ ਦੇ ਸੰਕਲਪ ਨੇ ਪੰਜਾਬ ਖਾਣ ਪੀਣ ਦੀਆਂ ਆਦਤਾਂ 'ਤੇ ਇਕ ਵੱਡਾ ਪ੍ਰਭਾਵ ਪਾਇਆ ਹੈ । ਅੱਜ ਦੇ ਇਸ ਪਦਾਰਥਵਾਦੀ ਯੁੱਗ ਵਿੱਚ ਹਰ ਕਿਸੇ ਨੂੰ ਸਮੇਂ ਦੀ ਕਿੱਲਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਦੇ ਨਾਲ ਨਾਲ, ਭੱਜ ਨੱਠ, ਪੈਸੇ ਦੀ ਬਹੁਤਾਤ, ਰਸੋਈ ਘਰਾਂ ਵਿੱਚ ਬਾਕਾਇਦਾ ਭੋਜਨ ਤਿਆਰ ਨਾ ਹੋਣ ਕਰਕੇ ਫਾਸਟ ਫੂਡ ਨੇ ਜਨਮ ਲਿਆ ਹੈ। ਕੋਈ ਸਮਾਂ ਸੀ ਜਦੋਂ ਪੰਜਾਬੀ ਘਰਾਂ ਵਿਚ ਰਸੋਈ ਦਾ ਪਰੰਪਰਾਗਤ ਰੂਪ, ਖਾਣਾ ਬਣਾਉਣ ਦੇ ਤੌਰ ਤਰੀਕਿਆਂ ਉੱਤੇ ਪੰਜਾਬੀ ਲੋਕਾਂ ਦੀ ਖ਼ੁਰਾਕ ਅੱਜ ਨਾਲੋਂ ਬਹੁਤ ਵੱਖਰੀ ਸੀ। ਉਨਾਂ ਸਮਿਆਂ ਵਿੱਚ ਪੰਜਾਬ ਦੇ ਘਰਾਂ ਵਿੱਚ ਅਕਸਰ ਮਿੱਟੀ ਦੇ ਬਣੇ ਚੁੱਲਿਆਂ ਵਿੱਚ ਪਾਥੀਆਂ ਜਾਂ ਅੱਗ ਬਾਲਣ ਲਈ ਲੱਕੜਾਂ ਦੀ ਵਰਤੋਂ ਹੋਇਆ ਕਰਦੀ ਸੀ। ਸਾਗ, ਮੱਕੀ ਦੀ ਰੋਟੀ, ਖੱਟੀ ਲੱਸੀ ਪੰਜਾਬੀਆਂ ਦੀਆਂ ਮਨਭਾਉਂਦੀਆਂ ਖ਼ੁਰਾਕਾਂ ਸਨ। ਭਾਂਡੇ ਮਾਂਜਣ ਲਈ ਚੁੱਲੇ ਦੀ ਸੁਆਹ ਵਰਤੀ ਜਾਂਦੀ ਸੀ।ਫਿਰ ਜਿਵੇਂ-ਜਿਵੇਂ ਸਮਾਂ ਬਦਲਦਾ ਗਿਆ ਤਾਂ ਹੌਲੀ-ਹੌਲੀ ਚੁੱਲੇ ਦੀ ਥਾਂ ਸਟੋਵ, ਚਾਟੀਆਂ ਤੇ ਤੌੜੀਆਂ ਦੀ ਥਾਂ ਪ੍ਰੈਸ਼ਰ ਕੁੱਕਰਾਂ ਨੇ ਲੈ ਲਈ। ਪਿਛਲੇ ਲਗਭਗ ਵੀਹ-ਪੱਚੀ ਸਾਲ ਤੋਂ ਪੱਛਮੀ ਪ੍ਰਭਾਵ ਕਾਰਨ ਗੈਸ ਦੇ ਚੁੱਲਿਆਂ ਦਾ ਰਿਵਾਜ ਆਮ ਹੋ ਗਿਆ ਹੈ। ਹੁਣ ਭਾਂਡੇ ਧੋਣ ਲਈ ਸੁਆਹ ਦੀ ਥਾਂ ਡਿਟਰਜੈਂਟ ਪਾਊਡਰ ਆ ਗਏ ਹਨ। ਇਸ ਦੇ ਨਾਲ ਹੀ ਤਰੱਕੀ ਦੇ ਨਾਂ 'ਤੇ ਮਾਈਕਰੋਵੇਵ, ਫਰਿੱਜ ਆਦਿ ਹੁਣ ਰਸੋਈ ਦਾ ਸ਼ਿੰਗਾਰ ਬਣ ਗਏ ਹਨ। ਲੱਸੀ ਦੀ ਥਾਂ ਕੋਕ, ਪੈਪਸੀ ਆਦਿ ਸੋਫਟ ਡਰਿੰਕਸ ਨੇ ਲੈ ਲਈ ਹੈ। ਘਰ ਦੇ ਬਣੇ ਖਾਣੇ ਦੀ ਅੱਜ ਲੋਕ ਵਿਸ਼ੇਸ਼ ਕਰ ਨੌਜਵਾਨ ਪੀੜੀ ਮੈਕਡੋਨਲਡ, ਡੋਮੀਨੋਜ਼, ਪੀਜ਼ਾ ਹੱਟ ਆਦਿ ਨੂੰ ਵਧੇਰੇ ਤਰਜੀਹ ਦੇਣ ਲੱਗੀ ਹੈ। ਸੱਚ ਤਾਂ ਇਹ ਹੈ ਕਿ ਅੱਜ ਪੱਛਮੀ ਸਭਿਆਚਾਰ ਨੂੰ ਅਪਣਾਉਣ ਦੀ ਹੋੜ ਵਿੱਚ ਪੰਜਾਬੀ ਲੋਕ ਆਪਣੇ ਵਿਰਸੇ ਅਤੇ ਪੰਜਾਬੀ ਸੱਭਿਆਚਾਰ ਤੋਂ ਦੂਰ ਹੁੰਦੇ ਜਾ ਰਹੇ ਹਨ । ਪਦਾਰਥਵਾਦ ਦੇ ਇਸ ਯੁੱਗ ਵਿੱਚ ਇਸ ਵਰਗ ਨੇ ਫ਼ਰੀਦ ਦੇ ਪੈਗ਼ਾਮ 'ਰੁਖੀ ਸੁਖੀ ਖਾਇ ਕੇ ਠੰਡਾ ਪਾਣੀ ਪੀਉ ॥ਫ਼ਰੀਦਾ ਦੇਖਿ ਪਰਾਈ ਚੋਪੜੀ ਨਾ ਤਰਸਾਏ ਜੀਉ ॥' ਨੂੰ ਵਿਸਾਰ ਕੇ ਸਾਦਾ ਜੀਵਨ ਤਿਆਗ ਦਿੱਤਾ।

ਵਿਸ਼ਵੀਕਰਨ ਦੇ ਪ੍ਰਕੋਪ ਵਿੱਚ ਰਿਸ਼ਤੇ-ਨਾਤਿਆਂ ਦਾ ਘਾਣ

ਵਿਸ਼ਵੀਕਰਨ ਦੇ ਇਸ ਪ੍ਰਕੋਪ ਵਿੱਚ ਪੰਜਾਬੀ ਸਮਾਜ ਵਿਚਲੇ ਰਿਸ਼ਤਾ ਨਾਤਿਆਂ ਦਾ ਵੀ ਬੇਹੱਦ ਘਾਣ ਹੋਇਆ ਹੈ। ਅੱਜ ਹਰ ਰਿਸ਼ਤਾ ਨਾਤਾ ਇਕ ਤਰਾਂ ਗਰਜ਼ ਨਾਲ ਬੱਝਿਆ ਮਹਿਸੂਸ ਹੁੰਦਾ ਹੈ। ਇਥੋਂ ਤਕ ਕਿ ਅੱਜ ਖ਼ੂਨੀ ਰਿਸ਼ਤੇ ਵੀ ਤਿੜਕਦੇ ਮਹਿਸੂਸ ਹੁੰਦੇ ਹਨ।ਬਦਲਦੇ ਹਾਲਾਤਾਂ ਵਿੱਚ ਅਸੀਂ ਆਪਣੇ ਸਭਿਆਚਾਰਕ ਪਹਿਰਾਵੇ ਤੋਂ ਵਿਰਵੇ ਹੁੰਦੇ ਜਾ ਰਹੇ ਹਾਂ ਪਿਛਲੇ ਕੁਝ ਸਾਲਾਂ ਤੋਂ ਪਹਿਨਣ ਵਾਲੇ ਕੱਪੜਿਆਂ ਵਿੱਚ ਬੇਹੱਦ ਤਬਦੀਲੀਆਂ ਆਈਆਂ ਹਨ। ਜੇਕਰ ਇਹ ਕਹੀਏ ਕਿ ਲਿਬਾਸ ਦੇ ਵਿਸ਼ਵੀਕਰਨ ਨੇ ਸਾਨੂੰ ਲਿਬਾਸਾਂ ਵਿੱਚ ਵੀ ਨੰਗਾ ਕਰਕੇ ਰੱਖ ਦਿੱਤਾ ਹੈ ਤਾਂ ਇਸ ਵਿੱਚ ਕੋਈ ਅਤਿਕਥਨੀ ਨਹੀਂ ਹੋਵੇਗੀ। ਅੱਜ ਲਿਬਾਸ ਦਾ ਇਸਤੇਮਾਲ ਸਰੀਰ ਨੂੰ ਢਕਣ ਲਈ ਨਹੀਂ ਸਗੋਂ ਜਿਸਮ ਦੀ ਨੁਮਾਇਸ਼ ਕਰਨ ਲਈ ਹੋ ਰਿਹਾ ਹੈ । ਪੰਜਾਬ ਵਿੱਚ ਨਵੇਂ ਸ਼ੌਕੀਨ ਮੁੰਡਿਆਂ ਵਿੱਚ ਕੈਜ਼ੂਅਲ ਫ਼ੈਸ਼ਨ ਦਾ ਅਸਰ ਵਧਦਾ ਜਾ ਰਿਹਾ ਹੈ ਅਤੇ ਰਸਮੀ ਕਿਸਮ ਦੀ ਕਮੀਜ਼ ਤੇ ਪੈਂਟਾਂ ਨਾਲੋਂ ਡਿਜ਼ਾਈਨਰ ਕਿਸਮ ਦੀਆਂ ਟੀ ਸ਼ਰਟਾਂ ਅਤੇ ਜ਼ੀਨਾਂ ਤੇ ਕਾਰਗੋ ਪੈਂਟਾਂ ਦਾ ਰਿਵਾਜ ਵੱਧ ਰਿਹਾ ਹੈ। ਕੈਪਰੀ ਪਹਿਨਣ ਦਾ ਰਿਵਾਜ ਵੀ ਆਮ ਹੋ ਰਿਹਾ ਹੈ। ਦੂਜੇ ਪਾਸੇ ਕੁੜੀਆਂ ਦੇ ਪਹਿਰਾਵੇ ਵਿਚ ਵੀ ਬਹੁਤ ਜ਼ਿਆਦਾ ਤਬਦੀਲੀ ਆਈ ਹੈ ਅੱਜ ਕੱਲ ਕੁੜੀਆਂ ਨੇ ਡਿਜ਼ਾਈਨਰ ਟਾਪਸ ਤੇ ਜੀਨਾਂ ਪਾਉਣੀਆਂ ਸ਼ੁਰੂ ਕਰ ਦਿੱਤੀਆਂ ਹਨ।

**ਸੰਯੁਕਤ ਪਰਿਵਾਰ ਟੁੱਟਣ ਦਾ ਸੰਤਾਪ**

ਇਕ ਸਮਾਂ ਸੀ ਜਦੋਂ ਸਾਰਾ ਕੋੜਮਾ ਕਬੀਲਾ ਇੱਕ ਛੱਤ ਥੱਲੇ ਰਹਿੰਦਾ ਤੇ ਇਸ ਵਿਚ ਪਤੀ-ਪਤਨੀ, ਬੱਚੇ, ਮਾਂ-ਬਾਪ, ਚਾਚੇ-ਚਾਚੀਆਂ, ਤਾਏ-ਤਾਈਆਂ ਉਹਨਾਂ ਦੇ ਬੱਚੇ, ਦਾਦਾ- ਦਾਦੀ, ਪੜਦਾਦਾ-ਪੜਦਾਦੀ ਆਦਿ। ਇਨਾਂ ਸਾਰਿਆਂ ਦਾ ਸਾਂਝਾ ਚੁੱਲਾ ਹੁੰਦਾ ਸੀ। ਘਰ ਕਮਾਊ ਜੀਆਂ ਦੀ ਸਾਰੀ ਪੂੰਜੀ ਸਭ ਤੋਂ ਵੱਡੇ ਪੁਰਖ ਅਤੇ ਉਸ ਦੀ ਘਰਵਾਲੀ ਦੇ ਹੱਥ ਹੁੰਦੀ ਸੀ ਤੇ ਪਰਿਵਾਰ ਦੇ ਜੀਆਂ ਦੇ ਰੋਟੀ ਕੱਪੜੇ ਅਤੇ ਹੋਰ ਲੋੜਾਂ ਦਾ ਪ੍ਰਬੰਧ ਕਰਨਾ ਉਨਾਂ ਦੀ ਹੀ ਜ਼ਿੰਮੇਵਾਰੀ ਹੁੰਦੀ ਸੀ ਪਰ ਅਜੋਕੇ ਸਮੇਂ ਵਿੱਚ ਸੰਯੁਕਤ ਪਰਿਵਾਰ ਟੁੱਟ ਰਹੇ ਹਨ। ਅੱਜ ਹਰ ਬੱਚਾ ਚਾਹੁੰਦਾ ਹੈ ਕਿ ਉਸ ਦਾ ਆਪਣਾ ਇੱਕ ਵੱਖਰਾ ਕਮਰਾ ਹੋਵੇ। ਜਿਸ ਵਿੱਚ ਹਰ ਜ਼ਰੂਰੀ ਚੀਜ਼ਾਂ ਜਿਵੇਂ ਕਿ ਟੀ.ਵੀ, ਮਿਊਜਿਕ ਸਿਸਟਮ, ਕੰਪਿਊਟਰ ਅਤੇ ਖਾਸ ਕਰ ਮੋਬਾਇਲ ਫ਼ੋਨ ਆਦਿ ਮੌਜੂਦ ਹੋਣ ਜਿਸ ਵਿਚ ਕਿਸੇ ਹੋਰ ਮੈਂਬਰ ਦੀ ਦਖਲਅੰਦਾਜ਼ੀ ਨਾ ਹੋਵੇ।

**ਖ਼ਤਮ ਹੋਣ ਕਿਨਾਰੇ ਬਾਤਾਂ ਵਾਲਾ ਦੌਰ**

ਪਹਿਲਾਂ ਬੱਚੇ ਰਾਤ ਨੂੰ ਦਾਦੇ-ਦਾਦੀਆਂ ਕੋਲੋਂ ਕਹਾਣੀਆਂ ਸੁਣਿਆ ਕਰਦੇ ਸਨ। ਉਹ ਕਹਾਣੀਆਂ ਬੱਚਿਆਂ ਦੇ ਮਨਾਂ ਵਿਚ ਚੰਗੇ ਗੁਣ ਪੈਦਾ ਕਰਦੀਆਂ ਸਨ। ਬੱਚਿਆਂ ਨੂੰ ਬਾਤਾਂ ਸੁਣਨ ਦਾ ਐਨਾ ਚਾਅ ਹੁੰਦਾ ਸੀ ਕਿ ਰਾਤ ਪੈਂਦੀ ਸਾਰ ਹੀ ਬੱਚੇ ਦਾਦੇ ਦਾਦੀਆਂ ਦੁਆਲੇ ਹੋ ਜਾਂਦੇ ਸਨ। ਇੰਟਰਨੈੱਟ ਦੇ ਇਸ ਯੁੱਗ ਨੇ ਉਕਤ ਤਮਾਮ ਕਹਾਣੀਆਂ ਤੇ ਬਾਤਾਂ ਤੋਂ ਬੱਚਿਆਂ ਨੂੰ ਇਕ ਤਰਾਂ ਨਾਲ ਨਿਖੇੜ ਕੇ ਰੱਖ ਦਿੱਤਾ ਹੈ। ਅੱਜ ਦੇ ਮੁੰਡੇ-ਕੁੜੀਆਂ ਵਿਚ ਰਾਤੋ-ਰਾਤ ਅਮੀਰ ਹੋਣ ਦੀ ਹੋੜ ਇਸ ਕਦਰ ਹਾਵੀ ਹੈ ਕਿ ਆਪਣੇ ਮਿਸ਼ਨ ਵਿੱਚ ਅਸਫਲ ਹੋਣ ਦੀ ਸੂਰਤ ਵਿਚ ਝੱਟ ਮਾਨਸਿਕ ਤਣਾਉ ਦਾ ਸ਼ਿਕਾਰ ਹੋ ਜਾਂਦੇ ਹਨ। ਇਸ ਦੇ ਨਾਲ-ਨਾਲ ਕਦਰਾਂ-ਕੀਮਤਾਂ ਤੇ ਅਖ਼ਲਾਕ ਅੱਜ ਦੇ ਲੋਕਾਂ ਵਿਚ ਜਿਸ ਕਦਰ ਡਿੱਗ ਚੁੱਕੇ ਹਨ ਉਸ ਦੀ ਸ਼ਾਇਦ ਪਹਿਲਾਂ ਕਦੇ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ ਸੀ।

ਅੰਤ ਵਿਚ ਇਹੋ ਕਹਾਂਗਾ ਕਿ ਅੱਜ ਦਾ ਮਨੁੱਖ ਤਰੱਕੀ ਕਰਨ ਦੀਆਂ ਜਿੰਨੀਆਂ ਮਰਜੀ ਫੜਾਂ ਮਾਰੀ ਜਾਵੇ, ਭਾਵੇਂ ਅਜੋਕੇ ਮਨੁੱਖ ਨੇ ਚੰਦ ਨੂੰ ਫਤਿਹ ਕਰਨ ਉਪਰੰਤ ਮੰਗਲ ਗ੍ਰਹਿ ਵੱਲ ਚਾਲੇ ਪਾ ਦਿੱਤੇ ਹਨ ਪਰ ਜਦੋਂ ਅਸੀਂ ਅੱਜ ਆਪਣੇ ਇਖਲਾਕ ਤੇ ਨੈਤਿਕ ਕਦਰਾਂ-ਕੀਮਤਾਂ ਵਲ ਨਜ਼ਰ ਮਾਰਦੇ ਹਾਂ ਤਾਂ ਬੇਹੱਦ ਨਿਰਾਸ਼ਾ ਹੁੰਦੀ ਹੈ। ਸ਼ਾਇਦ ਇਸੇ ਲਈ ਉਰਦੂ ਦੇ ਇੱਕ ਕਵੀ ਨੇ ਕਿਹਾ ਹੈ ਕਿ :

**ਬੜਨੇ ਕੋ ਬਸ਼ਰ ਚਾਂਦ ਸੇ ਭੀ ਆਗੇ ਬੜਾ ਹੈ।**
**ਯੇਹ ਸੋਚੀਏ ਕਿਰਦਾਰ ਘਟਾ ਹੈ ਕਿ ਬੜਾ ਹੈ।**

# ਬਰਵਾਲੀ ਸੱਥ ਦੇ 22ਵੇਂ ਸਾਲਾਨਾ ਸਮਾਗਮ ਮੌਕੇ ਬਘੇਲ ਸਿੰਘ ਧਾਲੀਵਾਲ ਦੀ ਪੁਸਤਕ 'ਰਾਜੇ ਸੀਹ ਮੁਕਦਮ ਕੁਤੇ' ਲੋਕ ਅਰਪਣ

**ਖਮਾਣੋ/ਏ.ਟੀ.ਨਿਊਜ਼:** ਬਰਵਾਲੀ ਸੱਥ ਦੇ 22ਵੇਂ ਸਾਲਾਨਾ ਸਨਮਾਨ ਸਮਾਰੋਹ ਵਿੱਚ ਸੀਨੀਅਰ ਪੱਤਰਕਾਰ ਅਤੇ ਲੇਖਕ ਬਘੇਲ ਸਿੰਘ ਧਾਲੀਵਾਲ ਦੇ ਚੋਣਵੇਂ ਲੇਖਾਂ ਦੀ ਪੁਸਤਕ 'ਰਾਜੇ ਸੀਹ ਮਕੁਦਮ ਕੁਤੇ' ਡਾ. ਕਮਲਜੀਤ ਕੌਰ ਬਾਂਗਾ ਪ੍ਰਿੰਸੀਪਲ ਨੈਸ਼ਨਲ ਕਾਲਜ ਮਾਛੀਵਾੜਾ ਦੀ ਅਗਵਾਈ ਵਿੱਚ ਲੋਕ ਅਰਪਣ ਕੀਤੀ ਗਈ। ਡਾ. ਗੁਰਸੇਵਕ ਲੰਬੀ ਡਾਇਰੈਟਰ ਯੁਵਕ ਸੇਵਾਵਾ ਵਿਭਾਗ ਪੰਜਾਬੀ ਯੂਨੀਵਰਸਿਟੀ ਪਟਿਆਲਾ, ਕਹਾਣੀਕਾਰ ਜਤਿੰਦਰ ਹਾਂਸ, ਬਲਵਿੰਦਰ ਗਰੇਵਾਲ, ਪੱਤਰਕਾਰ ਤੇਲੂ ਰਾਮ ਕੁਹਾੜਾ ਵੱਲੋਂ ਲੋਕ ਅਰਪਣ ਕੀਤੇ ਗਏ ਇਸ ਲੇਖ ਸੰਗ੍ਰਹਿ ਵਿੱਚ ਪੰਜਾਬ ਦੇ ਭਖਦੇ ਮੁੱਦਿਆਂ ਨਾਲ ਸਬੰਧਤ 83 ਲੇਖ ਹਨ। ਡਾ. ਗੁਰਸੇਵਕ ਲੰਬੀ ਨੇ ਇਸ ਪੁਸਤਕ ਬਾਰੇ ਵਿਚਾਰ ਪੇਸ਼ ਕਰਦਿਆ ਕਿਹਾ ਕਿ ਇਹ ਇਕ ਸਾਂਭਣਯੋਗ ਪੁਸਤਕ ਹੈ। ਜਤਿੰਦਰ ਹਾਂਸ ਨੇ ਇਸ ਕਿਤਾਬ ਨੂੰ ਪੰਜਾਬ ਦੇ ਰਾਜਨੀਤਿਕ, ਸਮਾਜਿਕ, ਧਾਰਮਿਕ ਅਤੇ ਆਰਥਿਕ ਮੁੱਦਿਆਂ ਨਾਲ ਸਬੰਧਤ ਦਸਤਾਵੇਜ਼ ਕਰਾਰ ਦਿੱਤਾ। ਕਹਾਣੀਕਾਰ ਬਲਵਿੰਦਰ ਗਰੇਵਾਲ ਨੇ ਕਿਹਾ ਕਿ ਅਜਿਹੀਆਂ ਕਿਤਾਬਾਂ ਲਿਖਣਾ ਸਮੇਂ ਦੀ ਲੋੜ ਹੈ, ਜਿਸ ਲਈ ਲੇਖਕ ਵਧਾਈ ਦਾ ਪਾਤਰ ਹੈ। ਤੇਲੂ ਰਾਮ ਕੁਹਾੜਾ ਨੇ ਆਪਣੇ ਸੰਬੋਧਨ ਵਿੱਚ ਬਘੇਲ ਸਿੰਘ ਧਾਲੀਵਾਲ ਦੀ ਬਹੁਪੱਖੀ ਸ਼ਖਸ਼ੀਅਤ 'ਤੇ ਚਾਨਣਾ ਪਾਇਆ। ਅਖੀਰ ਵਿੱਚ ਡਾ. ਕਮਲਜੀਤ ਕੌਰ ਬਾਂਗਾ ਨੇ ਜਿੱਥੇ ਸਮੂਹ ਲੇਖਕਾਂ ਦਾ ਧੰਨਵਾਦ ਕੀਤਾ । ਇਸ ਮੌਕੇ ਉਨਾਂ ਪੁਸਤਕ ਦੇ ਲੇਖਕ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਜਿੱਥੇ ਅਸੀਂ ਲੇਖਕ ਤੋਂ ਭਵਿੱਖ ਵਿਚ ਹੋਰ ਉਸਾਰੂ ਸਾਹਿਤ ਸਿਰਜਣਾ ਦੀ ਆਸ ਕਰਦੇ ਹਾਂ, ਉੱਥੇ ਇਹ ਕਾਮਨਾ ਵੀ ਕਰਦੇ ਹਾਂ ਕਿ ਉਨਾਂ ਦੀ ਕਲਮ ਇਸੇ ਤਰਾਂ ਸਾਬਤ ਕਦਮੀ ਸੱਚ ਦਾ ਪੱਲਾ ਫੜਕੇ ਲੋਕ ਹਿਤਾਂ ਦੀ ਗੱਲ ਬੇਬਾਕੀ ਨਾਲ ਕਰਦੀ ਰਹੇ। ਜ਼ਿਕਰਯੋਗ ਹੈ ਕਿ ਲੇਖਕ ਬਘੇਲ ਸਿੰਘ ਧਾਲੀਵਾਲ ਦੀਆਂ ਇਸ ਤੋਂ ਪਹਿਲਾਂ ਵੀ ਦੋ ਪੁਸਤਕਾਂ ਛਪ ਚੁੱਕੀਆਂ ਹਨ, ਜਿਨਾਂ ਵਿੱਚ ਇੱਕ ਕਾਵਿ ਸੰਗ੍ਰਹਿ 'ਅਹਿਸਾਸ' ਅਤੇ ਇੱਕ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬਾਰੇ ਵਾਰਤਕ ਦੀ ਪੁਸਤਕ 'ਦਾਰਸ਼ਨਿਕ ਅਤੇ ਮਹਾਂ ਯੋਧਾ' ਸ਼ਾਮਲ ਹਨ। ਜਦੋਂਕਿ ਦੋ ਪੁਸਤਕਾਂ 'ਸਰਹੰਦ ਦੀ ਦੀਵਾਰ ਤੋਂ ਖਾਲਸਾ ਰਾਜ ਤੱਕ' (ਲੇਖ ਸੰਗ੍ਰਹਿ) ਅਤੇ 'ਸੁੱਚੇ ਹਰਫ਼' (ਕਾਵਿ ਸੰਗ੍ਰਹਿ) ਛਪਾਈ ਅਧੀਨ ਹਨ। ਉਨਾਂ ਦੇ ਭਖਦੇ ਮਸਲਿਆਂ 'ਤੇ ਲੇਖ ਪੰਜਾਬੀ ਦੇ ਪ੍ਰਮੁੱਖ ਅਖਬਾਰਾਂ ਵਿੱਚ ਛਪਦੇ ਰਹਿੰਦੇ ਹਨ। ਇਸ ਸਾਹਿਤਕ ਸਾਲਾਨਾ ਸਮਾਰੋਹ ਅਤੇ ਸਨਮਾਨ ਸਮਾਗਮ ਮੌਕੇ ਵੱਡੀ ਗਿਣਤੀ ਵਿੱਚ ਵਿਦਵਾਨ ਲੇਖਕ, ਕਵੀ ਅਤੇ ਸਰੋਤੇ ਹਾਜ਼ਰ ਸਨ।






## ਪਾਠਕਾਂ ਦਾ ਨਜ਼ਰੀਆ

### ਕੈਂਸਰ ਬੈਲਟ ਮਾਲਵਾ ਖੇਤਰ ਕਿਉਂ ਬਣਿਆ

ਖੇਤੀਬਾੜੀ ਵਿਚ ਕੀਟਨਾਸ਼ਕਾਂ ਅਤੇ ਹੋਰ ਰਸਾਇਣਾਂ ਦੀ ਲਗਾਤਾਰ ਵਰਤੋਂ ਕਾਰਨ ਕੈਂਸਰ ਬਿਮਾਰੀ ਮੁੱਖ ਤੌਰ 'ਤੇ ਪੰਜਾਬ ਦੇ ਮਾਲਵਾ ਖੇਤਰ ਵਿਚ ਫੈਲ ਗਈ ਹੈ। ਇਹ ਜ਼ਹਿਰੀਲੇ ਪਦਾਰਥ ਖਿੱਤੇ ਦੇ ਪਾਣੀ ਦੇ ਟੇਬਲ ਨਾਲ ਰਲ ਗਏ ਹਨ ਅਤੇ ਉਸ ਪਾਣੀ ਦੀ ਵਰਤੋਂ ਖੇਤੀਬਾੜੀ ਗਤੀਵਿਧੀਆਂ ਅਤੇ ਪੀਣ ਦੇ ਨਾਲ-ਨਾਲ ਵਸਨੀਕਾਂ ਦੇ ਸਰੀਰ ਵਿਚ ਰਸਾਇਣਾਂ ਦੇ ਰੂਪ ਵਿਚ ਫੈਲ ਗਈ ਹੈ, ਜਿਸ ਨਾਲ ਬਹੁਤ ਸਾਰੇ ਲੋਕਾਂ ਵਿਚ ਗੰਭੀਰ ਬਿਮਾਰੀਆਂ ਹਨ। ਪੰਜਾਬ ਦਾ ਮਾਲਵਾ ਖੇਤਰ ਜਿਸ ਵਿਚ ਸੰਗਰੂਰ ਪੈਂਦਾ ਹੈ, ਵਿਚ ਲੰਬੇ ਸਮੇਂ ਤੋਂ ਕੀਟਨਾਸ਼ਕ ਦਵਾਈਆਂ ਅਤੇ ਰਸਾਇਣਾਂ ਦੀ ਵੱਧ ਵਰਤੋਂ ਕਾਰਨ ਇਹ ਜ਼ਹਿਰੀਲੇ ਤੱਤ ਧਰਤੀ ਹੇਠਲੇ ਪਾਣੀ ਦੀਆਂ ਪਰਤਾਂ ਤੱਕ ਪਹੁੰਚ ਗਏ ਹਨ। ਉਸ ਪ੍ਰਦੂਸ਼ਿਤ ਪਾਣੀ ਦੀ ਵਰਤੋਂ ਕਰਨ ਕਾਰਨ ਇਹ ਜ਼ਹਿਰੀਲੇ ਰਸਾਇਣ ਇਨਸਾਨੀ ਸਰੀਰ ਵਿਚ ਪਹੁੰਚ ਗਏ ਹਨ ਅਤੇ ਗੰਭੀਰ ਬਿਮਾਰੀਆਂ ਦਾ ਕਾਰਨ ਬਣ ਰਹੇ ਹਨ। ਕੀਟਨਾਸ਼ਕਾਂ ਵਿਚ ਰਸਾਇਣਾਂ ਕਾਰਨ ਕੈਂਸਰ ਨੇ ਪੇਂਡੂ ਪੰਜਾਬ ਨੂੰ ਤਬਾਹ ਕਰ ਦਿੱਤਾ ਹੈ। ਸਰਕਾਰ ਦੀ ਸਹਾਇਤਾ ਸਥਿਤੀ ਨੂੰ ਸੁਧਾਰਨ ਵਿਚ ਹੁਣ ਤੱਕ ਅਸਫਲ ਰਹੀ ਹੈ।

ਖ਼ਾਸਕਰ ਦੱਖਣ ਪੱਛਮੀ ਪੰਜਾਬ ਦੇ ਕਪਾਹ ਉਗਾਉਣ ਵਾਲੇ ਜ਼ਿਲਿਆਂ ਵਿਚ, ਕੈਂਸਰ ਦੀ ਅਸਾਧਾਰਨ ਤੌਰ 'ਤੇ ਵੱਧ ਹੋਂਦ ਦਾ ਕਾਰਨ ਕਪਾਹ ਦੇ ਕਿਸਾਨਾਂ ਦੁਆਰਾ ਕੀਟਨਾਸ਼ਕਾਂ ਦੀ ਵਧੇਰੀ ਵਰਤੋਂ ਨੂੰ ਮੰਨਿਆ ਗਿਆ ਹੈ। 'ਪਿੰਡਾਂ ਨੂੰ ਕੀਟਨਾਸ਼ਕ ਮੁਕਤ ਬਣਾਉਣ ਲਈ ਉਪਾਅ ਕੀਤੇ ਜਾਣੇ ਚਾਹੀਦੇ ਹਨ। ਵਾਤਾਵਰਨ ਨੂੰ ਬਚਾਉਣ ਵਾਲੀਆਂ ਸੰਸਥਾਵਾਂ ਨੂੰ ਕੀਟਨਾਸ਼ਕਾਂ ਦੀ ਵਰਤੋਂ ਲਈ ਸਭ ਤੋਂ ਪ੍ਰਭਾਵਸ਼ਾਲੀ ਸ਼ੈਲੀ ਤਿਆਰ ਕਰਨੀ ਚਾਹੀਦੀ ਹੈ।'

ਰਾਜ ਸਰਕਾਰ ਨੇ ਗੰਭੀਰ ਬਿਮਾਰੀ ਨਾਲ ਪੀੜਤ ਲੋਕਾਂ ਨੂੰ ਵਿੱਤੀ ਸਹਾਇਤਾ ਪ੍ਰਦਾਨ ਕਰਨ ਲਈ ਮੁੱਖ ਮੰਤਰੀ ਪੰਜਾਬ ਕੈਂਸਰ ਰਾਹਤ ਕੋਸ਼ ਯੋਜਨਾ ਸ਼ੁਰੂ ਕੀਤੀ ਹੈ। ਹਰ ਕੈਂਸਰ ਮਰੀਜ਼ ਦੇ ਇਲਾਜ ਲਈ 1.5 ਲੱਖ ਰੁਪਏ ਤੱਕ ਦੀ ਰਾਸ਼ੀ ਉਪਲਬਧ ਕਰਵਾਈ ਜਾਂਦੀ ਹੈ। ਰਾਜ ਨੇ ਵੱਖ-ਵੱਖ ਪਿੰਡਾਂ ਵਿਚ ਰਿਵਰਸ ਓਸਮੋਸਿਸ ਸਿਸਟਮ ਵੀ ਸਥਾਪਤ ਕੀਤੇ ਹਨ ਤਾਂ ਜੋ ਵਸਨੀਕਾਂ ਨੂੰ ਧਰਤੀ ਦੇ ਹੇਠਾਂ ਭਰੇ ਰਸਾਇਣਕ ਪਾਣੀ ਤੋਂ ਬਚਾਅ ਸਕੇ।

ਆਮ ਆਦਮੀ ਪਾਰਟੀ ਨੇ ਲੋਕ ਸਭਾ ਚੋਣਾਂ ਤੋਂ ਪਹਿਲਾਂ ਇਸ ਨੂੰ ਰਾਜਨੀਤਕ ਮੁੱਦਾ ਬਣਾਉਣ ਦਾ ਫ਼ੈਸਲਾ ਲਿਆ ਹੈ। ਸੰਗਰੂਰ ਤੋਂ 'ਆਪ' ਦੇ ਸੰਸਦ ਮੈਂਬਰ ਭਗਵੰਤ ਮਾਨ ਦਾ ਕਹਿਣਾ ਹੈ ਕਿ ਲਗਾਤਾਰ ਸੂਬਾ ਸਰਕਾਰਾਂ ਇਸ ਮੁੱਦੇ ਨੂੰ ਹੱਲ ਕਰਨ ਵਿਚ ਅਸਫਲ ਰਹੀਆਂ ਹਨ। ਉਹ ਅਕਸਰ ਦੋਸ਼ ਲਾਉਂਦੇ ਹਨ 'ਮਾਲਵਾ ਪੱਟੀ ਵਿਚ ਕੈਂਸਰ ਦੇ ਮਰੀਜ਼ਾਂ ਦੀ ਮਦਦ ਲਈ ਨਿੱਜੀ ਤੌਰ 'ਤੇ ਸੈਂਕੜੇ ਸਿਫ਼ਾਰਸ਼ਾਂ ਮੇਰੇ ਕੋਲ ਆਉਂਦੀਆਂ ਹਨ ਅਤੇ ਇਕ ਸੰਸਦ ਮੈਂਬਰ ਹੋਣ ਦੇ ਨਾਤੇ, ਮੈਂ ਸਹਾਇਤਾ ਕਰਦਾ ਹਾਂ। ਪਰ ਸਮੱਸਿਆ ਇਕੱਲੇ ਇਲਾਜ ਵਿਚ ਨਹੀਂ ਹੈ। ਬਿਮਾਰੀ ਨੂੰ ਜੜ ਤੋਂ ਹਟਾਉਣ ਦੀ ਜ਼ਰੂਰਤ ਹੈ, ਜਿਸ 'ਚ ਰਾਜ ਵਿਚ ਅਕਾਲੀ ਦਲ ਅਤੇ ਕਾਂਗਰਸ ਦੀਆਂ ਸਰਕਾਰਾਂ ਅਸਫਲ ਰਹੀਆਂ ਹਨ।' ਉਹ ਅੱਗੇ ਕਹਿੰਦੇ ਹਨ 'ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਰਾਜਨੀਤੀਕਰਨ ਕਾਰਨ ਉਹ ਉਦਯੋਗਿਕ ਇਕਾਈਆਂ ਖ਼ਿਲਾਫ਼ ਕਾਰਵਾਈ ਨਹੀਂ ਕਰਦਾ ਜੋ ਧਰਤੀ ਹੇਠਲਾ ਪਾਣੀ ਪ੍ਰਦੂਸ਼ਿਤ ਕਰਦੀਆਂ ਹਨ, ਇਸ ਤਰਾਂ ਪਾਣੀ ਦੇ ਟੇਬਲ ਨੂੰ ਗੰਦਾ ਕਰਦੇ ਹਨ।'

ਸਮੱਸਿਆ ਐਨਾ ਵੱਡਾ ਰੂਪ ਲੈ ਚੁੱਕੀ ਹੈ ਕਿ ਲੋਕ ਆਪਣੇ ਧੀ-ਪੁੱਤ ਮਾਲਵਾ ਖੇਤਰ ਵਿਚ ਵਿਆਹੁਣ ਤੋਂ ਕਤਰਾਉਂਦੇ ਹਨ।

ਕੇਵਲ ਕੈਂਸਰ ਹਸਪਤਾਲ ਖੋਲਣਾ ਜਾਂ ਉਸ ਨੂੰ ਸੁਚਾਰੂ ਢੰਗ ਨਾਲ ਚਲਾਉਣਾ ਕਾਫੀ ਨਹੀਂ, ਲੋੜ ਇਸ ਤੋਂ ਅੱਗੇ ਵੱਧ ਕੇ ਆਪਣੇ ਸਿਆਸੀ ਅਤੇ ਆਰਥਿਕ ਨਫ਼ੇ ਨੁਕਸਾਨ ਦਾ ਧਿਆਨ ਛੱਡ ਕੇ ਕੁਝ ਵੱਡੇ ਫ਼ੈਸਲੇ ਲੈ ਕੇ ਮਾਲਵੇ ਨੂੰ ਰੁਲਣ ਤੋਂ ਬਚਾਉਣ ਦੀ ਹੈ ਅਤੇ ਅਜਿਹੇ ਉਦਯੋਗ/ਇਕਾਈਆਂ ਬੰਦ ਕਰਾਉਣ ਦੀ ਜੋ ਇਸ ਜ਼ਹਿਰ ਨੂੰ ਧਰਤੀ ਅੰਦਰ ਦੇ ਪਾਣੀ 'ਚ ਮਿਲਾ ਰਹੇ ਹਨ।

ਸਿਆਸਤਦਾਨਾਂ ਨੂੰ ਇਹ ਜਿਹਨ 'ਚ ਰੱਖਣਾ ਪਵੇਗਾ ਕਿ ਮਤਲਬੀ ਸਿਆਸਤ ਨਾਲ ਭਾਵੇਂ ਉਹ ਅਮੀਰ ਹੋ ਜਾਣਗੇ ਪ੍ਰੰਤੂ ਪੀਣ ਵਾਲੇ ਪਾਣੀ ਵਿਚ ਘੁਲੀ ਜ਼ਹਿਰ ਵਿਤਕਰਾ ਨਹੀਂ ਕਰਦੀ। ਇਹ ਉਨਾਂ ਨੂੰ ਅਤੇ ਉਨਾਂ ਦੇ ਪਰਿਵਾਰਾਂ ਨੂੰ ਵੀ ਨਹੀਂ ਬਖਸ਼ੇਗੀ।

**ਡਾ. ਅਮਨਦੀਪ ਸਿੰਘ**

### ਕਿਸਾਨ ਅੰਦੋਲਨ ਦੀ ਤਾਕਤ ਪੰਜਾਬੀ ਜ਼ੁਬਾਨ

ਪੰਜਾਬੀ ਦੇ ਸਰਕਾਰੀ ਜ਼ੁਬਾਨ ਨਾ ਬਣ ਸਕਣ ਦਾ ਜਿੱਥੇ ਕਈਆਂ ਪੱਖਾਂ ਤੋਂ ਨੁਕਸਾਨ ਹੋਇਆ ਹੈ, ਉੱਥੇ ਇਕ ਵੱਡਾ ਫਾਇਦਾ ਇਹ ਹੋਇਆ ਹੈ ਕਿ ਇਹ ਆਮ ਲੋਕਾਂ ਦੀ ਜ਼ੁਬਾਨ ਬਣੀ ਰਹੀ ਹੈ। ਪੰਜਾਬੀ ਸੱਚਮੁੱਚ ਇਕ ਲੋਕ ਭਾਸ਼ਾ ਹੈ। ਲੋਕ ਭਾਸ਼ਾ ਹੋਣ ਕਰਕੇ ਆਦਿ ਜੁਗਾਦਿ ਤੋਂ ਇਹ ਆਮ ਲੋਕਾਂ ਦੇ ਦੁੱਖਾਂ-ਦਰਦਾਂ ਦੀ ਕਹਾਣੀ ਬਿਆਨ ਕਰਦੀ ਰਹੀ ਹੈ। ਇਸੇ ਲਈ ਪੰਜਾਬੀ ਸਾਹਿਤ ਦਾ ਵਿਕਾਸ ਲੋਕ ਲਹਿਰਾਂ ਸਦਕਾ ਹੋਇਆ ਹੈ। ਮੱਧਕਾਲ ਵਿਚ ਗੁਰਮਤਿ ਅਤੇ ਸੂਫ਼ੀ ਲਹਿਰਾਂ ਚੱਲੀਆਂ ਅਤੇ ਆਧੁਨਿਕ ਸਮੇਂ ਵਿਚ ਸਿੰਘ ਸਭਾ ਲਹਿਰ, ਗ਼ਦਰ ਲਹਿਰ, ਗੁਰਦੁਆਰਾ ਸੁਧਾਰ ਲਹਿਰ, ਨਕਸਲਬਾੜੀ ਅਤੇ ਪ੍ਰਗਤੀਸ਼ੀਲ ਲਹਿਰਾਂ ਨੇ ਪੰਜਾਬੀ ਵਿਚ ਉੱਚ-ਕੋਟੀ ਦਾ ਸਾਹਿਤ ਪੈਦਾ ਕੀਤਾ ਹੈ। ਲਹਿਰਾਂ ਨੂੰ ਆਮ ਲੋਕਾਂ ਤੱਕ ਲੈ ਕੇ ਜਾਣ ਅਤੇ ਪ੍ਰਚੰਡ ਕਰਨ ਲਈ ਜ਼ੁਬਾਨ ਹੀ ਸਭ ਤੋਂ ਵੱਡਾ ਅਤੇ ਸ਼ਕਤੀਸ਼ਾਲੀ ਮਾਧਿਅਮ ਬਣ ਕੇ ਸਾਹਮਣੇ ਆਉਂਦੀ ਹੈ।

ਅਜੋਕੇ ਸਮੇਂ ਵਿਚ ਚੱਲ ਰਹੇ ਕਿਸਾਨ ਅੰਦੋਲਨ ਨੇ ਫਿਰ ਤੋਂ ਜ਼ੁਬਾਨ ਦੀ ਤਾਕਤ ਨੂੰ ਦ੍ਰਿਸ਼ਟੀਗੋਚਰ ਕੀਤਾ ਹੈ। ਇਹ ਅੰਦੋਲਨ ਕਿਸੇ ਇਕ ਪ੍ਰਾਂਤ, ਕਿਸੇ ਇਕ ਧਾਰਮਿਕ ਸਮੁਦਾਇ ਅਤੇ ਵਿਚਾਰਧਾਰਾ ਨੂੰ ਮੰਨਣ ਵਾਲੇ ਲੋਕਾਂ ਦਾ ਨਹੀਂ, ਸਗੋਂ ਸਾਰੇ ਲੋਕਾਂ ਦਾ ਜਨ ਅੰਦੋਲਨ ਹੋ ਨਿੱਬੜਿਆ ਹੈ। ਰੋਟੀ ਦੀ ਲੋੜ ਹਰ ਇਕ ਨੂੰ ਹੈ, ਇਸ ਲਈ ਸਾਰੇ ਲੋਕ ਰੋਟੀ ਪੈਦਾ ਕਰਨ ਵਾਲਿਆਂ ਭਾਵ ਕਿਸਾਨਾਂ ਨਾਲ ਆਣ ਜੁੜੇ ਹਨ। ਕਿਸਾਨ ਨੂੰ ਇਸੇ ਲਈ ਅੰਨਦਾਤਾ ਕਿਹਾ ਜਾਂਦਾ ਹੈ। ਕਾਲੇ ਖੇਤੀ ਕਾਨੂੰਨਾਂ ਨੂੰ ਰੱਦ ਕਰਾਉਣ ਦੀ ਮਨਸ਼ਾ ਨਾਲ ਸ਼ੁਰੂ ਹੋਇਆ ਇਹ ਅੰਦੋਲਨ ਹੁਣ ਅੰਤਰਰਾਸ਼ਟਰੀ ਪੱਧਰ ਤੱਕ ਫੈਲ ਚੁੱਕਾ ਹੈ ਅਤੇ ਇਸ ਨੂੰ ਇਥੋਂ ਤੱਕ ਪਹੁੰਚਣ ਲਈ ਪੰਜਾਬੀ ਭਾਸ਼ਾ ਦੀ ਭੂਮਿਕਾ ਸਭ ਤੋਂ ਅਹਿਮ ਹੈ।

ਭਾਸ਼ਾਈ ਪੱਖ ਦੀ ਗੱਲ ਕਰੀਏ ਤਾਂ ਅਸੀਂ ਜਾਣਦੇ ਹਾਂ ਕਿ ਸਾਰੇ ਸੂਬਿਆਂ ਦੀਆਂ ਆਪੋ-ਆਪਣੀਆਂ ਸੂਬਾਈ ਅਤੇ ਇਲਾਕਾਈ ਜ਼ਬਾਨਾਂ ਹਨ। ਪੰਜਾਬੀ ਕਿਉਂਕਿ ਇਸ ਅੰਦੋਲਨ ਦੇ ਮੋਹਰੀ ਹਨ ਇਸ ਲਈ ਇਨਾਂ ਦੀ ਜ਼ਬਾਨ ਇਸ ਦੇ ਕੇਂਦਰ ਵਿਚ ਹੈ। ਪੰਜਾਬੀ ਮੀਡੀਆ ਵੀ ਇਸ ਨੂੰ ਕਵਰ ਕਰਨ ਲਈ ਉਥੇ ਪਹੁੰਚਿਆ ਹੈ। ਕਈ ਤਾਂ ਨਿਰੋਲ ਪੰਜਾਬੀ ਚੈਨਲ ਹਨ, ਇਸ ਲਈ ਉਹ ਆਮ ਲੋਕਾਂ ਨਾਲ ਗੱਲਬਾਤ ਕਰਨ ਸਮੇਂ ਪੰਜਾਬੀ ਵਿਚ ਸਵਾਲ ਕਰਦੇ ਹਨ ਅਤੇ ਲੋਕੀਂ ਪੰਜਾਬੀ ਵਿਚ ਉਸ ਦਾ ਉੱਤਰ ਦਿੰਦੇ ਹਨ। ਹੋਰ ਦਿਲਚਸਪ ਗੱਲ ਇਹ ਹੈ ਕਿ ਪੰਜਾਬੀ ਚੈਨਲਾਂ ਦੇ ਐਂਕਰ ਗ਼ੈਰ-ਪੰਜਾਬੀਆਂ ਨਾਲ ਮੁਲਾਕਾਤ ਕਰਨ ਸਮੇਂ ਸਵਾਲ ਪੰਜਾਬੀ ਵਿਚ ਕਰਦੇ ਹਨ ਪਰ ਉੱਤਰਦਾਤਾ ਜਵਾਬ ਹਿੰਦੀ ਵਿਚ ਦਿੰਦੇ ਹਨ ਅਤੇ ਨਾਲ ਹੀ ਖਿਮਾ ਮੰਗ ਲੈਂਦੇ ਹਨ ਕਿ ਉਨਾਂ ਦੀ ਪੰਜਾਬੀ ਜਾਂ ਤੇ ਅੱਛੀ ਨਹੀਂ ਅਤੇ ਜਾਂ ਫਿਰ ਆਉਂਦੀ ਨਹੀਂ। ਸਾਧਵੀ ਦੇਵਾ ਠਾਕੁਰ, ਪੂਨਮ ਪੰਡਿਤ ਆਦਿ ਬੁਲਾਰੇ ਅਜਿਹਾ ਹੀ ਕਰ ਰਹੇ ਹਨ। ਦੂਜੇ ਸ਼ਬਦਾਂ ਵਿਚ ਕਹਿ ਲਵੋ ਕਿ ਗ਼ੈਰ-ਪੰਜਾਬੀ ਲੋਕਾਂ ਤੱਕ ਦੀ ਰਸਾਈ ਪੰਜਾਬੀ ਰਾਹੀਂ ਹੀ ਹੋ ਰਹੀ ਹੈ। ਦੂਰ-ਦਰਾਜ਼ ਦੇ ਸੂਬਿਆਂ ਤੋਂ ਆਉਣ ਵਾਲੇ ਲੋਕ ਇਹ ਕਹਿੰਦੇ ਸੁਣੇ ਗਏ ਹਨ ਕਿ ਉਹ ਪੰਜਾਬੀ ਸਮਝ ਤਾਂ ਲੈਂਦੇ ਹਨ ਪਰ ਬੋਲ ਨਹੀਂ ਸਕਦੇ, ਕੁਝ ਟੁੱਟੀ-ਫੁੱਟੀ ਬੋਲਣ ਦੀ ਕੋਸ਼ਿਸ਼ ਵੀ ਕਰਦੇ ਹਨ। ਦਿੱਲੀ ਤੋਂ ਪਹੁੰਚ ਰਹੇ ਲੋਕ ਵੀ ਵਧੇਰੇ ਕਰਕੇ ਪੰਜਾਬੀ ਹੀ ਵਰਤਦੇ ਹਨ। ਸਾਰਅੰਸ਼ ਇਹ ਕਿ ਪੰਜਾਬੀ ਟੀ.ਵੀ. ਚੈਨਲ ਪੰਜਾਬੀ ਭਾਸ਼ਾ ਨੂੰ ਭਾਰਤ ਦੇ ਦੂਜੇ ਸੂਬਿਆਂ ਤੱਕ ਪਹੁੰਚਾਉਣ ਵਿਚ ਵੀ ਵੱਡੀ ਭੂਮਿਕਾ ਅਦਾ ਕਰ ਰਹੇ ਹਨ। ਇਸ ਅੰਦੋਲਨ ਨੇ ਭਾਸ਼ਾਈ ਹੱਦਬੰਦੀਆਂ ਮੇਟ ਕੇ ਰੱਖ ਦਿੱਤੀਆਂ ਹਨ।

ਪੰਜਾਬੀ ਪੱਤਰਕਾਰੀ ਵੀ ਪੰਜਾਬੀ ਭਾਸ਼ਾ ਦੇ ਪ੍ਰਸਾਰ ਪ੍ਰਚਾਰ ਵਿਚ ਆਪਣਾ ਬਣਦਾ ਯੋਗਦਾਨ ਪਾ ਰਹੀ ਹੈ। ਹਰ ਅਖ਼ਬਾਰ ਵਿਚ ਕਿਸਾਨੀ ਅਤੇ ਕਿਸਾਨੀ ਅੰਦੋਲਨ ਨਾਲ ਸਬੰਧਤ ਗੀਤ, ਕਵਿਤਾਵਾਂ ਅਤੇ ਲੇਖ ਛਪ ਰਹੇ ਹਨ। ਕਿਸਾਨ ਅੰਦੋਲਨ ਨੂੰ ਸਾਹਿਤਕਾਰਾਂ ਦੇ ਨਾਲ-ਨਾਲ ਗਾਇਕਾਂ, ਫ਼ਿਲਮਾਂ ਅਤੇ ਮੰਚ ਦੇ ਕਲਾਕਾਰਾਂ ਅਤੇ ਬੁੱਧੀਜੀਵੀਆਂ ਦਾ ਵੀ ਭਰਪੂਰ ਸਹਿਯੋਗ ਮਿਲ ਰਿਹਾ ਹੈ। ਤਕਰੀਬਨ ਹਰ ਗਾਇਕ ਕਿਸਾਨਾਂ ਨਾਲ ਇਕਮੁੱਠਤਾ ਦਰਸਾਉਣ ਲਈ ਸਿੰਘੂ, ਟਿਕਰੀ, ਕੁੰਡਲੀ ਅਤੇ ਹੋਰ ਥਾਵਾਂ ਉੱਪਰ ਪੁੱਜ ਰਿਹਾ ਹੈ। ਗੀਤਕਾਰ ਵੀ ਧੜੱਲੇ ਨਾਲ ਗੀਤ ਲਿਖ ਰਹੇ ਹਨ ਅਤੇ ਗਾਇਕ ਸੁਰਬੱਧ ਕਰਕੇ ਉਨਾਂ ਨੂੰ ਗਾ ਰਹੇ ਹਨ। ਇਨਾਂ ਗੀਤਾਂ ਵਿਚ ਮਨੋਰੰਜਨ ਦੇ ਨਾਲ-ਨਾਲ ਉਤਸ਼ਾਹ ਵੀ ਹੈ। ਪ੍ਰਤੀਤ ਹੁੰਦਾ ਹੈ ਕਿ ਹੁਣ ਪੰਜਾਬੀ ਗੀਤਕਾਰੀ ਅਸ਼ਲੀਲਤਾ, ਛਵੀਆਂ, ਗੰਡਾਸਿਆਂ, ਰਫਲਾਂ ਅਤੇ ਬੰਦੂਕਾਂ ਤੋਂ ਖਹਿੜਾ ਛੁਡਾ ਕੇ ਯਥਾਰਥ ਵੱਲ ਮੋੜ ਕੱਟੇਗੀ। ਪੰਜਾਬੀ ਗੀਤਕਾਰੀ ਦੀ ਬੜੀ ਨਰੋਈ ਰਵਾਇਤ ਰਹੀ ਹੈ ਪਰ ਪਿਛਲੇ ਕੁਝ ਸਮੇਂ ਤੋਂ ਇਹ ਕੁਰਾਹੇ ਪੈ ਕੇ ਭਟਕ ਗਈ ਸੀ। ਗੀਤਕਾਰਾਂ ਤੋਂ ਬਿਨਾਂ ਨਾਟਕਕਾਰ ਅਤੇ ਰੰਗ ਕਰਮੀ ਵੀ ਪਿੱਛੇ ਨਹੀਂ। ਸਾਰੇ ਪੰਜਾਬ ਵਿਚੋਂ ਰੰਗਕਰਮੀ ਇਨਾਂ ਬਾਰਡਰਾਂ ਉੱਪਰ ਪਹੁੰਚ ਕੇ ਲੋਕਾਂ ਵਿਚ ਦ੍ਰਿੜਤਾ, ਉਤਸ਼ਾਹ ਅਤੇ ਜੋਸ਼ ਭਰ ਰਹੇ ਹਨ। ਹਰ ਸ਼ਾਮ ਮੁੱਖ ਸਟੇਜਾਂ ਉੱਪਰ ਕੋਈ ਨਾ ਕੋਈ ਅਜਿਹੀ ਸਰਗਰਮੀ ਵੇਖਣ ਨੂੰ ਮਿਲ ਰਹੀ ਹੈ, ਇਥੋਂ ਤੱਕ ਕਿ ਸਰਦੀ ਅਤੇ ਬਾਰਿਸ਼ ਵਰਗੇ ਖ਼ਰਾਬ ਮੌਸਮ ਵੀ ਇਨਾਂ ਨੂੰ ਵਿਚਲਿਤ ਨਹੀਂ ਕਰ ਸਕੇ। ਹਰ ਯੁੱਗ ਦੇ ਤਰਾਨੇ ਅਤੇ ਸਰੋਕਾਰ ਆਪਣੇ-ਆਪਣੇ ਹੁੰਦੇ ਹਨ ਅਤੇ ਇਨਾਂ ਦੇ ਰੂਬਰੂ ਹੋਣਾ ਉਸਾਰੂ ਸਾਹਿਤ ਦੀ ਨਿਸ਼ਾਨੀ ਹੈ। ਇਸ ਅੰਦੋਲਨ ਵਿਚ ਅਜਿਹਾ ਉਸਾਰੂ ਸਾਹਿਤ ਭਰਪੂਰ ਮਾਤਰਾ ਵਿਚ ਲਿਖਿਆ ਜਾ ਰਿਹਾ ਹੈ। ਕਿਸਾਨੀ ਅੰਦੋਲਨ ਪੰਜਾਬੀ ਸਾਹਿਤ ਵਿਚ ਇਕ ਨਵਾਂ ਸਾਹਿਤਕ ਅੰਦੋਲਨ ਪੈਦਾ ਕਰੇਗਾ, ਅਜਿਹਾ ਵਿਸ਼ਵਾਸ ਹੈ।

**ਡਾਕਟਰ ਧਰਮ ਸਿੰਘ**

### ਆਪਾਂ ਕੀ ਵੰਡਣਾ ਹੈ

ਕਹਿੰਦੇ ਢਾਹ ਕੇ ਰਾਮ ਮੰਦਰ ਬਣਾਉਣਾ ਹੈ। ਤੂੰ ਦੂਰ ਨਾ ਜਾ, ਆਪਣੇ ਇੱਥੇ ਹੀ ਦੇਖ ਲੈ, ਕੀ ਕੁਝ ਹੋਈ ਜਾਂਦਾ ਹੈ?'

ਮੇਰੀਆਂ ਇਹ ਸਾਰੀਆਂ ਇੱਕੋ ਸਾਹੇ ਕਹੀਆਂ ਗੱਲਾਂ ਉਸਨੇ ਬੜੇ ਧਿਆਨ ਨਾਲ ਸੁਣੀਆਂ ਤੇ ਕਹਿਣ ਲੱਗਾ, 'ਹਾਂ ਭੈਣੇ, ਇਹੋ ਜਿਹੀਆਂ ਗੱਲਾਂ ਤਾਂ ਮੈਂ ਪੜਦਾ ਰਹਿਨਾ ਅਖਬਾਰਾਂ ਵਿੱਚ ਤੇ ਟੀਵੀ 'ਤੇ ਵੀ ਰੋਜ਼ ਹੀ ਦੇਖੀਦਾ ਦਾ ਇਹੋ ਜਿਹਾ ਕੰਜਰਖਾਨਾ ...।'

'ਹਾਂ ਸੱਚ ... ਮੈਨੂੰ ਆਪਣਾ ਨਾਂ ਤਾਂ ਦੱਸ।' ਮੈਂ ਨੇੜਤਾ ਜਿਹੀ ਜਿਤਾਉਂਦੀ ਨੇ ਪੁੱਛਿਆ।

'ਮੇਰਾ ਨਾਂ ਭੈਣੇ ਗੁਰਸੇਵਕ ਹੈ ਪਰ ਸਾਰੇ ਮੈਨੂੰ ਸੇਵਾ ਹੀ ਕਹਿੰਦੇ ਹਨ। ਲਾਗਲੇ ਪਿੰਡੋਂ ਹੀ ਹਾਂ।'

'ਦੇਖ ਸੇਵੇ, ਜੇਕਰ ਆਪਣੇ ਗੁਰੂਆਂ ਦੀ ਮੁਸਲਮਾਨਾਂ ਨਾਲ ਲੜਾਈ ਹੁੰਦੀ ਜਾਂ ਆਪਣੇ ਗੁਰੂ ਮੁਸਲਮਾਨਾਂ ਨੂੰ ਚੰਗਾ ਨਾ ਸਮਝਦੇ ਹੁੰਦੇ ਤਾਂ ਹਰਿਮੰਦਰ ਸਾਹਿਬ ਦੀ ਨੀਂਹ ਇੱਕ ਮੁਸਲਮਾਨ ਤੋਂ ਕਿਉਂ ਰਖਵਾਉਂਦੇ?' ਮੈਂ ਭਾਂਪ ਲਿਆ ਸੀ ਕਿ ਸੇਵੇ ਨੂੰ ਇਸ ਗੱਲ ਦੀ ਜਾਣਕਾਰੀ ਨਹੀਂ ਹੈ। 'ਸੂਫੀ ਫਕੀਰ ਸਾਂਈ ਮੀਆਂ ਮੀਰ ਤੋਂ ਰਖਵਾਈ ਸੀ ਹਰਮੰਦਰ ਸਾਹਿਬ ਦੀ ਨੀਂਹ। ਦਰਵੇਸ਼ ਸਾਂਈ ਮੀਆਂ ਮੀਰ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਮਿੱਤਰ ਸੀ। ਇਹ ਗੱਲ ਇਤਿਹਾਸ ਵਿੱਚ ਦਰਜ਼ ਹੈ।' ਮੈਂ ਸੇਵੇ ਨੂੰ ਸਮਝਾਉਣ ਦੇ ਤਰੀਕੇ ਨਾਲ ਕਿਹਾ।

ਸੇਵਾ ਇਹ ਸਭ ਕੁਝ ਸੁਣ ਕੇ ਬਿਲਕੁਲ ਹੀ ਖਾਮੋਸ਼ ਹੋ ਗਿਆ ਤੇ ਅਮਜਦ ਵੱਲ ਹੱਥ ਵਧਾ ਕੇ ਆਖਣ ਲਗਾ, 'ਭਰਾਵਾ ਆਪਾਂ ਕੀ ਵੰਡਣਾ? ਤੂੰ ਆਪਣੀ ਕਿਸਮਤ ਖਾਣੀ ਹੈ ਤੇ ਮੈਂ ਆਪਣੀ ਕਿਸਮਤ ਖਾਣੀ ਹੈ।'

ਸੇਵੇ ਨੇ ਅਮਜਦ ਵੱਲ ਇਸ਼ਾਰਾ ਕੀਤਾ ਤੇ ਕਿਹਾ, 'ਹੁਣ ਤੁਸੀਂ ਚਾਹ ਪੀ ਕੇ ਜਾਇਓ।'

ਉਸਨੇ ਚਾਹ ਮੰਗਵਾਈ। ਸਾਰਿਆਂ ਨੇ ਬੜੇ ਆਰਾਮ ਨਾਲ ਚਾਹ ਪੀਤੀ। ਅਮਜਦ ਅਤੇ ਸੇਵੇ ਨੇ ਕੁਝ ਆਪੋ ਆਪਣੇ ਕਾਰੋਬਾਰਾਂ ਬਾਰੇ ਗੱਲਬਾਤ ਵੀ ਕੀਤੀ।

ਚਾਹ ਖਤਮ ਹੋ ਗਈ। ਸੇਵੇ ਨੇ ਚਾਹ ਵਾਲੇ ਗਿਲਾਸ ਫੜ ਕੇ ਪਾਸੇ ਰੱਖ ਦਿੱਤੇ ਅਤੇ ਆਪਣੀ ਕੁਰਸੀ 'ਤੇ ਬੈਠ ਕੰਮ ਕਰਨ ਲੱਗ ਪਿਆ।

ਅਤੇ ਅਮਜਦ ਸਾਡੇ ਨਾਲ ਆਪਣੀ ਦੁਕਾਨ ਵੱਲ ਨੂੰ ਹੋ ਤੁਰਿਆ।

## ਕੋਰੋਨਾ ਮਹਾਂਮਾਰੀ ਕਾਰਨ ਹਜ਼ਾਰਾਂ ਵਿਦਿਆਰਥੀਆਂ ਨੇ ਪੜ੍ਹਾਈ ਛੱਡੀ

**ਸੈਕਰਾਮੈਂਟੋ (ਹੁਸਨ ਲੜੋਆ ਬੰਗਾ):** ਕੋਰੋਨਾ ਮਹਾਂਮਾਰੀ ਨੇ ਜਿਥੇ ਆਰਥਿਕਤਾ ਨੂੰ ਵੱਡੀ ਸੱਟ ਮਾਰੀ ਹੈ ਤੇ ਕਾਰੋਬਾਰ ਅਜੇ ਪਟੜੀ ਉਪਰ ਨਹੀਂ ਆਏ ਉਥੇ ਵਿਦਿਆਰਥੀਆਂ ਦੇ ਭਵਿੱਖ ਉਪਰ ਵੀ ਸਵਾਲੀਆ ਚਿੰਨ ਲਾ ਦਿੱਤਾ ਹੈ। ਹਜ਼ਾਰਾਂ ਵਿਦਿਆਰਥੀਆਂ ਨੇ ਪੜਾਈ ਤੋਂ ਮੂੰਹ ਮੋੜ ਲਿਆ ਹੈ। ਅਜਿਹਾ ਇਕ ਦਮ ਨਹੀਂ ਹੋਇਆ ਬਲਕਿ ਪਿਛਲੇ ਇਕ ਸਾਲ ਤੋਂ ਵੀ ਵਧ ਸਮੇ ਦੌਰਾਨ ਪੜਾਈ ਤੋਂ ਦੂਰ ਰਹਿਣਾ ਕਾਰਨ ਵਿਦਿਆਰਥੀਆਂ ਦਾ ਮੋਹ ਭੰਗ ਹੋ ਗਿਆ ਹੈ। ਪਿਛਲੇ ਸਾਲਾਂ ਦੌਰਾਨ ਅਮਰੀਕਾ ਵਿਚ ਬੱਚਿਆਂ ਦੇ ਸਕੂਲ ਛੱਡਣ ਦੀ ਦਰ ਵਿਚ ਵੱਡੀ ਪੱਧਰ 'ਤੇ ਗਿਰਾਵਟ ਆਈ ਸੀ। ਅਮਰੀਕਾ ਦੇ ਸਿਖਿਆ ਵਿਭਾਗ ਅਨੁਸਾਰ 2006 ਵਿਚ ਹਾਈ ਸਕੂਲਾਂ ਵਿਚ ਵਿਦਿਆਰਥੀਆਂ ਦੇ ਸਕੂਲ ਛੱਡਣ ਦੀ ਜਿਹੜੀ ਦਰ 10% ਸੀ ਉਹ 2018 ਵਿਚ ਘਟ ਕੇ 5% ਦੇ ਆਸ ਪਾਸ ਰਹਿ ਗਈ ਸੀ। ਹਾਲਾਂਕਿ ਇਸ ਸਾਲ ਦੇ ਸਕੂਲ ਛੱਡਣ ਦੇ ਅੰਕੜੇ ਅਜੇ ਜਾਰੀ ਨਹੀਂ ਹੋਏ ਪਰੰਤੂ ਦੇਸ਼ ਭਰ ਦੇ ਸਕੂਲਾਂ ਦੀ ਜੋ ਸਥਿਤੀ ਹੈ, ਉਸ ਤੋਂ ਸਾਬਤ ਹੁੰਦਾ ਹੈ ਕਿ ਵਿਦਿਆਰਥੀਆਂ ਵੱਲੋਂ ਸਕੂਲ ਛੱਡਣ ਦੀ ਦਰ ਬਹੁਤ ਜ਼ਿਆਦਾ ਹੋ ਗਈ ਹੈ। ਸਕੂਲਾਂ ਵਿਚ ਦਾਖਲੇ ਵੱਡੀ ਪੱਧਰ ਉਪਰ ਘਟੇ ਹਨ। ਸਿਖਿਆ ਮਾਹਿਰਾਂ ਦਾ ਕਹਿਣਾ ਹੈ ਕਿ ਮਹਾਂਮਾਰੀ ਦੌਰਾਨ ਦੂਰ ਦੁਰਾਡੇ ਬੈਠੇ ਵਿਦਿਆਰਥੀਆਂ ਨਾਲ ਨਿਰੰਤਰ ਸੰਪਰਕ ਰੱਖ ਕੇ ਉਨਾਂ ਨੂੰ ਪੜਾਉਣਾ ਜ਼ਰੂਰੀ ਸੀ। ਇਹ ਉਹ ਵਿਦਿਆਰਥੀ ਸਨ ਜਿਨਾਂ ਨੂੰ ਆਨ ਲਾਈਨ ਪੜਾਈ ਵਿਚ ਮੁਸ਼ਕਿਲ ਆ ਰਹੀ ਸੀ। ਜਦੋਂ ਇਸ ਸਾਲ ਸਕੂਲਾਂ ਦੀ ਸ਼ੁਰੂਆਤ ਹੋਈ ਤਾਂ ਕੁਝ ਜ਼ਿਲਿਆਂ ਵਿਚ ਅਧਿਆਪਕਾਂ ਵੱਲੋਂ ਨਿੱਜੀ ਤੌਰ 'ਤੇ ਸਕੂਲਾਂ ਵਿਚ ਪੜਾਉਣ ਤੋਂ ਨਾਂਹ ਕਰ ਦਿੱਤੀ ਗਈ। ਪਿਛਲੇ ਸਾਲ ਦਸੰਬਰ ਵਿਚ ਵਾਇਰਸ ਦਾ ਪ੍ਰਕੋਪ ਵੱਧ ਜਾਣ ਕਾਰਨ ਸਕੂਲ ਫਿਰ ਬੰਦ ਕਰਨੇ ਪਏ। ਜਿਨਾਂ ਵਿਦਿਆਰਥੀਆਂ ਕੋਲ ਇੰਟਰਨੈੱਟ ਦੀ ਸਹੂਲਤ ਨਹੀਂ ਹੈ ਉਹ ਤਾਂ ਬਿਲਕੁਲ ਹੀ ਅਲੱਗ ਥਲੱਗ ਪੈ ਗਏ ਹਨ। ਅਜਿਹੇ ਵਿਚ ਵਿਦਿਆਰਥੀਆਂ ਨੂੰ ਨਵੇਂ ਸਿਰੇ ਤੋਂ ਪੜਨ ਲਈ ਪ੍ਰੇਰਤ ਕਰਨਾ ਇਕ ਵੱਡੀ ਸਮੱਸਿਆ ਹੈ।




# ਖੇਡ ਜਗਤ ਨੂੰ ਡੋਪਿੰਗ ਦੇ ਕਾਲੇ ਪਰਛਾਵਿਆਂ ਤੋਂ ਬਚਾਉ

**ਜਗਮੋਹਣ ਸਿੰਘ**

ਖੇਡਾਂ ਵਿਚ ਤਾਕਤ ਵਧਾਊ ਦਵਾਈਆਂ ਦੀ ਵਰਤੋਂ ਅਤੇ ਡੋਪਿੰਗ ਦਾ ਕਾਲਾ ਦੌਰ ਸਦੀਆਂ ਪੁਰਾਣਾ ਹੈ। ਉਲੰਪਿਕ ਖੇਡਾਂ ਦੇ ਇਤਿਹਾਸ ਦੇ ਪੰਨੇ ਫਰੋਲਦਿਆਂ ਪਤਾ ਲਗਦਾ ਹੈ ਕਿ ਇਕ ਸਦੀ ਤੋਂ ਵੀ ਪਹਿਲਾਂ ਸੰਨ 1904 ਦੀਆਂ ਉਲੰਪਿਕ ਖੇਡਾਂ ਉੱਪਰ ਵੀ ਡੋਪਿੰਗ ਦਾ ਕਾਲਾ ਪਰਛਾਵਾਂ ਪੈ ਚੁੱਕਿਆ ਹੈ। ਸੰਨ 1904 ਦੀਆਂ ਉਲੰਪਿਕ ਖੇਡਾਂ ਦੌਰਾਨ ਉਸ ਸਮੇਂ ਹਰ ਪਾਸੇ ਸਨਸਨੀ ਫੈਲ ਗਈ ਸੀ, ਜਦੋਂ ਇਨਾਂ ਉਲੰਪਿਕ ਖੇਡਾਂ ਦੇ ਮੈਰਾਥਨ ਚੈਂਪੀਅਨ 'ਟਾਮਸ ਹਿਕਸ' ਵੱਲੋਂ ਆਪਣੀ ਖੇਡ ਕਲਾ ਵਿਚ ਸੁਧਾਰ ਅਤੇ ਸਰੀਰਕ ਸ਼ਕਤੀ ਵਿਚ ਵਾਧਾ ਕਰਨ ਲਈ ਬ੍ਰਾਂਡੀ ਪੀਣ ਅਤੇ ਇਕ ਤਾਕਤ ਵਧਾਊ ਦਵਾਈ ਦੇ ਟੀਕੇ ਲਗਵਾਉਣ ਦਾ ਭੇਦ ਖੁੱਲਿਆ ਸੀ। ਉਸ ਸਮੇਂ ਇਹ ਕਿਹਾ ਗਿਆ ਕਿ ਉਲੰਪਿਕ ਮੈਰਾਥਨ ਚੈਂਪੀਅਨ 'ਟਾਮਸ ਹਿਕਸ' ਦੇ ਕੋਚ ਨੇ ਰਸਤੇ ਵਿਚ ਉਸ ਨੂੰ 'ਸਲਫੇਟ ਆਫ ਸਿਟ੍ਰਿਕਨਾਈਨ' ਦਵਾਈ ਦੇ ਟੀਕੇ ਲਗਾ ਦਿੱਤੇ ਅਤੇ ਬ੍ਰਾਂਡੀ ਪਿਲਾ ਦਿੱਤੀ।

ਇੱਥੇ ਕੈਨੇਡਾ ਦੇ ਦੌੜਾਕ ਬੇਨ ਜਾਨਸਨ ਦੀ ਉਦਾਹਰਨ ਵੀ ਦਿੱਤੀ ਜਾ ਸਕਦੀ ਹੈ। ਗੱਲ 1988 ਦੀਆਂ ਸਿਉਲ ਉਲੰਪਿਕ ਖੇਡਾਂ ਦੀ ਹੈ। ਇਹ ਉਲੰਪਿਕ ਖੇਡਾਂ ਮੈਂ ਟੀ. ਵੀ. ਸਕਰੀਨ ਉੱਪਰ ਵੇਖੀਆਂ ਸਨ। 1988 ਦੀਆਂ ਉਲੰਪਿਕ ਖੇਡਾਂ ਵਿਚ ਜਦੋਂ 100 ਮੀਟਰ ਦੌੜ ਦਾ ਮੁਕਾਬਲਾ ਹੋਇਆ ਤਾਂ ਕੈਨੇਡਾ ਦੇ ਦੌੜਾਕ ਬੇਨ ਜਾਨਸਨ ਨੇ ਏਨੀ ਤੇਜ਼ੀ ਨਾਲ ਭੱਜ ਕੇ ਇਹ ਦੌੜ ਪੂਰੀ ਕੀਤੀ ਕਿ ਇਸ ਤਰਾਂ ਲੱਗਿਆ ਕਿ ਜਿਵੇਂ ਬੰਦੂਕ ਵਿਚੋਂ ਨਿਕਲੀ ਗੋਲੀ ਦੀ ਰਫ਼ਤਾਰ ਤੋਂ ਵੀ ਤੇਜ਼ ਰਫ਼ਤਾਰ ਨਾਲ ਬੇਨ ਜਾਨਸਨ ਨੇ ਇਹ ਦੌੜ ਲਗਾਈ ਹੋਵੇ। ਕੈਨੇਡਾ ਦੇ ਇਸ ਕਾਲੇ ਰੰਗ ਦੇ ਦੌੜਾਕ ਬੇਨ ਜਾਨਸਨ ਨੇ 100 ਮੀਟਰ ਦੌੜ ਸਿਰਫ਼ 9.79 ਸੈਕਿੰਡ ਦੇ ਸਮੇਂ ਵਿਚ ਪੂਰੀ ਕਰਕੇ ਸੁਨਹਿਰੀ ਇਤਿਹਾਸ ਸਿਰਜ ਦਿੱਤਾ ਸੀ, ਪਰ ਸਿਰਫ਼ ਤਿੰਨ ਦਿਨਾਂ ਬਾਅਦ ਹੀ ਬੇਨ ਜਾਹਸਨ ਦੀ ਬੱਲੇ ਬੱਲੇ ਕਰ ਰਹੀ ਪੂਰੀ ਦੁਨੀਆ ਉਦੋਂ ਸਕਤੇ ਵਿਚ ਆ ਗਈ ਜਦੋਂ ਪਤਾ ਚੱਲਿਆ ਕਿ ਬੇਨ ਜਾਨਸਨ ਨੇ ਦੌੜ ਸ਼ੁਰੂ ਹੋਣ ਤੋਂ ਪਹਿਲਾਂ 'ਸਟੀਰਾਇਡ' ਲਈ ਸੀ। ਇਸ ਤਰਾਂ ਡੋਪ ਟੈਸਟ ਵਿਚ ਫੇਲ ਹੋਣ ਕਾਰਨ ਬੇਨ ਜਾਨਸਨ ਤੋਂ ਗੋਲਡ ਮੈਡਲ ਵਾਪਸ ਲੈ ਲਿਆ ਗਿਆ।

ਸਿਉਲ ਉਲੰਪਿਕ ਤੋਂ ਪਹਿਲਾਂ ਦੀਆਂ ਉਲੰਪਿਕ ਖੇਡਾਂ ਵਿਚ ਇਸੇ ਬੇਨ ਜਾਨਸਨ ਨੇ 100 ਮੀਟਰ ਦੌੜ ਵਿਚ ਕਾਂਸੇ ਦਾ ਤਮਗਾ ਜਿੱਤਿਆ ਸੀ।

ਬੇਨ ਜਾਨਸਨ ਤੋਂ ਬਾਅਦ ਤਾਂ ਉਲੰਪਿਕ ਖੇਡਾਂ ਸਮੇਤ ਆਲਮੀ ਅਤੇ ਕੌਮੀ ਪੱਧਰ ਦੇ ਮੁਕਾਬਲਿਆਂ ਵਿਚ ਦੋਸ਼ੀ ਪਾਏ ਜਾਣ ਵਾਲੇ ਖਿਡਾਰੀਆਂ ਦੀ ਸੂਚੀ ਬਹੁਤ ਲੰਬੀ ਹੈ, ਜੋ ਕਿ ਖੇਡ ਜਗਤ ਦਾ ਕਾਲਾ ਅਧਿਆਇ ਹੈ।

ਕੁਝ ਸਮਾਂ ਪਹਿਲਾਂ ਨਵੀਂ ਦਿੱਲੀ ਵਿਚ ਹੋਈਆਂ ਰਾਸ਼ਟਰੀ ਸਕੂਲ ਖੇਡਾਂ ਦੇ ਦੌਰਾਨ ਨੈਸ਼ਨਲ ਐਂਟੀ ਡੋਪਿੰਗ ਏਜੰਸੀ (ਨਾਡਾ) ਵੱਲੋਂ ਕੁਸ਼ਤੀ, ਮੁੱਕੇਬਾਜ਼ੀ ਅਤੇ ਭਾਰ ਤੋਲਣ ਦੇ 11 ਖਿਡਾਰੀਆਂ ਨੂੰ ਡੋਪਿੰਗ ਯਾਨੀ ਪਾਬੰਦੀਸ਼ੁਦਾ ਦਵਾਈਆਂ ਦੀ ਵਰਤੋਂ ਦਾ ਦੋਸ਼ੀ ਪਾਇਆ ਗਿਆ ਸੀ। ਇਸੇ ਤਰਾਂ ਕੁਝ ਸਮਾਂ ਪਹਿਲਾਂ ਲਖਨਊ ਵਿਚ ਹੋਈ ਜੂਨੀਅਰ ਨੈਸ਼ਨਲ ਪਾਵਰ ਲਿਫ਼ਟਿੰਗ ਚੈਂਪੀਅਨਸ਼ਿਪ 'ਤੇ ਵੀ ਡੋਪਿੰਗ ਦਾ ਕਾਲਾ ਪਰਛਾਵਾਂ ਨਜ਼ਰ ਆਇਆ ਸੀ। ਲਖਨਊ ਦੇ ਕੇ. ਡੀ. ਸਿੰਘ ਬਾਬੂ ਸਟੇਡੀਅਮ ਹਾਲ ਦੇ ਪਿਛਲੇ ਪਾਸੇ ਵੱਡੀ ਗਿਣਤੀ ਵਿਚ ਪਈਆਂ ਸਰਿੰਜਾਂ ਆਪਣੀ ਕਹਾਣੀ ਖ਼ੁਦ ਕਹਿ ਰਹੀਆਂ ਸਨ।

ਇਹ ਠੀਕ ਹੈ ਕਿ ਵੱਖ-ਵੱਖ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਦੇ ਨਾਲ ਨਾਲ ਅਨੇਕਾਂ ਪਿੰਡਾਂ ਅਤੇ ਸ਼ਹਿਰਾਂ ਵਿਚ ਖੇਡਾਂ ਦੇ ਵਿਕਾਸ ਲਈ ਅਤੇ ਖਿਡਾਰੀਆਂ ਦੀ ਸਹੂਲਤ ਲਈ ਵੱਖ-ਵੱਖ ਸਹੂਲਤਾਂ ਨਾਲ ਲੈਸ ਖੇਡ ਮੈਦਾਨ ਬਣਾਏ ਹੋਏ ਹਨ, ਪਰ ਅਨੇਕਾਂ ਖੇਡ ਮੈਦਾਨਾਂ ਦੇ ਬਾਥਰੂਮਾਂ ਅਤੇ ਪਿਛਲੇ ਪਾਸੇ ਪਈਆਂ ਖ਼ਾਲੀ ਸ਼ੀਸ਼ੀਆਂ, ਵਰਤੀਆਂ ਹੋਈ ਸਰਿੰਜਾਂ, ਕੈਪਸੂਲਾਂ ਅਤੇ ਦਵਾਈਆਂ ਦੇ ਖ਼ਾਲੀ ਪੱਤੇ ਸਕੂਲਾਂ ਦੇ ਖਿਡਾਰੀਆਂ ਅਤੇ ਅੱਲੜ ਉਮਰ ਦੇ ਕੁਝ ਖਿਡਾਰੀਆਂ ਸਮੇਤ ਵੱਡੇ ਖਿਡਾਰੀਆਂ ਵੱਲੋਂ ਵੀ ਤਾਕਤ ਵਧਾਊ ਦਵਾਈਆਂ ਦੀ ਵਰਤੋਂ ਕਰਨ ਦੇ ਗਵਾਹ ਬਣਦੇ ਹਨ।

ਖੇਡ ਜਗਤ ਵਿਚ ਜਲਦੀ ਸਫਲਤਾ ਪਾਉਣ ਲਈ ਅਕਸਰ ਕੁਝ ਖਿਡਾਰੀ ਡੋਪਿੰਗ ਦਾ ਸ਼ਾਰਟਕੱਟ ਅਪਣਾਉਂਦੇ ਹਨ, ਪਰ ਜਦੋਂ ਉਨਾਂ ਦੀ ਅਸਲੀਅਤ ਸਾਹਮਣੇ ਆਉਂਦੀ ਹੈ ਤਾਂ ਉਹ ਖ਼ੁਦ ਤਾਂ ਸ਼ਰਮਸਾਰ ਹੁੰਦੇ ਹਨ ਸਗੋਂ ਆਪਣੇ ਪਿੰਡ, ਆਪਣੇ ਇਲਾਕੇ, ਆਪਣੇ ਸਕੂਲ/ਕਾਲਜ ਅਤੇ ਆਪਣੇ ਦੇਸ਼ ਦਾ ਨਾਂ ਵੀ ਬਦਨਾਮ ਕਰਦੇ ਹਨ।

ਇਸ ਲਈ ਖਿਡਾਰੀਆਂ ਨੂੰ ਚਾਹੀਦਾ ਹੈ ਕਿ ਖੇਡਾਂ ਵਿਚ ਚੰਗੀ ਖੇਡ ਦਿਖਾਉਣ ਅਤੇ ਆਪਣੀ ਸਰੀਰਕ ਤਾਕਤ ਵਿਚ ਵਾਧਾ ਕਰਨ ਲਈ ਤਾਕਤ ਵਧਾਊ ਪਾਬੰਦੀਸ਼ੁਦਾ ਦਵਾਈਆਂ ਦੀ ਵਰਤੋਂ ਕਰਨ ਤੋਂ ਗੁਰੇਜ਼ ਕਰਨ ਅਤੇ ਸਖ਼ਤ ਮਿਹਨਤ ਕਰਕੇ ਖੇਡਾਂ ਵਿਚ ਹਿੱਸਾ ਲੈਣ ਤਾਂ ਕਿ ਖੇਡ ਜਗਤ ਨੂੰ ਡੋਪਿੰਗ ਦੇ ਕਾਲੇ ਪਰਛਾਵੇਂ ਤੋਂ ਮੁਕਤ ਕਰਵਾਇਆ ਜਾ ਸਕੇ।

# ਕਿਸਾਨ ਐਂਥਮ 2 ਦੇ ਨਾਲ ਸ੍ਰੀ ਬਰਾੜ ਇੱਕ ਵਾਰ ਫੇਰ ਕਿਸਾਨੀ ਸੰਘਰਸ਼ ਦੇ ਹਾਲਾਤਾਂ ਨੂੰ ਬਿਆਨ ਕਰਦੇ ਹੋਏ

**ਅੰਮ੍ਰਿਤਸਰ ਟਾਈਮਜ਼ ਬਿਊਰੋ:** ਕਿਸਾਨੀ ਸੰਘਰਸ਼ ਦਾ ਆਗਾਜ਼ ਬੇਸ਼ੱਕ ਬਜ਼ੁਰਗਾਂ ਤੋਂ ਸ਼ੁਰੂ ਹੋਇਆ ਪਰ ਇਸ ਦੇ ਨਾਲ ਨਾਲ ਨੌਜਵਾਨ ਸ਼ਕਤੀ ਵੀ ਮੋਢੇ ਨਾਲ ਮੋਢਾ ਲਾ ਕੇ ਆਪਣਾ ਯੋਗਦਾਨ ਪਾਉਂਦੀ ਰਹੀ।ਨੌਜਵਾਨ ਸ਼ਕਤੀ ਦਾ ਇਹ ਯੋਗਦਾਨ ਬੇਸ਼ੱਕ ਸੰਗੀਤ ਦੇ ਜ਼ਰੀਏ ਹੀ ਕਿਉਂ ਨਾ ਹੋਵੇ । ਸੰਗੀਤ ਹੀ ਮਨੁੱਖੀ ਮਨ ਉੱਤੇ ਅਜਿਹਾ ਅਸਰ ਕਰਦਾ ਹੈ ਜੋ ਉਸ ਦੇ ਪ੍ਰਬਲ ਵੇਗ ਨੂੰ ਉਤਸ਼ਾਹਿਤ ਕਰ ਕੇ ਸਮੇਂ ਦੇ ਹਾਲਾਤਾਂ ਨਾਲ ਲੜਨਾ ਸਿਖਾ ਦਿੰਦਾ ਹੈ। ਪੰਜਾਬੀ ਮਿਊਜ਼ਿਕ ਇੰਡਸਟਰੀ ਦੇ ਨਾਮਵਾਰ ਗਾਇਕ ਅਤੇ ਲਿਖਾਰੀ ਸ੍ਰੀ ਬਰਾੜ ਨੇ ਕਿਸਾਨੀ ਸੰਘਰਸ਼ ਦੇ ਹਾਲਾਤਾਂ ਨੂੰ ਵੇਖ ਕੇ ਜੋ ਕਿਸਾਨ ਐਂਥਮ ਪਹਿਲਾਂ ਕੱਢਿਆ ਸੀ ਉਸ ਨੂੰ ਲੋਕਾਂ ਦੁਆਰਾ ਬਹੁਤ ਹੀ ਭਰਵਾਂ ਹੁੰਗਾਰਾ ਮਿਲਿਆ। ਸੋ ਇਕ ਵਾਰ ਫਿਰ ਸ੍ਰੀ ਬਰਾੜ ਕਿਸਾਨ ਐਂਥਮ 2 ਨਾਲ ਕਿਸਾਨੀ ਹਾਲਾਤਾਂ ਦੇ ਸੰਘਰਸ਼ ਨੂੰ ਲੋਕਾਂ ਸਾਹਮਣੇ ਬਿਆਨ ਕਰ ਰਹੇ ਹਨ।




ਪਹਿਲਾਂ ਦੀ ਤਰਾਂ ਇਸ ਗਾਣੇ ਵਿੱਚ ਵੀ ਮਨਕੀਰਤ, ਨਿਸ਼ਾਵਨ, ਜੱਸ, ਪ੍ਰਵਾਹ, ਅਫਸਾਨਾ, ਸ੍ਰੀ, ਖ਼ੁਸ਼, ਸ਼ਿਪਰਾ, ਰੁਪਿੰਦਰ, ਗੁਰਜਾਜ਼, ਕਾਰਾਜ਼ ਦੇ ਸਮੂਹਕ ਇਕੱਠ ਨੇ ਬਹੁਤ ਹੀ ਵਧੀਆ ਰੰਗ ਬੰਨ ਕੇ ਕਿਸਾਨੀ ਸੰਘਰਸ਼ ਨੂੰ ਇਕ ਹੋਰ ਹੌਂਸਲਾ ਦਿੱਤਾ ।ਜਿਸ ਵਿੱਚ ਇਨਾਂ ਨੇ ਠੰਢ ਅਤੇ ਗਰਮੀ ਦੇ ਹਾਲਾਤਾਂ ਵਿੱਚ ਜੂਝਦੇ ਹੋਏ ਕਿਸਾਨਾਂ ਦੇ ਦਰਦ ਨੂੰ ਬੜੇ ਹੀ ਸੁਚੱਜੇ ਢੰਗ ਨਾਲ ਪੇਸ਼ ਕੀਤਾ ਹੈ ਜਿਨਾਂ ਨੂੰ ਵੇਖ ਕੇ ਹਰ ਇਕ ਜਾਗਦੀ ਜ਼ਮੀਰ ਵਾਲਾ ਇਨਸਾਨ ਅੰਦਰੋਂ ਹੀ ਰੋ ਪੈਂਦਾ ਹੈ । ਕਿਸਾਨੀ ਸੰਘਰਸ਼ ਦੇ ਅਜੋਕੇ ਹਾਲਾਤਾਂ ਨੂੰ ਬਿਆਨ ਕਰਦਾ ਇਹ ਗੀਤ ਨੌਜੁਆਨੀ ਵਿੱਚ ਵੀ ਜੋਸ਼ ਭਰਦਾ ਹੈ।

# ਪ੍ਰਸਿੱਧ ਟੀ ਵੀ ਪੇਸ਼ਕਾਰਾ ਮੋਹਨਜੀਤ ਦੀ ਗੀਤ 'ਅਰਦਾਸ' ਰਾਹੀਂ ਗਾਇਕੀ ਦੇ ਖੇਤਰ ਵਿਚ ਦਸਤਕ

## ਪ੍ਰਸਿੱਧ ਗੀਤਕਾਰ ਭੱਟੀ ਭੜੀਵਾਲਾ ਦੀ ਰਚਨਾ ਨੂੰ ਦਿੱਤੀ ਹੈ ਆਵਾਜ਼

**ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ):** ਭਾਰਤ ਵਿਚ ਚੱਲ ਰਹੇ ਕਿਸਾਨ ਅੰਦੋਲਨ ਨੇ ਵਿਦੇਸ਼ਾਂ 'ਚ ਵਸਦੇ ਪੰਜਾਬੀਆਂ ਨੂੰ ਝੰਜੋੜਿਆ ਹੈ। ਅੰਦੋਲਨ ਨਾਲ ਜ਼ਮੀਨੀ ਪੱਧਰ 'ਤੇ ਜੁੜੇ ਲੋਕਾਂ ਲਈ ਰਸਦਾਂ, ਫੰਡ ਆਦਿ ਭੇਜ ਕੇ ਪ੍ਰਦੇਸੀ ਪੰਜਾਬੀ ਆਪਣਾ ਫਰਜ਼ ਨਿਭਾਅ ਰਹੇ ਹਨ। ਇਸਦੇ ਨਾਲ ਹੀ ਕਲਾ ਖੇਤਰ ਨਾਲ ਸਬੰਧਤ ਲੋਕਾਂ ਵੱਲੋਂ ਵੀ ਆਪੋ ਆਪਣੇ ਪੱਧਰ 'ਤੇ ਹਾਅ ਦਾ ਨਾਅਰਾ ਮਾਰਿਆ ਜਾ ਰਿਹਾ ਹੈ। ਪ੍ਰਸਿੱਧ ਗੀਤਕਾਰ ਭੱਟੀ ਭੜੀਵਾਲਾ ਦੁਆਰਾ ਲਿਖੇ ਗੀਤ 'ਅਰਦਾਸ' ਨਾਲ ਮੋਹਨਜੀਤ ਨੇ ਗਾਇਕੀ ਦੇ ਖੇਤਰ ਵਿਚ ਦਸਤਕ ਦਿੱਤੀ ਹੈ। ਇੰਗਲੈਂਡ ਵਸਦੀ ਪ੍ਰਸਿੱਧ ਟੀ ਵੀ ਪੇਸ਼ਕਾਰਾ, ਮਿਲਾਪੜੇ ਸੁਭਾਅ ਤੇ ਬਹੁਪੱਖੀ ਸਖਸ਼ੀਅਤ ਦੀ ਮਾਲਕਣ ਮੋਹਨਜੀਤ ਵੱਲੋਂ ਗੀਤ ਗਾ ਕੇ ਅੰਦੋਲਨ ਵਿੱਚ ਤਿਲ ਫੁੱਲ ਹਿੱਸਾ ਪਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਜੀਵਨ ਰਿਕਾਰਡਜ਼ ਤੇ ਰੰਜ ਮਠਾੜੂ ਦੀ ਪੇਸ਼ਕਸ਼ ਇਸ ਗੀਤ ਨੂੰ ਸੰਗੀਤਬੱਧ ਕੇ ਬੀ ਬੀਟ ਨੇ ਕੀਤਾ ਹੈ ਤੇ ਫਿਲਮਾਂਕਣ ਦੇ ਫਰਜ਼ ਜੀਵਨ ਸਟੂਡੀਓ ਨੇ ਨਿਭਾਏ ਹਨ। ਇਸ ਪ੍ਰਤੀਨਿਧ ਨਾਲ ਗੱਲਬਾਤ ਕਰਦਿਆਂ ਮੋਹਨਜੀਤ ਨੇ ਕਿਹਾ ਕਿ ਆਪਣੀ ਗੱਲ ਕਹਿਣ ਲਈ ਕਲਾ ਤੋਂ ਉੱਤਮ ਸਾਧਨ ਕੋਈ ਹੋਰ ਹੋ ਹੀ ਨਹੀਂ ਸਕਦਾ। ਉਮੀਦ ਹੈ ਕਿ ਉਨਾਂ ਦੀ ਟੀਮ ਦੀ ਮਿਹਨਤ ਨੂੰ ਦਰਸ਼ਕ ਤੇ ਸਰੋਤੇ ਜ਼ਰੂਰ ਪ੍ਰਵਾਨ ਕਰਨਗੇ।




HOTHI FREIGHTLINES
HOTHI FREIGHTLINES
ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।
• California to Michigan, New Jersey Florida & Texas • Dedicated Load (ਪੱਕੇ ਲੋਡ)




• ਪੈਸਿਆਂ ਦਾ ਭੁਗਤਾਨ ਆਪ ਸਾਨੂੰ ਲੋਡ ਡਲਿਵਰ ਕਰਕੇ ਪੇਪਰ ਦਿਉ ਅਤੇ ਆਪਣੇ ਪੈਸੇ ਲਉ।
• ਸਾਡੇ ਡਿਸਪੈਚਰ ਪੰਜਾਬੀ ਅਤੇ ਇੰਗਲਿਸ਼ ਬੋਲਦੇ ਹਨ।
ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ
ਗੁਰਜੀਤ ਸਿੰਘ ਹੋਠੀ (408) 332-9355
248 South Hillview Dr Milpitas CA 95035

## ਜੋ ਬਾਇਡਨ ਦੀ ਜਿੱਤ...

ਵਿਸ਼ਵੀਕਰਨ ਦੇ ਅਹਿਸਾਸ ਤੋਂ ਬਾਅਦ ਜਿਸ ਦੀ ਕਸਰਤ 1990 ਤੋਂ ਬਾਅਦ ਜਿਆਦਾ ਤੇਜ ਕਰ ਦਿੱਤੀ ਗਈ। ਲਗਾਤਾਰ ਕੋਸ਼ਿਸ਼ਾਂ ਦੇ ਬਾਵਜੂਦ ਭਾਰਤ ਗੁਆਂਢੀ ਮੁਲਕਾਂ ਨਾਲ ਚੰਗੇ ਸਬੰਧ ਗੰਢਣ ਵਿਚ ਕਾਮਯਾਬ ਨਹੀਂ ਹੋ ਸਕਿਆ ਹਾਲਾਤ ਸਗੋਂ ਨੇਪਾਲ,ਚੀਨ, ਸ੍ਰੀਲੰਕਾ, ਪਾਕਿਸਤਾਨ ਆਦਿ ਦੇਸ਼ਾਂ ਨਾਲ ਭਾਰਤ ਦੇ ਸਬੰਧ ਪਹਿਲਾਂ ਨਾਲੋਂ ਵੀ ਬਦਤਰ ਹੋਏ ਹਨ ਇਸ ਵੇਲੇ ਭਾਰਤ ਕੇਵਲ ਭੂਟਾਨ ਨਾਲ ਚੰਗੇ ਸਬੰਧਾਂ ਵਿੱਚ ਹੈਅਖੀਰ, ਗਵਾਂਢੀ ਦੇਸ਼ਾਂ ਨਾਲ ਅਤੇ ਕੌਮਾਂਤਰੀ ਤੌਰ ਤੇ ਭਾਰਤ ਦੀ ਸਥਿਤੀ ਵਿਚ ਬਦਲਾਅ ਆਏ ਹਨ। ਚੀਨ ਨੇ ਏਸ਼ਿਆਈ ਮੁਲਕਾਂ ਨਾਲ ਮਿੱਤਰਤਾ ਮਜਬੂਤੀ ਵਧਾਈ ਹੈ ਦੂਜੇ ਪਾਸੇ ਭਾਰਤ ਦੇ ਘਰੇਲੂ ਹਾਲਾਤ ਲਗਾਤਾਰ ਅਸਥਿਰਤਾ ਵਾਲੇ ਚੱਲ ਰਹੇ ਹਨ। ਜੇਕਰ ਵਿਕੇਂਦਰੀਕਰਨ ਲਈ ਸੰਘਰਸ਼ੀਲ ਸੂਬੇ ਕੌਮਾਂਤਰੀ ਸਿਆਸਤ ਤੇ ਨਿਗਾਹ ਰੱਖਦਿਆਂ ਪ੍ਰੋਗਰਾਮ ਉਲੀਕਦੇ ਹਨ ਤਾਂ ਯਕੀਨਨ ਤੌਰ ਤੇ ਸਥਾਨਕ ਸਿਆਸੀ ਦਬਾਅ ਵਿਚ ਵਾਧਾ ਹੋਵੇਗਾ।

## ਦਿੱਲੀ ਤੋਂ "ਈਡੀ" ਖਹਿਰੇ...

ਟੀਮ ਮੈਂਬਰ ਉਨ੍ਹਾਂ ਦੇ ਘਰ ਵਿੱਚ ਤਕਰੀਬਨ ਡੇਢ ਘੰਟਾ ਰਹੇ ਤੇ ਜਦੋਂ ਕੁਲਵੀਰ ਸਿੰਘ ਖਹਿਰਾ ਦੀ ਪਤਨੀ ਨੇ ਸਰਚ ਵਾਰੰਟ ਦੀ ਮੰਗ ਕੀਤੀ ਤਾਂ ਉਨ੍ਹਾਂ ਸੁਖਪਾਲ ਸਿੰਘ ਖਹਿਰਾ ਦੇ ਘਰ ਦਾ ਸਰਚ ਵਾਰੰਟ ਦਿਖਾਇਆ ਜਿਸ ਦਾ ਉਨ੍ਹਾਂ ਵਿਰੋਧ ਕੀਤਾ। ਉਸ ਤੋਂ ਬਾਅਦ ਈਡੀ ਦੀ ਟੀਮ ਨੇ ਵਿਧਾਇਕ ਖਹਿਰਾ ਦੇ ਘਰ ਦੀ ਤਲਾਸ਼ੀ ਲੈਣੀ ਸ਼ੁਰੂ ਕਰ ਦਿੱਤੀ। ਸੁਖਪਾਲ ਸਿੰਘ ਖਹਿਰਾ ਦੇ ਚਚੇਰੇ ਭਰਾ ਐਡਵੋਕੇਟ ਅਮਰਦੀਪ ਸਿੰਘ ਖਹਿਰਾ ਨੇ ਕਿਹਾ ਕਿ ਉਨ੍ਹਾਂ ਨੂੰ ਸ਼ੱਕ ਹੈ ਕਿ ਈਡੀ ਦੀ ਟੀਮ ਜੋ ਤਕਰੀਬਨ ਅੱਠ ਲਿਫਾਫੇ ਲੈ ਕੇ ਅੰਦਰ ਗਈ ਹੈ, ਉਹ ਕਥਿਤ ਤੌਰ 'ਤੇ ਕੋਈ ਵੀ ਗਲਤ ਤੱਥ ਘੜ ਸਕਦੀ ਹੈ।

## ਮੋਦੀ ਰਾਜ ਦੌਰਾਨ ਲੋਕਾਂ ਦੀ...

ਪ੍ਰੈੱਸ ਦੀ ਅਜ਼ਾਦੀ ਦੇ ਸੁਆਲ 'ਤੇ ਵੀ ਸਾਡੀ ਹਾਲਤ ਬਦ ਤੋਂ ਬਦਤਰ ਹੋ ਚੁੱਕੀ ਹੈ।ਕੋਵਿਡ ਮਹਾਂਮਾਰੀ ਦੌਰਾਨ ਕਠੋਰ ਲਾਕਡਾਊਨ ਲਾ ਦਿੱਤਾ, ਜਿਸ ਨਾਲ ਲੱਖਾਂ ਮਜ਼ਦੂਰਾਂ ਨੂੰ ਘਰ-ਬਾਰ ਛੱਡਣਾ ਪਿਆ। ਮੁਸਲਮਾਨਾਂ ਉੱਤੇ ਵਾਇਰਸ ਫੈਲਾਉਣ ਦਾ ਮਨਘੜਤ ਦੋਸ਼ ਲਾ ਦਿੱਤਾ ਗਿਆ, ਨਤੀਜੇ ਵਜੋਂ ਮੁਸਲਮਾਨਾਂ 'ਤੇ ਹਮਲੇ ਹੋਣੇ ਸ਼ੁਰੂ ਹੋ ਗਏ।

ਮਨੁੱਖੀ ਵਿਕਾਸ ਸੂਚਕ ਅੰਕ ਵਿੱਚ ਵੀ ਅਸੀਂ ਹੇਠਾਂ ਨੂੰ ਗਏ ਹਾਂ। ਮੋਦੀ ਸਰਕਾਰ ਵੱਲੋਂ ਭਾਰਤ ਨੂੰ ਤਾਨਾਸ਼ਾਹੀ ਵੱਲ ਲੈ ਜਾਣ, ਮੁਸਲਮਾਨਾਂ ਵਿਰੁੱਧ ਫਿਰਕੂ ਹਿੰਸਾ, ਰਾਜਧ੍ਰੋਹ ਕਾਨੂੰਨ ਦੀ ਦੁਰਵਰਤੋਂ ਤੇ ਸਰਕਾਰ ਦੇ ਅਲੋਚਕਾਂ ਨੂੰ ਹਮਲਿਆਂ ਦਾ ਸ਼ਿਕਾਰ ਬਣਾਏ ਜਾਣ ਦੇ ਦੋਸ਼ ਲਾ ਕੇ ਭਾਰਤ ਨੂੰ ਸੁਤੰਤਰ ਦੇਸ਼ਾਂ ਦੇ ਖਾਨੇ ਵਿੱਚੋਂ ਕੱਢ ਕੇ ਨਾ-ਮਾਤਰ ਅਜ਼ਾਦ ਦੇਸ਼ਾਂ ਦੇ ਖਾਨੇ ਵਿੱਚ ਸੁੱਟ ਦਿੱਤਾ ਹੈ। ਉਹਨਾਂ ਕਿਹਾ ਕਿ ਇਸ ਦੇ ਬਾਵਜੂਦ ਮੋਦੀ ਸਰਕਾਰ ਇਸ ਰਿਪੋਰਟ ਨੂੰ ਗਲਤ ਐਲਾਨ ਰਹੀ ਹੈ ਜੋ ਕਿ ਮਨੁੱਖੀ ਅਧਿਕਾਰਾਂ ਤੇ ਅਜ਼ਾਦੀ ਲਈ ਚਿੰਤਾਜਨਕ ਗੱਲ ਹੈ ਤੇ ਸੱਚ ਨੂੰ ਦਬਾਇਆ ਜਾ ਰਿਹਾ ਹੈ।

**ਭਾਜਪਾ ਨੇ ਕੀ ਕਿਹਾ**

ਭਾਜਪਾ ਦੇ ਰਾਜ ਸਭਾ ਸਾਂਸਦ ਪ੍ਰੋਫੈਸਰ ਰਾਕੇਸ਼ ਸਿਨਹਾ ਨੇ ਕਿਹਾ, 'ਭਾਰਤ ਵਿੱਚ ਨਰਿੰਦਰ ਮੋਦੀ ਸਰਕਾਰ ਆਉਣ ਤੋਂ ਬਾਅਦ ਲੋਕ ਪੂਰੀ ਅਜ਼ਾਦੀ ਨਾਲ ਸਰਕਾਰ ਦੀਆਂ ਨੀਤੀਆਂ ਦੀ ਤੇ ਅਦਾਲਤ ਦੀ ਅਲੋਚਨਾ ਕਰ ਪਾ ਰਹੇ ਹਨ। ਪਰ ਪੱਛਮ ਦੀ ਇੱਕ ਤਾਕਤ ਹੈ ਜੋ ਭਾਰਤ ਨੂੰ ਆਪਣੇ ਢੰਗ ਨਾਲ ਪਰਿਭਾਸ਼ਿਤ ਕਰਨਾ ਚਾਹੁੰਦੀ ਹੈ। ਇਸ ਲਈ ਪੂਰੀ ਰਿਪੋਰਟ ਭਾਰਤ ਵਿਰੋਧੀ ਏਜੰਡਾ ਦਾ ਹਿੱਸਾ ਹੈ। ਉਨ੍ਹਾਂ ਦੀ ਨਜ਼ਰ ਕਿੰਨੀ ਬੰਨੀ ਹੋਈ ਹੈ ਇਸ ਤੋਂ ਪਤਾ ਚਲਦਾ ਹੈ ਕਿ ਹਰ ਰੋਜ਼ ਭਾਰਤ ਵਿੱਚ ਸੈਂਕੜੇ ਟੀਵੀ ਚੈਨਲਾਂ 'ਤੇ ਅਜ਼ਾਦ ਡਿਬੇਟ ਹੁੰਦੀ ਹੈ। ਅਖ਼ਬਾਰਾਂ 'ਤੇ ਕੋਈ ਰੋਕ ਨਹੀਂ ਹੈ। ਸੋਸ਼ਲ ਮੀਡੀਆ 'ਤੇ ਪੂਰੀ ਛੋਟ ਹੈ। ਜੇ ਇਹ ਅਜ਼ਾਦੀ ਨਹੀਂ ਹੈ ਤੇ ਹੋਰ ਕੀ ਹੈ।'

## ਮਜ਼ਬੂਤ ਲੋਕਤੰਤਰ ਲਈ...

ਮੌਜੂਦਾ ਪ੍ਰਧਾਨ ਦੀ ਵਧਾ ਚੜ੍ਹਾ ਕੇ ਪੇਸ਼ ਕੀਤੀ ਸ਼ਖ਼ਸ਼ੀਅਤ, ਜੋ ਕਿ ਸੱਤਾ ਦੇ ਨਸ਼ੇ ਵਿਚ ਚੂਰ ਹੈ, ਅਤੇ ਉਸ ਪ੍ਰਤੀ ਭਗਤੀ ਵਾਲਾ ਰਵੱਈਆ ਵੀ ਲੋਕਤੰਤਰੀ ਪ੍ਰੀਕਿਰਿਆ ਦੇ ਘਾਣ ਨੂੰ ਦਰਸਾਉਂਦਾ ਹੈ। ਇਸ ਤਰਾਂ ਦੀ ਪ੍ਰੀਕਿਰਿਆ ਅਤੇ ਪ੍ਰਵਚਨ ਵਿਚ ਇਕ ਹੀ ਅਵਾਜ਼ ਭਾਰੂ ਹੁੰਦੀ ਹੈ ਅਤੇ ਲੋਕਾਂ ਨੂੰ ਉਨੀ ਹੀ ਅਜ਼ਾਦੀ ਦਿੱਤੀ ਜਾਂਦੀ ਹੈ ਜੋ ਕਿ ਸਥਾਪਤੀ ਦੁਆਰਾ ਪ੍ਰਵਾਨਿਤ ਵਿਚਾਰਧਾਰਾ ਦੇ ਅਨੁਸਾਰ ਹੋਵੇ।ਇਸ ਸਾਰੇ ਤੰਤਰ ਨੂੰ ਬਣਾਈ ਰੱਖਣ ਲਈ ਡਰ ਨੂੰ ਹਥਿਆਰ ਵਜੋਂ ਵਰਤਿਆ ਜਾਂਦਾ ਹੈ।ਇਸ ਦਾ ਨਤੀਜਾ ਬਹੁਤ ਹੀ ਕਮਜ਼ੋਰ ਕਾਰਜਕਾਰਨੀ ਦੇ ਰੂਪ ਵਿਚ ਨਿਕਲਦਾ ਹੈ। ਕਾਰਜਕਾਰਨੀ ਕਿਸੇ ਵੀ ਗਣਤੰਤਰ ਦਾ ਮੁਢਲਾ ਢਾਂਚਾ ਹੁੰਦੀ ਹੈ ਇਸ ਤੋਂ ਬਿਨਾਂ ਗਣਤੰਤਰ ਵਿਚ ਗਿਰਾਵਟ ਆਉਣੀ ਲਾਜ਼ਮੀ ਹੈ। ਲੋਕਤੰਤਰ ਦੇ ਚਿੰਤਾਵਾਨਾਂ ਅਨੁਸਾਰ ਅਜਿਹੀ ਸਥਿਤੀ ਤਾਨਾਸ਼ਾਹੀ ਸੱਤਾ ਵੱਲ ਲੈ ਕੇ ਜਾਂਦੀ ਹੈ।

ਆਮ ਲੋਕਤੰਤਰੀ ਪ੍ਰਕਿਰਿਆ ਮਹਿਜ਼ ਵਿਰੋਧ ਅਤੇ ਅਸਹਿਮਤੀ ਦੀ ਅਵਾਜ਼ ਨੂੰ ਦਬਾਉਣ ਲਈ ਦੇਸ਼-ਧ੍ਰੋਹ ਜਿਹੇ ਕਾਨੂੰਨਾਂ ਦਾ ਸਹਾਰਾ ਨਹੀਂ ਲੈਂਦੀ, ਪ੍ਰੈੱਸ ਅਤੇ ਮੀਡੀਆ ਨੂੰ ਵੱਖਰੇ ਵਿਚਾਰ ਪੇਸ਼ ਕਰਨ ਕਰਕੇ ਉਸ ਦੀ ਅਜ਼ਾਦੀ ਨੂੰ ਨਹੀਂ ਦਬਾਉਂਦੀ ਅਤੇ ਨਾ ਹੀ ਇਸ ਪ੍ਰਤੀ ਅਵਾਜ਼ ਬੁਲੰਦ ਕਰਨ ਵਾਲਿਆਂ ਨੂੰ ਰਿਆਸਤ ਦੇ ਦੁਸ਼ਮਣ ਘੋਸ਼ਿਤ ਕਰਦੀ ਹੈ 1975-77 ਤੇ 1990ਵਿਆਂ ਦੇ ਸਮੇਂ ਨੂੰ ਛੱਡ ਕੇ ਭਾਰਤ ਵਿਚ ਲੋਕਤੰਤਰੀ ਪ੍ਰਕਿਰਿਆ ਨੂੰ ਦੁਨੀਆਂ ਦੇ ਨੇਤਾਵਾਂ ਅਤੇ ਸਿਧਾਂਤਕਾਰਾਂ ਦੁਆਰਾ ਜੀਵੰਤ ਲੋਕਤੰਤਰ ਮੰਨਿਆ ਜਾਂਦਾ ਸੀ।ਮੌਜੂਦਾ ਸਮੇਂ ਵਿਚ ਲੋਕਤੰਤਰ ਦਾ ਕਿਸ ਤਰਾਂ ਘਾਣ ਹੋ ਰਿਹਾ ਹੈ, ਇਹ ਲੋਕਤੰਤਰੀ ਪ੍ਰਕਿਰਿਆਵਾਂ ਨੂੰ ਦਬਾਉਣ ਦਾ ਹੀ ਨਤੀਜਾ ਹੈ। ਅਮਰੀਕਾ ਦੇ ਫਰੀਡਮ ਹਾਊਸ ਅਤੇ ਸਵੀਡਨ ਦੀ ਵੀ-ਡੈਮ ਸੰਸਥਾ ਦੁਆਰਾ ਜਾਰੀ ਸੰਸਾਰ ਅਜ਼ਾਦੀ ਸੂਚਕਾਂ ਦੀ ਪਿਛਲੇ ਵਰੇ ਦੀ ਰਿਪੋਰਟ ਵਿਚ ਇਹ ਧਿਆਨ ਦੁਆਇਆ ਗਿਆ ਸੀ ਕਿ ਭਾਰਤ ਵਿਚ ਲੋਕਤੰਤਰੀ ਪ੍ਰਕਿਰਿਆ ਖਤਮ ਹੋਣ ਦੇ ਕੰਢੇ ਹੈ। ਇਹ ਸੰਭਾਵਨਾ ਜਤਾਈ ਜਾ ਰਹੀ ਹੈ ਕਿ ਇਸ ਸਾਲ ਦੀਆਂ ਰਿਪੋਰਟਾਂ ਭਾਰਤ ਨੂੰ ਅਲੋਕਤੰਤਰੀ ਜਾਂ ਅੰਸ਼ਿਕ ਰੂਪ ਨਾਲ ਅਜ਼ਾਦ ਘੋਸ਼ਿਤ ਕਰ ਦੇਣਗੀਆਂ। ਇਸ ਨੂੰ ਸਥਾਪਤੀ ਦੁਆਰਾ ਸਹੀ ਕਦਮ ਚੁੱਕਣ ਦੀ ਬਜਾਏ ਇਕ ਵਾਰ ਫਿਰ ਤੋਂ ਇਸ ਨੂੰ ਭਾਰਤ ਦੀ ਛਵੀ ਸੰਸਾਰ ਪੱਧਰ 'ਤੇ ਬਦਨਾਮ ਕਰਨ ਦੇ ਰੂਪ ਵਿਚ ਲਿਆ ਜਾਵੇਗਾ। ਮੌਜੂਦਾ ਲੋਕਤੰਤਰੀ ਪ੍ਰੀਕਿਰਿਆ ਦਾ ਬਚਾਅ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਜਨੋਉਤੇਜਕ, ਖੋਖਲੇ ਹੰਕਾਰ ਅਤੇ ਦੂਜਿਆਂ ਨੂੰ ਦਰਦ ਦੇ ਕੇ ਖੁਸ਼ੀ ਪ੍ਰਾਪਤ ਕਰਨ ਵਾਲੇ ਨੇਤਾਵਾਂ ਦੀ ਵਧਦੀ ਮਹੱਤਤਾ ਪ੍ਰਤੀ ਸੁਚੇਤ ਹੋਇਆ ਜਾਵੇ। ਇਸ ਦੇ ਨਾਲ ਹੀ ਸੰਵਿਧਾਨ, ਸਮਾਨਤਾ ਦੇ ਸਿਧਾਂਤ ਅਤੇ ਮਜਬੂਤ ਨਿਆਂਪਾਲਿਕਾ ਅਤੇ ਕਾਰਜਕਾਰਨੀ ਦੀ ਮਹੱਤਤਾ ਪਛਾਣੀ ਜਾਵੇ ਤਾਂ ਕਿ ਦਿਸ਼ਾ ਰਵੀ ਵਰਗੇ ਨੌਜਵਾਨ ਕਾਰਕੁੰਨ ਦੇਸ਼-ਧ੍ਰੋਹ ਜਿਹੇ ਦੋਸ਼ਾਂ ਤੋਂ ਬਿਨਾਂ ਡਰੇ ਆਪਣੇ ਵਿਚਾਰਾਂ ਦਾ ਇਜ਼ਹਾਰ ਕਰ ਸਕਣ।

## ਖੱਬੇਪੱਖੀ ਸਿਆਸਤ ਦਾ...

2019 ਦੀਆਂ ਚੋਣਾਂ ਤੋਂ ਠੀਕ ਪਹਿਲਾਂ ਬਾਲਾਕੋਟ ਉੱਤੇ ਹਮਲਾ ਕਰਨ ਦਾ ਆਦੇਸ਼ ਦੇ ਕੇ ਮੋਦੀ ਨੇ ਆਪਣੀ ਮਜ਼ਬੂਤ ਦਾਅਵੇਦਾਰੀ ਬਣਾ ਲਈ ਸੀ। 2020 ਵਿੱਚ ਇਹ ਸਾਖ਼ ਚੀਨ ਵੱਲੋਂ ਲੱਦਾਖ 'ਚ ਘੁਸਪੈਠ ਦੇ ਕਾਰਨ ਖ਼ਤਮ ਹੋ ਗਈ। ਚੀਨ ਨਾਲ ਸਮਝੌਤੇ ਬਾਰੇ ਫੌਜੀ ਮਾਹਿਰ ਸੰਤੁਸ਼ਟ ਨਹੀਂ ਹਨ। ਦੂਜਾ ਵੱਡਾ ਮੁੱਦਾ ਮਹਿੰਗਾਈ ਹੈ। ਬੰਗਾਲੀ ਜਨਤਾ ਪੈਟਰੋਲ ਤੇ ਸਰੋਂ ਦੇ ਤੇਲ ਦੀਆਂ ਵੱਧਦੀਆਂ ਕੀਮਤਾਂ ਤੋਂ ਪ੍ਰੇਸ਼ਾਨ ਹੈ। ਬੰਗਾਲੀਆਂ ਦਾ ਖ਼ਾਸ ਭੋਜਨ ਮੱਛੀ ਹੈ ਜਿਸ ਨੂੰ ਪਕਾਉਣ ਲਈ ਸਰੋਂ ਦਾ ਤੇਲ ਲੱਗਦਾ ਹੈ। ਯਾਤਰੀ ਰੇਲਾਂ ਦੇ ਕਿਰਾਏ ਵਿੱਚ ਕਈ ਗੁਣਾਂ ਵਾਧੇ ਨੇ ਵੀ ਬੰਗਾਲੀਆਂ ਨੂੰ ਪ੍ਰਭਾਵਿਤ ਕੀਤਾ ਹੈ। ਦਿੱਲੀ ਅਤੇ ਝਾਰਖੰਡ ਦੀਆਂ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਨੇ ਭਾਜਪਾ ਦੇ ਆਤਮ-ਵਿਸ਼ਵਾਸ ਨੂੰ ਪਹਿਲਾਂ ਹੀ ਸੱਟ ਮਾਰੀ ਹੈ। ਕੁੱਲ ਮਿਲਾ ਕੇ ਫਿਲਹਾਲ ਖੱਬੇਪੱਖੀ ਗਠਜੋੜ ਤੇ ਭਾਜਪਾ ਤੋਂ ਮਮਤਾ ਦੀ ਜੁਝਾਰੂ ਸਿਆਸਤ ਭਾਰੀ ਪੈ ਰਹੀ ਹੈ।

**ਮਮਤਾ ਐਕਸ਼ਨ ਵਿਚ**

ਬੰਗਾਲ ਦੀ ਮੁੱਖ ਮੰਤਰੀ ਤੇ ਤ੍ਰਿਣਮੂਲ ਕਾਂਗਰਸ ਸੁਪਰੀਮੋ ਮਮਤਾ ਬੈਨਰਜੀ ਨੇ ਕਿਹਾ ਕਿ ਦੇਸ਼ 'ਚ ਬਸ ਇਕ ਹੀ ਸਿੰਡੀਕੇਟ ਹੈ, ਨਰਿੰਦਰ ਮੋਦੀ-ਅਮਿਤ ਸ਼ਾਹ ਸਿੰਡੀਕੇਟ, ਹੋਰ ਕੋਈ ਸਿੰਡੀਕੇਟ ਨਹੀਂ ਹੈ। ਮਮਤਾ ਬੈਨਰਜੀ, ਰਸੋਈ ਗੈਸ ਦੀਆਂ ਕੀਮਤਾਂ 'ਚ ਵਾਧੇ ਖ਼ਿਲਾਫ਼ ਸਿਲੀਗੁੜੀ ਵਿਚ ਰੈਲੀ ਨੂੰ ਸੰਬੋਧਨ ਕਰ ਰਹੀ ਸੀ। ਇਸ ਤੋਂ ਪਹਿਲਾਂ ਉਨਾਂ ਮਹਿੰਗਾਈ ਦੇ ਵਿਰੋਧ 'ਚ ਜਲੂਸ ਕੱਢਿਆ। ਉਨਾਂ ਕੇਂਦਰ ਦੀ ਭਾਜਪਾ ਸਰਕਾਰ ਖਾਸ ਤੌਰ 'ਤੇ ਪ੍ਰਧਾਨ ਮੰਤਰੀ ਮੋਦੀ 'ਤੇ ਹਮਲਾ ਬੋਲਦੇ ਹੋਏ ਕਿਹਾ ਕਿ ਉਨਾਂ ਦੇਸ਼ ਨੂੰ ਵੇਚ ਦਿੱਤਾ ਤੇ ਦੇਸ਼ ਨੂੰ ਵੇਚਣ ਵਾਲੇ ਲੋਕ ਬੰਗਾਲ ਨੂੰ ਸੋਨੇ ਦਾ ਬੰਗਾਲ ਬਣਾਉਣ ਦੀ ਗੱਲ ਕਰ ਰਹੇ ਹਨ। ਇਹ ਕਿੰਨਾ ਹਾਸੋ-ਹੀਣਾ ਹੈ। ਉਨਾਂ ਇਹ ਵੀ ਕਿਹਾ ਕਿ ਦੇਸ਼ ਨੇ ਅੱਜ ਤਕ ਏਨਾ ਵੱਡਾ ਝੂਠਾ ਪ੍ਰਧਾਨ ਮੰਤਰੀ ਨਹੀਂ ਦੇਖਿਆ।

ਰਸੋਈ ਗੈਸ ਦੀਆਂ ਕੀਮਤਾਂ ਵਿਚ ਵਾਧੇ ਨੂੰ ਦੇਸ਼ ਦੀ ਸਭ ਤੋਂ ਵੱਡੀ ਸਮੱਸਿਆ ਕਰਾਰ ਦਿੰਦੇ ਹੋਏ ਮਮਤਾ ਬੈਨਰਜੀ ਨੇ ਕਿਹਾ ਕਿ ਅਸੀਂ ਲੋਕਾਂ ਨੂੰ ਮੁਫ਼ਤ 'ਚ ਚੌਲ ਤੇ ਰਾਸ਼ਨ ਦਿੱਤਾ ਤਾਂ ਮੋਦੀ ਜੀ ਨੇ ਗੈਸ ਦੀ ਕੀਮਤ ਵਧਾ ਕੇ 1000 ਰੁਪਏ ਤਕ ਪਹੁੰਚਾ ਦਿੱਤੀ। ਉਹ ਨਹੀਂ ਚਾਹੁੰਦੇ ਕਿ ਗਰੀਬਾਂ ਦੇ ਘਰ ਦਾਲ-ਚੌਲ ਵੀ ਪੱਕ ਸਕਣ।

**ਕੋਲਕਾਤਾ 'ਚ ਭਾਜਪਾ ਦੀ ਪਹਿਲੀ ਵਿਸ਼ਾਲ ਰੈਲੀ**

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਬੀਤੇ ਐਤਵਾਰ ਨੂੰ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ 'ਤੇ ਤਿੱਖਾ ਹਮਲਾ ਬੋਲਦਿਆਂ ਦੋਸ਼ ਲਗਾਇਆ ਹੈ ਕਿ ਸੂਬੇ ਦੇ ਲੋਕਾਂ ਨੇ ਖੱਬੇ-ਪੱਖੀ ਸ਼ਾਸਨ ਦੇ ਖ਼ਾਤਮੇ ਲਈ ਉਸ (ਮਮਤਾ) 'ਤੇ ਭਰੋਸਾ ਕੀਤਾ ਪਰ ਉਸ ਨੇ ਉਨਾਂ ਨੂੰ 'ਧੋਖਾ ਦਿੱਤਾ ਤੇ ਬੇਇੱਜ਼ਤ' ਕੀਤਾ। ਪ੍ਰਧਾਨ ਮੰਤਰੀ ਨੇ ਪੱਛਮੀ ਬੰਗਾਲ ਵਿਚ ਚੋਣਾਂ ਦਾ ਐਲਾਨ ਹੋਣ ਬਾਅਦ ਕੋਲਕਾਤਾ ਦੇ ਬ੍ਰਿਗੇਡ ਪਰੇਡ ਗਰਾਊਂਡ 'ਚ ਭਾਜਪਾ ਦੀ ਪਹਿਲੀ ਵਿਸ਼ਾਲ ਚੋਣ ਰੈਲੀ ਨੂੰ ਸੰਬੋਧਨ ਕਰਦਿਆਂ ਆਪਣੇ ਵਿਰੋਧੀਆਂ 'ਤੇ ਤਿੱਖੇ ਹਮਲੇ ਕੀਤੇ। ਮੋਦੀ ਨੇ ਮਮਤਾ ਬੈਨਰਜੀ 'ਤੇ ਬੰਗਾਲ ਦੇ ਲੋਕਾਂ ਦੀਆਂ ਉਮੀਦਾਂ ਤੇ ਸੁਪਨਿਆਂ ਨੂੰ ਚਕਨਾਚੂਰ ਕਰਨ ਦਾ ਦੋਸ਼ ਲਗਾਉਂਦਿਆਂ ਕਿਹਾ ਕਿ ਲੋਕ ਉਸ ਨੂੰ ਕਿੰਨੇ ਪਿਆਰ-ਸਤਿਕਾਰ ਨਾਲ 'ਦੀਦੀ' ਆਖਦੇ ਹਨ ਪਰ ਉਸ ਨੇ ਇਕ ਭਤੀਜੇ ਦੀ ਭੂਆ ਬਣ ਕੇ ਆਪਣੇ ਸਮਰਥਕ ਲੋਕਾਂ ਦੀ ਅਣਦੇਖੀ ਕੀਤੀ ਹੈ। ਭਾਜਪਾ ਵਲੋਂ ਦੋਸ਼ ਲਗਾਇਆ ਜਾਂਦਾ ਹੈ ਕਿ ਤ੍ਰਿਣਮੂਲ ਕਾਂਗਰਸ ਦੀ ਮੁਖੀ ਆਪਣੇ ਡਾਇਮੰਡ ਹਾਰਬਰ ਤੋਂ ਸੰਸਦ ਮੈਂਬਰ ਭਤੀਜੇ ਅਭਿਸ਼ੇਕ ਬੈਨਰਜੀ ਨੂੰ ਸੂਬੇ ਦਾ ਅਗਲਾ ਮੁੱਖ ਮੰਤਰੀ ਬਣਾਉਣ ਦੀ ਕੋਸ਼ਿਸ਼ ਵਿਚ ਲੱਗੀ ਹੋਈ ਹੈ। ਇਸ ਮੌਕੇ ਮੋਦੀ ਨੇ ਉਨਾਂ 'ਤੇ ਆਪਣੇ ਚਹੇਤੇ ਕਾਰੋਬਾਰੀ ਮਿੱਤਰਾਂ ਦਾ ਪੱਖ ਪੂਰਨ ਦਾ ਦੋਸ਼ ਲਗਾਉਣ ਵਾਲੇ ਕਾਂਗਰਸ ਨੇਤਾ ਰਾਹੁਲ ਗਾਂਧੀ 'ਤੇ ਪਲਟਵਾਰ ਕਰਦਿਆਂ ਕਿਹਾ ਕਿ ਭਾਰਤ ਦੇ 130 ਕਰੋੜ ਲੋਕ ਉਸ ਦੇ ਦੋਸਤ ਹਨ ਅਤੇ ਉਹ ਇਨਾਂ ਸਭ ਲਈ ਕੰਮ ਕਰਦੇ ਹਨ। ਉਨਾਂ ਦੱਸਿਆ ਕਿ ਮੈਂ ਆਪਣੇ 90 ਲੱਖ ਬੰਗਾਲ ਦੇ ਮਿੱਤਰਾਂ ਨੂੰ ਗੈਸ ਕੁਨੈਕਸ਼ਨ ਦਿੱਤੇ ਹਨ ਅਤੇ ਚਾਹ ਬਾਗਾਂ 'ਚ ਕੰਮ ਕਰਨ ਵਾਲੇ ਆਪਣੇ ਮਿੱਤਰਾਂ ਲਈ ਸਮਾਜਿਕ ਸੁਰੱਖਿਆ ਯੋਜਨਾ ਲਾਗੂ ਕੀਤੀ ਹੈ। ਉਨਾਂ ਮਮਤਾ ਬੈਨਰਜੀ ਵਲੋਂ ਅੰਦਰੂਨੀ-ਬਾਹਰੀ (ਇਨਸਾਈਡਰ-ਆਊਟਸਾਈਡਰ) ਦੇ ਦੋਸ਼ ਲਗਾਉਣ ਦਾ ਜਵਾਬ ਦਿੰਦਿਆਂ ਕਿਹਾ ਕਿ ਭਾਜਪਾ ਬਾਹਰੀ ਕਿਵੇਂ ਹੋ ਸਕਦੀ ਹੈ ਜਦ ਉਨਾਂ ਦੇ ਪ੍ਰੇਰਨਾ ਸਰੋਤ ਪਾਰਟੀ ਦੇ ਸੰਸਥਾਪਕ ਸ਼ਿਆਮਾ ਪ੍ਰਸਾਦ ਮੁਖਰਜੀ ਇਕ ਬੰਗਾਲੀ ਸਨ। ਉਨਾਂ ਟੀ.ਐਮ.ਸੀ. ਦੇ ਸੂਬੇ ਵਿਚ 10 ਸਾਲ ਦੇ ਸ਼ਾਸ਼ਨ ਨੂੰ ਲੋਕਤੰਤਰ ਦੀ ਬਜਾਏ 'ਲੁੱਟਤੰਤਰ' ਵਿਚ ਤਬਦੀਲ ਕਰਨ ਦੇ ਦੋਸ਼ ਲਗਾਉਂਦਿਆ ਕਿਹਾ ਕਿ ਸਾਡੀ ਪਾਰਟੀ ਦੀ ਪ੍ਰਤੀਬੱਧਤਾ 'ਸਭ ਦਾ ਸਾਥ, ਸਭ ਦਾ ਵਿਸ਼ਵਾਸ' ਵਿਚ ਹੈ।

## ਕਰੋਨਾ ਵਾਇਰਸ ਦੇ ਕਹਿਰ...

ਕੰਧ ਸਾਂਝੀ ਹੋਣ 'ਤੇ ਵੀ ਕਿਸੇ ਦੀ ਹੂੰਗਰ ਨਹੀਂ ਸੀ ਸੁਣੀਂਦੀ? ਹੁਣ ਤਾਂ ਚਾਰ-ਚੁਫੇਰੇ ਵਿਚਲੀ ਸਾਹ-ਸੁਰੰਗੀ ਦਾ ਨਾਦ ਵੀ ਸੁਣਾਈ ਦਿੰਦਾ ਹੈ।

ਅਜਿਹੇ ਮੌਕਿਆਂ 'ਤੇ ਸੋਚ ਵਿਚਲੀ ਨਕਾਰਾਤਮਿਕਤਾ ਕਾਰਨ ਹੋਣ ਵਾਲੇ ਨੁਕਸਾਨ ਵੀ ਸਾਹਮਣੇ ਆਉਣਗੇ? ਮਨੁੱਖ ਕਿੰਨਾ ਅਕ੍ਰਿਤਘਣ ਹੈ ਕਿ ਉਹ ਆਪਣੀ ਅਰਥੀ ਮੋਢੇ 'ਤੇ ਚੁੱਕੀ, ਦੁਨੀਆਂ ਨੂੰ ਜਿਊਣ ਦਾ ਗੁਰ ਸਿਖਾਉਣ ਦਾ ਢਕਵੰਜ ਕਰਦਾ ਹੈ। ਬਾਹਰੀ ਦੁਨੀਆਂ ਵਿਚੋਂ ਹੀ ਜੀਵਨ ਦੀ ਸਾਰਥਿਕਤਾ ਨੂੰ ਸਮਝਣ ਵਾਲਿਆਂ ਨੂੰ ਇਹ ਵੀ ਪਤਾ ਲੱਗੇਗਾ ਕਿ ਕੁਝ ਸਮੇਂ ਲਈ ਘਰ ਵਿਚ ਰਹਿਣ ਦੇ ਕੀ ਅਰਥ ਹਨ? ਜਿਹੜੇ ਘਰਾਂ ਵਿਚ ਰਹਿੰਦੇ ਹਨ ਉਨਾਂ ਦੀ ਮਜਬੂਰੀ ਨੂੰ ਕਦੇ ਵੀ ਆਪਣੇ ਮਕਸਦ ਲਈ ਨਾ ਵਰਤੋ। ਸਗੋਂ ਆਪਣੀ ਜੀਵਨ-ਸ਼ੈਲੀ ਵਿਚ ਬਦਲਾਅ ਪੈਦਾ ਕਰਕੇ, ਘਰ ਵਿਚ ਰਹਿੰਦੇ ਮਾਪਿਆਂ ਨਾਲ ਗੱਲਾਂ ਕਰੋ। ਬੱਚਿਆਂ ਨਾਲ ਖੇਡੋ। ਉਨਾਂ ਨੂੰ ਅਹਿਸਾਸ ਹੋਵੇ ਕਿ ਕੋਈ ਤਾਂ ਆਪਣਾ ਹੈ ਜੋ ਉਨਾਂ ਦੀ ਮਾਨਸਿਕਤਾ ਨੂੰ ਸਮਝਦਿਆਂ, ਉਨਾਂ ਦੀ ਤੰਦਰੁਸਤੀ ਅਤੇ ਮਾਨਸਿਕ ਨਿਗਰਤਾ ਦੀ ਹਾਮੀ ਭਰਦਾ ਹੈ। ਆਪਣਿਆਂ ਨਾਲ ਦਿਲ ਦੀਆਂ ਗੱਲਾਂ ਸਾਂਝੀਆਂ ਕਰਨ ਅਤੇ ਮਨ ਦੀਆਂ ਪਰਤਾਂ ਫਰੋਲਦਿਆਂ, ਜੀਵਨ ਨੂੰ ਸੁਚਾਰੂ ਤਰੀਕੇ ਨਾਲ ਮੁੜ ਤੋਂ ਜਿਊਣਾ ਸਿਖਿਆ ਜਾ ਸਕਦਾ ਹੈ। ਇਸ ਵਿਚੋਂ ਇਹ ਵੀ ਸਾਹਮਣੇ ਆਇਆ ਕਿ ਆਪੋ-ਆਪਣੇ ਘੁਰਨਿਆਂ ਵਿਚ ਕੈਦ ਲੋਕਾਂ ਨੇ ਆਪਣੇ ਰੋਸ਼ਨਦਾਨ ਅਤੇ ਖਿੜਕੀਆਂ ਨੂੰ ਖੋਲਣਾ ਸਿੱਖ ਲਿਆ ਹੈ। ਦੁਰਗੰਧ ਬਾਹਰ ਨਿਕਲ ਕੇ ਸੁਗੰਧ ਨੂੰ ਅੰਦਰ ਆਉਣ ਲਈ ਹਾਕਾਂ ਮਾਰਦੀ ਹੈ। ਉਹ ਖਿੜਕੀਆਂ ਤੇ ਬਾਲਕੋਨੀਆਂ 'ਤੇ ਖੜ ਕੇ, ਗਲੀ ਦੇ ਦੂਸਰੇ ਪਾਸੇ ਦੇ ਗੁਆਂਢੀਆਂ ਨੂੰ ਹਾਕਾਂ ਮਾਰਦੇ, ਉਚੀ ਉਚੀ ਗੱਲਾਂ ਕਰਦੇ ਨੇ। ਮਨਾਂ ਦੀਆਂ ਮੂਕ ਭਾਵਨਾਵਾਂ ਨੂੰ ਗੱਲਬਾਤ ਰਾਹੀਂ ਰੁਆਂਸੀ ਹਵਾ ਦੇ ਨਾਮ ਕਰਦੇ, ਪੌਣ ਨੂੰ ਜਿਊਣ ਦੀ ਆਸ਼ਾ ਨਾਲ ਭਰ ਰਹੇ ਹਨ। ਇਸ ਨਾਲ ਘਰਾਂ ਵਿਚ 'ਕੱਲੇ ਰਹਿ ਗਏ ਬਜ਼ੁਰਗਾਂ ਨੂੰ ਵੀ ਇਹ ਅਹਿਸਾਸ ਹੋਵੇਗਾ ਕਿ ਕੋਈ ਤਾਂ ਉਨਾਂ ਦੇ ਗੁਆਂਢ ਵਿਚ ਰਹਿੰਦਾ ਹੈ ਜਿਸ ਨੂੰ ਲੋੜ ਪੈਣ 'ਤੇ ਹਾਕ ਤਾਂ ਮਾਰੀ ਜਾ ਸਕਦੀ ਹੈ।

ਇਸ ਮਹਾਂਮਾਰੀ ਨੇ ਦੁਨਿਆਵੀ ਦੌੜ ਵਿਚ ਹੱਫੇ ਹੋਏ ਮਨੁੱਖ ਨੂੰ ਰੋਕਿਆ ਹੈ। ਉਹ ਸਾਹ ਲੈ ਰਿਹਾ ਏ। ਸਵੈ-ਚਿੰਤਨ ਜ਼ਰੂਰ ਕਰੇਗਾ ਕਿ ਕੀ ਸੀ ਖਾਸ ਜਿਸ ਨੂੰ ਕਮਾਉਣ ਲਈ ਜੀਵਨ ਨੂੰ ਗਵਾ ਰਿਹਾ ਸਾਂ? ਕੀ ਕਮਾਉਣ ਦੀ ਲੋੜ ਹੈ ਜਿਸਨੇ ਰੂਹ ਦੀ ਖੁਰਾਕ ਬਣਨਾ ਏ? ਫ਼ਿਕਰਾਂ ਮਾਰੇ ਮਨੁੱਖ ਨੂੰ ਸਿਰਫ਼ ਖੁਦ ਦੀ ਫ਼ਿਕਰਮੰਦੀ ਨਹੀਂ ਕਰਨੀ ਚਾਹੀਦੀ ਸਗੋਂ ਸਮਾਜ ਅਤੇ ਦੇਸ਼ ਦੀ ਭਲਾਈ ਵਿਚੋਂ ਹੀ ਬੰਦਿਆਈ ਨੂੰ ਬੰਦਗੀ ਬਣਾਉਣ ਦੀ ਲੋੜ ਹੈ।

ਇਹ ਮਹਾਂਮਾਰੀ ਨੇ ਆਦਮੀ ਨੂੰ ਨਵੇਂ ਸੱਚ ਦੇ ਸਾਹਮਣੇ ਕੀਤਾ ਹੈ ਜੋ ਸਾਡੇ ਸੱਭ ਦਾ ਸੱਚ ਹੈ। ਨਵੀਂ ਦ੍ਰਿਸ਼ਟੀ ਨਾਲ ਅਸੀਂ ਆਪਣੇ ਪਰਿਵਾਰ, ਸਮਾਜ, ਦੇਸ਼ ਅਤੇ ਦੁਨੀਆਂ ਨੂੰ ਦੇਖਣ ਅਤੇ ਸਮਝਣ ਦੇ ਯੋਗ ਹੋ ਸਕਦੇ ਹਾਂ ਕਿ ਕਿਸੇ ਵੇਲੇ, ਕੁਝ ਵੀ, ਕਿਸੇ ਵੀ ਅਸਥਾਨ 'ਤੇ ਕੁਝ ਵੀ ਅਣਕਿਹਾ ਅਤੇ ਅਣਕਿਆਸਿਆ ਵਾਪਰ ਸਕਦਾ ਹੈ। ਸਿਰਫ਼ ਲੋੜ ਹੈ ਕਿ ਮਨੁੱਖ ਆਪਣੇ ਤੋਂ ਕਦੇ ਵੀ ਦੂਰ ਨਾ ਜਾਵੇ ਸਗੋਂ ਖੁਦ ਦੇ ਕੋਲ ਰਹੇ ਤਾਂ ਕਿ ਅਜਿਹੇ ਹਾਲਾਤਾਂ ਨਾਲ ਬਾਖ਼ੂਬੀ ਨਿਪਟਿਆ ਜਾ ਸਕੇ।

ਇਸ ਤੋਂ ਇਹ ਵੀ ਪਤਾ ਲੱਗਦਾ ਹੈ ਕਿ ਸਾਡੇ ਲਈ ਕੀ ਜ਼ਰੂਰੀ ਹੈ? ਕਿੰਨੀਆਂ ਕੁ ਨੇ ਸਾਡੀਆਂ ਲੋੜਾਂ? ਕਿੱਡਾ ਕੁ ਘਰ ਰਹਿਣ ਲਈ ਲੋੜੀਂਦਾ ਏ? ਕਿੰਨਾ ਕੁਝ ਜ਼ਰੂਰੀ ਹੈ ਮਨੁੱਖੀ ਹੋਂਦ ਲਈ? ਕਿੰਨੀਆਂ ਅਹਿਮ ਹਨ ਕੁਦਰਤੀ ਨਿਆਮਤਾਂ? ਕਿੰਨਾ ਜ਼ਰੂਰੀ ਹੈ ਮਨੁੱਖ ਦਾ ਮਨੁੱਖ ਨਾਲ ਮਿਲਾਪ? ਕਿੰਨੀ ਮਹਾਨ ਹੈ ਮਨੁੱਖ ਦੀ ਕੁਦਰਤ ਨਾਲ ਸਾਂਝ? ਕਿੰਨੀਆਂ ਅਹਿਮ ਨੇ ਪਿਆਰ ਦੀਆਂ ਤੰਦਾਂ? ਕਿੰਨਾ ਫ਼ਿਕਰ ਹੁੰਦਾ ਹੈ ਆਪਣੀ ਸਿਹਤ ਤੇ ਜਾਨ ਦਾ? ਸਿਰਫ਼ ਉਹ ਲੋਕ ਹੀ ਇਤਿਹਾਸ ਦਾ ਵਰਕਾ ਬਣਦੇ ਨੇ ਜਿਹਨਾਂ ਦੇ ਮਸਤਕ 'ਤੇ ਲੋਕ-ਭਲਾਈ ਦੀਆਂ ਰੇਖਾਵਾਂ ਦੀ ਕਲਾਨਕਾਰੀ ਹੁੰਦੀ ਹੈ।

ਯਾਦ ਰੱਖਣਾ ਕਿ ਸਰੀਰਕ ਬਿਮਾਰੀ ਬਹੁਤ ਜਲਦੀ ਠੀਕ ਹੋ ਜਾਂਦੀ ਹੈ। ਪਰ ਮਾਨਸਿਕ ਤੌਰ 'ਤੇ ਕਦੇ ਬਿਮਾਰ ਨਾ ਹੋਣਾ ਸਗੋਂ ਚੜ੍ਹਦੀ ਕਲਾ ਵਿਚ ਰਹਿਣਾ ਕਿਉਂਕਿ ਮਨ ਦੀ ਮਜ਼ਬੂਤੀ ਵਿਚੋਂ ਹੀ ਜ਼ਿੰਦਗੀ ਦੀ ਤਾਮੀਰਦਾਰੀ ਹੁੰਦੀ ਹੈ। ਹੁਣ ਸੋਚਣਾ ਇਹ ਵੀ ਹੈ ਕਿ ਬਦਲੇ ਹੋਏ ਜੀਵਨ-ਹਾਲਾਤਾਂ ਵਿਚ ਖੁਦ ਨੂੰ ਕਿਵੇਂ ਢਾਲਣਾ ਹੈ? ਇਹ ਤੁਹਾਡੇ 'ਤੇ ਨਿਰਭਰ ਕਰਦਾ ਕਿ ਇਹਨਾਂ ਮਾਯੂਸ ਪਲਾਂ ਵਿਚੋਂ ਖੁਸ਼ੀਆਂ ਨੂੰ ਕਿਵੇਂ ਤਲਾਸ਼ਣਾ? ਉਦਾਸੀਨਤਾ ਨੂੰ ਦੂਰ ਕਰਕੇ ਮਨ ਦੇ ਹੁਲਾਸ ਨੂੰ ਆਪਣਾ ਹਾਸਲ ਕਿਵੇਂ ਬਣਾਉਣਾ? ਵਿਹੜੇ ਵਿਚਲੇ ਗਮਲਿਆਂ ਵਿਚ ਖਿੜੇ ਫੁੱਲਾਂ ਨਾਲ ਗੱਲਾਂ ਕਰੋ। ਬਹਾਰ ਨੂੰ ਬੰਦਾਈ-ਬਰਕਤ ਬਣਾਓ। ਬੂਟਿਆਂ ਨੂੰ ਪਾਣੀ ਪਾਓ। ਤ੍ਰੇਲ ਭਿੱਜੇ ਘਾਹ 'ਤੇ ਟਹਿਲਣ ਦਾ ਲੁਤਫ਼ ਉਠਾਓ। ਰਾਤ ਨੂੰ ਘਰ ਦੀ ਛੱਤ 'ਤੇ ਚੜ ਕੇ ਅਸਮਾਨ ਵਿਚ ਟਿਮ-ਟਮਾਉਂਦੇ ਤਾਰਿਆਂ ਨਾਲ ਸੰਵਾਦ ਰਚਾਓ। ਉਨਾਂ ਦੀਆਂ ਕਿਰਨਾਂ ਨੂੰ ਸੋਚ-ਜ਼ਮੀਂ ਵਿਚ ਉਗਾਓ ਜੋ ਤੁਹਾਡੇ ਲਈ ਰੋਸ਼ਨ ਮਾਰਗ ਬਣ ਸਕਣ। ਲੰਮੇਂ ਲੰਮੇਂ ਸਾਹ ਲਓ। ਆਉਂਦੇ-ਜਾਂਦੇ ਸਾਹਾਂ ਦੀ ਤਰਕ-ਸੰਗਤਾ ਨੂੰ ਜੀਵਨ-ਜੋਤ ਨਾਲ ਜੋੜੋ। ਰੂਹ ਦੇ ਦਰਵਾਜ਼ੇ ਖੋਲੋ। ਇਸ ਨੂੰ ਸੂਖ਼ਮ, ਸਹਿਭਾਵੀ ਅਤੇ ਸੁਖਨਮਈ ਪਲਾਂ ਦਾ ਟਿਕਾਣਾ ਬਣਾਓ। ਤੁਹਾਡੀ ਰੂਹ-ਰੰਗਰੇਜ਼ਤਾ ਵਿਚੋਂ ਹੀ ਰੂਹ ਦੀ ਅਮੀਰੀ ਅਤੇ ਅਲਹਾਮਤਾ ਦਾ ਅੰਦਾਜ਼ ਨਜਰਆਵੇਗਾ।

ਅਜੇਹੇ ਮੌਕਿਆਂ 'ਤੇ ਬਿਮਾਰੀ ਅਤੇ ਮੌਤ ਦਾ ਡਰ ਤਾਂ ਹੁੰਦਾ ਹੈ ਪਰ ਇਸਨੂੰ ਹਾਊਆ ਨਾ ਬਣਾਓ। ਇਕ ਦੂਜੇ ਤੋਂ ਕੁਝ ਦੂਰੀ ਤਾਂ ਬਣਾਓ ਪਰ ਮਨ ਦੀ ਨੇੜਤਾ ਨੂੰ ਹੋਰ ਵਧਾਓ। ਆਪੋ ਆਪਣੇ ਘਰਾਂ ਵਿਚ ਬੰਦ ਰਹੋ ਪਰ ਮੁੰਗੜੋ ਨਾ ਸਗੋਂ। ਬਿਪਤਾ ਵਿਚ ਘਿਰੇ ਆਪਣਿਆਂ ਨਾਲ ਹੋਰ ਗੂੜਾ ਰਾਬਤਾ ਬਣਾਓ ਜਿਨਾਂ ਨੂੰ ਤੁਹਾਡੀ ਪਹਿਲਾਂ ਨਾਲੋਂ ਜ਼ਿਆਦਾ ਲੋੜ ਹੈ। ਅਜਿਹੇ ਮੌਕੇ 'ਤੇ ਦਿਲਾਂ ਵਿਚ ਪਿਆਰ ਨੂੰ ਮੌਲਣ ਦਿਓ ਅਤੇ ਘ੍ਰਿਣਾ, ਰੰਜ਼ਸ, ਨਫ਼ਰਤ ਜਾਂ ਮਨ-ਮੁਟਾਵ ਨੂੰ ਰੁਕਾਵਟ ਨਾ ਬਣਨ ਦਿਓ। ਕੋਈ ਵੀ ਬਿਪਤਾ ਇਕੱਠੇ ਹੋ ਕੇ ਸਦਾ ਲਈ ਟਾਲੀ ਜਾ ਸਕਦੀ ਏ। 'ਕੱਲੇ ਰਹੇ ਤਾਂ ਬਿਪਤਾ ਸਾਹਮਣੇ ਹਾਰ ਜਾਵੋਗੇ। ਸੋ ਲੋੜ ਹੈ ਕਿ ਕਰੋਨਾ 'ਤੇ ਜਿੱਤ ਹਾਸਲ ਕਰਨ ਲਈ ਸਾਰੇ ਹੰਭਲਾ ਮਾਰੀਏ। ਹਾਰ ਜਾਣ ਵਾਲੇ ਲੋਕ ਤਹਿਜ਼ੀਬ ਵਿਚੋਂ ਸਦਾ ਲਈ ਮਿੱਟ ਜਾਂਦੇ ਨੇ। ਸਦਾ ਜਿਉਂਦੀਆਂ ਨੇ ਉਹ ਕੌਮਾਂ ਜਿਨਾਂ ਨੇ ਆਪਣੀ ਹਿੰਮਤ, ਦਲੇਰੀ ਅਤੇ ਫ਼ਰਾਖ਼ਦਿਲੀ ਨਾਲ ਅਜਿਹੀਆਂ ਅਣਹੋਣੀਆਂ ਨੂੰ ਹਰਾਇਆ ਏ। ਕੋਈ ਵੀ ਮਹਾਂਮਾਰੀ, ਮਨੁੱਖ ਦਾ ਇਮਤਿਹਾਨ ਹੁੰਦਾ ਜੋ ਮਨੁੱਖ ਦੇ ਹੌਂਸਲੇ ਤੋਂ ਕਦੇ ਵੀ ਵੱਡਾ ਨਹੀਂ ਹੁੰਦਾ। ਸਿਰਫ਼ ਮਨ ਵਿਚ ਇਸ ਨਾਲ ਲੜਨ ਅਤੇ ਇਸ ਨੂੰ ਹਰਾਉਣ ਦੀ ਸੋਚ ਹੀ ਹਾਵੀ ਹੋਣੀ ਚਾਹੀਦੀ ਹੈ।

ਜ਼ਿੰਦਗੀ ਹਮੇਸ਼ਾ ਜ਼ਿੰਦਾਬਾਦ ਸੀ, ਜ਼ਿੰਦਾਬਾਦ ਹੈ ਅਤੇ ਸਦਾ ਜ਼ਿੰਦਾਬਾਦ ਰਹੇਗੀ। ਸਿਰਫ਼ ਲੋੜ ਹੈ ਅਜਿਹੇ ਮੌਕੇ 'ਤੇ ਹਨੇਰੇ ਵਿਚੋਂ ਰਿਸ਼ਮਾਂ ਨੂੰ ਭਾਲਣ ਦੀ। ਇਨਾਂ ਦੀ ਕੰਨੀਂ ਫੜ ਕੇ ਰੋਸ਼ਨ ਰਾਹਾਂ ਵੱਲ ਕਦਮ ਵਧਾਉਣ ਦੀ। ਉਸਾਰੂ ਬਿਰਤੀ ਹੀ ਸਾਨੂੰ ਸਰੀਰਕ ਅਤੇ ਮਾਨਸਿਕ ਤੌਰ 'ਤੇ ਮਜ਼ਬੂਤ ਕਰਦੀ, ਵਿਨਾਸ਼ਕਾਰੀ ਹਾਲਾਤਾਂ ਨੂੰ ਹਰਾਉਣ ਵਿਚ ਅਹਿਮ ਭੂਮਿਕਾ ਨਿਭਾਉਂਦੀ ਹੈ। ਅਜਿਹੀ ਜ਼ਿਕਰਯੋਗ ਭੂਮਿਕਾ ਨਿਭਾਉਣ ਦੀ, ਹੁਣ ਮਨੁੱਖ ਦੀ ਵਾਰੀ ਹੈ। ਆਸ ਹੈ ਕਿ ਮਨੁੱਖ ਕਦੇ ਵੀ ਮਨੁੱਖਤਾ ਨੂੰ ਨਿਰਾਸ਼ ਨਹੀਂ ਕਰੇਗਾ।

# ਅੰਤਰ-ਰਾਸ਼ਟਰੀ ਮਹਿਲਾ ਦਿਵਸ



**ਗੁਰਿੰਦਰ ਸਿੰਘ**

ਅੰਤਰ-ਰਾਸ਼ਟਰੀ ਮਹਿਲਾ ਦਿਵਸ ਹਰ ਸਾਲ 8 ਮਾਰਚ ਨੂੰ ਵਿਸ਼ਵ ਪੱਧਰ 'ਤੇ ਔਰਤ ਦੇ ਸਨਮਾਨ ਅਤੇ ਔਰਤ ਨੂੰ ਉਸਦੀ ਸ਼ਕਤੀ ਦਾ ਅਹਿਸਾਸ ਕਰਵਾਉਣ ਲਈ ਮਨਾਇਆ ਜਾਂਦਾ ਹੈ। ਇਸ ਦਿਨ ਪੂਰੇ ਵਿਸ਼ਵ ਵਿੱਚ ਹਰੇਕ ਪੱਧਰ ਤੇ ਪ੍ਰੋਗਰਾਮਾਂ ਦਾ ਆਯੋਜਨ ਕੀਤਾ ਜਾਂਦਾ ਹੈ, ਜਿਨਾਂ ਵਿੱਚ ਔਰਤ ਨੂੰ ਮਹਾਨ ਕੰਮਾਂ ਲਈ ਸਨਮਾਨਿਤ ਕੀਤਾ ਜਾਂਦਾ ਹੈ ਅਤੇ ਉਸ ਦੀ ਹੋਸਲਾ ਅਫਜਾਈ ਕੀਤੀ ਜਾਂਦੀ ਹੈ। ਇਸ ਦਿਨ ਬਹਾਦਰ ਅਤੇ ਮਹਾਨ ਔਰਤਾਂ ਦੇ ਤਿਆਗ ਅਤੇ ਸਮਰਪਣ ਨੂੰ ਅਤੇ ਹਰ ਅਜਿਹੇ ਸੰਘਰਸ਼ ਨੂੰ ਯਾਦ ਕੀਤਾ ਜਾਂਦਾ ਹੈ, ਜਿਸ ਵਿੱਚ ਔਰਤ ਦੇ ਹੱਕਾਂ ਲਈ ਆਵਾਜ ਉਠਾਈ ਗਈ। ਅੰਤਰ-ਰਾਸ਼ਟਰੀ ਮਹਿਲਾ ਦਿਵਸ ਨੂੰ ਕੋਈ ਆਮ ਦਿਨ ਵਾਂਗ ਨਹੀਂ ਗਿਣਿਆ ਜਾਣਾ ਚਾਹੀਦਾ, ਕਿਉਂਕਿ ਇਹ ਕੋਈ ਵੈਲੇਨਟਾਈਨਜ਼ ਡੇ, ਫਾਦਰਜ਼ ਡੇ, ਮਦਰਜ਼ ਡੇ ਜਾਂ ਕਿਸੇ ਸੰਗਠਨ ਵੱਲੋਂ ਘੋਸ਼ਿਤ ਕੀਤਾ ਗਿਆ ਦਿਨ ਨਹੀਂ ਹੈ, ਬਲਕਿ ਇਸ ਦਿਨ ਪਿੱਛੇ ਸੰਘਰਸ਼ ਨਾਲ ਭਰਪੂਰ ਬਹੁਤ ਵੱਡਾ ਇਤਿਹਾਸ ਖੜਾ ਹੈ, ਬਹੁਤ ਸਾਰੀਆਂ ਜਿੰਦਗੀਆਂ ਹਨ ਜਿਨਾਂ ਨੇ ਔਰਤ ਦੇ ਹੱਕ ਵਿੱਚ ਆਵਾਜ ਉਠਾਈ। ਅੱਜ ਤੋਂ 100 ਜਾਂ 50 ਸਾਲ ਪਹਿਲਾਂ ਔਰਤ ਉੱਤੇ ਜੋ ਪਾਬੰਦੀਆਂ ਸਨ, ਉਹਨਾਂ ਬਾਰੇ ਅੱਜ ਦੀ ਨਵੀਂ ਪੀੜੀ ਸੋਚ ਵੀ ਨਹੀਂ ਸਕਦੀ।

ਜੋ ਅੱਜ ਦੇ ਸਮਿਆਂ ਵਿੱਚ ਆਮ ਲੱਗਦਾ ਹੈ, ਉਨਾਂ ਸਮਿਆਂ ਵਿੱਚ ਨਹੀਂ ਸੀ। ਅੱਜ ਤੋਂ ਤਕਰੀਬਨ 100 ਸਾਲ ਜਾਂ ਇਸ ਤੋਂ ਵੀ ਪਹਿਲਾਂ ਔਰਤ ਨੂੰ ਮਰਦ ਦੇ ਬਰਾਬਰ ਨਹੀਂ ਸੀ ਸਮਝਿਆ ਜਾਂਦਾ। ਔਰਤ ਨੂੰ ਕੰਮ ਤੇ ਜਾਣ ਦਾ ਅਧਿਕਾਰ ਨਹੀਂ ਸੀ ਤੇ ਜੇਕਰ ਮਿਲਿਆ ਤਾਂ ਕਈ ਤਰਾਂ ਦੀਆਂ ਪਾਬੰਦੀਆਂ ਨਾਲ, ਜਿਵੇਂ ਕਿ ਔਰਤ ਨੂੰ ਮਰਦ ਦੇ ਬਰਾਬਰ ਦੀ ਤਨਖਾਹ ਨਹੀਂ ਸੀ ਮਿਲਦੀ ਭਾਵੇਂ ਕੰਮ ਉਹ ਮਰਦ ਦੇ ਬਰਾਬਰ ਦਾ ਵੀ ਕਰੇ। ਉਸ ਸਮੇਂ ਦੀ ਔਰਤ ਘਰ ਦੀ ਚਾਰ ਦੀਵਾਰੀ ਦੇ ਅੰਦਰ ਤੱਕ ਹੀ ਸੀਮਿਤ ਸੀ। ਬੱਚਾ ਜੰਮਣ ਦਾ ਫੈਸਲਾ ਲੈਣ ਤੱਕ ਦੀ ਇਜ਼ਾਜਤ ਨਹੀਂ ਸੀ। ਔਰਤ ਆਪਣੇ ਨਾਮ ਤੇ ਕਿਸੇ ਤਰਾ ਦੀ ਕੋਈ ਜ਼ਮੀਨ ਤੱਕ ਨਹੀਂ ਸੀ ਖਰੀਦ ਸਕਦੀ। ਚੋਣ ਲੜਨਾ ਤਾਂ ਦੂਰ ਦੀ ਗੱਲ ਸੀ, ਅਜਿਹਾ ਵੀ ਸਮਾਂ ਸੀ ਜਦ ਔਰਤ ਨੂੰ ਵੋਟ ਪਾਉਣ ਤੱਕ ਦਾ ਅਧਿਕਾਰ ਨਹੀਂ ਸੀ। ਘਰੇਲੂ ਹਿੰਸਾ ਅਤੇ ਸਰੀਰਕ ਸੋਸ਼ਣ ਵਰਗੇ ਤਸ਼ੱਦਦ ਹੋਣਾ ਆਮ ਗੱਲ ਸੀ।

ਭਾਰਤ ਵਿੱਚ ਸਿੱਖ ਧਰਮ ਦੇ ਬਾਨੀ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਦੌਰਾਨ ਅਤੇ ਪਹਿਲਾਂ ਔਰਤ ਦੀ ਸਮਾਜਿਕ ਹਾਲਤ ਬਹੁਤ ਜ਼ਿਆਦਾ ਵਿਗਾੜ ਦਿੱਤੀ ਗਈ ਸੀ। ਇਸ ਦਾ ਕਾਰਨ ਅਜਿਹੇ ਨਿਯਮ ਤੇ ਕਾਨੂੰਨ ਸਨ, ਜੋ ਔਰਤ ਨੂੰ ਮਰਦ ਦੇ ਬਰਾਬਰ ਦਾ ਦਰਜਾ ਨਹੀਂ ਸੀ ਦਿੰਦੇ। ਇਹਨਾਂ ਦੇ ਤਹਿਤ ਮੁਰਦੇ ਦੇ ਅੰਤਮ ਸੰਸਕਾਰ ਦੀਆਂ ਰਸਮਾਂ ਤੇ ਸ਼ਰਾਧ ਸਿਰਫ ਮਰਦ ਹੀ ਕਰ ਸਕਦਾ ਸੀ। ਵਿਰਾਸਤੀ ਜਾਇਦਾਦ ਸਿਰਫ ਮਰਦ ਤੱਕ ਹੀ ਸੀਮਤ ਸੀ। ਪਤਨੀ ਲਈ ਪਤੀ ਨੂੰ ਰੱਬ ਦਾ ਦਰਜਾ ਦਿੱਤਾ ਗਿਆ ਸੀ। ਧਰਮ ਦੀ ਆੜ ਵਿੱਚ ਅਜਿਹੇ ਕਾਨੂੰਨ ਥੋਪੇ ਗਏ ਜਿਸਦੇ ਅਨੁਸਾਰ ਔਰਤ ਨੂੰ ਮਹਾਂਵਾਰੀ ਸਮੇਂ ਅਪਵਿੱਤਰ ਦੱਸਿਆ ਜਾਂਦਾ ਰਿਹਾ ਹੈ। ਮਹਾਂਵਾਰੀ ਸਮੇਂ ਔਰਤਾਂ ਨੂੰ ਧਾਰਮਿਕ ਸਥਾਨਾਂ ਤੇ ਜਾਣ ਦੀ ਮਨਾਹੀ ਕੀਤੀ ਜਾਂਦੀ ਸੀ। ਔਰਤ ਨੂੰ ਕੁੱਖ ਵਿੱਚ ਮਾਰਨ ਦੀਆਂ ਘਟਨਾਵਾਂ ਤਾਂ ਅੱਜ ਦੇ ਸਮੇਂ ਵੀ ਖਤਮ ਨਹੀਂ ਹੋਈਆਂ ਹਨ। ਕਈ ਅਜਿਹੀਆਂ ਪ੍ਰਥਾਵਾਂ ਚਲਾਈਆਂ ਗਈਆਂ ਜਿਸਦੇ ਤਹਿਤ ਔਰਤ ਦੇ ਨਾਲ ਭਿਆਨਕ ਤਸ਼ੱਦਦ ਕੀਤੇ ਗਏ। ਮਰਦ ਜਿੰਨੇ ਮਰਜ਼ੀ ਵਿਆਹ ਕਰ ਸਕਦਾ ਸੀ, ਪਰ ਜਦੋਂ ਕਿਸੇ ਔਰਤ ਦੇ ਪਤੀ ਦੀ ਮੌਤ ਹੋ ਜਾਂਦੀ ਸੀ ਤਾਂ ਉਸ ਔਰਤ ਨੂੰ ਉਸਦੇ ਪਤੀ ਦੀ ਲਾਸ਼ ਦੇ ਨਾਲ ਜਿੰਦਾ ਸਾੜ ਦਿੱਤਾ ਜਾਂਦਾ ਸੀ। ਇਤਿਹਾਸ ਵਿੱਚ ਅਜਿਹੀਆਂ ਬਹੁਤ ਸਾਰੀਆਂ ਪ੍ਰਥਾਵਾਂ ਬਾਰੇ ਜ਼ਿਕਰ ਆਉਂਦਾ ਹੈ ਜਿਨਾਂ ਦੇ ਅਨੁਸਾਰ ਔਰਤ ਨੂੰ ਸਮਾਜ ਮਰਦ ਦੇ ਬਰਾਬਰ ਨਹੀਂ ਮੰਨਿਆ ਜਾਂਦਾ ਸੀ। ਫਿਰ ਹੌਲੀ- ਹੌਲੀ ਔਰਤ ਦੇ ਹੱਕ ਵਿੱਚ ਆਵਾਜ਼ਾਂ ਉਠਣੀਆਂ ਸ਼ੁਰੂ ਹੋਈਆਂ ਜਦੋਂ ਗੁਰੂ ਨਾਨਕ ਸਾਹਿਬ ਨੇ ਔਰਤ ਦੇ ਹੱਕ ਵਿੱਚ ਹਾਅ ਦਾ ਨਾਅਰਾ ਮਾਰਿਆ ਅਤੇ ਆਖਿਆ ਕਿ,



**ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ।।**

ਭਾਵ ਕਿ ਜਿਸ ਇਸਤਰੀ ਨੇ ਰਾਜੇ ਵੀ ਜੰਮੇ ਹਨ, ਉਸਨੂੰ ਮੰਦਾ ਆਖਣਾ ਸਹੀ ਗੱਲ ਨਹੀਂ ਹੈ। ਸੰਸਾਰ ਭਰ ਵਿੱਚ ਔਰਤ ਦੇ ਹੱਕ ਵਿੱਚ ਬਹੁਤ ਸਾਰੀਆਂ ਆਵਾਜ਼ਾਂ ਉਠੀਆਂ। ਅੰਤਰ-ਰਾਸ਼ਟਰੀ ਮਹਿਲਾ ਦਿਵਸ ਦੇ ਸਬੰਧ ਵਿੱਚ ਕਰੀਏ ਤਾਂ ਸਾਲ 1908 ਵਿੱਚ ਪਹਿਲੀ ਵਾਰ ਵੱਡੇ ਪੱਧਰ 'ਤੇ ਔਰਤਾਂ ਦੇ ਹੱਕਾਂ ਲਈ ਸੰਘਰਸ਼ ਹੋਇਆ, ਜਦੋਂ ਤਕਰੀਬਨ 15,000 ਔਰਤਾਂ ਨੇ ਅਮਰੀਕਾ ਦੇ ਪੂਰੇ ਨਿਊਯਾਰਕ ਸ਼ਹਿਰ ਵਿੱਚ ਮਾਰਚ ਕੀਤਾ। ਇਸ ਸੰਘਰਸ਼ ਦੀ ਮੰਗ ਸੀ ਕਿ ਔਰਤ ਨੂੰ ਮਰਦ ਦੇ ਬਰਾਬਰ ਦਾ ਦਰਜਾ ਦਿੱਤਾ ਜਾਵੇ, ਬਰਾਬਰ ਦੀ ਬਣਦੀ ਤਨਖਾਹ ਦਿੱਤੀ ਜਾਵੇ ਅਤੇ ਔਰਤ ਨੂੰ ਵੀ ਵੋਟ ਪਾਉਣ ਦਾ ਅਧਿਕਾਰ ਦਿੱਤਾ ਜਾਵੇ। ਇਸ ਤੋਂ ਬਾਅਦ ਕਈ ਦੇਸ਼ਾਂ ਵਿੱਚੋਂ ਆਵਾਜ਼ਾਂ ਉਠਣੀਆਂ ਸ਼ੁਰੂ ਹੋਈਆਂ। ਉਸ ਸਮੇਂ ਦੀ ਸੋਸ਼ਲਿਸਟ ਪਾਰਟੀ ਆਫ ਅਮੇਰਿਕਾ ਨੇ ਰਾਸ਼ਟਰੀ ਪੱਧਰ ਤੇ 28 ਫਰਵਰੀ 1909 ਨੂੰ ਮਹਿਲਾ ਦਿਵਸ ਮਨਾਇਆ। ਕਈ ਅਜਿਹੇ ਦੇਸ਼ ਵੀ ਹੋਏ ਜਿਨਾਂ ਵਿੱਚ ਅਜਿਹੇ ਸੰਘਰਸ਼ਾਂ 'ਤੇ ਪਾਬੰਦੀਆਂ ਵੀ ਲਗਾਈਆਂ ਗਈਆਂ।

ਸਾਲ 1910 ਦੇ ਅਗਸਤ ਮਹੀਨੇ ਵਿੱਚ ਮਹਿਲਾ ਦਿਵਸ ਨੂੰ ਅੰਤਰ-ਰਾਸ਼ਟਰੀ ਪੱਧਰ 'ਤੇ ਮਨਾਉਣ ਲਈ ਕਲਾਰਾ ਜੇਟਕਿਨ ਨਾਮ ਦੀ ਔਰਤ ਵੱਲੋਂ ਡੈਨਮਾਰਕ ਦੇ ਕੋਪਨਹੇਗਨ ਵਿਖੇ ਅੰਤਰ-ਰਾਸ਼ਟਰੀ ਮਹਿਲਾ ਕਾਨਫਰੰਸ ਸੱਦੀ ਗਈ, ਜਿਸ ਵਿੱਚ 17 ਦੇਸ਼ਾਂ ਦੀਆਂ 100 ਮਹਿਲਾਵਾਂ ਨੇ ਹਿੱਸਾ ਲਿਆ। ਕਲਾਰਾ ਜੇਟਕਿਨ ਜਰਮਨੀ ਦੇ ਵਿਡੇਰਾਓ ਕਸਬੇ ਦੀ ਜਨਮੀ ਜਰਮਨ ਮਾਰਕਸਵਾਦੀ ਸਿਧਾਂਤਕ, ਕਮਿਊਨਿਸਟ ਕਾਰਕੁੰਨ ਅਤੇ ਔਰਤਾਂ ਦੇ ਹੱਕਾਂ ਲਈ ਲੜਨ ਵਾਲੀ ਸੀ। ਉਸ ਵੱਲੋਂ ਸੱਦੀ ਗਈ ਅੰਤਰ-ਰਾਸ਼ਟਰੀ ਮਹਿਲਾ ਕਾਨਫਰੰਸ ਸਫਲ ਰਹੀ ਅਤੇ ਇਸ ਵਿੱਚ ਸ਼ਾਮਿਲ ਸਾਰੀਆਂ ਮਹਿਲਾਵਾਂ ਨੇ ਸਰਬ-ਸੰਮਤੀ ਨਾਲ ਸਹਿਮਤੀ ਦਿੱਤੀ। ਸਾਲ 1911 ਵਿੱਚ 19 ਮਾਰਚ ਨੂੰ ਪਹਿਲੀ ਵਾਰ ਵਿਸ਼ਵ ਪੱਧਰ 'ਤੇ ਮਹਿਲਾ ਦਿਵਸ ਮਨਾਇਆ ਗਿਆ, ਜਿਸ ਵਿੱਚ ਲੱਖਾਂ ਦੀ ਗਿਣਤੀ ਵਿੱਚ ਲੋਕਾਂ ਨੇ ਹਿੱਸਾ ਲਿਆ। ਉਸ ਸਮੇਂ ਆਸਟਰੀਆ, ਡੈਨਮਾਰਕ, ਜਰਮਨੀ ਅਤੇ ਸਵਿਟਜਰਲੈਂਡ ਵਿੱਚੋਂ ਆਵਾਜ਼ਾਂ ਬੁਲੰਦ ਹੋਈਆਂ। ਇਸ ਤੋਂ ਬਾਅਦ ਸੰਘਰਸ਼ ਨੇ ਤੇਜ਼ੀ ਫੜੀ। ਅਖੀਰ ਸਾਲ 1977 ਵਿੱਚ ਸੰਯੁਕਤ ਰਾਸ਼ਟਰ ਨੇ 8 ਮਾਰਚ ਨੂੰ ਹਰ ਸਾਲ ਅੰਤਰ-ਰਾਸ਼ਟਰੀ ਮਹਿਲਾ ਦਿਵਸ ਦੇ ਤੌਰ 'ਤੇ ਮਨਾਉਣ ਨੂੰ ਅਧਿਕਾਰਤ ਤੌਰ 'ਤੇ ਐਲਾਨਿਆ।

ਇਸ ਤੋਂ ਬਾਅਦ ਅੰਤਰ-ਰਾਸ਼ਟਰੀ ਮਹਿਲਾ ਦਿਵਸ ਹਰ ਸਾਲ 8 ਮਾਰਚ ਨੂੰ ਹਰ ਦੇਸ਼ ਵਿੱਚ ਮਨਾਇਆ ਜਾਣ ਲੱਗਿਆ। ਇਸ ਦਿਹਾੜੇ 'ਤੇ ਔਰਤਾਂ ਦੀ ਸਮਾਜਿਕ ਸਥਿਤੀ ਨੂੰ ਸੁਧਾਰਣ ਲਈ ਉਪਰਾਲੇ ਕੀਤੇ ਜਾਂਦੇ ਹਨ ਅਤੇ ਔਰਤਾਂ ਨਾਲ ਸਬੰਧਤ ਮਸਲੇ ਉਠਾਏ ਜਾਂਦੇ ਹਨ। ਅੱਜ ਦੇ ਸਮੇਂ ਵਿੱਚ ਔਰਤ ਦੀ ਸਥਿਤੀ ਵਿੱਚ ਕਾਫੀ ਹੱਦ ਤੱਕ ਸੁਧਾਰ ਹੋਇਆ ਹੈ। ਵੱਖ-ਵੱਖ ਖੇਤਰਾਂ ਵਿੱਚ ਔਰਤਾਂ ਨੇ ਆਪਣਾ ਨਾਮ ਚਮਕਾਇਆ ਹੈ ਅਤੇ ਅੱਜ ਔਰਤਾਂ ਉੱਚੇ-ਉੱਚੇ ਅਹੁਦਿਆਂ ਤੇ ਰਾਜ ਕਰਦੀਆਂ ਹਨ। ਅਨੰਦੀ ਗੋਪਾਲ ਜੋਸ਼ੀ ਪਹਿਲੀ ਭਾਰਤੀ ਮਹਿਲਾ ਡਾਕਟਰ ਸੀ, ਕਲਪਨਾ ਚਾਵਲਾ ਪਹਿਲੀ ਮਹਿਲਾ ਭਾਰਤੀ ਪੁਲਾੜ ਯਾਤਰੀ ਸੀ ਅਤੇ ਅਮਰਿਤਾ ਸ਼ੇਰਗਿੱਲ ਪਹਿਲੀ ਅਜਿਹੀ ਔਰਤ ਸੀ ਜਿਸਨੇ ਪੇਂਟਿੰਗ ਦੀ ਦੁਨੀਆ ਵਿੱਚ ਬਹੁਤ ਹੀ ਛੋਟੀ ਉਮਰ ਵਿੱਚ ਆਪਣਾ ਨਾਮ ਬਣਾਇਆ। ਹੋਰ ਵੀ ਬਹੁਤ ਅਜਿਹੇ ਨਾਮ ਹਨ ਜਿਨਾਂ ਦੀ ਮਿਸਾਲ ਦੁਨੀਆ ਭਰ ਵਿੱਚ ਕਾਇਮ ਹੈ।

ਪ੍ਰੰਤੂ ਹਾਲੇ ਵੀ ਬਹੁਤ ਸੁਧਾਰਾਂ ਦੀ ਲੋੜ ਹੈ, ਕਿਉਂਕਿ ਹਾਲੇ ਵੀ ਔਰਤ ਨੂੰ ਸਮਾਜਿਕ ਔਕੜਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਭਾਰਤ ਦੇ ਕਈ ਰਾਜਾਂ ਵਿੱਚ ਮਰਦ ਤੇ ਔਰਤ ਅਨੁਪਾਤ ਉੱਤੇ ਧਿਆਨ ਦੇਣ ਦੀ ਲੋੜ ਹੈ। ਸਾਲ 2021 ਵਿੱਚ ਵੀ ਔਰਤਾਂ ਆਪਣੇ ਮੁਢਲੇ ਹੱਕਾ ਲਈ ਲੜ ਰਹੀਆਂ ਹਨ। ਵਿਸ਼ਵ ਪੱਧਰ 'ਤੇ ਔਰਤ ਦੀ ਸਮਾਜਿਕ ਸਥਿਤੀ ਨੂੰ ਸੁਧਾਰਨ ਲਈ ਹਰ ਤਰਾਂ ਦੇ ਉਪਰਾਲੇ ਕੀਤੇ ਜਾਂਦੇ ਹਨ। ਅਸੀਂ ਵੀ ਇਨਾਂ ਉਪਰਾਲਿਆਂ ਵਿੱਚ ਆਪਣਾ ਯੋਗਦਾਨ ਪਾ ਸਕਦੇ ਹਾਂ। ਇਸ ਲਈ ਸਾਨੂੰ ਕਿਸੇ ਪ੍ਰੋਗਰਾਮ ਦਾ ਹਿੱਸਾ ਬਣਨਾ ਜ਼ਰੂਰੀ ਨਹੀਂ। ਔਰਤ ਦੀ ਇੱਜ਼ਤ ਕਰਕੇ, ਉਨਾਂ ਨੂੰ ਗਾਲਾਂ ਨਾ ਕੱਢ ਕੇ, ਕੁੱਖਾਂ ਵਿੱਚ ਨਾ ਮਾਰ ਕੇ ਅਸੀਂ ਇਸ ਉਪਰਾਲੇ ਦਾ ਹਿੱਸਾ ਬਣ ਸਕਦੇ ਹਾਂ। ਇਸ ਬਾਰੇ ਸਾਨੂੰ ਸਭ ਨੂੰ ਗੰਭੀਰਤਾ ਨਾਲ ਸੋਚਣ ਦੀ ਲੋੜ ਹੈ।

# ਅੰਤਰਰਾਸ਼ਟਰੀ ਸੰਸਦ ਵਿਚ ਔਰਤ ਦੀ ਹਿੱਸੇਦਾਰੀ

**ਸਰਬਜੀਤ ਕੌਰ 'ਸਰਬ'**




8 ਮਾਰਚ ਨੂੰ ਅੰਤਰਰਾਸ਼ਟਰੀ ਮਹਿਲਾ ਦਿਵਸ ਮਨਾਇਆ ਗਿਆ, ਜੋ ਕਿ ਵਿਸਵ ਭਰ ਦੀਆਂ ਔਰਤਾਂ ਦੁਆਰਾ ਕੀਤੀਆਂ ਗਈਆਂ ਪ੍ਰਮੁੱਖ ਤਰੱਕੀਆਂ ਨੂੰ ਉਜਾਗਰ ਕਰਨ ਦੇ ਲਈ ਇੱਕ ਮਹੱਤਵਪੂਰਨ ਮੌਕਾ ਸੀ। 117ਵੀਂ ਕਾਂਗਰਸ ਵਿੱਚ ਔਰਤਾਂ ਦੀ ਹਿੱਸੇਦਾਰੀ ਇਤਿਹਾਸ ਵਿੱਚ ਆਪਣੇ ਸਭ ਤੋਂ ਉੱਚੇ ਪੱਧਰ 'ਤੇ ਪਹੁੰਚ ਗਈ ਹੈ, ਪਰ ਸੰਸਦ ਵਿੱਚ ਔਰਤਾਂ ਦੇ ਮਾਮਲੇ ਵਿੱਚ ਅਮਰੀਕਾ ਅਜੇ ਵੀ ਬਹੁਤ ਸਾਰੇ ਦੇਸਾਂ ਤੋਂ ਪਿੱਛੇ ਹੈ। ਅੰਤਰ ਸੰਸਦੀ ਯੂਨੀਅਨ ਦੇ ਅੰਕੜਿਆਂ ਅਨੁਸਾਰ, ਹਾਊਸ ਆਫ ਰੀਪ੍ਰੈਜੈਂਟਿਵਸ ਵਿੱਚ ਔਰਤਾਂ ਦੀ ਹਿੱਸੇਦਾਰੀ 27.3/ ਹੈ (ਇਹ ਦੋਵੇਂ ਚੈਂਬਰਾਂ ਲਈ ਇੱਕੋ ਇੱਕ ਸਮੂਹਿਕ ਅੰਕੜਾ ਹੈ), ਸੰਯੁਕਤ ਰਾਜ ਨੂੰ ਸੰਸਦ ਵਿਚੋਂ ਸਭ ਤੋਂ ਵੱਧ ਔਰਤਾਂ ਦੀ ਹਿੱਸੇਦਾਰੀ ਵਾਲੇ ਦੇਸਾਂ ਦੀ ਵਿਸ਼ਵ ਸੂਚੀ ਵਿੱਚ 67ਵੇਂ ਸਥਾਨ 'ਤੇ ਰੱਖਿਆ ਗਿਆ ਹੈ।

ਰਵਾਂਡਾ ਜਨਵਰੀ 2021 ਤੱਕ ਆਪਣੇ ਹੇਠਲੇ ਸਦਨ ਦੇ 61.3/ ਔਰਤਾਂ ਨਾਲ ਕਾਫੀ ਦੂਰੀ 'ਤੇ ਪਹਿਲੇ ਨੰਬਰ 'ਤੇ ਆਉਂਦਾ ਹੈ। ਇਹ 1994 ਦੀ ਇਸ ਭਿਆਨਕ ਨਸਲਕੁਸੀ ਤੋਂ ਬਹੁਤ ਘੱਟ ਹੈ, ਜਿਸ ਨੇ ਦੇਸ ਨੂੰ 60-70 / ਔਰਤਾਂ ਦੇ ਨਾਲ ਛੱਡ ਦਿੱਤਾ ਸੀ, ਜਿਸ ਵਿਚ ਜਾਇਦਾਤਰ ਔਰਤਾਂ ਬਿਨਾਂ ਪੜੇ-ਲਿਖੇ ਅਤੇ ਘਰ ਤੋਂ ਬਾਹਰ ਨੌਕਰੀਆਂ ਲੈਣ ਦੀ ਇੱਛੁਕ ਨਹੀਂ ਸਨ। ਰਵਾਂਡਾ ਨੂੰ ਔਰਤਾਂ ਲਈ ਵੱਡੇ ਪੱਧਰ 'ਤੇ ਤਬਦੀਲੀਆਂ ਲਾਗੂ ਕਰਨ ਅਤੇ ਸਮਾਜ ਨੂੰ ਖੁੱਲਾ ਸਮਾਜ ਬਣਾਉਣ ਲਈ ਮਜ਼ਬੂਰ ਕੀਤਾ ਗਿਆ ਸੀ, ਜਿਸ ਦਾ ਇਕ ਹਿੱਸਾ ਇਹ ਸੀ ਕਿ ਔਰਤਾਂ ਕੋਲ 30 ਫੀਸਦੀ ਸਿਆਸੀ ਸੀਟਾਂ ਹਨ। ਕਿਊਬਾ ਦੀ ਵਿਧਾਨ ਸਭਾ ਵਿੱਚ ਔਰਤਾਂ ਦੀ ਦੂਜੀ ਸਭ ਤੋਂ ਵੱਧ ਹਿੱਸੇਦਾਰੀ 53.4/ ਹੈ ਜਦਕਿ ਯੂ.ਏ.ਈ ਦੀ ਸੰਘੀ ਕੌਮੀ ਕੋਸ਼ਲ ਦਾ ਠੀਕ ਅੱਧਾ ਹਿੱਸਾ ਔਰਤਾਂ ਹਨ।

Buying or Selling home in Sacramento??
ਸੈਕਰਾਮੈਂਟੋ ਏਰੀਆ ਵਿਚ ਘਰ ਖ਼ਰੀਦਣ ਜਾਂ ਵੇਚਣ ਲਈ ਵਿਸ਼ਾਲ ਕਪੂਰ ਨੂੰ ਕਾਲ ਕਰੋ।
MOBILE 916-513-8094




*Put my knowledge, Service, experience and professionalism to work for you.*



Buying or selling home in Sacramento?
Call 916-513-8094 for free consultation (PUNJABI/ENGLISH/HINDI)
ਸੈਕਰਾਮੈਂਟੋ ਏਰੀਆ ਵਿਚ ਘਰ ਖ਼ਰੀਦਣ ਜਾਂ ਵੇਚਣ ਲਈ ਵਿਸ਼ਾਲ ਕਪੂਰ ਨੂੰ ਕਾਲ ਕਰੋ।

MOBILE. 916-513-8094. OFFICE 916-993-8680 EXT.1102
EMAIL realtor.vkapoor@gmail.com Web. www.hsicarerealty.com
9355 E. Stockton Blvd. suite 170, Elk Grove, CA 95864

VISHAL KAPOOR
Realtor®
DRE#02087894

# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm,office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing

**TOTAL 35.5 YOUNG THREE YEARS OLD TREE PADRE AND NONPAREIL VARIETY. WITH RIPARIAN RIGHT FROM THE SAN JOAQUIN RIVER. WITH A SINGLE FAMILY SMALL HOME, IT'S VERY DESIRABLE PROPERTY**



**PROPERTY ADDRESS: 27022 RIVER ROADM, NEWMAN CA 95360.**



RANJIT SINGH
(Lic: 01922089)

# RANJIT SINGH

Valley Real Estate Center (Office Lic.: 01392267)
68 E 11th Street Ste 109, Tracy, CA 95376
Office: 209-956-1000 Cell : 408-355-5700, gbsingh84@gmail.com